ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free

ਸਾਲ : 3 ਅੰਕ : 11 Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com ਨਵੰਬਰ 2012



ਸ਼ਹੀਦ ਕਰਤਾਰ ਸਿੰਘ ਸਰਾਭਾ
ਜਨਮ ਦਿਨ - 16 ਨਵੰਬਰ


ਸਟੀਫ਼ਨ ਹਾਰਪਰ ਦੇ ਭਾਰਤ ਦੌਰੇ 'ਤੇ ਵਿਸ਼ੇਸ਼ — ਪੰਨਾ-3



ਕਨੇਡਾ ਭਾਸ਼ਾ ਸਰਵੇਖਣ 2011 — ਪੰਨਾ-6





ਪੁਸਤਕ ਸੱਭਿਆਚਾਰ ਤੇ ਪੰਜਾਬੀ ਪਾਠਕ — ਪੰਨਾ-18 ਤੇ 19

ਦੋ ਪੰਜਾਬੀ ਕਲਾਕਾਰਾਂ ਦਾ ਵਿਛੋੜਾ — ਪੰਨਾ-36




# ਅਮਰੀਕੀ ਰਾਸ਼ਟਰਪਤੀ ਚੋਣਾਂ

# ਫਿਰ ਜਿੱਤੇ ਓਬਾਮਾ !









ਵਸ਼ਿੰਗਟਨ (ਨਦਬ)- ਉਮੀਦਵਾਰ ਮਿਟ ਕਰ ਲਈ ਹੈ। ਮਿਟ ਰੋਮਨੀ ਦਾ ਅਮਰੀਕਾ ਦੇ ਸਿਆਸੀ ਦਾ ਐਲਾਨ ਕਰ ਦਿੱਤਾ ਤੋਂ ਪਹਿਲਾਂ ਮਿਟ ਰੋਮਨੀ ਦੇ ਦੇ ਸ਼ਾਸਨ ਉਸਦੀ ਹਾਰ ਇਸ ਤੱਥ ਸ਼ਹਿਰ ਸ਼ਿਕਾਗੋ ਪ੍ਰਤੀਕਿਰਿਆ ਓਬਾਮਾ ਨੇ ਕਿ ਮੈਂ ਅਮਰੀਕਾ ਵਾਸੀਆਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੈਨੂੰ ਮੁੜ ਤੋਂ ਚਾਰ ਸਾਲਾਂ ਲਈ

51 ਸਾਲਾ ਅਫ਼ਰੀਕਨ ਮੂਲ ਦੇ ਰੋਮਨੀ ਨੂੰ ਹਰਾ ਕੇ ਰਾਸ਼ਟਰਪਤੀ ਭਾਵੇਂ ਪਹਿਲਾਂ-ਪਹਿਲਾਂ ਇੱਕ ਪਲੜਾ ਕੁੱਝ ਭਾਰੀ ਹੈ ਪਰ ਹਾਲਾਤ ਮਾਹਿਰਾਂ ਵੱਲੋਂ ਪਹਿਲਾਂ ਹੀ ਬਰਾਕ ਗਿਆ ਸੀ, ਜੋ ਸਹੀ ਸਾਬਤ ਹੋਇਆ। ਸਮੱਰਥਕਾਂ ਵੱਲੋਂ ਕਿਹਾ ਜਾ ਰਿਹਾ ਦੌਰਾਨ ਲੰਮਾ ਆਰਥਿਕ ਮੰਦਵਾੜਾ ਦਾ ਕਾਰਨ ਬਣੇਗਾ ਪਰ ਅਮਰੀਕਾ ਨੂੰ ਨਕਾਰਿਆ ਹੈ। ਤੋਂ ਆਪਣੀ

ਬਰਾਕ ਓਬਾਮਾ ਨੇ 65 ਸਾਲਾ ਰਿਪਬਲਿਕਨ ਦੀਆਂ ਚੋਣਾਂ ਵਿੱਚ ਦੂਜੀ ਵਾਰ ਜਿੱਤ ਹਾਸਲ ਦੋ ਬਹਿਸਾਂ ਵਿੱਚ ਜਾਪਿਆ ਸੀ ਕਿ ਨੂੰ ਦੇਖਦਿਆਂ ਓਬਾਮਾ ਦੀ ਜਿੱਤ ਹਾਲਾਂਕਿ ਚੋਣਾਂ ਸੀ ਓਬਾਮਾ ਰਿਹਾ ਹੈ ਜੋ ਵਾਸੀਆਂ ਨੇ ਆਪਣੇ ਜੱਦੀ ਜਿੱਤ 'ਤੇ ਪਹਿਲੀ ਦਿੰਦਿਆਂ ਬਰਾਕ ਕਿਹਾ

ਦੇਸ਼ ਦੀ ਵਗਡੋਰ ਸੌਂਪੀ ਹੈ। ਇਸ ਨਾਲ ਮੇਰੇ ਇਰਾਦੇ ਹੋਰ ਵੀ ਬੁਲੰਦ ਹੋ ਗਏ ਹਨ ਤੇ ਮੈਂ ਕੋਸ਼ਿਸ਼ ਕਰਾਂਗਾ ਕਿ ਅਮਰੀਕਾ ਵਾਸੀਆਂ ਲਈ ਕੁੱਝ ਹੋਰ ਬਿਹਤਰ ਕਰ ਸਕਾਂ।

ਜ਼ਿਕਰਯੋਗ ਹੈ ਕਿ ਇਹਨਾਂ ਚੋਣਾਂ ਵਿੱਚ ਕੁੱਲ 88 ਪ੍ਰਤੀਸ਼ਤ ਵੋਟਾਂ ਪੋਲ ਹੋਈਆਂ ਤੇ ਇਸ ਵਿੱਚੋਂ 55.8 ਮਿਲੀਅਨ ਵੋਟਾਂ ਡੈਮੋਕਰੇਟਿਕ ਉਮੀਦਵਾਰ ਬਰਾਕ ਓਬਾਮਾ ਨੇ ਹਾਸਲ ਕੀਤੀਆਂ, ਦੂਜੇ ਪਾਸੇ ਮਿਟ ਰੋਮਨੀ 54.5 ਮਿਲੀਅਨ ਵੋਟਾਂ ਹਾਸਲ ਕਰ ਸਕਿਆ। ਇੱਥੇ ਇਹ ਦੱਸਣਾ ਬਣਦਾ ਹੈ ਕਿ ਜਿੱਤ ਲਈ ਉਮੀਦਵਾਰ ਨੂੰ 270 ਇਲੈਕਟ੍ਰੀਕਲ ਵੋਟਾਂ ਚਾਹੀਦੀਆਂ ਸਨ। ਰੋਮਨੀ ਨੇ ਆਪਣੀ ਹਾਰ ਸਵੀਕਾਰਦਿਆਂ ਕਿਹਾ ਕਿ ਅਮਰੀਕਾ ਲਈ ਇਹ ਕਠੋਰ ਸਮਾਂ ਹੈ ਤੇ ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਰਾਸ਼ਟਰਪਤੀ ਕੁਸ਼ਲਤਾ ਨਾਲ ਦੇਸ਼ ਦੀ ਅਗਵਾਈ ਕਰ ਸਕੇ। ਸਿਆਸੀ ਮਾਹਿਰਾਂ ਵੱਲੋਂ ਫਲੋਰੀਡਾ, ਵਰਜ਼ੀਨੀਆ ਅਤੇ ਨੇਵਾਡਾ ਵਿੱਚ ਦੋਵੇਂ ਉਮੀਦਵਾਰਾਂ 'ਚ ਕਾਂਟੇ ਦੀ ਟੱਕਰ ਦੀ ਸੰਭਾਵਨਾ ਜਤਾਈ ਜਾ ਰਹੀ ਸੀ ਪਰ ਓਬਾਮਾ ਨੇ ਕਾਂਟੇ ਦੀ ਟੱਕਰ ਵਿੱਚੋਂ ਬਾਜ਼ੀ ਮਾਰ ਲਈ ਹੈ। ਇਸ ਗੱਲ ਨੂੰ ਲੈ ਕੇ ਓਬਾਮਾ ਦੇ ਸਮੱਰਥਕ ਉਤਸ਼ਾਹਿਤ ਹਨ।

# ਅਮਰੀਕਾ 'ਚ ਸੈਂਡੀ ਨੇ ਮਚਾਈ ਤਬਾਹੀ

## ਭਾਰਤ 'ਚ ਨੀਲਮ ਨੇ ਢਾਹਿਆ ਕਹਿਰ

### ਨਿਊਯਾਰਕ 'ਚ ਸੈਂਡੀ ਕਾਰਨ 129 ਮੌਤਾਂ-ਭਾਰਤ 'ਚ ਨੀਲਮ ਨਾਲ 20 ਮਰੇ

ਨਿਊਯਾਰਕ,(ਨਦਬ)-ਅਮਰੀਕਾ ਦੇ ਪੂਰਬੀ ਤੱਟ 'ਤੇ ਵਸੇ ਸ਼ਹਿਰਾਂ ਵਿਚ ਚੱਕਰਵਾਤੀ ਤੂਫ਼ਾਨ ਸੈਂਡੀ ਦਾ ਕਹਿਰ ਰੁਕਦੇ ਹੀ ਇਕ ਪਾਸੇ ਜ਼ਿੰਦਗੀ ਪੱਟੜੀ 'ਤੇ ਪਰਤਣ ਲੱਗੀ ਹੈ, ਤਾਂ ਦੂਜੇ ਪਾਸੇ ਲੁੱਟ ਖੋਹ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਨਿਊਯਾਰਕ ਵਿਚ ਕਈ ਲੋਕਾਂ ਨੇ ਆਪਣੇ ਗੁਆਂਢ ਦੇ ਘਰਾਂ ਅਤੇ ਦੁਕਾਨਾਂ ਵਿਚ ਦਾਖ਼ਲ ਹੋ ਕੇ ਖਾਣ ਪੀਣ ਦੇ ਸਮਾਨ ਸਮੇਤ ਬੁਨਿਆਦੀ ਜ਼ਰੂਰਤਾਂ ਦੀਆਂ ਚੀਜ਼ਾਂ ਅਤੇ ਮਹਿੰਗੇ ਇਲੈਕਟ੍ਰੋਨਿਕਸ ਲੁੱਟ ਲਏ। ਪੁਲਸ ਨੇ ਇਸ ਸਿਲਸਿਲੇ ਵਿਚ ਹੁਣ ਤੱਕ ਕਰੀਬ ਇਕ ਦਰਜਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਆਫ਼ਤ ਵਿਚ 129 ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਰਾਸਟਰਪਤੀ ਬਰਾਕ ਓਬਾਮਾ ਨੇ ਜਾਰੀ ਕੀਤੇ ਗਏ ਬਿਆਨ ਵਿੱਚ ਨਿਊਯਾਰਕ ਤੇ ਲਾਂਗ ਆਈਲੈਂਡ ਨੂੰ ਸੱਭ ਤੋਂ ਵੱਧ ਤਬਾਹੀ ਵਾਲਾ ਇਲਾਕਾ ਦੱਸਿਆ ਸੀ। ਇਹ ਵੀ ਜਾਣਕਾਰੀ ਮਿਲੀ ਸੀ ਕਿ ਕਈ ਲੋਕਾਂ ਦੀ ਮੌਤ ਰੁੱਖ ਆਦਿ ਡਿੱਗਣ ਕਾਰਨ ਹੋਈ ਸੀ। ਓਬਾਮਾ ਵੱਲੋਂ ਕੀਤੇ ਗਏ ਐਲਾਨ ਦਾ ਮਤਲਬ ਸੀ ਕਿ ਫੈਡਰਲ ਫੰਡ ਹੁਣ ਸੱਭ ਤੋਂ ਵੱਧ ਨੁਕਸਾਨੇ ਗਏ ਇਲਾਕਿਆਂ ਦੇ ਲੋਕਾਂ ਲਈ ਉਪਲਬਧ ਹਨ।

ਬਾਕੀ ਸਫ਼ਾ 7 'ਤੇ

# ਕੇਂਦਰੀ ਮੰਤਰੀ ਮੰਡਲ ਵਿੱਚ ਵੱਡਾ ਫੇਰਬਦਲ

## 17 ਨਵੇਂ ਚਿਹਰੇ ਸ਼ਾਮਿਲ-ਵਾਈ. ਰਵੀ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ

ਨਵੀਂ ਦਿੱਲੀ- 2014 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਿਛਲੇ ਦਿਨੀਂ ਮਨਮੋਹਨ ਸਿੰਘ ਸਰਕਾਰ ਵੱਲੋਂ ਕੇਂਦਰੀ ਮੰਤਰੀ ਮੰਡਲ ਵਿੱਚ ਵੱਡੇ ਪੱਧਰ 'ਤੇ ਫੇਰਬਦਲ ਕੀਤਾ ਗਿਆ। ਇਹ ਫੇਰਬਦਲ ਇਸ ਲਈ ਵੀ ਅਹਿਮ ਹੈ ਕਿਉਂਕਿ ਫੇਰਬਦਲ ਕਰਨ ਲਈ ਸਰਕਾਰ ਨੇ 19 ਮੰਤਰੀਆਂ ਤੋਂ ਅਸਤੀਫ਼ੇ ਲਏ ਸਨ, ਜਿਸ ਵਿੱਚ ਕਾਂਗਰਸ ਪਾਰਟੀ ਦੇ ਕਈ ਸੀਨੀਅਰ ਮੰਤਰੀ ਵੀ ਸ਼ਾਮਿਲ ਸਨ। ਇਸ ਫੇਰਬਦਲ ਵਿੱਚ 22 ਮੰਤਰੀਆਂ ਨੇ ਸਹੁੰ ਚੁੱਕੀ ਜਿਸ ਵਿੱਚ 7 ਕੈਬਨਿਟ ਮੰਤਰੀ, 13 ਰਾਜ ਮੰਤਰੀ ਅਤੇ ਦੋ ਸੁਤੰਤਰ ਚਾਰਜ ਵਾਲੇ ਰਾਜ ਮੰਤਰੀ ਸ਼ਾਮਿਲ ਸਨ। ਮੰਤਰੀ ਮੰਡਲ ਵਿੱਚ 17 ਨਵੇਂ ਚਿਹਰੇ ਸ਼ਾਮਿਲ ਕੀਤੇ ਗਏ ਜਦਕਿ 5 ਮੰਤਰੀਆਂ ਨੂੰ ਤਰੱਕੀ ਦੇ ਕੇ ਵੱਡੇ ਮੰਤਰਾਲੇ ਸੌਂਪੇ ਗਏ ਹਨ। ਨੌਜਵਾਨ ਆਗੂਆਂ ਜਿਨ੍ਹਾਂ ਵਿੱਚ ਜੋਯਤਿਰਾਦਿੱਤਿਆ ਸਿੰਧੀਆ, ਸਚਿਨ ਪਾਇਲਟ, ਜਤੇਂਦਰ ਸਿੰਘ, ਭਰਤ ਸਿੰਘ ਸੋਲੰਕੀ ਆਦਿ ਨੂੰ ਕਈ ਅਹਿਮ ਮੰਤਰਾਲੇ ਦਿੱਤੇ ਗਏ ਹਨ, ਇਸ ਵਾਰ ਆਪਣੀ ਪ੍ਰਤਿਭਾ ਦਿਖਾਉਣ ਦਾ ਇਹਨਾਂ ਨੂੰ ਚੰਗਾ ਮੌਕਾ ਮਿਲਿਆ ਹੈ। ਪੰਜਾਬ 'ਚੋਂ ਚੁਣੇ ਤਿੰਨ ਮੰਤਰੀਆਂ ਨੂੰ ਵੱਡੇ ਮੰਤਰਾਲੇ ਸੌਂਪੇ ਗਏ ਹਨ। ਪੰਜਾਬ ਤੋਂ ਰਾਜ ਸਭਾ ਮੈਂਬਰ ਅਸਵਨੀ ਕੁਮਾਰ ਨੂੰ ਕਾਨੂੰਨ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਜਦਕਿ ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ ਨੂੰ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦਾ ਅਜ਼ਾਦ ਚਾਰਜ ਦੇ ਕੇ ਰਾਜ ਮੰਤਰੀ ਬਣਾਇਆ ਗਿਆ ਹੈ। ਚੰਡੀਗੜ੍ਹ ਤੋਂ ਮੈਂਬਰ ਪਾਰਲੀਮੈਂਟ ਪਵਨ ਬਾਂਸਲ ਨੂੰ ਵੱਡੀ ਤਰੱਕੀ ਦੇ ਕੇ ਰੇਲ ਮੰਤਰੀ ਬਣਾਇਆ ਗਿਆ ਹੈ।

ਬਾਕੀ ਸਫ਼ਾ 7 'ਤੇ


Super Visa Medical Insurance

- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੇਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।

For more information please call
780-465-6900 Jasvir Deol
403-830-7007 Jessie Singh

REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ੍ਰੀਦਣ ਲਈ ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR ASSOCIATE
aakhtar@realtyexecutives.com
www.aliakhtar.com
4107-99 St NW, Edmonton

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

ALL INDIA RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
We also provide Notary and Commissioner of Oaths Services (Appointments Only)
Our office is also accepting Food Bank Donations. Please drop by and support the Edmonton Food Bank.
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Try Us Tonight For Best Deal In Town
**3 For 1**
Any 3 Toppings 12" Medium - 14" Large

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# A & K INSULATION & DRYWALL LTD.
Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ
ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ,
ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS
Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
50549, RANGE ROAD 234 EDMONTON, AB

* ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**



# ALPHA
## Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**





Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**

## ਕਨੇਡਾ ਦੇ ਨੌਜਵਾਨ ਕਰਜ਼ੇ ਤੇ ਬੇਰੁਜ਼ਗਾਰੀ ਦੀ ਮਾਰ ਹੇਠ

# ਵਿਦਿਆਰਥੀ ਵੀਹ ਤੋਂ ਤੀਹ ਹਜ਼ਾਰ ਡਾਲਰ ਦੇ ਕਰਜ਼ਈ



ਓਟਾਵਾ- ਨਵੀਂ ਜਾਰੀ ਕਨੇਡਾ ਦੇ ਨੌਜਵਾਨਾਂ ਨੂੰ ਦਾ ਸਾਹਮਣਾ ਕਰਨਾ ਪੈ ਫਾਊਂਡੇਸ਼ਨ ਆਫ਼ ਕਨੇਡਾ ਰਿਪੋਰਟ ਵਿੱਚ ਦੇਸ਼ ਭਰ ਵਿੱਚ ਪਾਏ ਜਾਣ ਵਾਲੇ ਅਧਾਰਿਤ ਇਹ ਰਿਪੋਰਟ ਵਿੱਚ ਕਨੇਡਾ ਦੀਆਂ 14 ਨੇ ਵੀ ਆਪੋ-ਆਪਣੀ ਹੋਈ ਰਿਪੋਰਟ ਮੁਤਾਬਿਕ ਬੇਰੁਜ਼ਗਾਰੀ ਅਤੇ ਕਰਜ਼ੇ ਰਿਹਾ ਹੈ। ਕਮਿਊਨਿਟੀ ਨੇ ਆਪਣੀ ਸਲਾਨਾ ਦੀਆਂ ਕਮਿਊਨਿਟੀਆਂ ਜ਼ਿੰਦਗੀ ਦੇ ਮਿਆਰਾਂ 'ਤੇ ਤਿਆਰ ਕੀਤੀ ਹੈ। ਜਿਸ ਕਮਿਊਨਿਟੀ ਫਾਊਂਡੇਸ਼ਨਾਂ ਸਥਾਨਕ ਰਿਪੋਰਟ ਦੇ ਅਧਾਰ 'ਤੇ ਤੱਥ ਪੇਸ਼ ਕੀਤੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਵਸੀਲਿਆਂ ਤੋਂ ਅੰਕੜੇ ਇਕੱਠੇ ਕਰਕੇ ਤਿਆਰ ਕੀਤੀ ਗਈ ਇਸ ਕੌਮੀ ਰਿਪੋਰਟ ਵਿੱਚ ਨੌਜਵਾਨਾਂ ਉੱਤੇ ਅਸਰ ਪਾਉਣ ਵਾਲੇ ਆਰਥਿਕ, ਸਿੱਖਿਆਤਮਕ ਅਤੇ ਸਮਾਜਿਕ ਕਾਰਕਾਂ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ ਹੈ। ਰਿਪੋਰਟ ਮੁਤਾਬਿਕ ਔਸਤਨ ਕਨੇਡੀਅਨ ਵਿਦਿਆਰਥੀ ਸਿਰ ਚੜ੍ਹਿਆ ਕਰਜ਼ਾ 20000 ਡਾਲਰ ਤੋਂ 30000 ਡਾਲਰ ਦਰਮਿਆਨ ਹੈ। ਇਸ ਤਰ੍ਹਾਂ ਕਨੇਡਾ ਦੇ ਬਹੁਤ ਸਾਰੇ ਵਿਦਿਆਰਥੀ ਕਰਜ਼ਾ ਲਾਹੁਣ ਦੇ ਲਈ ਪੜ੍ਹਾਈ ਵਿਚਕਾਰ ਛੱਡ ਦਿੰਦੇ ਹਨ, ਜਿਸ ਨਾਲ ਉਹਨਾਂ ਦਾ ਕੈਰੀਅਰ ਪ੍ਰਭਾਵਿਤ ਹੋ ਰਿਹਾ ਹੈ। ਇਹੀ ਨਹੀਂ ਸਗੋਂ ਇਸ ਵਰਤਾਰੇ ਕਾਰਨ ਬੇਰੁਜ਼ਗਾਰੀ ਵਿੱਚ ਵੀ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। 25 ਤੋਂ 29 ਸਾਲ ਉਮਰ ਵਰਗ ਦੇ ਤਿੰਨਾਂ ਵਿੱਚੋਂ ਇੱਕ ਵਿਦਿਆਰਥੀ ਆਪਣੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਯੋਗਤਾ ਤੋਂ ਹੇਠਲੇ ਪੱਧਰ ਦਾ ਕੰਮ ਕਰਦਾ ਹੈ। ਜੂਨ ਮਹੀਨੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 14.8 ਫੀਸਦੀ ਪਾਈ ਗਈ ਜੋ ਕਿ ਕੌਮੀ ਔਸਤ ਨਾਲੋਂ ਦੁੱਗਣੀ ਹੈ।

## ਪੰਜਾਂ ਵਿੱਚੋਂ ਇੱਕ ਕਾਮਾ ਮਾਨਸਿਕ ਤਣਾਅ ਦਾ ਸ਼ਿਕਾਰ

ਟੋਰਾਂਟੋ (ਨਦਬ)-ਕਨੇਡਾ ਦੇ ਹਰ ਪੰਜਾਂ ਵਿੱਚੋਂ ਇੱਕ ਨਾਲੋਂ ਵੱਧ ਕਾਮੇ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ ਜਦਕਿ 16 ਫ਼ੀਸਦੀ ਹੋਰਨਾਂ ਦਾ ਕਹਿਣਾ ਹੈ ਕਿ ਇਸ ਨਵੇਂ ਸਰਵੇਖਣ ਤੋਂ ਪਹਿਲਾਂ ਉਹ ਵੀ ਤਣਾਅਗ੍ਰਸਤ ਹਾਲ ਵਿੱਚ ਰਹਿ ਚੁੱਕੇ ਹਨ। ਕਨੇਡੀਅਨ ਕਰਮਚਾਰੀਆਂ ਵਿੱਚੋਂ 22 ਫੀਸਦੀ ਦਾ ਕਹਿਣਾ ਹੈ ਕਿ ਉਹ ਤਣਾਅ ਵਿੱਚ ਹਨ ਤੇ ਇਨ੍ਹਾਂ ਵਿੱਚੋਂ 14 ਫੀ ਸਦੀ ਦੀ ਮੈਡੀਕਲ



ਜਾਂਚ ਵਿੱਚ ਇਹ ਸਿੱਧ ਵੀ ਹੋ ਚੁੱਕਿਆ ਹੈ ਕਿ ਉਹ ਮਾਨਸਿਕ ਤਣਾਅ ਝੱਲ ਰਹੇ ਹਨ। ਇਹ ਖੁਲਾਸਾ 'ਇਪਸੋਸ ਰੀਡ' ਦੇ ਸਰਵੇਖਣ ਰਾਹੀਂ ਹੋਇਆ ਹੈ। ਕੌਮੀ ਸਰਵੇਖਣ ਇੰਸ਼ੋਰੈਂਸ ਕੰਪਨੀ 'ਗ੍ਰੇਟ ਵੈਸਟ ਲਾਈਫ' ਤੇ ਇਸ ਦੇ 'ਮੈਂਟਲ ਹੈਲਥ ਇਨ ਦਾ ਵਰਕਪਲੇਸ ਸੈਂਟਰ' ਲਈ ਕੀਤਾ ਗਿਆ। ਹਾਲਾਂਕਿ ਦੇਸ਼ ਦੇ ਕਾਮਿਆਂ ਦਾ ਵੱਡਾ ਹਿੱਸਾ ਤਣਾਅ ਵਿੱਚ ਰਹਿੰਦਾ ਹੈ ਪਰ ਕੈਨੇਡੀਅਨ ਬੌਸ ਇਹ ਆਖ ਰਹੇ ਹਨ ਕਿ ਜੇ ਉਨ੍ਹਾਂ ਦੇ ਕਾਮਿਆਂ ਵਿੱਚ ਤਣਾਅ ਪਾਇਆ ਜਾ ਰਿਹਾ ਹੈ ਤਾਂ ਉਨ੍ਹਾਂ ਦੀ ਮਦਦ ਲਈ ਦਖਲ ਦੇਣਾ ਉਨ੍ਹਾਂ ਦਾ ਫਰਜ਼ ਹੈ। ਚੌਰਾਸੀ ਫੀਸਦੀ ਮੈਨੇਜਰਾਂ ਤੇ ਸੁਪਰਵਾਈਜ਼ਰਾਂ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਦਾ ਕੋਈ ਕਰਮਚਾਰੀ ਕਿਸੇ ਮੁਸੀਬਤ ਕਾਰਨ ਤਣਾਅ ਵਿੱਚ ਹੈ ਤਾਂ ਉਸ ਦੀ ਜ਼ਿੰਦਗੀ ਵਿੱਚ ਉਨ੍ਹਾਂ ਦਾ ਦਖਲ ਦੇਣਾ ਬਿਲਕੁਲ ਸਹੀ ਹੈ। ਫਿਰ ਵੀ ਤਿੰਨਾਂ ਵਿੱਚੋਂ ਇੱਕ ਮੈਨੇਜਰ ਦਾ ਕਹਿਣਾ ਸੀ ਕਿ ਕਾਮਿਆਂ ਦੀ ਮੁਸ਼ਕਲ ਨੂੰ ਪਛਾਣ ਕੇ ਉਸ ਨੂੰ ਹੱਲ ਕਰਨ ਦੀ ਉਨ੍ਹਾਂ ਨੂੰ ਸਹੀ ਸਿਖਲਾਈ ਦਿੱਤੀ ਗਈ ਹੈ। ਇਹ 2007 ਦੇ ਨਤੀਜਿਆਂ ਤੋਂ ਸਿਰਫ 13 ਫੀ ਸਦੀ ਵੱਧ ਹੈ। 18 ਜੁਲਾਈ ਤੋਂ 24 ਜੁਲਾਈ ਦਰਮਿਆਨ ਆਨਲਾਈਨ ਕਰਵਾਏ ਗਏ ਇਪਸੋਸ ਰੀਡ ਸਰਵੇਖਣ ਵਿੱਚ 4,307 ਕਰਮਚਾਰੀਆਂ ਤੇ 2,317 ਮੈਨੇਜਰਾਂ ਦੀ ਆਨਲਾਈਨ ਇੰਟਰਵਿਊ ਲਈ ਗਈ।

## ਫਾਰਮਿਸਟਾਂ ਨੂੰ ਮਿਲੀਆਂ ਨਵੀਆਂ ਸ਼ਕਤੀਆਂ

ਟੋਰਾਂਟੋ (ਨਦਬੋ)-ਓਨਟਾਰੀਓ ਸਰਕਾਰ ਨੇ ਮੰਗਲਵਾਰ ਨੂੰ ਫਾਰਮਾਸਿਸਟਾਂ ਨੂੰ ਨਵੀਆਂ ਸ਼ਕਤੀਆਂ ਮੁਹੱਈਆ ਕਰਵਾਉਂਦਿਆਂ ਉਨ੍ਹਾਂ ਦੇ ਕੰਮ ਕਰਨ ਦੇ ਅਧਿਕਾਰ ਖੇਤਰ ਵਿੱਚ ਕਾਫੀ ਵਾਧਾ ਕਰ ਦਿੱਤਾ ਹੈ। ਪਹਿਲਾਂ ਜਿਹੜੀਆਂ ਸੇਵਾਵਾਂ ਸਿਰਫ ਡਾਕਟਰ ਹੀ ਦੇ ਸਕਦੇ ਸਨ ਹੁਣ ਉਹ ਸੇਵਾਵਾਂ ਫਾਰਮਾਸਿਸਟ ਵੀ ਦੇ ਸਕਣਗੇ ਤੇ ਮਰੀਜ਼ਾਂ ਨੂੰ ਲਿਖ ਕੇ ਦਿੱਤੇ ਜਾਣ ਵਾਲੇ ਕਈ ਨੁਸਖਿਆਂ ਨੂੰ ਵੀ ਨੰਵਿਆ ਸਕਣਗੇ। ਪਰ ਅਜੇ ਤੱਕ ਇਸ ਸਬੰਧੀ ਕੋਈ ਕਰਾਰ ਨਹੀਂ ਹੋਇਆ ਹੈ ਕਿ ਇਸ ਵਧੀ ਹੋਈ ਜ਼ਿੰਮੇਵਾਰੀ ਲਈ ਉਨ੍ਹਾਂ ਨੂੰ ਅਦਾਇਗੀ ਕਿਸ ਤਰ੍ਹਾਂ ਕੀਤੀ ਜਾਇਆ ਕਰੇਗੀ। ਯੂਨੀਵਰਸਿਟੀ ਆਫ ਟੋਰਾਂਟੋ ਵਿੱਚ ਫਾਰਮੇਸੀ ਦੇ ਵਿਦਿਆਰਥੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਸਿਹਤ ਮੰਤਰੀ ਡੈੱਬ ਮੈਥਿਊ ਨੇ ਆਖਿਆ ਕਿ ਸਾਡੇ ਵਿੱਚੋਂ ਹਰ ਕੋਈ ਅਜਿਹੇ ਹਾਲਾਤ ਵਿੱਚੋਂ ਨਿਕਲ ਚੁੱਕਿਆ ਹੋਵੇਗਾ ਕਿ ਉਹ ਅਪਾਇੰਟਮੈਂਟ ਲੈ ਕੇ ਡਾਕਟਰ ਕੋਲ ਜਾਣ ਦੀ ਥਾਂ ਫਾਰਮਾਸਿਸਟ ਕੋਲ ਜਾ ਕੇ ਆਪਣੀ ਨੁਸਖੇ ਵਿੱਚ ਲਿਖੀ ਦਵਾਈ ਨੂੰ ਮੁੜ ਨਵਿਆਉਣ ਨੂੰ ਤਰਜੀਹ ਦੇਵੇਗਾ। ਹੁਣ ਲੋਕਾਂ ਨੂੰ ਸਿਗਰਟਨੋਸ਼ੀ ਵਰਗੀ ਲਤ ਤੋਂ ਨਿਜਾਤ ਦਿਵਾਉਣ ਲਈ ਫਾਰਮਾਸਿਸਟਸ ਦਵਾਈ ਸੁਝਾਅ ਸਕਿਆ ਕਰਨਗੇ ਤੇ 22 ਅਕਤੂਬਰ ਤੋਂ ਸ਼ੁਰੂ ਹੋਣ ਜਾ ਰਹੀ ਟੀਕਾਕਰਣ ਮੁਹਿੰਮ ਦੌਰਾਨ ਟੀਕੇ ਵੀ ਲਾ ਸਕਣਗੇ। ਉਨ੍ਹਾਂ ਨੂੰ ਗੈਰ ਨਸ਼ੀਲੀਆਂ ਦਵਾਈਆਂ ਸਬੰਧੀ ਨੁਸਖਿਆਂ ਨੂੰ ਮੁੜ ਨੰਵਿਆਉਣ ਦੀ ਖੁੱਲ੍ਹ ਵੀ ਦਿੱਤੀ ਗਈ ਹੈ ਤੇ ਉਹ ਛੇ ਮਹੀਨਿਆਂ ਲਈ ਅਜਿਹਾ ਕਰ ਸਕਿਆ ਕਰਨਗੇ ਤੇ ਚਿਰਾਂ ਤੋਂ ਚੱਲੀਆਂ ਆ ਰਹੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਵੀ ਸਲਾਹ ਦੇ ਸਕਿਆ ਕਰਨਗੇ। ਫਾਰਮੇਸੀਆਂ ਵੱਲੋਂ ਹਰੇਕ ਫਲੂ ਸਬੰਧੀ ਟੀਕੇ ਲਈ 7.50 ਡਾਲਰ ਦਿੱਤੇ ਜਾਂਦੇ ਹਨ ਤੇ ਸਰਕਾਰ ਦਾ ਕਹਿਣਾ ਹੈ ਕਿ ਨਵੇਂ ਨਿਯਮਾਂ ਤਹਿਤ ਫਾਰਮਾਸਿਸਟਾਂ ਨੂੰ ਵੀ ਨੁਸਖਿਆਂ ਨੂੰ ਨੰਵਿਆਉਣ ਲਈ ਫੀਸ ਵਸੂਲਣ ਦੀ ਇਜਾਜ਼ਤ ਹੋਵੇਗੀ।

## ਤਿੰਨ ਫੈਡਰਲ ਉਪ ਚੋਣਾਂ ਦਾ ਐਲਾਨ

# 26 ਨਵੰਬਰ ਨੂੰ ਹੋਣਗੀਆਂ ਚੋਣਾਂ



ਓਟਵਾ (ਨਦਬ)- ਤਿੰਨ ਫੈਡਰਲ ਉਪ ਚੋਣਾਂ 26 ਨਵੰਬਰ ਨੂੰ ਹੋਣਗੀਆਂ। ਇਹ ਤਿੰਨ ਚੋਣਾਂ ਵਿਕਟੋਰੀਆ, ਕੈਲਗਰੀ ਸੈਂਟਰ ਅਤੇ ਓਨਟਾਰੀਓ ਦੀ ਡਰਹੱਮ ਰਾਈਡੰਗਾਂ ਵਿਚ ਹੋਣਗੀਆਂ। ਇਹ ਸੀਟਾਂ ਮੈਂਬਰਾਂ ਵਲੋਂ ਅਸਤੀਫੇ ਦਿਤੇ ਜਾਣ ਕਾਰਨ ਖਲੀ ਹੋਈਆਂ ਹਨ। ਵਿਕਟੋਰੀਆਂ ਵਿਚ ਐਨ.ਡੀ.ਪੀ. ਦੀ ਐਮ.ਪੀ. ਡੈਨਿਸ ਸਵੋਏ ਨੇ ਸਿਹਤ ਨੂੰ ਮੁੱਖ ਰੱਖ ਕੇ ਅਸਤੀਫਾ ਦਿਤਾ ਸੀ ਅਤੇ ਕੈਲਗਰੀ ਸੈਂਨਟਰ ਤੋਂ ਪੀ.ਸੀ. ਐਮ.ਪੀ. ਲੀ ਰਿਚਰਡਸਨ ਨੇ ਐਲਬਰਟਾ ਦੀ ਪ੍ਰੀਮੀਅਰ ਐਲੀਸਨ ਰੈਡਫੋਰਡ ਨਾਲ ਕੰਮ ਕਰਨ ਲਈ ਅਸਤੀਫਾ ਦਿਤਾ ਹੈ, ਜਦ ਕਿ ਡਰਹੱਮ ਤੋਂ ਕੈਬਨਿਟ ਮਨਿਸਟਰ ਬੇਵ ਓਡਾ ਨੂੰ ਸਰਕਾਰੀ ਫੰਡਾਂ ਵਿਚ ਕੀਤੀ ਜਾਂਦੀ ਫਜ਼ੂਲ ਖਰਚੀ ਸਾਹਮਣੇ ਆਉਣ ਕਰਕੇ ਅਸਤੀਫਾ ਦੇਣਾ ਪਿਆ ਸੀ।

## ਸਟੀਫ਼ਨ ਹਾਰਪਰ ਦੇ ਭਾਰਤ ਦੌਰੇ ਨੂੰ ਦੇਖਦਿਆਂ

# ਕੀ ਭਾਰਤ-ਕਨੇਡਾ ਸਬੰਧਾਂ 'ਚ ਭਰੋਸੇਯੋਗਤਾ ਬਹਾਲ ਹੋਵੇਗੀ?



1974 ਵਿੱਚ ਭਾਰਤ ਵੱਲੋਂ ਕੀਤੇ ਪੋਖਰਨ ਧਮਾਕਿਆਂ ਤੋਂ ਬਾਅਦ ਭਾਰਤ ਅਤੇ ਕਨੇਡਾ ਦੇ ਦੁਵੱਲੇ ਸਬੰਧਾਂ ਵਿੱਚ ਕਾਫੀ ਫਿੱਕ ਪੈ ਗਈ ਸੀ ਪਰ ਪਿਛਲੇ ਕੁੱਝ ਸਮੇਂ ਤੋਂ ਦੋਵੇਂ ਦੇਸ਼ਾਂ ਦੇ ਸਬੰਧਾਂ ਵਿੱਚ ਲਗਾਤਾਰ ਸੁਧਾਰ ਹੋਇਆ ਹੈ ਤੇ ਇਹ ਜਾਪ ਰਿਹਾ ਹੈ ਕਿ ਭਾਰਤ-ਕਨੇਡਾ ਦੁਵੱਲੇ ਸਬੰਧ ਸਧਾਰਣਤਾ ਤੋਂ ਉੱਪਰ ਉੱਠ ਕੇ ਇੱਕ ਖ਼ਾਸ ਦਾਇਰੇ ਵਿੱਚ ਪ੍ਰਵੇਸ਼ ਕਰ ਰਹੇ ਹਨ। ਲੱਗਦਾ ਇਹ ਹੈ ਕਿ ਇਸੇ ਕੂਟਨੀਤੀ ਤਹਿਤ ਹੀ ਕਨੇਡਾ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਨੇ ਆਪਣਾ ਭਾਰਤ ਦਾ ਦੌਰਾ ਵਿਉਂਤਿਆ ਹੈ।

ਕਨੇਡਾ ਅਤੇ ਭਾਰਤ ਦੇ ਦੁਵੱਲੇ ਸਬੰਧ ਇਸ ਸੰਦਰਭ 'ਚ ਵੀ ਅਹਿਮ ਹਨ ਕਿ ਕਨੇਡਾ ਦੀ ਕੁੱਲ ਅਬਾਦੀ ਵਿੱਚ ਤਿੰਨ ਪ੍ਰਤੀਸ਼ਤ ਪ੍ਰਵਾਸੀ ਭਾਰਤੀਆਂ ਦੀ ਅਬਾਦੀ ਸ਼ਾਮਲ ਹੈ। ਦੁਨੀਆਂ ਦੇ ਕਿਸੇ ਵੀ ਖਿੱਤੇ ਨਾਲੋਂ ਇੱਥੇ ਪ੍ਰਵਾਸੀ ਭਾਰਤੀ ਵੱਧ ਹਨ। ਇੱਕ ਅੰਦਾਜ਼ੇ ਅਨੁਸਾਰ ਇੱਥੇ ਭਾਰਤ ਤੋਂ ਸਲਾਨਾ ਤੀਹ ਹਜ਼ਾਰ ਲੋਕ ਆਉਂਦੇ ਹਨ ਜੋ ਕਿ ਭਾਰਤ ਦੇ ਕੁਲ ਪ੍ਰਵਾਸ ਦਾ ਅੱਸੀ ਪ੍ਰਤੀਸ਼ਤ ਹਿੱਸਾ ਬਣਦਾ ਹੈ। ਇਹਨਾਂ ਪ੍ਰਵਾਸੀ ਭਾਰਤੀਆਂ ਨੇ ਕਨੇਡਾ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਤੇ ਇੱਥੋਂ ਦੇ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਭਾਰਤ ਲੋਕਤਾਂਤਰਿਕ ਕਦਰਾਂ-ਕੀਮਤਾਂ ਦੀ ਕਦਰ ਕਰਨ ਵਾਲਾ ਦੇਸ਼ ਹੈ ਤੇ ਭਾਰਤ ਚਹੁੰਦਾ ਹੈ ਕਿ ਦੁਨੀਆ ਦੇ ਹਰ ਦੇਸ਼ ਨਾਲ ਉਸਦੇ ਸਬੰਧ ਬਿਹਤਰ ਹੋਣ। ਪ੍ਰਵਾਸੀ ਭਾਰਤੀਆਂ ਦੀ ਵੱਡੀ ਅਬਾਦੀ ਕਾਰਨ ਹੀ ਭਾਰਤੀ ਸੱਭਿਅਤਾ ਨੂੰ ਕਨੇਡਾ ਵਿੱਚ ਜਾਣਿਆ ਜਾਂਦਾ ਹੈ। ਇਸੇ ਕਾਰਨ ਇੱਥੋਂ ਦੇ ਲੋਕ ਭਾਰਤੀ ਖਾਣ-ਪੀਣ, ਪਹਿਰਾਵਾ ਅਤੇ ਭਾਰਤੀ ਕਲਾਕਾਰਾਂ ਨੂੰ ਏਨਾ ਪਸੰਦ ਕਰਦੇ ਹਨ।

ਪਰ ਦੋਵੇਂ ਦੇਸ਼ਾਂ ਵਿੱਚ ਇੰਨੇ ਵੱਡੇ ਪੱਧਰ 'ਤੇ ਮੇਲ-ਜੋਲ ਹੋਣ ਦੇ ਬਾਵਜੂਦ ਵੀ ਭਾਰਤ ਅਤੇ ਕਨੇਡਾ ਦੇ ਦੁਵੱਲੇ ਸਬੰਧ ਓਨੇ ਮਜ਼ਬੂਤ ਨਹੀਂ ਜਿੰਨੇ ਹੋਣੇ ਚਾਹੀਦੇ ਹਨ। ਕਨੇਡਾ ਨਾਲ ਭਾਰਤ ਦਾ ਸਲਾਨਾ ਦੁਵੱਲਾ ਵਪਾਰ ਪੰਜ ਬਿਲੀਅਨ ਅਮਰੀਕੀ ਡਾਲਰ ਦਾ ਹੈ ਜਦੋਂਕਿ ਇਸਦੇ ਮੁਕਾਬਲੇ ਚੀਨ ਅਤੇ ਕਨੇਡਾ ਵਿਚਕਾਰ ਸਲਾਨਾ ਦੁਵੱਲਾ ਵਪਾਰ 65 ਬਿਲੀਅਨ ਅਮਰੀਕੀ ਡਾਲਰ ਦਾ ਹੈ। 2009 ਵਿੱਚ ਜਦੋਂ ਭਾਰਤ ਅਤੇ ਕਨੇਡਾ ਵਿਚਕਾਰ ਦੁਵੱਲਾ ਵਪਾਰ ਚਾਰ੍ਹ ਬਿਲੀਅਨ ਅਮਰੀਕੀ ਡਾਲਰ ਦਾ ਸੀ ਤਾਂ ਇਹ ਵਿਉਂਤ ਬਣਾਈ ਗਈ ਸੀ ਕਿ ਇਸਨੂੰ ਆਉਂਦੇ ਪੰਜ ਸਾਲਾਂ ਵਿੱਚ ਤਿੰਨ ਗੁਣਾ ਕਰ ਦਿੱਤਾ ਜਾਵੇਗਾ। ਪਰ ਇਸ ਗੱਲ ਨੂੰ ਤਿੰਨ ਸਾਲ ਬੀਤ ਚੁੱਕੇ ਹਨ, ਵਪਾਰ ਵਿੱਚ ਸਿਰਫ਼ ਇੱਕ ਬਿਲੀਅਨ ਡਾਲਰ ਦਾ ਹੀ ਵਾਧਾ ਹੋਇਆ ਹੈ।

ਇਸੇ ਤਰ੍ਹਾਂ ਹੀ ਕਨੇਡਾ ਵਿੱਚ 2010 'ਚ ਦੋਵੇਂ ਦੇਸਾਂ ਨੇ ਨਿਊਕਲੀਅਰ ਸਮਝੌਤੇ ਦਾ ਐਲਾਨ ਕੀਤਾ ਸੀ ਪਰ ਉਹ ਸਿਰਫ਼ ਐਲਾਨ ਬਣ ਕੇ ਹੀ ਰਹਿ ਗਿਆ। ਕਾਰਨ ਇਹ ਹੈ ਕਿ ਕਨੇਡਾ ਦੀ ਸਰਕਾਰ ਪਹਿਲਾਂ ਇਹ ਨਿਸਚਿਤ ਕਰਨਾ ਚਹੁੰਦੀ ਹੈ ਕਿ ਭਾਰਤ ਯੂਰੇਨੀਅਮ ਅਤੇ ਰਿਐਕਟਰਾਂ ਦੀ ਵਰਤੋਂ ਸਕਾਰਾਤਮਕ ਮੰਤਵ ਲਈ ਕਰੇਗਾ ਕਿ ਨਹੀਂ। ਪਰ ਇੱਥੇ ਕਨੇਡਾ ਦੀ ਸਰਕਾਰ ਟਪਲਾ ਖਾ ਰਹੀ ਹੈ ਜਦੋਂ ਕਿ ਇਸ ਮਾਮਲੇ ਵਿੱਚ ਭਾਰਤ ਦੀ ਅੰਤਰਰਾਸ਼ਟਰੀ ਭੂਮਿਕਾ ਨੂੰ ਸਮਝ ਕੇ ਸਪੱਸਟ ਹੁੰਦਾ ਹੈ ਕਿ ਭਾਰਤ ਦੇ ਇਰਾਦੇ ਬਿਲਕੁਲ ਨੇਕ ਹਨ। ਇਸ ਮਾਮਲੇ ਵਿੱਚ ਕਨੇਡਾ ਵੱਲੋਂ ਅਜੇ ਵੀ 1974 ਦੇ ਪੋਖਰਨ ਧਮਾਕਿਆਂ ਦਾ ਰਾਗ ਅਲਾਪਿਆ ਜਾ ਰਿਹਾ ਹੈ ਜਦਕਿ ਹੁਣ ਅਤੇ ਉਦੋਂ ਦੀਆਂ ਹਾਲਤਾਂ ਦਾ ਜ਼ਮੀਨ ਆਸਮਾਨ ਦਾ ਫਰਕ ਹੈ। ਹੁਣ ਵਾਲੇ ਅੰਤਰਰਾਸ਼ਟਰੀ ਸਮੀਕਰਨ ਉਦੋਂ ਤੋਂ ਕਾਫੀ ਵੱਖ ਹਨ। ਅੱਜ ਭਾਰਤ ਸੰਸਾਰ ਦੀਆਂ ਵੱਡੀਆਂ ਸ਼ਕਤੀਆਂ ਵਿੱਚੋਂ ਇੱਕ ਹੈ ਤੇ ਸੁਪਰ ਪਾਵਰ ਬਣਨ ਦੇ ਸੁਪਨੇ ਦੇਖ ਰਿਹਾ ਹੈ।

**ਨਵੀਂ ਦੁਨੀਆ ਵਿਸ਼ੇਸ਼**

ਇਸੇ ਤਰ੍ਹਾਂ ਹੀ ਭਾਰਤ ਵੀ ਕਨੇਡਾ ਦੇ ਪ੍ਰਤੀ ਸ਼ੱਕੀ ਰਵੱਈਆ ਰੱਖਦਾ ਹੈ। ਭਾਰਤ ਦਾ ਸ਼ੱਕ ਇਸ ਗੱਲ ਨੂੰ ਲੈ ਕੇ ਹੈ ਕਿ ਕਨੇਡਾ ਖਾਲਿਸਤਾਨੀ ਪੱਖੀ ਅੱਤਵਾਦੀਆਂ ਅਤੇ ਅੱਤਵਾਦੀ ਜਥੇਬੰਦੀਆਂ ਦਾ ਅਸਿੱਧੇ ਢੰਗ ਨਾਲ ਸਮੱਰਥਨ ਕਰਦਾ ਰਿਹਾ ਹੈ। ਪਰ ਜੇਕਰ ਬਦਲੀਆਂ ਪ੍ਰਸਿਥੀਤੀਆਂ ਨੂੰ ਦੇਖਿਆ ਜਾਵੇ ਤਾਂ ਭਾਰਤ ਦਾ ਹੁਣ ਇਸ ਗੱਲ ਨੂੰ ਲੈ ਕੇ ਚਿੰਤਾ ਕਰਨਾ ਨਿਰਮੂਲ ਹੈ, ਦੂਜੇ ਪਾਸੇ ਜੇਕਰ ਦੋਵੇਂ ਦੇਸ਼ਾਂ ਦੇ ਦੁਵੱਲੇ ਸਬੰਧ ਚੰਗੇ ਹੋਣ ਤਾਂ ਇਸ ਨਾਲ ਜਿੱਥੇ ਅੰਤਰਾਸ਼ਟਰੀ ਮੰਚਾਂ 'ਤੇ ਦੋਵੇਂ ਦੇਸ਼ ਪ੍ਰਭਾਵਸ਼ਾਲੀ ਹੋਣਗੇ ਉੱਥੇ ਦੋਵਾਂ ਦੇਸ਼ਾਂ ਦੇ ਦੁਵੱਲੇ ਵਪਾਰ ਵਿੱਚ ਵੀ ਕਈ ਗੁਣਾ ਵਾਧਾ ਹੋਵੇਗਾ।

ਅਸਲ ਵਿੱਚ ਕਨੇਡਾ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਦੇ ਦੌਰੇ ਨੂੰ ਇਸੇ ਸੰਦਰਭ ਵਿੱਚ ਦੇਖਣ ਦੀ ਲੋੜ ਹੈ। ਜੇਕਰ ਦੌਰੇ ਤੋਂ ਬਾਅਦ ਦੋਵੇਂ ਦੇਸ਼ਾਂ ਦਰਮਿਆਨ ਭਰੋਸੇ ਯੋਗਤਾ ਬਹਾਲ ਹੁੰਦੀ ਹੈ ਤੇ ਦੋਵੇਂ ਦੇਸ਼ਾਂ ਦਰਮਿਆਨ ਦੁਵੱਲਾ ਵਪਾਰ ਵਧਦਾ ਹੈ ਅਤੇ ਇਸ ਸਭ ਦੇ ਨਾਲ ਨਿਊਕਲੀਅਰ ਸਮਝੌਤੇ ਨੂੰ ਲੈ ਕੇ ਗੱਲ ਅੱਗੇ ਤੁਰਦੀ ਹੈ ਤਾਂ ਅਸੀਂ ਸਮਝਾਂਗੇ ਕਿ ਸਟੀਫ਼ਨ ਹਾਰਪਰ ਦਾ ਭਾਰਤ ਦੌਰਾ ਸਫ਼ਲ ਰਿਹਾ ਹੈ ਪਰ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਹ ਦੌਰਾ ਅਸਫਲ ਹੋਵੇਗਾ। ਜਿਸ ਨਾਲ ਦੋਵੇਂ ਦੇਸ਼ਾਂ ਦੇ ਕਈ ਖੇਤਰਾਂ ਵਿੱਚ ਨਾਕਾਰਾਤਮਕ ਪ੍ਰਭਾਵ ਪੈਣਗੇ।

Maple
DENTAL CLINIC
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Dr. Sandeep Dhaliwal
DMD
Take Home Whitening Kits
with new patient exams & cleaning !
Accepting New Patients
Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm
Appointments @ 780-440-5001
4444-36 Ave NW Edmonton, AB T6L 3S1

## 'ਫ਼ਾਈਵ ਰਿਵਰਜ਼ ਯੂਥ'  ਵੱਲੋਂ ਵੱਲੋਂ ਚੌਥਾ ਸਲਾਨਾ ਇਨਕਲਾਬ ਸਮਾਗਮ ਯਾਦਗਾਰੀ ਹੋ ਨਿਬੜਿਆ

# ਟਰਾਂਟੋ ਦੇ ਪੰਜਾਬੀ ਮਿਊਜਕ ਗਰੁੱਪ ਨੇ ਕੀਤਾ ਮੰਤਰ-ਮੁਗਦ

(1)

(2)

(3)

(4)

(5)

(6)

(7)


(8)


'ਫ਼ਾਈਵ ਰਿਵਰਜ਼ ਯੂਥ' ਵੱਲੋਂ ਆਯੋਜਿਤ 'ਇਨਕਲਾਬ' ਦੌਰਾਨ (1) ਅਦਿਤੀ ਗੁਪਤਾ (2) ਜ਼ਨਤ ਗਰੇਵਾਲ (3) ਆਹਲਮ (4) ਪ੍ਰਿਯਾ ਦੁਆ (5) ਬੀ ਮੈਜਿਕ ਗਰੁੱਪ ਟਰਾਂਟੋ (6) ਦਿਲਜੋਤ ਜੱਜ (7) ਲੋਕੇਸ਼ਨ ਰੈਵੋਲੂਸ਼ਨ ਗਰੁੱਪ ਐਡਮਿੰਟਨ (8) ਮਲਕ ਢੱਡਵਾਲ **ਤਸਵੀਰਾਂ: ਗੁਰਪਾਲ ਸਿੰਘ ਅਟਵਾਲ**

ਐਡਮਿੰਟਨ (ਨਦਬ)-ਪਿਛਲੇ ਦਿਨੀਂ 'ਫ਼ਾਈਵ ਰਿਵਰਜ਼ ਯੂਥ' ਵੱਲੋਂ ਟਰਾਂਸ ਆਲਟਾ ਬਾਰਨ ਵਿੱਚ ਇਨਕਲਾਬ ਦੇ ਨਾਮ ਹੇਠ ਚੌਥਾ ਸਲਾਨਾ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਕਮਿਊਨਿਟੀਆਂ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਜ਼ਿਕਰਯੋਗ ਹੈ ਕਿ ਇਸ ਸੁਚੱਜੇ ਪ੍ਰੋਗਰਾਮ ਦਾ ਸਾਰਾ ਪ੍ਰਬੰਧ 'ਫ਼ਾਈਵ ਰਿਵਰਜ਼ ਯੂਥ' ਨੇ ਹੀ ਕੀਤਾ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਪੰਜਾਬੀ ਨੌਜਵਾਨਾਂ ਨੂੰ ਸਮਾਜਿਕ ਅਤੇ ਰਾਜਨੀਤਿਕ ਸਰੋਕਾਰਾਂ ਨਾਲ ਜੋੜਨਾ ਸੀ ਤਾਂ ਜੋ ਉਹਨਾਂ ਦੇ ਦ੍ਰਿਸ਼ਟੀਕੋਣ ਵਿੱਚ ਪਰਪੱਕਤਾ ਆ ਸਕੇ ਤੇ ਉਹ ਸਮਾਜ ਦੀ ਯੋਗ ਅਗਵਾਈ ਕਰ ਸਕਣ। 'ਫ਼ਾਈਵ ਰਿਵਰਜ਼ ਯੂਥ' ਵੱਲੋਂ ਅਜਿਹੇ ਪ੍ਰੋਗਰਾਮਾਂ ਰਾਹੀ ਨਾ ਸਿਰਫ਼ ਨੌਜਵਾਨਾਂ ਨੂੰ ਇੱਕ ਮੰਚ ਪ੍ਰਦਾਨ ਕੀਤਾ ਜਾਂਦਾ ਹੈ ਸਗੋਂ ਇਸ ਰਾਹੀਂ ਉਹਨਾਂ ਨੂੰ ਸਮਾਜ ਵਿੱਚ ਬਦਲਾਅ ਲਿਆਉਣ ਲਈ ਸਰਗਰਮ ਵੀ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਰਾਹੀਂ ਸਾਰੀਆਂ ਕਮਿਊਨਿਟੀਆਂ ਦੇ ਵਿਦਿਆਰਥੀ ਇਕੱਠੇ ਹੋ ਕੇ ਬਸਤੀਵਾਦ ਅਤੇ ਸਾਮਰਾਜਵਾਦ ਵਿਰੁੱਧ ਲੜਨ ਦਾ ਅਹਿਦ ਲੈਂਦੇ ਹਨ। ਇਸ ਤੋਂ ਇਲਾਵਾ ਸੱਭਿਆਚਾਰਕ ਸਰਗਰਮੀਆਂ ਰਾਹੀਂ ਭਾਈਚਾਰਕ ਸਦਭਾਵਨਾ ਦਾ ਸੰਦੇਸ਼ ਵੀ ਦਿੱਤਾ ਜਾਂਦਾ ਹੈ।

## ਅਲਬਰਟਾ ਸਰਕਾਰ ਵੱਲੋਂ ਫਲੂ ਵੈਕਸੀਨ 'ਤੇ ਰੋਕ



ਐਡਮਿੰਟਨ (ਨਦਬ)-ਹੈਲਥ ਕਨੇਡਾ ਅਤੇ ਪਬਲਿਕ ਹੈਲਥ ਏਜੰਸੀ ਆਫ਼ ਕਨੇਡਾ ਦੀ ਸਿਫਾਰਸ਼ਾਂ ਉੱਤੇ ਅਲਬਰਟਾ ਸਰਕਾਰ ਨੇ ਸੂਬੇ ਵਿੱਚ ਫਲੂ ਵੈਕਸੀਨ ਦੀ ਵਰਤੋਂ ਉੱਤੇ ਰੋਕ ਲਗਾ ਦਿੱਤੀ ਹੈ। ਇਹ ਸਿਫਾਰਸ਼ਾਂ ਪਬਲਿਕ ਹੈਲਥ ਏਜੰਸੀ ਅਤੇ ਹੈਲਥ ਕਨੇਡਾ ਨੇ ਦਵਾਈਆਂ ਬਣਾਉਣ ਵਾਲੀ ਕੰਪਨੀ ਨੋਵਾਰਟਿਸ ਦੇ ਇਟਲੀ ਵਿਚਲੇ ਪਲਾਂਟ ਵਿੱਚ ਵਾਈਰਸ ਦੀ ਗੱਲ ਸਾਹਮਣੇ ਆਉਣ ਤੋਂ ਬਾਅਦ ਕੀਤੀਆਂ ਹਨ। ਹੁਣ ਤੱਕ ਭਾਵੇਂ ਪੂਰੇ ਕਨੇਡਾ ਵਿੱਚ ਇਸ ਵਾਈਰਸ ਦਾ ਕਿਤੇ ਕੋਈ ਪ੍ਰਭਾਵ ਦੇਖਣ ਨੂੰ ਨਹੀਂ ਮਿਲਿਆ ਪਰ ਫੇਰ ਵੀ ਅਲਬਰਟਾ ਸਰਕਾਰ ਨੇ ਲੋਕਾਂ ਦੀ ਚੰਗੀ ਸਿਹਤ ਦੇ ਮੱਦੇਨਜ਼ਰ ਸਾਵਧਾਨੀ ਦੇ ਤੌਰ 'ਤੇ ਇਹ ਕਦਮ ਉਠਾਇਆ ਹੈ।

ਇਸ ਸਬੰਧੀ ਪ੍ਰਤੀਕਿਰਿਆ ਦਿੰਦਿਆਂ ਅਲਬਰਟਾ ਦੇ ਸਿਹਤ ਨਾਲ ਸਬੰਧਿਤ ਚੀਫ਼ ਮੈਡੀਕਲ ਅਫਸਰ ਡਾ. ਮਾਰਟਿਨ ਲਾਵੀ ਦਾ ਕਹਿਣਾ ਹੈ ਕਿ ਇਟਾਲੀਅਨ ਸਰਕਾਰ ਦੁਆਰਾ ਸੂਚਿਤ ਕੀਤੇ ਜਾਣ ਤੋਂ ਬਾਅਦ ਅਸੀਂ ਇਹ ਕਦਮ ਉਠਾਇਆ ਹੈ। ਉਹਨਾਂ ਵਾਇਰਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਲੂ ਵੈਕਸੀਨ ਵਿੱਚ ਇਸ ਤਰ੍ਹਾਂ ਦੇ ਵਾਇਰਸ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ, ਇਸਦਾ ਕਾਰਨ ਇਹ ਹੈ ਕਿ ਇਹ ਪ੍ਰੋਟੀਨ ਤੋਂ ਬਣਦਾ ਹੈ ਤੇ ਪ੍ਰੋਟੀਨ 'ਚ ਅਕਸਰ ਅਜਿਹਾ ਵਾਇਰਸ ਪਾਇਆ ਜਾਂਦਾ ਹੈ। ਪਰ ਫੇਰ ਵੀ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਰਕਾਰ ਵੱਲੋਂ ਉਚਿਤ ਕਦਮ ਉਠਾਏ ਜਾ ਰਹੇ ਹਨ। ਅਲਬਰਟਾ ਦੇ ਸਿਹਤ ਮੰਤਰੀ ਫਰੈਡ ਹੋਰਨ ਦਾ ਕਹਿਣਾ ਹੈ ਕਿ ਪੂਰੇ ਸੂਬੇ ਵਿੱਚ ਕਿਤੇ ਵੀ ਇਸ ਦਵਾਈ ਦਾ ਦੁਰਪ੍ਰਭਾਵ ਸਾਹਮਣੇ ਨਹੀਂ ਆਇਆ ਪਰ ਫੇਰ ਵੀ ਸਰਕਾਰ ਵੱਲੋਂ ਇਸ ਪ੍ਰਤੀ ਸਾਵਧਾਨੀ ਵਰਤਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਹਨਾਂ ਕਿਹਾ ਕਿ ਅਸੀਂ ਨਹੀਂ ਚਾਹੁੰਦੇ ਕਿ ਅਲਬਰਟਾ ਵਾਸੀਆਂ ਦੀ ਸਿਹਤ 'ਤੇ ਕੋਈ ਮਾੜਾ ਅਸਰ ਪਏ। ਜ਼ਿਕਰਯੋਗ ਹੈ ਕਿ ਫਲੂ ਵੈਕਸੀਨ ਦੀ ਵਰਤੋਂ ਉੱਤੇ ਇਟਲੀ, ਜਰਮਨੀ ਅਤੇ ਸਵਿਟਜਰਲੈਂਡ ਵਿੱਚ ਪਹਿਲਾਂ ਹੀ ਰੋਕ ਲਗਾਈ ਜਾ ਚੁੱਕੀ ਹੈ। ਇੱਥੇ ਇਹ ਦੱਸਣਾ ਬਣਦਾ ਹੈ ਇਸ ਕੰਪਨੀ ਦੀਆਂ ਹੋਰ ਵੀ ਬਹੁਤ ਸਾਰੀਆਂ ਦਵਾਈਆਂ ਮਾਰਕੀਟ ਵਿੱਚ ਹਨ, ਉਹਨਾਂ ਦੀ ਵਰਤੋਂ ਲੋਕ ਆਮ ਵਾਂਗ ਕਰ ਸਕਦੇ ਹਨ।

## ਅਲਬਰਟਾ ਦਾ ਹਾਈਵੇ63 ਚਾਰ ਸਾਲ ਤੱਕ ਹੋਵੇਗਾ ਡਬਲ

ਐਡਮਿੰਟਨ (ਨਦਬ)-ਅਲਬਰਟਾ ਸਰਕਾਰ ਵੱਲੋਂ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਹੈ ਕਿ ਖ਼ਤਰਨਾਕ ਹਾਈਵੇ ਵਜੋਂ ਜਾਣੇ ਜਾਂਦੇ ਹਾਈਵੇ 63 ਦਾ ਵਿਸਥਾਰ ਕਰਕੇ ਇਸਨੂੰ 2016 ਤੱਕ ਦੁੱਗਣਾ ਕਰ ਦਿੱਤਾ ਜਾਵੇਗਾ। ਸਰਕਾਰ ਵੱਲੋਂ ਇਹ ਵਿਸਥਾਰ 256 ਕਿਲੋਮੀਟਰ ਤੱਕ ਕਰਨ ਦਾ ਫੈਸਲਾ ਲਿਆ ਗਿਆ ਹੈ ਜਿਸ 'ਤੇ ਛੇਤੀ ਹੀ ਕੰਮ ਸ਼ੁਰੂ ਹੋ ਜਾਵੇਗਾ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸੂਬੇ ਦੇ ਟਰਾਂਸਪੋਰਟੇਸ਼ਨ ਮੰਤਰੀ ਰਿਕ ਮੈਕਇਵਰ ਨੇ ਵਾਂਡਰਿੰਗ ਦਰਿਆ ਦੇ ਦੱਖਣ ਵਾਲੇ ਪਾਸੇ ਪੈਂਦੇ ਹਾਈਵੇ ਦਾ 36 ਕਿਲੋਮੀਟਰ ਤੱਕ ਦਾ ਦੁੱਗਣਾ ਵਿਸਥਾਰ ਕੀਤੇ ਜਾਣ ਦੇ ਉਦਘਾਟਨੀ ਸਮਾਗਮ ਵਿੱਚ ਬੋਲਦਿਆਂ ਕੀਤਾ। ਉਹਨਾਂ ਕਿਹਾ ਕਿ ਇਸ ਸੜਕ ਦਾ ਉਦਘਾਟਨ ਕਰਦਿਆਂ ਮੈਂ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਤੇ ਇਸ ਤਰ੍ਹਾਂ ਹੀ ਇਸ ਹਾਈਵੇ ਦੇ ਹੋਰ ਹਿੱਸਿਆਂ ਵਿੱਚ ਵੀ ਮਿੱਥੀ ਹੋਈ ਯੋਜਨਾ ਤਹਿਤ ਵਿਸਥਾਰ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਾਡੀਆਂ ਕੋਸ਼ਿਸ਼ਾਂ ਦਾ ਮਕਸਦ ਇਹੀ ਹੈ ਕਿ ਹਾਈਵੇ ਨੂੰ ਵੱਧ ਤੋਂ ਵੱਧ ਸੁਰੱਖਿਅਤ ਬਣਾਇਆ ਜਾਵੇ। ਜਿਕਰਯੋਗ ਹੈ ਕਿ 36 ਕਿਲੋਮੀਟਰ ਦੇ ਇਸ ਹਾਈਵੇ ਨੂੰ ਦੁਗਣਾ ਕਰਨ ਦਾ ਕੰਮ 2009 ਵਿੱਚ ਸ਼ੁਰੂ ਕੀਤਾ ਗਿਆ ਸੀ। ਹਾਈਵੇ ਸਬੰਧੀ ਸਰਕਾਰ ਨੇ ਹੋਰ ਵੀ ਕਈ ਵਾਅਦੇ ਕੀਤੇ ਹਨ, ਜਿਹੜੇ ਹੇਠ ਲਿਖੇ ਅਨੁਸਾਰ ਹਨ:-

1. ਹਾਈਵੇ63, ਹਾਈਵੇ55 ਤੇ ਫੋਰਟ ਮੈਕਮੁਰੇ ਵਿਚਕਾਰ ਰਹਿੰਦੇ ਹਿੱਸਿਆਂ ਦਾ ਵਿਸਥਾਰ ਦੁੱਗਣਾ ਕਰਨ ਲਈ 778 ਮਿਲੀਅਨ ਡਾਲਰ ਖਰਚੇ ਜਾਣਗੇ।
2. ਹਾਈਵੇ88 ਨੂੰ ਵੱਧ ਸੁਰੱਖਿਅਤ ਬਣਾਉਣ ਲਈ, ਇਸਦੀ ਮਜ਼ਬੂਤੀ ਲਈ, ਕਲਾਈਬਿੰਗ ਲੇਨਜ਼ ਤੇ ਹੋਰ ਕੰਮਾਂ ਲਈ 158 ਮਿਲੀਅਨ ਡਾਲਰ ਖਰਚੇ ਜਾਣਗੇ।
3. ਅੰਜਾਕ ਤੋਂ ਹਾਈਵੇ88 ਦਾ ਦੱਖਣੀਪੂਰਬੀ ਮੈਕ ਮੁਰੇ ਦੇ ਹਾਈਵੇ 69 ਤੱਕ ਸੁਰੱਖਿਆ ਨੂੰ ਹੋਰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ 150 ਮਿਲੀਅਨ ਡਾਲਰ ਖਰਚੇ ਜਾਣਗੇ।
4. ਲੰਮੇ ਸਮੇਂ ਦੀਆਂ ਕੋਰੀਡੋਰ ਜਰੂਰਤਾਂ ਨੂੰ ਧਿਆਨ 'ਚ ਰੱਖਦਿਆਂ ਇਸਦੇ ਯੋਜਨਾ ਅਧਿਐਨ 'ਤੇ 10 ਮਿਲੀਅਨ ਡਾਲਰ ਖਰਚੇ ਜਾਣਗੇ।

ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਹੈ ਕਿ ਉਪਰੋਕਤ ਯੋਜਨਾ ਨੂੰ ਛੇਤੀ ਹੀ ਨੇਪਰੇ ਚਾੜ ਦਿੱਤਾ ਜਾਵੇਗਾ ਕਿਉਂਕਿ ਸਰਕਾਰ ਨੇ ਇਸ ਲਈ ਪਹਿਲ ਦੇ ਆਧਾਰ 'ਤੇ ਫੰਡ ਜਾਰੀ ਕਰਨ ਦੀ ਯੋਜਨਾ ਬਣਾਈ ਹੈ।


ANJALI AGARWAL

**With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.**

Please Contact:
**ANJALI AGARWAL** AMP, BA
Senior Mortgage Advisor

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

TMG

call @ 780-934-7217 (Cell) or Email anjali.agarwal@mortgagegroup.com

# ਕੰਵਰਜੀਤ ਭੁੱਲਰ ਨੇ ਚੈਂਪੀਅਨਸ਼ਿਪ ਜਿੱਤ ਕੇ ਪੰਜਾਬੀਆਂ ਦਾ ਮਾਣ ਵਧਾਇਆ

## ਅਗਲਾ ਮੁਕਾਬਲਾ 23 ਨਵੰਬਰ ਨੂੰ



ਐਡਮਿੰਟਨ (ਨਦਬ)-ਪਿਛਲੇ ਦਿਨੀਂ ਕੰਵਰਜੀਤ ਸਿੰਘ ਭੁੱਲਰ ਨੇ ਮਿਕਸ ਮਾਰਸ਼ਲ ਆਰਟ ਦੀ ਐਗਰੈਸ਼ਨ ਫਾਈਟਿੰਗ ਚੈਪੀਅਨਸ਼ਿਪ ਜਿੱਤ ਕੇ ਨਾ ਸਿਰਫ਼ ਆਪਣੇ ਪਰਿਵਾਰ ਦਾ ਸਗੋਂ ਕਨੇਡਾ ਵਿੱਚ ਰਹਿੰਦੇ ਸਮੂਹ ਪੰਜਾਬੀਆਂ ਦਾ ਮਾਣ ਵਧਾਇਆ ਹੈ, ਇਸ ਚੈਂਪੀਅਨਸ਼ਿਪ ਵਿੱਚ ਉਹ ਅਲਬਰਟਾ ਦੀ ਪ੍ਰਤੀਨਿਧਤਾ ਕਰ ਰਿਹਾ ਸੀ। ਉਸਨੇ ਚੈਪੀਅਨਸ਼ਿਪ ਵਿੱਚ ਬਿਨਾ ਕਿਸੇ ਨੁਕਸਾਨ ਤੋਂ ਤਿੰਨ ਗੇੜਾਂ 'ਚ ਜਿੱਤ ਹਾਸਲ ਕਰਕੇ ਨਵਾਂ ਰਿਕਾਰਡ ਬਣਾਇਆ। ਜ਼ਿਕਰਯੋਗ ਹੈ ਕਿ ਕੰਵਰਜੀਤ ਨੇ ਤੇਰ੍ਹਾਂ ਸਾਲਾਂ ਦੀ ਉਮਰ ਵਿੱਚ ਕਰਾਟੇ ਸਿੱਖਣੇ ਸ਼ੁਰੂ ਕੀਤੇ ਤੇ ਉੱਨੀ ਸਾਲ ਦੀ ਉਮਰ ਵਿੱਚ ਮਿਸ਼ਰਤ ਮਾਰਸ਼ਲ ਆਰਟ ਦੇ ਖਿਡਾਰੀ ਵਜੋਂ ਪ੍ਰੀਯੋਗਤਾਵਾਂ ਵਿੱਚ ਖੇਡਣਾ ਸ਼ੁਰੂ ਕੀਤਾ। ਛੇਤੀ ਹੀ ਉਸਦੇ ਚੰਗੇ ਪ੍ਰਦਰਸ਼ਨ ਨੇ ਕੋਚਾਂ ਨੂੰ ਮੋਹ ਲਿਆ ਅਤੇ ਉਸਦੀ ਖੇਡ ਦੇ ਬਹੁਤ ਸਾਰੇ ਪ੍ਰਸ਼ੰਸਕ ਪੈਦਾ ਹੋ ਗਏ। ਜ਼ਿਕਰਯੋਗ ਹੈ ਕਿ ਮਿਸ਼ਰਤ ਮਾਰਸ਼ਲ ਆਰਟ, ਮਾਰਸ਼ਲ ਦੀਆਂ ਕਈ ਕਲਾਵਾਂ ਦਾ ਸੁਮੇਲ ਹੈ। ਇਸ ਵਿੱਚ ਬਹੁਤੇ ਦਾਅ-ਪੇਚ ਬਰਾਜੀਲੀਅਨ ਮਾਰਸ਼ਲ ਆਰਟ ਜੁਜੀਤਸੁ ਅਤੇ ਰੈਸਲਿੰਗ ਦੇ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਕਰਾਟੇ, ਬੌਕਸਿੰਗ ਦੇ ਵੀ ਕੁੱਝ ਦਾਅ ਇਸ ਖੇਡ ਦੇ ਸ਼ਿੰਗਾਰ ਹਨ। ਜ਼ਿਕਰਯੋਗ ਹੈ ਕਿ ਅਥਲੀਟ ਬਣਨ ਤੋਂ ਪਹਿਲਾਂ ਕੰਵਰਜੀਤ ਅਲਬਰਟਾ ਯੂਨੀਵਰਸਿਟੀ ਵਿੱਚ ਬੀ ਐਸ ਸੀ ਦਾ ਵਿਦਿਆਰਥੀ ਸੀ ਤੇ ਉਹ ਮੈਡੀਸਨ ਖੇਤਰ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦਾ ਸੀ। ਪਰ ਜਦੋਂ ਭੁੱਲਰ ਨੂੰ ਇਸ ਗੱਲ ਦਾ ਗਿਆਨ ਹੋਇਆ ਕਿ ਚੰਗਾ ਅਥਲੀਟ ਬਣ ਸਕਦਾ ਹੈ ਤਾਂ ਉਸਨੇ ਆਪਣਾ ਧਿਆਨ ਮਿਸ਼ਰਤ ਮਾਰਸ਼ਲ ਆਰਟ 'ਤੇ ਕੇਂਦਰਿਤ ਕੀਤਾ। ਇੱਥੇ ਇਹ ਦੱਸਣਾ ਬਣਦਾ ਹੈ ਕਿ ਉਸਦੇ ਪਿਤਾ ਟੋਨੀ ਭੁੱਲਰ ਅਤੇ ਦਾਦਾ ਜਗਜੀਤ ਭੁੱਲਰ ਵੀ ਭਾਰਤ ਵਿੱਚ ਇੰਟਰਵਰਸਿਟੀ ਨੈਸ਼ਨਲ ਚੈਂਪੀਅਨ ਰਹੇ ਹਨ। ਹੁਣ ਉਸ ਦਾ ਅਗਲਾ ਮੁਕਾਬਲਾ 23 ਨਵੰਬਰ ਨੂੰ ਸ਼ਾਮ 7 ਵਜੇ ਸ਼ਾਹ ਕਾਨਫੰਰੈਂਨਸ ਹਾਲ ਵਿਖੇ ਹੋਵੇਗਾ।

## ਮਿਲਾਵਟੀ ਮੀਟ ਨੂੰ ਲੈ ਕੇ ਸਿਆਸਤ ਗਰਮਾਈ

### ਸਰਕਾਰ ਸੁਰੱਖਿਆ ਮਾਪਦੰਡਾਂ ਨੂੰ ਯਕੀਨੀ ਬਣਾਵੇ- ਰਾਜ ਸ਼ਰਮਨ

ਐਡਮਿੰਟਨ (ਨਦਬ)-ਐਕਸਐਲ ਫੂਡਜ਼ ਪਲਾਂਟ ਵਿੱਚ ਤਿਆਰ ਕੀਤੇ ਗਏ ਬੀਫ 'ਚ ਈ ਕੋਲੀ ਨਾਂ ਦਾ ਬੈਕਟੀਰੀਆ ਸਾਹਮਣੇ ਆਉਣ ਨਾਲ ਪੈਦਾ ਹੋਏ ਵਿਵਾਦ ਨੂੰ ਲੈ ਕੇ ਸਿਆਸਤ ਦਿਨੋਂ-ਦਿਨ ਗਰਮਾਉਂਦੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸਤੰਬਰ ਮਹੀਨੇ ਇਸ ਬੈਕਟੀਰੀਆ ਦਾ ਸਭ ਤੋਂ ਪਹਿਲਾਂ ਖੁਲਾਸਾ ਅਮਰੀਕਾ ਨੇ ਕੀਤਾ ਸੀ। ਜਿਸ ਤੋਂ ਬਾਅਦ ਦੇਸ਼ ਦੇ ਅੰਦਰ ਅਤੇ ਬਾਹਰ ਕਨੇਡਾ ਦੀ ਕਾਫ਼ੀ ਭੰਡੀ ਹੋਈ। ਇਸ ਮੁੱਦੇ ਨੂੰ ਲੈ ਕੇ ਅਲਬਰਟਾ ਦੇ ਲਿਬਰਲ ਆਗੂ ਰਾਜ ਸ਼ਰਮਨ ਨੇ ਸਮੂਹ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਕਮੁੱਠ ਹੋ ਕੇ ਇਸ ਮਾਮਲੇ ਦਾ ਗੰਭੀਰਤਾ ਨਾਲ ਮੁਲਾਂਕਣ ਕਰਨ ਲਈ ਕਨੇਡਾ ਦੀ ਸਰਕਾਰ ਉੱਤੇ ਦਬਾਅ ਪਾਉਣ ਤਾਂ ਜੋ ਇਸ ਮਾਮਲੇ ਵਿੱਚ ਲੁਕਿਆ ਸੱਚ ਸਾਹਮਣੇ ਆ ਸਕੇ।

ਰਾਜ ਸ਼ਰਮਨ ਨੇ ਫੈਡਰਲ ਜਾਂਚ ਏਜੰਸੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਕੀ ਕਾਰਨ ਹੈ ਕਿ ਇਹ ਜਾਂਚ ਏਜੰਸੀ ਮੀਟ ਵਿੱਚ ਮਿਲਾਵਟ ਨੂੰ ਫੜਨ 'ਚ ਅਸਫ਼ਲ ਰਹੀ ਹੈ ਜਦੋਂ ਕਿ ਇਸ ਕੋਲ ਮੁਢਲਾ ਸਾਜੋ-ਸਮਾਨ ਅਤੇ ਫੰਡਾਂ ਦੀ ਕੋਈ ਘਾਟ ਨਹੀਂ। ਸ਼ਰਮ ਦੀ ਗੱਲ ਹੈ ਕਿ ਏਜੰਸੀ ਨੂੰ ਮੀਟ ਵਿੱਚ ਈ ਕੋਲੀ ਨਾਂ ਦੇ ਬੈਕਟੀਰੀਏ ਦਾ ਉਦੋਂ ਪਤਾ ਲੱਗਦਾ ਹੈ ਜਦੋਂ ਮੀਟ ਲੋਕਾਂ ਕੋਲ ਪਹੁੰਚ ਜਾਂਦਾ ਹੈ।

> ਐਕਸਐਲ ਫੂਡਜ਼ ਦਾ ਮੀਟ ਸਕੈਂਡਲ ਨਾ ਸਿਰਫ਼ ਆਮ ਲੋਕਾਂ ਦੀ ਸਿਹਤ ਨਾਲ ਜੁੜੇ ਸਰੋਕਾਰਾਂ ਨੂੰ ਉਭਾਰਦਾ ਹੈ, ਸਗੋਂ ਇਹ ਜਾਂਚ ਏਜੰਸੀਆਂ ਦੇ ਨਾਲ-ਨਾਲ ਇਸ ਖੇਤਰ ਨਾਲ ਜੁੜੀ ਸਮੁੱਚੀ ਪ੍ਰਣਾਲੀ ਦੀ ਪੋਲ ਵੀ ਖੋਲਦਾ ਹੈ

ਉਹਨਾਂ ਅੱਗੇ ਕਿਹਾ ਕਿ ਅਲਬਰਟਾ ਵਾਸੀਆਂ ਨੂੰ ਇਹ ਜਾਣਨ ਦਾ ਪੂਰਾ ਹੱਕ ਹੈ ਕਿ ਅਮਰੀਕਾ ਦੇ ਉਠਾਉਣ ਤੋਂ ਪਹਿਲਾਂ ਇਸ ਮਸਲੇ ਸਬੰਧੀ ਕਨੇਡਾ ਦੀ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਪਹਿਲਕਦਮੀ ਕਿਉਂ ਨਹੀਂ ਕੀਤੀ ਗਈ। ਇਸ ਪਿੱਛੇ ਦੇਰੀ ਦੇ ਕੀ ਕਾਰਨ ਹਨ। ਉਹਨਾਂ ਸਵਾਲ ਉਠਾਇਆ ਕਿ ਜਦੋਂ ਕਨੇਡਾ ਦੀ ਸਰਕਾਰ ਅਜਿਹੇ ਮਾਮਲਿਆਂ ਦੀ ਜਾਂਚ ਕਰਨ ਨੂੰ ਲੈ ਕੇ ਬਣਾਈਆਂ ਜਾਂਦੀਆਂ ਏਜੰਸੀਆਂ 'ਤੇ ਇੰਨਾ ਖਰਚ ਕਰਦੀ ਹੈ ਤਾਂ ਫਿਰ ਇਹ ਅਸਫ਼ਲਤਾ ਕਿਉਂ। ਇਸ ਸਭ ਪਿੱਛੇ ਜ਼ਿੰਮੇਵਾਰੀ ਕਿਸਦੀ ਹੈ।

ਉਹਨਾਂ ਨੇ ਇਸ ਸਬੰਧੀ ਰੈਡਫੋਰਡ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਟਿੱਪਣੀ ਕਰਦਿਆਂ ਕਿਹਾ ਕਿ ਭਾਵੇਂ ਰੈਡਫੋਰਡ ਇਸ ਮਾਮਲੇ ਦੀ ਜਾਂਚ ਨੂੰ ਲੈ ਕੇ ਆਪਣੇ ਆਪ ਨੂੰ ਸਭ ਤੋਂ ਅੱਗੇ ਦਰਸਾਉਣ ਲਈ ਗੱਲਾਂ ਕਰ ਰਹੀ ਹੈ ਪਰ ਹੁਣ ਇਹਨਾਂ ਕੋਸ਼ਿਸ਼ਾਂ ਦੀ ਕੋਈ ਮਹੱਤਤਾ ਨਹੀਂ ਰਹਿ ਗਈ। ਇਹ ਸਿਰਫ਼ ਦਿਖਾਵਾ ਮਾਤਰ ਹਨ। ਉਹਨਾਂ ਕਿਹਾ ਇਹ ਮਾਮਲਾ ਸਾਹਮਣੇ ਆਉਣ ਨਾਲ ਫੂਡ ਸਪਲਾਈ ਦੇ ਖੇਤਰ ਵਿੱਚ ਕਨੇਡਾ ਨੂੰ ਕਾਫ਼ੀ ਧੱਕਾ ਲੱਗਿਆ ਹੈ। ਸਾਨੂੰ ਚਾਹੀਦਾ ਹੈ ਕਿ ਅਜਿਹੇ ਸੰਵੇਦਨਸ਼ੀਲ ਖੇਤਰਾਂ ਵਿੱਚ ਜਾਂਚ ਦੇ ਉਚਿਤ ਪ੍ਰਬੰਧ ਕੀਤੇ ਜਾਣ ਤਾਂ ਜੋ ਅਜਿਹੇ ਮਾਮਲਿਆਂ ਨਾਲ ਦੇਸ਼ ਨੂੰ ਸ਼ਰਮਸਾਰ ਨਾ ਹੋਣਾ ਪਵੇ।

## ਮੁਸਲਿਮ ਭਾਈਚਾਰੇ ਦੀ ਪੰਜਾਬੀ ਮੀਡੀਆ ਨਾਲ ਅਹਿੰਸਾ ਦੇ ਵਿਸ਼ੇ ਤੇ ਵਿਚਾਰ ਗੋਸ਼ਟੀ

ਐਡਮਿੰਟਨ (ਨਦਬ)-ਸਨਿਚਰਵਾਰ ਨੂੰ ਬਲੂ ਤਾਜ਼ ਰੈਸਟੋਰੈਂਟ ਵਿਖੇ ਪੰਜਾਬੀ ਮੀਡੀਆ ਨੇ ਮੁਸਲਿਮ ਭਾਈਚਾਰੇ ਦੇ ਆਗੂਆਂ ਨਾਲ ਅਹਿੰਸਾ ਦੇ ਵਿਸ਼ੇ ਤੇ ਵਿਚਾਰ ਗੋਸ਼ਟੀ ਕੀਤੀ।ਇਹ ਗੋਸ਼ਟੀ ਦਾ ਮਕਸਦ ਮੁਸਲਿਮ ਭਾਈਚਾਰੇ ਦੇ ਸੂਝਵਾਨ ਲੋਕਾਂ ਵੱਲੋਂ ਗੈਰ ਮੁਸਲਿਮ ਲੋਕਾਂ ਨਾਲ ਸੰਵਾਦ ਰਚਾਉਣਾ ਸੀ ਤਾਂ ਕਿ ਉਨਾਂ ਨੂੰ ਮੁਸਲਿਮ ਧਰਮ, ਸਾਹਿਤ ਅਤੇ ਕਲਾ ਬਾਰੇ ਜਾਣਕਾਰੀ ਪ੍ਰਾਪਤ ਹੋਵੇ। ਮੁਸਲਿਮ ਆਗੂਆਂ ਦਾ ਕਹਿਣਾ ਹੈ ਕਿ ਸੰਸਾਰ ਵਿਚ ਮੁਸਲਮਾਨਾਂ ਪ੍ਰਤੀ ਵੱਧ ਰਹੀ ਨਫਰਤ ਕਾਰਣ, ਖਾਸ ਕਰਕੇ ਅਮਰੀਕਾ ਵਿਚ, ਉਨਾਂ ਦੇ ਧਰਮ ਬਾਰੇ ਇਕ ਗਲਤ ਕਿਸਮ ਦਾ ਸੁਨੇਹਾ ਆਮ ਸ਼ਹਿਰੀਆਂ ਨੂੰ ਮਿਲ ਰਿਹਾ ਹੈ। ਇਰਾਕ, ਅਫਗਾਨਿਸਤਾਨ ਅਤੇ ਲੀਬੀਆ ਦੀ ਜੰਗ ਤੋਂ ਬਾਅਦ ਅਰਬ ਦੇ ਦੇਸ਼ਾਂ ਵਿਚ ਅਰਬ ਸਪਰਿੰਗ ਨਾਂ ਦੀ ਸਿਆਸੀ ਲਹਿਰ ਨੇ ਕਾਫੀ ਬਦਲਾਅ ਲਿਆਂਦਾ ਹੈ।ਇਸ ਦੇ ਨਾਲ ਹੀ ਨਿਊਯਾਰਕ ਵਿਚ ਹੋਏ ਹਮਲੇ, ਮੁਸਲਿਮ ਅੱਤਵਾਦੀ ਸੰਗਠਨਾਂ ਜਿਵੇਂ ਕਿ ਤਾਲੀਵਾਨ ਅਤੇ ਅਲਕਾਇਦਾ ਦੀਆਂ ਹਿੰਸਕ ਕਾਰਵਾਈਆਂ ਨੇ ਮੁਸਲਿਮ ਧਰਮ ਨੂੰ ਬਹੁੱਤ ਨੁਕਸਾਨ ਪਹੁੰਚਾਇਆ ਹੈ।ਇਨਾਂ ਸਾਰੀਆਂ ਘਟਨਾਵਾਂ ਕਾਰਣ ਗੈਰ ਮੁਸਲਿਮ ਲੋਕ ਇਹ ਸਮਝਣ ਲੱਗ ਪਏ ਹਨ ਕਿ ਹਿੰਸਾ ਮੁਸਲਮਾਨ ਧਰਮ ਦਾ ਅੰਗ ਹੈ। ਹਾਲਾਂ ਕਿ ਮੁਸਲਮਾਨ ਧਰਮ ਵਿਚ ਹਿੰਸਾ ਦਾ ਕੋਈ ਸੰਕੇਤ ਨਹੀਂ ਹੈ। ਮੁਸਲਮਾਨ ਧਰਮ ਵੀ ਬਾਕੀ ਧਰਮਾਂ ਦੀ ਤਰਾਂ ਸ਼ਾਂਤੀ ਦਾ ਸੰਦੇਸ਼ ਦੇਂਦਾ ਹੈ। ਗੱਲ ਸਿਰਫ ਇਹ ਹੈ ਕਿ ਮੁਸਲਮਾਨ ਦੇਸ਼ਾਂ ਦੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸਮੱਸਆਵਾਂ ਦਾ ਮੁਸਲਮਾਨੀਕਰਣ ਹੋ ਗਿਆ ਹੈ। ਇਨਾਂ ਸਮੱਸਆਵਾਂ ਵਿਚੋਂ ਉਪਜੇ ਅੱਤਵਾਦੀ ਸੰਗਠਨਾਂ ਨਾਲ ਆਮ ਮੁਸਲਮਾਨ ਲੋਕਾਂ ਦਾ ਕੋਈ ਸਬੰਧ ਨਹੀਂ ਹੈ। ਕੁਰਾਨ ਸ਼ਰੀਫ ਦਾ ਹਵਾਲਾ ਦੇਂਦਿਆਂ ਉਨਾਂ ਦੱਸਿਆ ਕਿ ਮੁਸਲਮਾਨ ਧਰਮ ਹੀ ਇਕ ਅਜਿਹਾ ਧਰਮ ਹੈ ਜਿਹੜਾ ਵਿਆਜ਼ ਰਹਿਤ ਅਰਥਚਾਰੇ ਦੀ ਮੰਗ ਕਰਦਾ ਹੈ ਤਾਂ ਕਿ ਅਮੀਰ ਲੋਕ ਜਾਂ ਦੇਸ਼ ਗਰੀਬ ਲੋਕਾਂ ਜਾਂ ਦੇਸ਼ਾਂ ਦਾ ਖੂਨ ਨਾ ਚੂਸ ਸਕਣ। ਪਿਛਲੇ ਮਹੀਨੇ ਸੰਸਾਰ ਭਰ ਵਿਚ ਮੁਸਲਮਾਨਾਂ ਵੱਲੋਂ ਬਹੁੱਤ ਰੋਸ ਮੁਜ਼ਾਹਰੇ ਕੀਤੇ ਗਏ ਜਿਨਾਂ ਵਿਚ ਹਿੰਸਕ ਵਾਰਦਾਤਾਂ ਵੀ ਹੋਈਆਂ। ਇਨਾਂ ਰੋਸ ਮੁਜ਼ਾਹਰਿਆ ਦਾ ਕਾਰਣ ਅਮਰੀਕਾ ਵਿਚ ਬਣੀ ਫਿਲਮ ਸੀ ਜਿਹੜੀ ਕਿ ਹਜ਼ਰਤ ਮਹੁੰਮਦ ਸਾਹਿਬ ਬਾਰੇ ਅਸ਼ਲੀਲ ਕਿਸਮ ਦਾ ਗਲਤ ਪ੍ਰਚਾਰ ਕਰਦੀ ਹੈ।ਪੰਜਾਬੀ ਮੀਡੀਆ ਜਿਸ ਵਿਚ ਡਾਕਟਰ ਪੀ ਆਰ ਕਾਲੀਆ, ਗੁਰਸ਼ਰਣ ਬੁੱਟਰ, ਕਲਮੀਤ ਸੰਘਾ, ਅਮਰਜੀਤ ਪੁਰੇਵਾਲ, ਗੁਰਭਲਿੰਦਰ ਸੰਧੂ, ਜਸਬੀਰ ਦਿਉਲ ਅਤੇ ਦਲਬੀਰ ਸ਼ਾਗਿਆਣ ਨੇ ਮੁਸਲਿਮ ਲੋਕਾਂ ਵਿਚ ਚੱਲ ਰਹੀ ਹਿੰਸਾ ਬਾਰੇ ਵਿਚਾਰ ਸਾਂਝੇ ਕੀਤੇ। ਪੰਜਾਬੀ ਮੀਡੀਆ ਦੇ ਸਾਰੇ ਮੈਂਬਰਾਂ ਵੱਲੋ ਇਹ ਸੁਝਾ ਦਿੱਤਾ ਗਿਆ ਕਿ ਅੱਤਵਾਦੀ ਸੰਗਠਨਾਂ ਵੱਲੋ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ ਨੂੰ ਸਮੁੱਚੇ ਮੁਸਲਿਮ ਲੋਕਾਂ ਵੱਲੋਂ ਨਿੰਦਿਆ ਜਾਣਾ ਚਾਹੀਦਾ ਹੈ।ਇਨਾਂ ਹਿੰਸਕ ਕਾਰਵਾਈਆਂ ਵਿਚ ਮਾਰੇ ਜਾਂਦੇ ਆਮ ਲੋਕਾਂ ਲਈ ਕੈਂਡਲ ਵਿਜਨ ਜਾਂ ਸਿਟੀ ਹਾਲ ਵਿਖੇ ਸ਼ਾਂਤੀ ਵਾਲੇ ਰੋਸ ਮੁਜ਼ਾਹਰੇ ਹੋਣੇ ਚਾਹੀਦੇ ਹਨ ਤਾਂ ਕਿ ਆਮ ਸ਼ਹਿਰੀ ਇਹ ਸਮਝ ਸਕੇ ਕਿ ਮੁਸਲਿਮ ਲੋਕਾਂ ਦਾ ਇਨਾਂ ਹਿੰਸਕ ਘਟਨਾਵਾਂ ਨਾਲ ਕੋਈ ਸਬੰਧ ਨਹੀਂ ਹੈ।ਜੇਕਰ ਬਾਕਿਆ ਹੀ ਮੁਸਲਿਮ ਭਾਈਚਾਰਾ ਇਹ ਮਹਿਸੂਸ ਕਰ ਰਿਹਾ ਹੈ ਪਈ ਸਿਆਸਤ ਨੇ ਉਨਾਂ ਦੇ ਧਰਮ ਤੇ ਗਲਬਾ ਪਾ ਲਿਆ ਹੈ ਤਾਂ ਹੁਣ ਲੋੜ ਹੈ ਮੁਸਲਮਾਨ ਅਗਾਂਹਵਧੂ ਲੋਕ ਅੱਗੇ ਆਉਣ ਅਤੇ ਮੁਸਲਮਾਨ ਧਰਮ ਵਿਚ ਆਈ ਕਾਂਗਆਰੀ ਦਾ ਮੁਕਾਬਲਾ ਕਰਨ।

## ਐਕਸਲੈਂਸ ਇਨ ਟੀਚਿੰਗ ਐਵਾਰਡ 2013

### ਅਧਿਆਪਕਾਂ ਦੇ ਨਾਵਾਂ ਲਈ ਸੁਝਾਅ ਮੰਗ

ਐਡਮਿੰਟਨ (ਨਦਬ)-ਅਧਿਆਪਨ ਦੇ ਖੇਤਰ ਵਿੱਚ ਦਿੱਤੇ ਜਾਂਦੇ ਐਕਸਾਲੈਂਸ ਇਨ ਟੀਚਿੰਗ ਐਵਾਰਡ ਦੀ 25ਵੀਂ ਵਰ੍ਹੇਗੰਢ ਐਡਮਿੰਟਨ ਵਿੱਚ ਮਈ 2013 ਨੂੰ ਮਨਾਈ ਜਾਵੇਗੀ। ਇਸ ਮੌਕੇ ਸਾਲ 2013 ਦੇ ਐਵਾਰਡਾਂ ਲਈ ਸੂਬੇ ਭਰ ਵਿੱਚੋਂ ਚੁਣੇ ਚੰਗੇ ਅਧਿਆਪਕਾਂ ਦਾ ਸਨਮਾਨ ਕੀਤਾ ਜਾਵੇਗਾ। ਐਵਾਰਡ ਲਈ ਅਧਿਆਪਕਾਂ ਦੀ ਚੋਣ ਪ੍ਰਣਾਲੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਐਵਾਰਡ ਲਈ ਅਧਿਅਪਕਾਂ ਦੇ ਨਾਮ ਵਿਦਿਆਰਥੀ, ਮਾਪੇ, ਕਾਲਜ ਅਤੇ ਕਮਿਊਨਿਟੀ ਮੈਂਬਰਾਂ ਵੱਲੋਂ ਸੁਝਾਏ ਜਾਣਗੇ। ਇਹ ਪ੍ਰਣਾਲੀ ਬਿਲਕੁੱਲ ਪਾਰਦਰਸ਼ੀ ਹੈ। ਇਸੇ ਕਾਰਨ ਇਹਨਾਂ ਐਵਾਰਡਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਇੰਨੀ ਮਹੱਤਤਾ ਦਿੱਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਇਹਨਾਂ ਐਵਾਰਡਾਂ ਦੀ ਸ਼ੁਰੂਆਤ 1989 ਵਿੱਚ ਕੀਤੀ ਗਈ ਸੀ ਤੇ ਹੁਣ ਤੱਕ 9000 ਨਾਵਾਂ ਨੂੰ ਇਸ ਐਵਾਰਡ ਲਈ ਵਿਚਾਰਿਆ ਗਿਆ ਹੈ ਅਤੇ 500 ਅਧਿਆਪਕ ਐਵਾਰਡ ਹਾਸਿਲ ਕਰ ਚੁੱਕੇ ਹਨ। ਇੰਨੇ ਸਾਲ ਲੰਘਣ ਤੋਂ ਬਾਅਦ ਵੀ ਇਹਨਾਂ ਐਵਾਰਡਾਂ ਦੀ ਵੰਡ ਨੂੰ ਲੈ ਕੇ ਕੋਈ ਵਿਵਾਦ ਪੈਦਾ ਨਹੀਂ ਹੋਇਆ ਤੇ ਹੁਣ ਇਹ ਇਨਾਮ ਵੰਡ ਸਮਾਗਮ ਇੱਕ ਪਰੰਪਰਾ ਦਾ ਰੂਪ ਧਾਰ ਚੁੱਕਿਆ ਹੈ, ਜਿਸ ਉੱਪਰ ਸਾਨੂੰ ਮਾਣ ਹੈ।

ਜ਼ਿਕਰਯੋਗ ਹੈ ਕਿ ਐਵਾਰਡ ਹਾਸਿਲ ਕਰਨ ਵਾਲੇ ਅਧਿਆਪਕ ਨੂੰ ਪ੍ਰਸ਼ੰਸਾ ਪੱਤਰ ਤੋਂ ਇਲਾਵਾ 4000 ਡਾਲਰ ਇਨਾਮ ਵਜੋਂ ਦਿੱਤੇ ਜਾਣਗੇ। ਇਸ ਤੋਂ ਇਲਾਵਾ ਐਵਾਰਡੀ ਅਧਿਆਪਕ ਨੂੰ ਐਡਮਿੰਟਨ ਵਿੱਚ ਰਸਮੀ ਤੌਰ 'ਤੇ ਸਿੱਖਿਆ ਮੰਤਰੀ ਨਾਲ ਰਾਤਰੀ ਭੋਜ ਕਰਨ ਦਾ ਮੌਕਾ ਵੀ ਮਿਲੇਗਾ। ਜੈਫ ਜੌਨਸਨ ਨੇ ਕਿਹਾ ਕਿ ਬੱਚਿਆਂ ਦੇ ਚੰਗੇ ਭਵਿੱਖ ਲਈ ਚੰਗੇ ਅਧਿਆਪਕਾਂ ਦਾ ਹੋਣਾ ਬਹੁਤ ਜਰੂਰੀ ਹੈ, ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹੀ ਇਹਨਾਂ ਐਵਾਰਡਾਂ ਦੀ ਸ਼ੁਰੂਆਤ ਕੀਤੀ ਗਈ ਹੈ ਤੇ ਸੂਬੇ ਭਰ ਵਿੱਚੋਂ ਚੰਗੇ ਅਧਿਆਪਕਾਂ ਨੂੰ ਇਸ ਸਨਮਾਨ ਲਈ ਚੁਣਿਆ ਜਾਂਦਾ ਹੈ। ਇਸ ਨਾਲ ਜਿੱਥੇ ਚੰਗੇ ਅਧਿਆਪਕਾਂ ਦੇ ਕੰਮ ਦੀ ਪਹਿਚਾਣ ਹੁੰਦੀ ਹੈ ਉੱਥੇ ਸਨਮਾਨ ਪਾ ਕੇ ਅਧਿਆਪਕ ਉਤਸ਼ਾਹਿਤ ਵੀ ਹੁੰਦੇ ਹਨ। ਇੱਥੇ ਇਹ ਦੱਸਣਾ ਜਰੂਰੀ ਹੈ ਕਿ ਆਪਣਾ ਪਸੰਦੀਦਾ ਅਧਿਆਪਕ ਚੁਣਨ ਲਈ ਸੁਝਾਅ 15 ਅਕਤੂਬਰ 2012 ਤੋਂ 8 ਫਰਵਰੀ 2013 ਤੱਕ **www.education.alberta.ca/teachers/excelence.aspx** 'ਤੇ ਭੇਜੇ ਜਾ ਸਕਦੇ ਹਨ। ਇਸ ਪ੍ਰਕਿਰਿਆ ਨਾਲ ਜੁੜੀ ਹੋਰ ਜਾਣਕਾਰੀ ਇਸੇ ਵੈਬਸਾਇਟ ਤੋਂ ਹਾਸਿਲ ਕੀਤੀ ਜਾ ਸਕਦੀ ਹੈ।

Emergency Service
24x7
Free Estimate
with Treatment
GOLDEN ARROW PEST CONTROL INC.

CALL @ 780 462 6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਭਾਸ਼ਾ ਸਰਵੇਖਣ 2011

## 4.6 ਲੱਖ ਲੋਕਾਂ ਵੱਲੋਂ ਪੰਜਾਬੀ ਨੂੰ ਮਾਤ-ਭਾਸ਼ਾ ਦਾ ਦਰਜਾ

## ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 'ਚ ਦੋ ਪ੍ਰਤੀਸ਼ਤ ਵਾਧਾ

ਓਟਾਵਾ (ਨਦਬ)-ਕਨੇਡਾ ਦੀ ਅੰਕੜਿਆਂ ਨਾਲ ਸਬੰਧਿਤ ਸਰਕਾਰੀ ਏਜੰਸੀ ਵੱਲੋਂ ਤਾਜ਼ਾ ਕੀਤੇ (2011) ਸਰਵੇਖਣ ਅਨੁਸਾਰ ਕਨੇਡਾ ਦੀ ਕੁੱਲ ਅਬਾਦੀ ਦਾ 20 ਪ੍ਰਤੀਸ਼ਤ ਭਾਗ ਆਪਣੇ ਘਰਾਂ ਵਿੱਚ ਅੰਗਰੇਜ਼ੀ ਅਤੇ ਫਰੈਂਚ ਨੂੰ ਛੱਡ ਕੇ ਹੋਰ ਭਾਸ਼ਾਵਾਂ ਨੂੰ ਤਰਜੀਹ ਦਿੰਦਾ ਹੈ। ਜ਼ਿਕਰਯੋਗ ਹੈ ਕਿ ਕਨੇਡਾ ਸਰਕਾਰ ਨੇ ਅੰਗਰੇਜ਼ੀ ਅਤੇ ਫਰੈਂਚ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਹੋਇਆ ਹੈ ਤੇ ਸਰਕਾਰ ਦੀ ਕੋਸ਼ਿਸ਼ ਇਹ ਹੈ ਕਿ ਕਨੇਡਾ ਦੇ ਨਾਗਰਿਕ ਅੰਗਰੇਜ਼ੀ ਜਾਂ ਫਰੈਂਚ ਦੋਵਾਂ ਵਿੱਚੋਂ ਇੱਕ ਭਾਸ਼ਾ ਨੂੰ ਜਰੂਰ ਅਪਣਾਉਣ। ਗੈਰ ਸਰਕਾਰੀ ਭਾਸ਼ਾਵਾਂ ਬੋਲਣ ਵਾਲੇ ਜ਼ਿਆਦਾਤਰ ਉਹ ਲੋਕ ਹਨ ਜਿਹੜੇ ਦੂਜੇ ਦੇਸ਼ਾਂ ਤੋਂ ਆ ਕੇ ਇੱਥੇ ਆ ਕੇ ਵਸੇ ਹੋਏ ਹਨ, ਉਹ ਘਰਾਂ ਵਿੱਚ ਆਪਣੀ ਮਾਤ-ਭਾਸ਼ਾ

## ਅਖੌਤੀ ਸੱਭਿਆਚਾਰਕ ਆਗੂਆਂ ਵੱਲੋਂ ਆਪਣੇ ਸਿਰ ਸਿਹਰਾ ਬੰਨਣ ਦੀ ਦੌੜ ਸ਼ੁਰੂ

ਬੋਲਣ ਨੂੰ ਤਰਜੀਹ ਦਿੰਦੇ ਕੀਤੇ ਸਰਵੇਖਣ ਅਨੁਸਾਰ ਕਨੇਡਾ ਵਿੱਚ ਤੇਜ਼ੀ ਨਾਲ ਵਿੱਚੋਂ ਹਨ ਤੇ ਚੀਨੀ ਕਨੇਡਾ 'ਚੋਂ ਸਭ ਤੋਂ ਵੱਧ ਬੋਲੇ ਜਾਣ ਅੰਕੜਿਆਂ ਅਨੁਸਾਰ ਕਨੇਡਾ ਅੰਗਰੇਜ਼ੀ ਅਤੇ ਫਰੈਂਚ ਨੂੰ ਹਨ ਜਾਂ ਫਿਰ ਉਹ ਆਪਣੀ ਜਾਂ ਫਰੈਂਚ ਭਾਸ਼ਾ ਦੀ ਵਰਤੋਂ ਲਗਭਗ 2145000 ਲੋਕ ਅਤੇ ਫਰੈਂਚ ਦਾ ਬਿਲਕੁੱਲ ਸਮੇਂ ਸਿਰਫ਼ ਆਪਣੀਆਂ ਕਰਦੇ ਹਨ। ਸਰਵੇਖਣ ਵਿੱਚ

**ਵਰਣਮਾਲਾ**

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

ਹਨ। 200 ਭਾਸ਼ਾਵਾਂ ਨੂੰ ਲੈ ਕੇ ਪੰਜਾਬੀ, ਹਿੰਦੀ ਅਤੇ ਬੰਗਾਲੀ ਵਿਕਾਸ ਕਰ ਰਹੀਆਂ ਭਾਸ਼ਾਵਾਂ 'ਚ ਗੈਰ ਸਰਕਾਰੀ ਭਾਸ਼ਾਵਾਂ ਵਾਲੀ ਭਾਸ਼ਾ ਹੈ। ਜਾਰੀ ਕੀਤੇ ਵਿੱਚ ਵਸਦੇ 6630000 ਲੋਕ ਛੱਡ ਕੇ ਹੋਰ ਭਾਸ਼ਾਵਾਂ ਬੋਲਦੇ ਮਾਤ-ਭਾਸ਼ਾ ਨਾਲ ਅੰਗਰੇਜ਼ੀ ਕਰਦੇ ਹਨ। ਇਹਨਾਂ ਵਿੱਚੋਂ ਅਜਿਹੇ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਵੀ ਗਿਆਨ ਨਹੀਂ ਉਹ ਬੋਲਣ ਮਾਤ-ਭਸ਼ਾਵਾਂ ਦੀ ਹੀ ਵਰਤੋਂ 460000 ਲੋਕਾਂ ਨੇ ਪੰਜਾਬੀ ਭਾਸ਼ਾ ਨੂੰ ਆਪਣੀ ਮਾਤ-ਭਾਸ਼ਾ ਵਜੋਂ ਦਰਜ ਕਰਵਾਇਆ ਹੈ। ਟਰਾਂਟੋ ਅਤੇ ਵੈਨਕੂਵਰ ਵਿੱਚ ਪੰਜਾਬੀ ਗੈਰ ਸਰਕਾਰੀ ਭਾਸ਼ਾਵਾਂ ਵਿੱਚੋਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਜਿਹੜੀਆਂ ਦਸ ਸਭ ਤੋਂ ਵੱਧ ਬੋਲੇ ਜਾਣ ਵਾਲੀਆਂ ਗੈਰ ਸਰਕਾਰੀ ਚੁਣੀਆਂ ਗਈਆਂ ਹਨ, ਉਹਨਾਂ 'ਚ ਪੰਜਾਬੀ, ਚੀਨੀ, ਕੈਂਟੋਨੀਜ਼, ਸਪੈਨਿਸ਼, ਟੈਗਲੌਗ, ਅਰਬੀ, ਮੈਂਡਾਰੀਨ, ਇਟਾਲੀਅਨ, ਉਰਦੂ ਅਤੇ ਜਰਮਨ ਸ਼ਾਮਿਲ ਹਨ। ਇਸ ਤੋਂ ਪਹਿਲਾਂ 2006 ਵਿੱਚ ਵੀ ਭਾਸ਼ਾ ਸਬੰਧੀ ਸਰਵੇਖਣ ਕੀਤਾ ਗਿਅ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਵਿਦੇਸ਼ੀ ਭਸ਼ਾਵਾਂ ਦੀ ਬੋਲਣ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬੀ ਭਾਸ਼ਾ ਦੇ ਸਬੰਧ ਵਿੱਚ ਇਹ ਵਾਧਾ ਦੋ ਪ੍ਰਤੀਸ਼ਤ ਦਰਜ ਕੀਤਾ ਗਿਆ ਹੈ। ਹਾਸੋਹੀਣੀ ਗੱਲ ਇਹ ਹੈ ਕਿ ਪੰਜਾਬੀ ਭਾਈਚਾਰੇ ਦੇ ਅਖੌਤੀ ਸੱਭਿਆਚਾਰਕ ਸੇਵਾਦਾਰਾਂ ਵੱਲੋਂ ਇਸ ਵਾਧੇ ਨੂੰ ਲੈ ਕੇ ਆਪਣੇ-ਆਪਣੇ ਸਿਰ ਸਿਹਰਾ ਬੰਨਣ ਦੀ ਦੌੜ ਲੱਗੀ ਹੋਈ ਹੈ। ਹਰ ਕੋਈ ਇਹ ਦਰਸਾ ਰਿਹਾ ਹੈ ਕਿ ਪੰਜਾਬੀ ਦੇ ਵਿਕਾਸ ਵਿੱਚ ਉਸਦਾ ਯੋਗਦਾਨ ਦੂਜਿਆਂ ਤੋਂ ਵੱਧ ਹੈ, ਜਦੋਂਕਿ ਸੱਚ ਇਹ ਹੈ ਕਿ ਪੰਜਾਬੀਅਤ ਦੇ ਇਹਨਾਂ ਅਖੌਤੀ ਸੇਵਾਦਾਰਾਂ ਨੇ ਪੰਜਾਬੀ ਸੱਭਿਆਚਾਰ ਦੇ ਮੁਹਾਂਦਰੇ ਨੂੰ ਵਿਗਾੜ ਕੇ ਰੱਖ ਦਿੱਤਾ ਹੈ ਤੇ ਪੰਜਾਬੀਅਤ ਪ੍ਰਤੀ ਇਹਨਾਂ ਦੀ ਸੇਵਾ ਨੂੰ ਦੇਖਦਿਆਂ ਹੀ ਯੂਨਿਸਕੋ ਨੇ ਆਪਣੀ ਰਿਪੋਰਟ ਵਿੱਚ ਪੰਜਾਬੀ ਭਾਸ਼ਾ ਦੇ ਖਾਤਮੇ ਦੀ ਭਵਿੱਖਬਾਣੀ ਕੀਤੀ ਹੈ। ਕਨੇਡਾ ਦੀ 58 ਪ੍ਰਤੀਸ਼ਤ ਅਬਾਦੀ ਘਰਾਂ ਵਿੱਚ ਅੰਗਰੇਜ਼ੀ ਬੋਲਦੀ ਹੈ ਤੇ 18 ਪ੍ਰਤੀਸ਼ਤ ਅਬਾਦੀ ਫਰੈਂਚ ਬੋਲਣ ਨੂੰ ਤਰਜੀਹ ਦਿੰਦੀ ਹੈ। ਕਨੇਡਾ ਸਰਕਾਰ ਲਈ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 2006 ਤੋਂ ਬਾਅਦ ਇਹਨਾਂ ਦੋਵਾਂ ਭਾਸ਼ਾਵਾਂ ਦੇ ਬੋਲਣ ਵਾਲਿਆਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ। ਇਸ ਤੱਥ ਨੂੰ ਦੇਖਦਿਆਂ ਹੀ ਸਰਕਾਰ ਉਹਨਾਂ ਇਮੀਗ੍ਰੈਂਟਸ ਉੱਤੇ ਸਖ਼ਤੀ ਕਰਨ ਦਾ ਮਨ ਬਣਾ ਰਹੀ ਹੈ ਜਿਹੜੇ ਫਰੈਂਚ ਅਤੇ ਅੰਗਰੇਜ਼ੀ ਵਿੱਚੋਂ ਇੱਕ ਵੀ ਭਾਸ਼ਾ ਨਹੀਂ ਬੋਲਦੇ।

## ਪੰਜਾਬੀ ਬੋਲੀ ਪ੍ਰਤੀ ਆਪਣੇ ਫਰਜ਼ ਪਛਾਣੇ ਜਾਣ

ਪਰਿਵੰਦਰ ਧਾਰੀਵਾਲ
ਪੰਜਾਬੀ Conversationalist
ਕਵਾਂਟਲਨ ਪੌਲੀਟੈਕਨਿਕ ਯੂਨੀਵਰਸਿਟੀ

ਮੇਰੇ ਖਿਆਲ ਅਨੁਸਾਰ, ਪਹਿਲੇ ਪੰਜ 'ਨੌਨ ਆਫਿਸ਼ਲ ਹੋਣਾ ਬਹੁਤ ਹੀ ਮਾਣ ਵਾਲੀ ਸ਼ੁਮਾਰੀ ਇਸ ਗੱਲ ਨੂੰ ਸਾਬਤ ਪੰਜਾਬੀ ਬੋਲੀ ਦਾ ਕਨੇਡਾ ਦੇ ਲੈਂਗੁਏਜਜ਼' ਦੇ ਵਿੱਚ ਸ਼ਾਮਲ ਗੱਲ ਹੈ। 2011 ਦੀ ਮਰਦਮ ਕਰਦੀ ਹੈ ਕਿ ਕਨੇਡਾ ਵਿੱਚ ਪੰਜਾਬੀ ਵਿਦੇਸ਼ੀ ਬੋਲੀ ਨਹੀਂ ਰਹੀ, ਪਰੰਤੂ ਇੱਕ ਕਨੇਡੀਅਨ ਬੋਲੀ ਬਣ ਚੁੱਕੀ ਹੈ। ਪਬਲਿਕ ਸਕੂਲ ਸਿਸਟਮ ਵਾਸਤੇ, ਇਹ ਅੰਕੜੇ ਬਹੁਤ ਹੀ ਲਾਭਦਾਇਕ ਹਨ, ਕਿਉਂਕਿ ਸਰਕਾਰਾਂ ਕੋਲ ਪੰਜਾਬੀ ਜਾਂ ਹੋਰ ਵਿਦੇਸ਼ੀ ਬੋਲੀਆਂ ਨੂੰ ਸਕੂਲਾਂ ਵਿੱਚ ਸਿਖਾਉਣ ਵਾਸਤੇ ਹਮੇਸ਼ਾਂ ਫੰਡਿੰਗ ਦੀ ਘਾਟ ਰਹੀ ਹੈ। ਪਰ ਇਹ ਅੰਕੜੇ ਸਾਨੂੰ ਇਸ ਗੱਲ ਦਾ ਵੀ ਅਹਿਸਾਸ ਦਿਵਾਉਂਦੇ ਹਨ ਕਿ ਪੰਜਾਬੀ ਬੋਲੀ ਪ੍ਰਤੀ ਸਾਡੀਆਂ ਜ਼ਿੰਮੇਵਾਰੀਆਂ ਵੀ ਵਧ ਗਈਆਂ ਹਨ। ਕਨੇਡਾ ਵਿੱਚ ਜੰਮੇ-ਪਲੇ ਬੱਚੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਨਹੀਂ ਸਮਝਦੇ ਅਤੇ ਇਸ ਕਰਕੇ ਉਹਨਾਂ ਦੀ ਪੰਜਾਬੀ ਬੋਲੀ ਨਾਲ ਕੋਈ ਸਾਂਝ ਨਹੀਂ। ਬਹੁਤ ਸਾਰੇ ਵਿਦਿਆਰਥੀ ਪੰਜਾਬੀ ਨੂੰ 'ਲਿੰਕ ਲੈਂਗੁਏਜ' ਸਮਝਦੇ ਹਨ। ਉਹ ਪੰਜਾਬੀ ਸਿਰਫ ਆਪਣੇ ਦਾਦਾ-ਦਾਦੀ ਨਾਲ ਗੱਲਬਾਤ ਕਰਨ ਵਾਸਤੇ ਹੀ ਸਿਖਦੇ ਹਨ। ਫਿਕਰ ਵਾਲੀ ਗੱਲ ਇਹ ਹੈ ਕਿ ਪੰਜਾਬੀ ਬੋਲੀ ਦਾ ਵਿਕਾਸ ਤਾਂ ਹੀ ਹੋ ਸਕਦਾ ਹੈ ਜੇ ਪੰਜਾਬੀ ਲਿਖਣ ਅਤੇ ਪੜ੍ਹਨ ਵਿੱਚ ਲੋਕਾਂ ਦੀ (ਖਾਸ ਕਰਕੇ ਕਨੇਡੀਅਨ ਬੱਚਿਆਂ ਦੀ) ਦਿਲਚਸਪੀ ਵਧੇ। ਮੁੱਕਦੀ ਗੱਲ ਇਹ ਹੈ ਕਿ ਇਸ 2011 ਦੀ ਮਰਦਮ ਸ਼ੁਮਾਰੀ ਮੁਤਾਬਕ, ਕਨੇਡਾ ਵਿੱਚ ਪੰਜਾਬੀ ਬੋਲੀ ਦਾ ਭਵਿੱਖ ਬਹੁਤ ਹੀ ਸੁਨਹਿਰਾ ਹੈ। ਪਰ ਪੰਜਾਬੀ ਭਾਈਚਾਰੇ ਨੂੰ ਲੋੜ ਹੈ ਕਿ ਉਹ ਪੰਜਾਬੀ ਬੋਲੀ ਪ੍ਰਤੀ ਆਪਣੇ ਫਰਜ਼ ਪਛਾਣੇ ਤਾਂ ਕਿ ਇੱਥੋਂ ਦੀ ਜੰਮੀ-ਪਲੀ ਪੀੜ੍ਹੀ ਵੀ ਇਸ ਬੋਲੀ ਨਾਲ ਜੁੜ ਸਕੇ।

# ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਤ੍ਰੈਮਾਸਿਕ ਮਿਲਣੀ

## ਕਹਾਣੀਆਂ ਦੇ ਨਾਲ ਹੋਰ ਸਾਹਿਤਕ ਮਸਲਿਆਂ 'ਤੇ ਚਰਚਾ



ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਤ੍ਰੈਮਾਸਿਕ ਮਿਲਣੀ ਸਮੇਂ ਇਕੱਤਰ ਹੋਏ ਕਹਾਣੀਕਾਰ ਅਤੇ ਅਲੋਚਕ

ਟੋਰਾਂਟੋ- ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਤ੍ਰੈਮਾਸਿਕ ਮਿਲਣੀ ਇਸ ਵਾਰ ਨਾਮਵਰ ਲੇਖਿਕਾ ਸੁਰਜੀਤ ਕੌਰ ਦੇ ਨਿਵਾਸ 'ਤੇ ਹੋਈ, ਜਿਸ ਵਿੱਚ ਬਹੁਤ ਸਾਰੇ ਲੇਖਕਾਂ ਤੇ ਅਲੋਚਕਾਂ ਨੇ ਭਾਗ ਲਿਆ। ਮੀਟਿੰਗ ਦੇ ਸ਼ੁਰੂ ਵਿੱਚ ਕੁਲਜੀਤ ਮਾਨ ਵੱਲੋਂ ਸੰਸਥਾ ਨਾਲ ਸਬੰਧਤ ਕੁੱਝ ਮੁੱਦੇ ਬਹਿਸ ਅਧੀਨ ਲਿਆਂਦੇ ਗਏ, ਜਿਸ ਵਿੱਚ ਪੁਸਤਕਾਂ ਤੇ ਪਰਚਿਆਂ ਦਾ ਵਟਾਂਦਰਾ, ਗਤੀਸ਼ੀਲਤਾ, ਸੰਸਥਾ ਤੇ ਨਿਯਮ ਅਤੇ ਵੈਬਸਾਈਟ ਬਣਾਉਣ ਦੇ ਫੈਸਲੇ ਹੋਏ। ਇਸ ਉਪਰੰਤ ਭਾਰਤ ਤੋਂ ਆਈ ਚਰਚਿਤ ਕਹਾਣੀਕਾਰਾ ਨਿਰਮਲ ਜਸਵਾਲ ਨੂੰ ਸਭਾ ਦੀ ਪ੍ਰਧਾਨਗੀ ਕਰਨ ਲਈ ਕਿਹਾ ਗਿਆ।

### ਮੰਚ ਵੱਲੋਂ ਵੈਬਸਾਇਟ ਬਣਾਉਣ ਦਾ ਫੈਸਲਾ

ਪਹਿਲੀ ਕਹਾਣੀ ਪਾਕਿਸਤਾਨ ਮੂਲ ਦੀ ਲੇਖਿਕਾ ਤਲਿਤ ਜਾਹਰਾ ਨੇ ਪੜ੍ਹੀ ਜਿਸ ਦਾ ਨਾਮ ਸੀ 'ਬੁੱਢਾ ਤੇ ਸਮੁੰਦਰ' ਭਾਵੇਂ ਇਸ ਦਾ ਥੀਮਕ ਆਧਾਰ ਹੈਮਿੰਗਵੇ ਦੇ ਪ੍ਰਸਿੱਧ ਨਾਵਲ 'ਓਲਡ ਮੈਨ ਐਂਡ ਸੀ' ਨੂੰ ਬਣਾਇਆ ਗਿਆ ਸੀ ਪਰ ਲੇਖਿਕਾ ਨੇ ਇਸ ਨੂੰ ਇੱਕ ਨਵੇਂ ਪ੍ਰਸੰਗ ਵਿੱਚ ਪੇਸ਼ ਕੀਤਾ। ਕੁਲਜੀਤ ਮਾਨ ਨੇ ਕਿਹਾ ਕੇ ਇਸ ਵਿੱਚ ਬਿਆਨੇ ਤਾਣੇ ਬਾਣੇ ਨੂੰ ਸਮਝਣ ਦੀ ਜਰੂਰਤ ਹੈ ਤੇ ਮੇਜਰ ਮਾਂਗਟ ਦਾ ਕਹਿਣਾ ਸੀ ਕਿ ਇਹ ਤਾਣਾ ਬਾਣਾ ਬਿੰਬਾਂ ਨੂੰ ਸਮਝੇ ਬਗੈਰ ਸਮਝ ਵਿਚ ਨਹੀਂ ਆ ਸਕਦਾ।

ਦੂਸਰੀ ਕਹਾਣੀ ਮੇਜਰ ਮਾਂਗਟ ਦੀ 'ਸੁਰਖ਼ਰੂ' ਸੀ। ਇਹ ਕਹਾਣੀ ਪੀੜੀ-ਪਾੜੇ ਦੀ ਸੀ ਜਿਸ ਨੂੰ ਪਸੰਦ ਕਰਦਿਆਂ ਸੁਰਜਣ ਜੀਰਵੀ ਨੇ ਕਿਹਾ ਕਿ ਇਹ ਕਹਾਣੀ ਭਾਰਤੀ ਸੱਭਿਆਚਾਰ ਦੇ ਖੋਲ਼ ਦਾ ਪੋਲ ਖੋਲ੍ਹਦੀ ਹੈ, ਨਿਰਮਲ ਜਸਵਾਲ ਨੇ ਕਿਹਾ ਮੇਜਰ ਮਾਂਗਟ ਨੇ ਕਹਾਣੀ ਨੂੰ ਸਫਲਤਾ ਨਾਲ ਨਿਭਾਇਆ ਹੈ।

ਤੀਸਰੀ ਕਹਾਣੀ ਮੁੱਖ ਮਹਿਮਾਨ ਨਿਰਮਲ ਜਸਵਾਲ ਨੇ ਪੜ੍ਹੀ ਜਿਸ ਦਾ ਨਾਮ ਸੀ 'ਵੈਮਪਾਇਰ' ਜਿਸ ਤੇ ਬੋਲਦਿਆਂ ਆਬਿਦਾ ਫਾਰੂਖ ਨੇ ਇਸ ਨੂੰ ਮਨੁੱਖੀ ਦਰਿੰਦਗੀ ਦੀ ਲੂ-ਕੰਡੇ ਖੜੇ ਕਰ ਦੇਣ ਵਾਲੀ ਕਹਾਣੀ ਕਿਹਾ। ਬਰਜਿੰਦਰ ਗੁਲਾਟੀ ਦਾ ਕਹਿਣਾ ਸੀ ਕਿ ਲੇਖਿਕਾਂ ਨੇ ਸੰਸਾਰ ਪੱਧਰ ਤੇ ਹੋ ਰਹੇ ਗੈਰ ਮਨੁੱਖੀ ਵਰਤਾਰੇ ਨੂੰ ਬਾਖ਼ੂਬੀ ਚਿਤਰਿਆ ਹੈ।

ਚੌਥੀ ਕਹਾਣੀ ਕੁਲਜੀਤ ਮਾਨ ਵਲੋਂ 'ਸੱਪ ਤੇ ਨਿਓਲਾ' ਪੇਸ਼ ਕੀਤੀ ਗਈ। ਜਿਸ ਬਾਰੇ ਬੋਲਦਿਆਂ ਬਲਰਾਜ ਚੀਮਾ ਨੇ ਕਿਹਾ ਕਿ ਕੁਲਜੀਤ ਨੇ ਲੰਬੀ ਕਹਾਣੀ ਨੂੰ ਖੁਬਸੂਰਤੀ ਨਾਲ ਨਿਭਾਇਆ ਤੇ ਢੁਕਵੇਂ ਬਿੰਬਾਂ ਦੀ ਵਰਤੋਂ ਕੀਤੀ ਹੈ। ਆਬਿਦਾ ਫਾਰੂਖ ਦੀ ਜਿਸ ਨੇ 'ਮੇਰੀ ਭਰੂਣ ਹੱਤਿਆ ਨਹੀਂ ਹੋਈ' ਵਿਸ਼ੇ ਅਧੀਨ ਸਵੈ-ਗਾਥਾ ਬਹੁਤ ਹੀ ਭਾਵਪੂਰਤ ਤਰੀਕੇ ਨਾਲ ਪੇਸ਼ ਕੀਤੀ। ਸੁੰਦਰਪਾਲ ਕੌਰ ਨੇ ਇਸ ਨੂੰ ਸਮੇਂ ਦਾ ਕੌੜਾ ਸੱਚ ਕਹਿ ਕੇ ਸਲਾਹਿਆ। ਪਰਵੀਨ ਕੌਰ, ਸੰਦੀਪ ਧਨੋਆ ਅਤੇ ਲਵੀਨ ਕੌਰ ਗਿੱਲ ਨੂੰ ਵੀ ਕਹਾਣੀ ਬਹੁਤ ਚੰਗੀ ਲੱਗੀ। ਅੰਤਿਮ ਕਹਾਣੀ ਪਿਆਰਾ ਸਿੰਘ ਕੁੱਦੋਵਾਲ ਨੇ ਪੜ੍ਹੀ ਜਿਸ ਦਾ ਨਾਮ ਸੀ 'ਗੋਰੀ ਦੀ ਬਿੱਲੀ' ਇਹ ਕਹਾਣੀ ਵੀ ਨਸਲਵਾਦ ਤੇ ਲਿਖੀ ਇੱਕ ਸੁੰਦਰ ਕਹਾਣੀ ਹੋ ਨਿੱਬੜੀ। ਇਸ ਬਾਰੇ ਨੀਰੂ ਅਸੀਮ ਦਾ ਕਹਿਣਾ ਸੀ ਕਿ ਇੱਕ ਨਿਵੇਕਲੀ ਵਿਧਾ ਦੀ ਵਧੀਆ ਕਹਾਣੀ ਹੈ। ਪਰਮਜੀਤ ਦਿਓਲ ਨੇ ਇਸ ਨੂੰ ਨਿੱਤ ਦਾ ਯਥਾਰਥ ਦੱਸਿਆ। ਬਲਵੀਰ ਸੰਘੇੜਾ, ਮਿਨੀ ਗਰੇਵਾਲ ਅਤੇ ਸੁਰਜੀਤ ਕੌਰ ਦੀਆਂ ਕਹਾਣੀਆਂ ਇਸ ਵਾਰ ਅਨਪੜ੍ਹੀਆਂ ਹੀ ਰਹਿ ਗਈਆਂ। ਪ੍ਰਧਾਨਗੀ ਬੋਲਾਂ ਸਮੇਂ ਨਿਰਮਲ ਜਸਵਾਲ ਨੇ ਇਸ ਨੂੰ ਇੱਕ ਸਫਲ ਮਿਲਣੀ ਦੱਸਦਿਆਂ ਅਲੋਚਕਾਂ ਤੇ ਕਹਾਣੀਕਾਰਾਂ ਨੂੰ ਸਾਬਾਸ਼ ਦਿੱਤੀ ਤੇ ਕਿਹਾ ਇਹ ਯਤਨ ਨਿਰੰਤਰ ਜਾਰੀ ਰਹਿਣੇ ਚਾਹੀਦੇ ਹਨ।

# ਵਾਇਰਲੈਸ ਸੇਵਾਵਾਂ ਦੇ ਖੇਤਰ ਵਿੱਚ ਨਵਾਂ ਕਾਨੂੰਨ ਬਣਾਉਣ ਦਾ ਫੈਸਲਾ

## ਅਲਬਰਟਾ ਸਰਕਾਰ ਵੱਲੋਂ ਫੈਸਲੇ ਦਾ ਸਵਾਗਤ

ਐਡਮਿੰਟਨ (ਨਦਬ)-ਹਾਲ ਹੀ ਵਿੱਚ ਕਨੇਡੀਅਨ ਰੇਡਿਓ-ਟੈਲੀਵਿਜ਼ਨ ਐਂਡ ਟੈਲੀਕਮਿਊਨਿਕੇਸ਼ਨ ਕਮਿਸ਼ਨ (ਸੀ ਆਰ ਟੀ ਸੀ) ਵੱਲੋਂ ਇਸ ਖੇਤਰ ਨਾਲ ਜੁੜੇ ਗਾਹਕਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਤੇ ਇਸ ਖੇਤਰ ਦੀਆਂ ਕੰਪਨੀਆਂ 'ਤੇ ਨਿਯੰਤਰਣ ਰੱਖਣ ਲਈ ਨਵਾਂ ਕਾਨੂੰਨ ਬਣਾਉਣ ਦਾ ਫੈਸਲਾ ਲਿਆ ਹੈ। ਇਸ ਕਾਨੂੰਨ ਨਾਲ ਸੈਲੂਲਰ ਅਤੇ ਵਾਇਰਲੈਸ ਡਾਟਾ ਸਰਵਿਸ ਦੇ ਖੇਤਰ ਵਿੱਚ ਪਾਰਦਰਸ਼ਤਾ ਵਧੇਗੀ ਤੇ ਗਾਹਕ ਨੂੰ ਹਰ ਸਰਵਿਸ ਦੀ ਕੀਮਤ ਬਾਰੇ ਪੂਰੀ ਤੇ ਸਪੱਸਟ ਜਾਣਕਾਰੀ ਹੋਵੇਗੀ। ਇਸ ਤਰ੍ਹਾਂ ਇਸ ਕਾਨੂੰਨ ਨਾਲ ਕੰਪਨੀਆਂ ਵੱਲੋਂ ਗਾਹਕ ਦੀ ਕੀਤੀ ਜਾਂਦੀ ਲੁੱਟ 'ਤੇ ਕਾਬੂ ਪਾਇਆ ਜਾ ਸਕੇਗਾ। ਇਸ ਕਾਨੂੰਨ ਦੀ ਇੱਕ ਹੋਰ ਖ਼ਾਸ ਗੱਲ ਇਹ ਹੋਵੇਗੀ ਕਿ ਇਸ ਖੇਤਰ ਵਿੱਚ ਕੰਪਨੀਆਂ ਨੂੰ ਦਿੱਤੇ ਜਾਂਦੇ ਨਵੇਂ ਠੇਕਿਆਂ ਅਤੇ ਕੀਤੇ ਜਾਂਦੇ ਸੁਧਾਰ ਗਾਹਕਾਂ ਦੀ ਪ੍ਰਵਾਨਗੀ ਤੋਂ ਸਿਰੇ ਨਹੀਂ ਚੜਨਗੇ। ਅਲਬਰਟਾ ਦੀ ਸਰਕਾਰ ਸੀ ਆਰ ਟੀ ਸੀ ਦੇ ਇਸ ਫੈਸਲੇ ਤੋਂ ਕਾਫ਼ੀ ਉਤਸ਼ਾਹਿਤ ਹੈ। ਸੂਬੇ ਦੇ ਸੇਵਾਵਾਂ ਬਾਰੇ ਮੰਤਰੀ ਮਨਮੀਤ ਸਿੰਘ ਭੁੱਲਰ ਨੇ ਇਸ ਫੈਸਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਮੈ ਜਦ ਤੋਂ ਸਰਕਾਰ ਵਿੱਚ ਮੰਤਰੀ ਬਣਿਆ ਹਾਂ ਉਦੋਂ ਤੋਂ ਹੀ ਮੈਂ ਗਾਹਕਾਂ ਦੇ ਹਿੱਤਾਂ ਦੀ ਰੱਖਿਆ ਨੂੰ ਲੈ ਕੇ ਨਵਾਂ ਕਾਨੂੰਨ ਬਣਾਉਣ ਬਾਰੇ ਸੀ ਆਰ ਟੀ ਸੀ 'ਤੇ ਦਬਾਅ ਪਾ ਕੇ ਰੱਖਿਆ ਹੈ ਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸੀ ਆਰ ਟੀ ਸੀ ਨੇ ਸਾਡੀ ਬੇਨਤੀ 'ਤੇ ਗੌਰ ਫਰਮਾਈ ਹੈ। ਉਹਨਾਂ ਕਿਹਾ ਕਿ ਸੂਬੇ ਦੇ 87 ਪ੍ਰਤੀਸ਼ਤ ਘਰਾਂ ਵਿੱਚ ਸੈਲ ਫੋਨ ਦੀ ਵਰਤੋਂ ਹੁੰਦੀ ਹੈ। ਅਲਬਰਟਾ ਸਰਕਾਰ ਵਿੱਚ ਮੰਤਰੀ ਹੋਣ ਦੇ ਨਾਤੇ ਮੈਂ ਇਹਨਾਂ ਦੇ ਹਿੱਤਾਂ ਦੀ ਰੱਖਿਆ ਲਈ ਸੀ ਆਰ ਟੀ ਸੀ ਨੂੰ ਸਮੇਂ-ਸਮੇਂ 'ਤੇ ਇਹਨਾਂ ਦੀਆਂ ਮੁਸਕਿਲਾਂ ਤੋਂ ਜਾਣੂ ਕਰਵਾਉਂਦਾ ਰਹਿੰਦਾ ਹਾਂ। ਜ਼ਿਕਰਯੋਗ ਹੈ ਕਿ ਮਾਰਚ ਵਿੱਚ ਮਨਮੀਤ ਸਿੰਘ ਭੁੱਲਰ ਨੇ ਕਨੇਡਾ ਸਰਕਾਰ ਦੇ ਉਦਯੋਗ ਮੰਤਰੀ ਨੂੰ ਮਿਲ ਕੇ ਲਿਖਤੀ ਤੌਰ 'ਤੇ ਸੁਝਾਅ ਸੌਂਪਿਆ ਸੀ ਜਿਸ 'ਚ ਮੰਗ ਕੀਤੀ ਗਈ ਸੀ ਕਿ ਰਾਸ਼ਟਰ ਪੱਧਰ ਦਾ ਅਜਿਹਾ ਕਾਨੂੰਨ ਬਣਾਇਆ ਜਾਵੇ ਜਿਹੜਾ ਇਸ ਖੇਤਰ ਵਿੱਚ ਗਾਹਕਾਂ ਦੇ ਹਿੱਤਾਂ ਦੀ ਰੱਖਿਆ ਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਵੇ ਅਤੇ ਨਵੇਂ ਮਾਪਦੰਡ ਸਥਾਪਿਤ ਕਰੇ।



HAPPY





DIWALI!

amarjeet.sohi@edmonton.ca
www.amarjeetsohi.com
2nd Floor, City Hall
1 Sir Winston Churchill Square
Edmonton, AB T5J 2R7
Phone - 780 496 8148

Blend of flavours

Party Cakes – Cupcakes – Desserts
Gluten free menu
Thai & Asian cuisine



http://www.facebook.com/Blendofflavours
tania – 780-977-4589
(take away only)

# 'ਅਪਰੇਸ਼ਨ ਗਰੀਨ ਹੰਟ' ਵਿਸ਼ੇ 'ਤੇ ਸੈਮੀਨਾਰ

ਕੈਲਗਰੀ (ਨਦਬ)-ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵੱਲੋਂ ਪਿਛਲੇ ਦਿਨੀਂ ਕੈਲਗਰੀ ਦੇ ਕੋਸੋ ਹਾਲ ਵਿੱਚ ਭਾਰਤ ਸਰਕਾਰ ਵੱਲੋਂ ਝਾਰਖੰਡ, ਉੜੀਸਾ, ਬੰਗਾਲ ਤੇ ਛੱਤੀਸਗੜ੍ਹ ਆਦਿ ਦੇ ਜੰਗਲਾਂ ਵਿੱਚ ਨਕਲਸਲੀਆਂ ਨੂੰ ਖਤਮ ਕਰਨ ਦੇ ਬਹਾਨੇ ਆਦਿਵਾਸੀਆਂ ਵਿਰੁੱਧ ਚਲਾਏ ਜਾ ਰਹੇ 'ਅਪਰੇਸ਼ਨ ਗਰੀਨ ਹੰਟ' ਵਿਰੁੱਧ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਮਾਸਟਰ ਭਜਨ ਸਿੰਘ, ਐਸੋਸ਼ੀਏਸ਼ਨ ਦੇ ਪ੍ਰਧਾਨ ਸੋਹਣ ਮਾਨ, ਗੁਰਚਰਨ



ਕੌਰ ਥਿੰਦ, ਗੁਰਬਚਨ ਸਿੰਘ ਬਰਾੜ, ਰਮਨਜੀਤ ਸਿੱਧੂ, ਇਕਬਾਲ ਖਾਨ, ਗੁਰਦਿਆਲ ਸਿੰਘ ਖਹਿਰਾ ਆਦਿ ਵਿਦਵਾਨਾਂ ਦੇ ਭਾਗ ਲਿਆ।

ਸੈਮੀਨਾਰ ਦੇ ਮੁੱਖ ਬੁਲਾਰੇ ਮਾਸਟਰ ਭਜਨ ਸਿੰਘ ਨੇ ਸੈਮੀਨਾਰ ਵਿੱਚ ਬੋਲਦਿਆਂ ਕਿਹਾ ਅਪਰੇਸ਼ਨ ਗਰੀਨ ਹੰਟ ਰਾਹੀਂ ਸਰਕਾਰ ਅਤੇ ਬਹੁਕੌਮੀ ਉਦਯੋਗਿਕ ਅਦਾਰੇ ਮਿਲ ਕੇ ਜਲ, ਜੰਗਲ, ਜ਼ਮੀਨ ਅਤੇ ਕੁਦਰਤੀ ਖਣਿਜ ਪਦਾਰਥਾਂ 'ਤੇ ਕਬਜ਼ਾ ਕਰ ਰਹੇ ਹਨ ਤੇ ਸਦੀਆਂ ਤੋਂ ਜੰਗਲਾਂ ਵਿੱਚ ਰਹਿ ਰਹੇ ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਸਭ ਇੱਕ ਗਿਣੀ ਮਿੱਥੀ ਸਾਜ਼ਿਸ਼ ਤਹਿਤ ਹੋ ਰਿਹਾ ਹੈ ਪਰ ਦੁੱਖ ਵਾਲੀ ਗੱਲ ਇਹ ਹੈ ਕਿ ਇਸਦਾ ਵਿਰੋਧ ਹੋਣ ਦੇ ਬਾਵਜੂਦ ਵੀ ਇਹ ਸਭ ਜਾਰੀ ਹੈ। ਸੋਹਣ ਮਾਨ ਬੋਲਦਿਆਂ ਕਿਹਾ ਲੋਕਾਂ ਨੂੰ ਭੁੱਖੇ ਮਾਰਨਾ ਹੀ ਸਭ ਤੋਂ ਵੱਡੀ ਹਿੰਸਾ ਹੈ ਤੇ ਅਜਿਹੀ ਹਿੰਸਾ ਜੰਗਲਾਂ ਵਿੱਚ ਰਹਿੰਦੇ ਲੋਕਾਂ 'ਤੇ ਹੋ ਰਹੀ ਹੈ। ਇਸ ਨਾਲ ਭਾਰਤ ਵਿੱਚ ਅਖੌਤੀ ਜਮਹੂਰੀਅਤ ਦਾ ਪਰਦਾਫ਼ਾਸ ਹੋ ਗਿਆ ਹੈ।

ਗੁਰਬਚਨ ਸਿੰਘ ਬਰਾੜ ਨੇ ਕਿਹਾ ਕਿ ਜਿਹੜੇ ਬੁੱਧੀਜੀਵੀ ਸਰਕਾਰ ਦੀਆਂ ਇਹਨਾਂ ਨੀਤੀਆਂ ਦਾ ਵਿਰੋਧ ਕਰਦੇ ਹਨ, ਉਹਨਾਂ ਨੂੰ ਮਾਓਵਾਦੀ ਕਹਿ ਕੇ ਭੰਡਿਆ ਜਾਂਦਾ ਹੈ। ਹਿਮਾਂਸ਼ੂ ਕੁਮਾਰ, ਡਾ. ਵਿਨਾਇਕ ਸੈਨ, ਨਤਿਨ ਮਰਾਂਡੀ ਆਦਿ ਅਜਿਹੇ ਬੁੱਧੀਜੀਵੀ ਹਨ ਜਿਨ੍ਹਾਂ 'ਤੇ ਸਰਕਾਰ ਨੇ ਇਲਜ਼ਾਮ ਲਾਏ ਹਨ। ਰਮਨਜੀਤ ਸਿੱਧੂ ਅਤੇ ਇਕਬਾਲ ਖ਼ਾਨ ਨੇ ਕਿਹਾ ਕਿ ਮੀਡੀਆ ਸਰਕਾਰ ਦੇ ਹੱਥਾਂ ਵਿੱਚ ਖੇਡ ਰਿਹਾ ਹੈ ਅਪਰੇਸ਼ਨ ਗਰੀਨ ਹੰਟ ਦੇ ਬਹੁਤ ਸਾਰੇ ਤੱਥ ਜੋ ਸਰਕਾਰ ਦਾ ਚਿਹਰਾ ਨੰਗਾ ਕਰਦੇ ਹਨ, ਮੀਡੀਆ ਵਿੱਚ ਨਹੀਂ ਆਉਂਦੇ। ਇਸ ਉਪਰੰਤ ਲੋਕ ਪੱਖੀ ਮੀਡੀਆ ਗਰੁੱਪ ਟਰਾਂਟੋ ਵੱਲੋਂ 'ਸਰੋਕਾਰਾਂ ਦੀ ਅਵਾਜ਼' ਪੇਪਰ ਰਿਲੀਜ਼ ਕੀਤਾ ਗਿਆ। ਰਿਲੀਜ਼ ਦੀ ਰਸਮ ਵਿੱਚ ਉਪਰੋਕਤ ਬੁੱਧੀਜੀਵੀਆਂ ਤੋਂ ਇਲਾਵਾ ਜੀਤਇੰਦਰ ਸਿੰਘ, ਬਚਿੱਤਰ ਗਿੱਲ, ਕਲਾਕਾਰ ਹੈਪੀ ਦੀਵਾਲੀ ਨੇ ਭਾਗ ਲਿਆ। ਇਸ ਤੋਂ ਇਲਾਵਾ ਤੀਜਾ ਸੱਭਿਆਚਾਰਕ ਨਾਟਕ ਸਮਾਗਮ ਦੌਰਾਨ ਜੋ ਕੈਲਗਰੀ, ਵਿਨੀਪੈਗ, ਵੈਨਕੂਵਰ ਅਤੇ ਸਰੀ ਵਿੱਚ ਹੋਇਆ, ਨਾਟਕ ਕਰਨ ਵਾਲੀ ਟੀਮ ਦੇ ਕਲਾਕਾਰਾਂ ਨੂੰ ਆਤੂ ਖੋਜੀ ਅਤੇ ਜੁੱਤੀ ਦੀਆਂ ਡਿਸਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਵਿੱਦਿਆ, ਦਰਸ਼ਨ ਸਿੰਘ ਮੁੰਜਾਲ ਅਤੇ ਕਾਮਰੇਡ ਅਜੀਤ ਸਿੰਘ ਨੇ ਦਿੱਤੇ।

ਇਸ ਮੌਕੇ ਜਸਵੰਤ ਸਿੰਘ ਵੱਲੋਂ ਕਵੀਸਰੀ ਪੇਸ਼ ਕੀਤੀ ਗਈ ਤੇ ਪਰਸੌਤਮ ਅਠੌਲੀ ਨੇ ਆਪਣੀ ਰਚਨਾ ਸਾਂਝੀ ਕੀਤੀ। ਸਤਨਾਮ ਸਿੰਘ ਢਾਅ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗ਼ਦਰ ਲਹਿਰ ਦੇ ਯੋਧਿਆਂ ਦੀ ਯਾਦ ਵਿੱਚ ਦਸ ਨਵੰਬਰ ਨੂੰ ਠੀਕ ਇੱਕ ਵਜੇ ਟੈਂਪਲ ਕਮਿਊਨਿਟੀ ਹਾਲ ਵਿੱਚ ਪ੍ਰੋਗਰਾਮ ਕਰਵਾਇਆ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕਮਲ ਪੰਧੇਰ ਨੇ ਨਿਭਾਈ। ਵਧੇਰੇ ਜਾਣਕਾਰੀ ਲਈ ਪ੍ਰਧਾਨ ਸੋਹਣ ਮਾਨ ਨਾਲ 403-275-0931 ਅਤੇ ਮਾਸਟਰ ਭਜਨ ਨਾਲ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਲਵੀਰ ਗੋਰੇ ਦੀ ਸੀਡੀ 'ਸੋਲਾਂ ਆਨੇ' ਰੀਲੀਜ਼

## ਹਰਲੀਨ ਕੌਰ ਗਰੇਵਾਲ ਦਾ ਸਨਮਾਨ

ਕੈਲਗਰੀ (ਨਦਬ)- ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵੱਲੋਂ ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਕਾਰਵਾਈ ਸ਼ੁਰੂ ਕਰਦਿਆਂ ਸਭਾ ਦੇ ਮੀਤ ਪ੍ਰਧਾਨ ਹਰੀਪਾਲ, ਬਲਵੀਰ ਗੋਰਾ ਅਤੇ ਤਰਲੋਚਨ ਸੈਂਭੀ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਇਨਸਾਨੀਅਤ ਦੇ ਨਾਤੇ ਬਾਲ ਹੱਕਾਂ ਦੀ ਕਾਰਕੁਨ ਬੱਚੀ ਮਲਾਲਾ ਯੂਸਫਜਈ ਤੇ ਪਾਕਿਸਤਾਨ ਵਿਚ ਹੋਏ ਹਮਲੇ ਦੀ ਨਿੰਦਾ ਕੀਤੀ ਅਤੇ ਫਿਰ ਇਸ ਬੱਚੀ ਅਤੇ ਸਭਾ ਦੇ ਕਾਰਜਕਾਰੀ ਮੈਂਬਰ ਜੋਰਾਵਰ ਸਿੰਘ ਬਾਂਸਲ ਦੇ ਸਾਹੁਰਾ ਸਾਹਿਬ ਹਰਭਜਨ ਸਿੰਘ ਬੱਲ ਦੀ ਸਿਹਤਯਾਬੀ ਲਈ ਕਾਮਨਾ ਕੀਤੀ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਸਰੂਪ ਸਿੰਘ ਮੰਡੇਰ ਨੇ ਕੀਤੀ। ਹਰਮਿੰਦਰ ਕੌਰ ਢਿੱਲੋਂ, ਪਰਦੀਪ ਕੰਗ, ਬੀਜਾ ਰਾਮ ਦੇ ਆਪਣੀਆਂ ਰਚਨਾਵਾਂ ਪੜ੍ਹੀਆਂ । ਫਿਰ ਸਭਾ ਦੇ ਖ਼ਜਾਨਚੀ ਅਤੇ ਬੜੇ ਲੰਬੇ ਸਮੇਂ ਤੋਂ ਸਭਾ ਨਾਲ ਜੁੜੇ ਲੇਖਕ ਅਤੇ ਗੀਤਕਾਰ ਬਲਵੀਰ ਗੋਰੇ ਦੀ ਸੀਡੀ ਸੋਲਾਂ ਆਨੇ ਰੀਲੀਜ਼ ਸਮਰੋਹ ਸ਼ੁਰੂ ਹੋਇਆ। ਬਲਜਿੰਦਰ ਸੰਘਾ ਨੇ ਇਸ ਸੀਡੀ ਬਾਰੇ ਆਪਣਾ ਪਰਚਾ ਪੜਿਆ ਜਿਸਦਾ ਨਾਮ ਸੀ 'ਇਕ ਸੁਧਾਰਵਾਦੀ ਸੀਡੀ ਸੋਲਾਂ ਆਨੇ'। ਸੁਖਪਾਲ ਪਰਮਾਰ ਨੇ ਬਲਵੀਰ ਗੋਰੇ ਦੀ ਸੀਡੀ ਲਈ ਆਪਣੇ ਵਿਚਾਰ ਪੇਸ਼ ਕੀਤੇ ਅਤੇ ਬਲਵੀਰ ਗੋਰੇ ਦੇ ਸਾਰੇ ਪਰਿਵਾਰ ਨੂੰ ਵਧਾਈ ਦਿੱਤੀ। ਪ੍ਰਸਿੱਧ ਗਾਇਕ ਦਰਸ਼ਨ ਖੇਲਾ, ਅਜੈ ਦਿਓਲ ਅਤੇ ਤਰਲੋਚਨ ਸੈਂਭੀ ਨੇ ਬਲਵੀਰ ਗੋਰੇ ਦੇ ਗੀਤ ਗਾਏ। ਸੀਡੀ 'ਸੋਲਾ ਆਨੇ' ਹਰੀਪਾਲ, ਪਾਲੀ ਵਿਰਕ, ਬਲਵਿੰਦਰ ਕਾਹਲੋਂ, ਦਰਸ਼ਨ ਖੇਲਾ, ਜੰਟੂ ਲੋਹਟਬੱਧੀ ਅਤੇ ਹੋਰ ਸੱਜਣਾ ਵੱਲੋ ਸਾਂਝੇ ਤੌਰ ਤੇ ਰੀਲੀਜ਼ ਕੀਤੀ ਗਈ। ਸਭਾ ਵੱਲੋਂ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦੇ ਉਪਾਰਲੇ ਵਿਚ ਇਸ ਵਾਰ ਬੱਚੀ ਗੁਰਲੀਨ ਕੌਰ ਗਰੇਵਾਲ ਨੇ ਰਚਨਾ ਪੜ੍ਹੀ ਅਤੇ ਸਭ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਅਸੀ ਵਿਦੇਸ਼ਾਂ ਵਿਚ ਆਪਣੀ ਪਹਿਚਾਣ ਨੂੰ ਜ਼ਿੰਦਾ ਰੱਖਣ ਲਈ ਕੁਝ ਨਾ ਕੁਝ ਜਰੂਰ ਕਰੀਏ ਅਤੇ ਹਾਲ ਤਾੜੀਆਂ ਨਾਲ ਗੂੰਜ਼ ਉੱਠਿਆ। ਮੰਗਲ ਚੱਠਾ ਵੱਲੋਂ ਸਪਾਸਰ ਕੀਤਾ ਗਿਆ ਇਨਾਮ ਬੱਚੀ ਹਰਲੀਨ ਕੌਰ ਗਰੇਵਾਲ ਨੂੰ ਰੁਇਲ ਐਸ਼ੋਈਸ਼ੇਨ ਦੀ ਪ੍ਰਧਾਨ ਗੁਰਮੀਤ ਕੌਰ ਸਰਪਾਲ, ਸੁਰਿੰਦਰ ਗੀਤ, ਹਰਮਿੰਦਰ ਕੌਰ ਢਿੱਲੋਂ, ਗੁਰਚਰਨ ਕੌਰ ਥਿੰਦ ਵੱਲੋਂ ਦਿੱਤਾ ਗਿਆ। ਮਾਸਟਰ ਭਜਨ ਸਿੰਘ ਗਿੱਲ ਨੇ ਗਦਰੀ ਬਾਬਿਆਂ ਦੇ ਆ ਰਹੇ ਸੋ ਸਾਲਾ ਪ੍ਰੋਗਰਾਮਾਂ ਬਾਰੇ ਜਾਣਕਰੀ ਸਾਂਝੀ ਕੀਤੀ। ਰਚਨਾਵਾਂ ਦੇ ਦੌਰ ਵਿਚ ਹਨੇਕ ਬੱਧਣੀ,ਸੁਰਿੰਦਰ ਗੀਤ, ਸਤਵੰਤ ਸਿੰਘ, ਕਮਲਪ੍ਰੀਤ ਕੌਰ ਸ਼ੇਰਗਿੱਲ, ਸਤਵੰਤ ਸਿੰਘ, ਹਰਕਮਲ ਬਰਾੜ, ਸੁਰਜੀਤ ਸਿੰਘ ਪੰਨੂ, ਕੁਲਬੀਰ ਸ਼ੇਰਗਿੱਲ ਅਦਿ ਸਾਹਿਤਕਾਰਾਂ ਨੇ ਭਾਗ ਲਿਆ। ਇਹਨਾਂ ਤੋਂ ਇਲਾਵਾ ਗੁਰਨਾਮ ਸਿੰਘ ਗਿੱਲ, ਜਸਵੰਤ ਸਿੰਘ ਗਿੱਲ , ਪ੍ਰੋ. ਮਨਜੀਤ ਸਿੰਘ ਸਿੱਧੂ, ਹਰਚਰਨ ਪਰਹਾਰ (ਸਿੱਖ ਵਿਰਸਾ), ਰਣਜੀਤ ਗੋਬਿੰਦਪੁਰੀ, ਜਰਨੈਲ ਸਿੰਘ ਤੱਗੜ, ਰਵੀ ਪ੍ਰਕਾਸ਼ ਜਨਾਗਲ, ਗੁਰਦਿਆਲ ਸਿੰਘ ਖਹਿਰਾ, ਪੈਰੀ ਮਾਹਲ, ਸੁਖਵੀਰ ਗਰੇਵਾਲ, ਅਵਨਿੰਦਰ ਨੂਰ, ਜੋਗਿੰਦਰ ਸੰਘਾ,ਜਸਵਿੰਦਰ ਸਿੰਘ ਤੂਰ, ਬਲਦੇਵ ਸਿੰਘ ਕੰਗ, ਇਕਬਾਲ ਸਿੰਘ ਸਿੱਧੂ, ਮਨਜੀਤ ਬਰਾੜ ਤੋਂ ਇਲਾਵਾ ਹੋਰ ਬਹੁਤ ਸਾਰੇ ਸੱਜਣ ਹਾਜ਼ਰ ਸਨ। ਹਰੀਪਾਲ ਨੇ ਸਭ ਆਏ ਹੋਏ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਦਰਸ਼ਨ ਸਿੰਘ ਗੁਰੂ ਦੇ ਵੱਡ ਅਕਾਰੀ ਨਾਵਲ ' ਢਹਿੰਦੇ ਬੁਰਜ਼' ਬਾਰੇ ਦੱਸਿਆ ਜੋ ਸਭਾ ਵੱਲੋਂ ਜਲਦੀ ਹੀ ਰੀਲੀਜ਼ ਕੀਤਾ ਜਾਵੇਗਾ।




# ਕੈਲਗਰੀ ਹਾਕਸ ਜੂਨੀਅਰ ਹਾਕੀ ਅਕਾਦਮੀ ਦੀ ਖਿਤਾਬੀ ਜਿੱਤ

ਕੈਲਗਰੀ (ਸੁਖਵੀਰ ਗਰੇਵਾਲ)-ਕੈਲਗਰੀ ਫੀਲਡ ਹਾਕੀ ਐਸੋਸੀਏਸ਼ਨ ਵੱਲੋਂ ਈਸਟ ਸਾਈਡ ਸੌਕਰ ਸੈਂਟਰ ਕੈਲਗਰੀ ਵਿਚ ਕਰਵਾਈ ਗਈ ਕੈਲਗਰੀ ਜੂਨੀਅਰ ਫੀਲਡ ਹਾਕੀ ਲੀਗ ਵਿਚ ਕੈਲਗਰੀ ਹਾਕਸ ਜੂਨੀਅਰ ਹਾਕੀ ਅਕਾਦਮੀ ਨੇ ਖਿਤਾਬੀ ਜਿੱਤ ਪ੍ਰਾਪਤ ਕੀਤੀ ਹੈ। ਜੇਤੂ ਟੀਮ ਵਿਚ ਸਾਰੇ ਖਿਡਾਰੀ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਹਨ। ਕੈਲਗਰੀ ਹਾਕਸ ਅਕਾਦਮੀ ਦੀ ਇਹ ਦੂਜੀ ਵੱਡੀ ਜਿੱਤ ਹੈ। ਹਾਲ ਹੀ ਵਿਚ ਇਹ ਟੀਮ ਐਡਮਿੰਟਨ 'ਚ ਹੋਏ ਹਾਕੀ ਟੂਰਨਾਮੈਂਟ ਵਿੱਚੋਂ ਪਹਿਲੇ ਸਥਾਨ ਉਪਰ ਰਹੀ ਸੀ। ਕੈਲਗਰੀ ਹਾਕਸ ਨੇ ਪਹਿਲੇ ਮੈਚ ਵਿਚ ਡਾਰਕ ਬਲਿਊ ਦੀ ਟੀਮ ਨੂੰ 11-0 ਦੇ ਫਰਕ ਨਾਲ ਹਰਾ ਕੇ ਜੇਤੂ ਸ਼ੁਰੂਆਤ ਕੀਤੀ। ਦੂਜੇ ਮੈਚ ਵਿਚ ਲਾਈਟ ਬਲਿਊ ਨੂੰ 12-0 ਦੇ ਫਰਕ ਨਾਲ ਹਰਾ ਕੇ ਸੈਮੀ ਫਾਈਨਲ 'ਚ ਦਾਖਲਾ ਪਾਇਆ। ਸੈਮੀ ਫਾਈਨਲ ਮੈਚ ਵਿਚ ਕੈਲਗਰੀ ਹਾਕਸ ਨੇ ਰੈਡ ਟੀਮ ਨੂੰ 10-0 ਦੇ ਫਰਕ ਨਾਲ ਹਰਾਇਆ। ਫਾਈਨਲ ਮੈਚ ਵਿਚ ਕੈਲਗਰੀ ਹਾਕਸ ਨੇ ਸ਼ਾਨਦਾਰ ਖੇਡ ਵਿਖਾਉਂਦਿਆਂ ਰੈਡ ਟੀਮ ਨੂੰ 10-0 ਦੇ ਫਰਕ ਨਾਲ ਹਰਾਇਆ। ਕੈਲਗਰੀ ਹਾਕਸ ਦੀ ਟੀਮ ਦੀ ਜਿੱਤ ਦੇ ਸਭ ਪਾਸੇ ਚਰਚੇ ਹੋ ਰਹੇ ਹਨ। ਕੈਲਗਰੀ ਹਾਕਸ ਅਕਾਦਮੀ ਦੀ ਟੀਮ ਵਿਚ ਜਸਕਰਨ ਧਾਲੀਵਾਲ, ਪਰਮਵੀਰ ਸਿੱਧੂ, ਕਾਇਲਜੀਤ ਪੁਰਬਾ, ਦਿਲਦੀਪ, ਅਵੀ ਧਾਲੀਵਾਲ, ਬੀਰੂ ਢਿੱਲੋਂ, ਹਰਜੋਤ ਧਾਲੀਵਾਲ, ਰਾਜਬੀਰ ਸੰਘਾ ਅਤੇ ਤਨਵੀਰ ਕੁਲਾਰ ਖੇਡੇ। ਫਾਈਨਲ ਮੈਚ ਮੌਕੇ ਟੋਨੀ ਧਾਲੀਵਾਲ, ਦਿਲਜੀਤ ਕਾਕਾ ਲੋਪੋਂ, ਦਿਲਪਾਲ ਟੀਟਾ, ਧੰਨਾ ਸੰਘਾ, ਕੁਲਦੀਪ ਸਿੱਧੂ, ਦਿਲਜੀਤ ਪੁਰਬਾ, ਬੌਬੀ ਕੁਲਾਰ, ਸ਼ਮੀਤ, ਬਲਮੀਤ ਬੱਲੀ ਹਾਜਰ ਸਨ।



**(ਸਫ਼ਾ 1 ਦੀ ਬਾਕੀ) ਅਮਰੀਕਾ 'ਚ ਸੈਂਡੀ ਨੇ**

ਆਫ਼ਤ ਦੀ ਰਾਤ ਨਿਊਯਾਰਕ ਵਿੱਚ ਰਾਤੋ ਰਾਤ ਸਮੁੰਦਰ ਦਾ ਪਾਣੀ ਚਾਰ ਮੀਟਰ ਤੱਕ ਚੜ੍ਹ ਗਿਆ ਜਿਸ ਨਾਲ ਸਹਿਰ ਦੀਆਂ ਟਨਲਜ ਤੇ ਇਲੈਕਟ੍ਰਿਕ ਸਿਸਟਮ ਤਬਾਹ ਹੋ ਗਿਆ। ਸਹਿਰ ਦੇ ਮਸਹੂਰ ਸਬਵੇਅ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ। ਇਸ ਤੂਫਾਨ ਤੋਂ ਬਾਅਦ ਨਿਊ ਯਾਰਕ ਵਿੱਚ ਰੇਲ ਗੱਡੀਆਂ ਨਹੀਂ ਚੱਲ ਸਕੀਆਂ ਤੇ ਸਹਿਰ ਦੇ ਸਾਰੇ ਕਾਰੋਬਾਰ ਠੱਪ ਹੋ ਗਏ ਸਨ, ਸਮੁੱਚਾ ਇਲਾਕਾ ਪਾਣੀ ਵਿੱਚ ਡੁੱਬ ਗਿਆ। ਮੇਅਰ ਮਾਈਕਲ ਬਲੂਮਬਰਗ ਨੇ ਸਾਰੀਆਂ ਸੇਵਾਵਾਂ ਬਹਾਲ ਹੋਣ ਬਾਰੇ ਕੋਈ ਸਮਾਂ ਸੀਮਾਂ ਨਹੀਂ ਦੱਸੀ। ਅਮਰੀਕਾ ਦੇ ਸੱਭ ਤੋਂ ਵੱਧ ਅਬਾਦੀ ਵਾਲੇ ਸਹਿਰਾਂ ਵਿੱਚੋਂ ਇੱਕ ਮੰਨੇ ਜਾਣ ਵਾਲੇ ਨਿਊਯਾਰਕ ਵਿੱਚ ਹਜਾਰਾਂ ਲੋਕ ਮੁੱਢਲੀਆਂ ਸੇਵਾਵਾਂ ਤੋਂ ਵੀ ਵਿਰਵੇ ਹੋ ਗਏ ਸਨ। ਨਿਊ ਯਾਰਕ ਦੀ ਮੈਟਰੋਪਾਲੀਟਨ ਟਰਾਂਸਪੋਰਟੇਸਨ ਅਥਾਰਟੀ ਦਾ ਕਹਿਣਾ ਸੀ ਕਿ ਸਬਵੇਅ ਸਿਸਟਮ, ਜਿਸ ਨੂੰ ਕਿ ਤੂਫਾਨ ਦੌਰਾਨ ਪੂਰੀ ਤਰ੍ਹਾਂ ਬੰਦ ਰੱਖਿਆ ਗਿਆ ਨੂੰ 108 ਸਾਲਾਂ ਦੇ ਇਸ ਦੇ ਇਤਿਹਾਸ ਵਿੱਚ ਸੱਭ ਤੋਂ ਵੱਧ ਨੁਕਸਾਨ ਪਹੁੰਚਿਆ। ਨਿਊ ਯਾਰਕ ਡਾਊਨਟਾਊਨ ਦੀਆਂ ਸੜਕਾਂ ਉੱਤੇ ਤਾਂ ਇਸ ਦਿਨ ਕੋਈ ਟਾਵਾਂ ਟੱਲਾ ਐਮਰਜੰਸੀ ਸੇਵਾਵਾਂ ਵਾਲਾ ਵਾਹਨ ਨਜਰ ਆ ਵੀ ਗਿਆ ਪਰ ਮੈਨਹਟਨ ਵਿੱਚ ਤਾਂ ਚਾਰੇ ਪਾਸੇ ਸੁੰਨ-ਮਸਾਨ ਛਾਈ ਰਹੀ। ਹਾਲਾਂਕਿ ਅਗਲੀ ਦੁਪਹਿਰ ਤੱਕ ਸੈਂਡੀ ਦੀਆਂ ਤੇਜ ਹਵਾਵਾਂ ਦੀ ਰਫਤਾਰ 130 ਕਿਲੋਮੀਟਰ ਪ੍ਰਤੀ ਘੰਟੇ ਤੋਂ ਤਾਂ ਮੱਠੀ ਪਈ ਸੀ ਤੇ ਸੋਮਵਾਰ ਸਾਮ ਨੂੰ ਇਹ ਸਾਰਾ ਹੀ ਨਿਊਜਰਸੀ ਵੱਲ ਉੱਲਰ ਗਿਆ ਸੀ। ਇਹ ਤੂਫਾਨ ਅਮਰੀਕਾ ਦੇ ਪੂਰਬੀ ਪਾਸੇ ਤੋਂ ਉੱਤਰੀ ਕੈਨੇਡਾ ਵੱਲ ਵੱਧ ਗਿਆ ਸੀ। ਕੈਰੋਲਿਨਾ ਤੋਂ ਲੈ ਕੇ ਓਹੀਓ ਤੱਕ ਦੇ 7.4 ਮਿਲੀਅਨ ਘਰਾਂ ਵਿੱਚ ਬਿਜਲੀ ਸੇਵਾ ਪ੍ਰਭਾਵਿਤ ਰਹੀ। ਓਨਟਾਰੀਓ ਤੇ ਕਿਊਬਿਕ ਦੇ ਦੱਖਣੀ ਹਿੱਸਿਆਂ ਦੇ ਹਜਾਰਾਂ ਲੋਕਾਂ ਨੂੰ ਵੀ ਬਿਨਾਂ ਬਿਜਲੀ ਦੇ ਹੀ ਗੁਜਾਰਾ ਕਰਨਾ ਪਿਆ।

ਓਧਰ ਭਾਰਤ ਦੇ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਪਾਂਡੇਚੇਰੀ ਆਦਿ ਦੇ ਇਲਾਕਿਆਂ ਵਿਚ ਆਏ ਚੱਕਰਵਰਤੀ ਤੂਫ਼ਾਨ ਨੀਲਮ ਨੇ ਕਹਿਰ ਢਾਹਿਆ। ਜਿਸ ਕਾਰਨ 20 ਦੇ ਕਰੀਬ ਮੌਤਾਂ ਹੋ ਜਾਣ ਦਾ ਖਦਸ਼ਾ ਜ਼ਹਿਰ ਕੀਤਾ ਜਾ ਰਿਹਾ ਹੈ। ਚੱਕਰਵਰਤੀ ਤੂਫ਼ਾਨ ਨੀਲਮ ਨਾਲ 100 ਕਿਲੋਮੀਟਰ ਦੀ ਰਫ਼ਤਾਰ ਤੋਂ ਤੇਜ ਚੱਲੀਆਂ ਹਵਾਵਾਂ ਅਤੇ 36 ਘੰਟੇ ਮੀਂਹ ਵਰ੍ਹਦਾ ਰਿਹਾ । ਚੇਨਈ ਅਤੇ ਇਸ ਦੇ ਨਾਲ ਲਗਦੇ ਦਰਜਨਾਂ ਸ਼ਹਿਰਾਂ, ਪਿੰਡਾਂ ਵਿਚ ਪਾਣੀ ਭਰ ਗਿਆ ਅਤੇ ਹਜ਼ਾਰਾਂ ਲੋਕ ਘਰਾਂ ਤੋਂ ਬੇਘਰ ਹੋ ਗਏ।





**(ਸਫ਼ਾ 1 ਦੀ ਬਾਕੀ) ਕੇਂਦਰੀ ਮੰਤਰੀ ਮੰਡਲ**

ਇਹ ਮੰਤਰਾਲਾ ਪੂਰੇ 16 ਸਾਲਾਂ ਬਾਅਦ ਕਾਂਗਰਸ ਦੇ ਹੱਥ ਆਇਆ ਹੈ। ਸਭ ਤੋਂ ਹੈਰਾਨ ਕਰਨ ਵਾਲਾ ਬਦਲਾਵ ਇਹ ਹੈ ਕਿ ਐਸ ਐਮ ਕ੍ਰਿਸ਼ਨਾ ਦੇ ਅਸਤੀਫ਼ੇ ਤੋਂ ਬਾਅਦ ਵਿਦੇਸ਼ ਮੰਤਰੀ ਦੀ ਖਾਲੀ ਹੋਈ ਕੁਰਸੀ 'ਤੇ ਤਰੱਕੀ ਦਾ ਗੱਫਾ ਦੇ ਕੇ ਸਲਮਾਨ ਖੁਰਸ਼ੀਦ ਨੂੰ ਬਿਠਾਇਆ ਗਿਆ ਹੈ। ਸ਼ਸ਼ੀ ਥਰੂਰ ਦੀ ਦੋ ਸਾਲਾਂ ਮਗਰੋਂ ਸਰਕਾਰ ਵਿੱਚ ਵਾਪਸੀ ਹੋਈ ਹੈ। ਮੌਜੂਦਾ ਮੰਤਰੀ ਮੰਡਲ ਨੂੰ ਖੇਤਰੀ ਪ੍ਰਤੀਨਿਧਤਾ ਅਨੁਸਾਰ ਦੇਖੀਏ ਤਾਂ ਇਸ ਵਿੱਚ ਆਂਧਰਾ ਪ੍ਰਦੇਸ਼ ਦੀ ਝੰਡੀ ਹੈ, ਮੰਤਰੀ ਮੰਡਲ ਵਿੱਚ ਆਂਧਰਾ ਪ੍ਰਦੇਸ਼ ਤੋਂ 11 ਮੰਤਰੀ ਸ਼ਾਮਿਲ ਹਨ। ਇਸ ਮਾਮਲੇ ਵਿੱਚ ਵੱਡੇ ਰਾਜ ਜਿਵੇਂ ਉੱਤਰ ਪ੍ਰਦੇਸ਼, ਮੱਧਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ ਨੂੰ ਆਂਧਰਾ ਪ੍ਰਦੇਸ਼ ਨੇ ਪਛਾੜ ਦਿੱਤਾ ਹੈ। ਇਸ ਤੋਂ ਇਲਾਵਾ ਨਵੇਂ ਕੈਬਨਿਟ ਮੰਤਰੀਆਂ ਵਿੱਚ ਅਜੇ ਮਾਕਨ, ਐਮ ਐਮ ਪੱਲਮ ਰਾਜੂ, ਹਰੀਸ਼ ਰਾਵਤ, ਚੰਦਰੇਸ਼ ਕੁਮਾਰੀ ਕਟੋਚ, ਕੇ ਆਰ ਖਾਨ, ਦਿਨਸ਼ਾ ਜੇ ਪਟੇਲ ਅਤੇ ਅਸਵਨੀ ਕੁਮਾਰ ਨੂੰ ਸ਼ਾਮਿਲ ਕੀਤਾ ਗਿਆ ਹੈ। ਪਵਨ ਕੁਮਾਰ ਬਾਂਸਲ ਅਤੇ ਸਲਮਾਨ ਖੁਰਸ਼ੀਦ ਨੂੰ ਛੱਡ ਕੇ ਕਈ ਹੋਰ ਕੈਬਨਿਟ ਮੰਤਰੀਆਂ ਨੂੰ ਮਹਿਕਮੇ ਬਦਲ ਕੇ ਨਵੇਂ ਦਿੱਤੇ ਗਏ ਹਨ ਜਿਨ੍ਹਾਂ 'ਚ ਵੀਰੱਪਾ ਮੋਇਲੀ ਨੂੰ ਪੈਟਰੋਲੀਅਮ, ਜੈਪਾਲ ਰੈਡੀ ਨੂੰ ਵਿਗਿਆਨ ਅਤੇ ਤਕਨੀਕੀ ਵਿਭਾਗ, ਕਮਲਨਾਥ ਨੂੰ ਸੰਸਦੀ ਮਾਮਲੇ ਤੇ ਸ਼ਹਿਰੀ ਵਿਕਾਸ, ਵਾਈ. ਰਵੀ ਨੂੰ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰਾਲਾ, ਕਪਿਲ ਸਿੱਬਲ ਨੂੰ ਸੰਚਾਰ ਤੇ ਆਈ ਟੀ, ਸੀ.ਪੀ. ਜੋਸ਼ੀ ਨੂੰ ਸੜਕੀ ਆਵਾਜਾਈ ਤੇ ਹਾਈਵੇਅ, ਕੁਮਾਰੀ ਸੈਲਜਾ ਨੂੰ ਸਮਾਜਿਕ ਨਿਆਂ ਅਤੇ ਜੈ ਰਾਮ ਰਮੇਸ਼ ਨੂੰ ਪੇਂਡੂ ਵਿਕਾਸ ਮੰਤਰਾਲਾ ਦਿੱਤਾ ਗਿਆ ਹੈ। ਮੰਤਰੀ ਮੰਡਲ ਦੇ ਇਸ ਵਿਸਥਾਰ ਨਾਲ ਕੇਂਦਰੀ ਮੰਤਰੀ ਮੰਡਲ ਵਿੱਚ ਮਹਿਲਾ ਮੰਤਰੀਆਂ ਦੀ ਗਿਣਤੀ ਵਧ ਕੇ 10 ਹੋ ਗਈ ਹੈ ਤੇ ਕੁੱਲ ਮੰਤਰੀਆਂ ਦੀ ਗਿਣਤੀ 67 ਤੋਂ ਵਧ ਕੇ 78 ਤੱਕ ਜਾ ਪੁੱਜੀ ਹੈ। ਹਾਸੇ ਵਾਲੀ ਗੱਲ ਇਹ ਹੈ ਕਿ ਨਵੇਂ ਬਣੇ ਰਾਜ ਮੰਤਰੀ ਪੌਰਿਕ ਬਲਰਾਮ ਨਾਇਕ ਸਹੁੰ ਚੁੱਕਣ ਮਗਰੋਂ ਦਸਤਖ਼ਤ ਕਰਨਾ ਭੁੱਲ ਗਏ ਉਹਨਾਂ ਨੂੰ ਇਹ ਇੱਕ ਅਧਿਕਾਰੀ ਨੇ ਚੇਤੇ ਕਰਵਾਇਆ। ਮੰਨੋਰੰਜਨ ਵਾਲੀ ਗੱਲ ਇਹ ਹੈ ਕਿ ਸ਼ਸ਼ੀ ਥਰੂਰ ਦੀ ਪਤਨੀ ਸੁਨੰਦਾ ਪੁਸ਼ਕਰ ਨੇ ਆਪਣੀ ਖੂਬਸੂਰਤੀ ਨਾਲ ਸਭ ਦਾ ਦਿਲ ਜਿੱਤਿਆ। ਗੰਭੀਰ ਗੱਲ ਇਹ ਹੈ ਕਿ ਪੱਤਰਕਾਰਾਂ ਨਾਲ ਗੱਲ ਕਰਦਿਆਂ ਰਾਹੁਲ ਗਾਂਧੀ ਨੇ ਨੌਜਵਾਨ ਮੰਤਰੀਆਂ ਨੂੰ ਆਪਣੀਆਂ 'ਮੋਹਰਾਂ' ਦੱਸਿਆ ਤੇ ਆਖ਼ਰੀ ਗੱਲ ਇਹ ਹੈ ਕਿ ਯੂਪੀਏ-2 ਦੇ ਮੰਤਰੀ ਮੰਡਲ ਵਿੱਚ ਇਹ ਆਖ਼ਰੀ ਫੇਰਬਦਲ ਸੀ।

## ਡੋਪ ਟੈਸਟ ਵਿੱਚ ਫਸੇ ਲੈਂਸ ਆਰਮਸਟਰੌਂਗ



ਨਿਊਯਾਰਕ (ਨਦਬ)-ਹੋਰ ਖੇਤਰਾਂ ਦੇ ਵਾਂਗ ਖੇਡਾਂ ਦੇ ਖੇਤਰ ਵਿੱਚ ਵੀ ਅਮਰੀਕਾ ਦੀ ਮੰਨੀ ਹੋਈ ਚੜਤ ਹੈ। ਓਲੰਪਿਕ ਖੇਡਾਂ ਵਿੱਚ ਅਮਰੀਕਾ ਦੇ ਖਿਡਾਰੀ ਖਿਡਾਰੀ ਦੁਨੀਆਂ ਦੇ ਅੱਧੇ ਤਮਗਿਆਂ ਉੱਤੇ ਕਬਜਾ ਕਰਦੇ ਹਨ ਪਰ ਹੁਣ ਇਸ ਚੜ੍ਹਤ ਦੀ ਪੋਲ ਖੁਲ੍ਹਦੀ ਜਾ ਰਹੀ ਹੈ। ਪਿਛਲੇ ਦਿਨੀਂ ਅਮਰੀਕਾ ਦੇ ਮਸ਼ਹੂਰ ਅਥਲੀਟ ਲੈਂਸ ਆਰਮਸਟਰੌਂਗ ਦੀ ਜਿੱਤ ਦਾ ਰਾਜ ਐਂਟੀ ਡੋਪਿੰਗ ਏਜੰਸੀ ਨੇ ਖੋਲ੍ਹ ਦਿੱਤਾ ਹੈ। ਇਸ ਏਜੰਸੀ ਨੇ ਇੱਕ ਹਜ਼ਾਰ ਪੰਨਿਆਂ ਦੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਕਿਸ ਤਰ੍ਹਾਂ ਮੁਕਾਬਲੇ ਦੀ ਤਿਆਰੀ ਕਰਨ ਸਮੇਂ ਲੈਂਸ ਆਰਮਸਟਰੌਂਗ ਸਰੀਰ ਨੂੰ ਉਤੇਜਿਤ ਕਰਨ ਵਾਲੀਆਂ ਦਵਾਈਆਂ ਲੈਂਦਾ ਸੀ ਇਹੀ ਨਹੀਂ ਉਹ ਇਹਨਾਂ ਦਵਾਈਆਂ ਦਾ ਸੇਵਨ ਕਰਨ ਲਈ ਟੀਮ ਦੇ ਦੂਸਰੇ ਮੈਂਬਰਾਂ ਨੂੰ ਵੀ ਉਤਸ਼ਾਹਿਤ ਕਰਦਾ ਸੀ। ਯੂਨਾਈਟਡ ਸਟੇਟਸ ਐਂਟੀ ਡੋਪਿੰਗ ਏਜੰਸੀ (ਯੂ ਐਸ ਏ ਡੀ ਏ) ਨੇ ਜਦੋਂ ਲੈਂਸ ਦੇ ਹੋਟਲ ਦੇ ਕਮਰੇ ਵਿੱਚ ਛਾਪਾ ਮਾਰਿਆ ਤਾਂ ਏਜੰਸੀ ਮੁਤਾਬਿਕ ਕਮਰਾ ਬਲੱਡ ਬੈਂਕ ਬਣਿਆ ਪਿਆ ਸੀ। ਛਾਪੇ ਤੋਂ ਬਾਅਦ ਜਦੋਂ ਲੈਂਸ ਖ਼ਿਲਾਫ਼ ਏਜੰਸੀ ਨੇ ਪੁਖਤਾ ਸਬੂਤ ਇਕੱਠੇ ਕਰ ਲਏ ਤਾਂ ਉਸਦੇ ਕੁੱਝ ਸਮੇਂ ਬਾਅਦ ਲੈਂਸ ਦੇ ਖੇਡਣ ਉੱਤੇ ਪਾਬੰਦੀ ਲਾ ਦਿੱਤੀ ਗਈ ਤੇ ਉਸਨੂੰ ਦਿੱਤੇ ਹੋਏ ਵੱਕਾਰੀ ਸਰਕਾਰੀ ਸਨਮਾਨ ਵੀ ਵਾਪਸ ਲੈ ਲਏ ਗਏ। ਜ਼ਿਕਰਯੋਗ ਹੈ ਕਿ ਲੈਂਸ ਆਰਮਸਟਰੌਂਗ ਅਮਰੀਕਾ ਦਾ ਸਭ ਤੋਂ ਸੀਨੀਅਰ ਸਾਈਕਲਿਸਟ ਰਿਹਾ ਹੈ ਤੇ ਇਸ ਖੇਡ ਨਾਲ ਜੁੜੇ ਹੋਏ ਖਿਡਾਰੀ ਉਸਨੂੰ ਆਪਣਾ ਆਦਰਸ਼ ਮੰਨਦੇ ਸੀ।

ਜਾਂਚ ਸਬੰਧੀ ਲੈਂਸ ਦੇ ਵਕੀਲਾਂ ਦਾ ਕਹਿਣਾ ਹੈ ਕਿ ਏਜੰਸੀ ਵੱਲੋਂ ਇਹ ਰਿਪੋਰਟ ਝੂਠੀ ਤਿਆਰ ਕੀਤੀ ਗਈ ਹੈ ਤੇ ਇਸਦਾ ਮਕਸਦ ਲੈਂਸ ਨੂੰ ਖੇਡ ਤੋਂ ਦੂਰ ਰੱਖਣਾ ਹੈ। ਲੈਂਸ ਦਾ ਇਸ ਬਾਰੇ ਇਹ ਕਹਿਣਾ ਹੈ ਕਿ ਉਹ ਡੋਪਿੰਗ ਵਿੱਚੋਂ ਕਦੇ ਫੇਲ ਨਹੀਂ ਹੋਇਆ ਤੇ ਉਹ ਹਮੇਸ਼ਾ ਖੇਡ ਭਾਵਨਾ ਨਾਲ ਮੈਦਾਨ ਵਿੱਚ ਉੱਤਰਦਾ ਰਿਹਾ ਹੈ। ਜਦੋਂਕਿ ਏਜੰਸੀ ਕੋਲ ਇਸ ਗੱਲ ਦੇ ਵੀ ਪੁਖਤਾ ਸਬੂਤ ਹਨ ਕਿ ਲੈਂਸ ਨੇ ਹੋਰ ਖਿਡਾਰੀਆਂ ਨੂੰ ਵੀ ਸਰੀਰ ਨੂੰ ਉਤੇਜਿਤ ਕਰਨ ਵਾਲੀਆਂ ਦਵਾਈਆਂ ਲੈਣ ਲਈ ਪ੍ਰੇਰਿਤ ਕੀਤਾ ਹੈ। ਇਸ ਖੇਡ ਨਾਲ ਜੁੜੀ 26 ਮੈਂਬਰੀ ਟੀਮ ਨੇ ਜਾਂਚ ਏਜੰਸੀ ਦੇ ਮੈਂਬਰਾਂ ਕੋਲ ਇਸ ਗੱਲ ਦੀ ਪੁਸਟੀ ਕੀਤੀ ਹੈ ਕਿ ਲੈਂਸ ਨੇ ਉਹਨਾਂ ਨੂੰ ਡਰੱਗਜ਼ ਲੈਣ ਲਈ ਉਤਸ਼ਾਹਿਤ ਕੀਤਾ ਸੀ। ਖਿਡਾਰੀਆਂ ਨੇ ਏਜੰਸੀ ਨਾਲ ਗੱਲ ਕਰਦਿਆਂ ਕਿਹਾ ਕਿ ਲੈਂਸ ਨੇ ਸਾਨੂੰ ਡਰੱਗਜ਼ ਲੈਣ ਦੇ ਨਵੇਂ-ਨਵੇਂ ਅਜਿਹੇ ਤਰੀਕੇ ਦੱਸੇ, ਜਿਨ੍ਹਾਂ ਨਾਲ ਡੋਪ ਟੈਸਟ ਵੀ ਫੇਲ੍ਹ ਨਹੀਂ ਹੁੰਦਾ। ਜਾਂਚ ਏਜੰਸੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲੈਂਸ ਆਰਮਸਟਰੌਂਗ ਨੇ ਦਵਾਈਆਂ ਦੇ ਆਸਰੇ ਕਈ ਵੱਡੇ ਮੁਕਾਬਲੇ ਜਿੱਤੇ ਹਨ। ਏਜੰਸੀ ਨੇ ਲੈਂਸ ਦੇ ਵਕੀਲਾਂ ਦੀ ਟਿੱਪਣੀ ਦਾ ਜਵਾਬ ਦਿੰਦਿਆਂ ਕਿਹਾ ਹੈ ਕਿ ਜੇਕਰ ਜਾਂਚ 'ਤੇ ਵਕੀਲਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਇਤਰਾਜ਼ ਹੈ ਤਾਂ ਉਹ ਕਾਨੂੰਨੀ ਕਾਰਵਾਈ ਕਰਨ ਬਿਨਾ ਕਿਸੇ ਠੋਸ ਅਧਾਰ ਤੋਂ ਜਾਂਚ ਨੂੰ ਝੂਠੀ ਕਹਿਣਾ ਨੈਤਿਕ ਤੌਰ ਗਲ਼ਤ ਹੈ।

ਇਸ ਸਾਰੇ ਘਟਨਾਕ੍ਰਮ ਤੋਂ ਇੱਕ ਖਿਡਾਰੀ ਦੀ ਖੇਡ ਪ੍ਰਤੀ ਭਾਵਨਾ ਦਾ ਹੀ ਖੁਲਾਸਾ ਨਹੀਂ ਹੋਇਆ ਸਗੋਂ ਇਸ ਨਾਲ ਅਮਰੀਕਾ ਦੇ ਖੇਡ ਪ੍ਰਬੰਧਾਂ ਦੀ ਵੀ ਪੋਲ ਖੁੱਲਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਦੇ ਤਮਗੇ ਜਿੱਤਣ ਵਾਲੇ ਖਿਡਾਰੀ ਕਿੱਦਾਂ ਤਿਆਰ ਹੁੰਦੇ ਹਨ। ਅਮਰੀਕਾ ਚਾਹੁੰਦਾ ਹੈ ਕਿ ਹਰ ਖੇਤਰ ਵਿੱਚ ਉਸਦੀ ਸਰਦਾਰੀ ਹੋਵੇ ਪਰ ਸਰਦਾਰੀ ਕਿੱਦਾਂ ਕਾਇਮ ਕੀਤੀ ਜਾਂਦੀ ਹੈ ਲੈਂਸ ਆਰਮਸਟਰੌਂਗ ਨੇ ਇਸਦੀ ਪੋਲ ਖੋਲ੍ਹ ਦਿੱਤੀ ਹੈ। ਦੂਜੀ ਅਹਿਮ ਗੱਲ ਇਹ ਹੈ ਕਿ ਜੇ ਅਮਰੀਕਾ ਆਪਣੇ ਹੀ ਘਰ ਵਿੱਚ ਨਜ਼ਰ ਨਹੀਂ ਰੱਖ ਸਕਦਾ ਤਾਂ ਉਹ ਦੂਸਰੇ ਦੇਸ਼ਾਂ ਵੱਖ-ਵੱਖ ਖੇਤਰਾਂ ਵਿੱਚ ਨਜ਼ਰਸਾਨੀ ਰੱਖਣ ਦਾ ਦਾਅਵਾ ਕਿੱਦਾਂ ਕਰ ਸਕਦਾ ਹੈ।

# ਹਰਿਆਣਾ ਸਰਕਾਰ ਦਾ ਨਵਾਂ ਰਿਕਾਰਡ: ਮਹੀਨੇ 'ਚ ਬਲਾਤਕਾਰ ਦੇ 13 ਮਾਮਲੇ ਦਰਜ

ਰਾਜ ਵਿੱਚ ਰੋਜ਼ ਦਰਜ ਹੁੰਦੇ ਬਲਾਤਕਾਰ ਦੇ ਮਾਮਲਿਆਂ ਨੂੰ ਲੈ ਕੇ ਹਰਿਆਣਾ ਪਿਛਲੇ ਮਹੀਨੇ ਮੀਡੀਆ ਵਿੱਚ ਛਾਇਆ ਰਿਹਾ। ਇੱਕ ਮਹੀਨੇ ਵਿੱਚ ਹੀ ਹਰਿਆਣਾ ਦੀ ਪੁਲਿਸ ਨੇ ਬਲਾਤਕਾਰ ਨਾਲ ਸਬੰਧਿਤ 13 ਮਾਮਲੇ ਦਰਜ ਕੀਤੇ ਜੋ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਮਾਮਲੇ ਹੋਣਗੇ, ਜਿਨ੍ਹਾਂ ਨੂੰ ਡਾਢਿਆਂ ਨੇ ਦਬਾ ਦਿੱਤਾ ਹੋਵੇਗਾ ਤੇ ਕਈ ਮਾਮਲਿਆਂ ਨੂੰ ਹਰਿਆਣਾ ਪੁਲਿਸ ਨੇ ਰਿਸ਼ਵਤ ਲੈ ਕੇ ਰਫ਼ਾ-ਦਫ਼ਾ ਕਰ ਦਿੱਤਾ ਹੋਵੇਗਾ। ਹਿੰਦੁਸਤਾਨ ਦੇ ਸੰਵੇਦਨਸ਼ੀਲ ਵਿਅਕਤੀਆਂ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਨੂੰ ਬਲਾਤਕਾਰ ਨਾਲ ਸਬੰਧਿਤ ਰੋਜ਼ ਦਰਜ ਹੁੰਦੇ ਮਾਮਲਿਆਂ ਨੇ ਕੰਬਾ ਕੇ ਰੱਖ ਦਿੱਤਾ। ਅੰਤਰਾਸ਼ਟਰੀ ਪੱਧਰ 'ਤੇ ਬਲਾਤਕਾਰ ਦੇ ਇਹਨਾਂ ਮਾਮਲਿਆਂ ਦੀ ਗੂੰਜ ਸੁਣਾਈ ਦਿੱਤੀ ਅਤੇ ਇਸ ਗੂੰਜ ਨੇ ਭਾਰਤ ਦੀ ਨਿਆਂ ਵਿਵਸਥਾ, ਪੁਲਿਸ, ਪ੍ਰਸ਼ਾਸਨ ਅਤੇ ਲੋਕਤਾਂਤਰਿਕ ਕਦਰਾਂ-ਕੀਮਤਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ। ਇੰਨਾ ਕੁੱਝ ਹੋਣ 'ਤੇ ਵੀ ਹਰਿਆਣਾ ਦੀ ਕਾਂਗਰਸੀ ਸਰਕਾਰ ਦੋਸ਼ੀਆਂ ਵਿਰੁੱਧ ਸਖ਼ਤੀ ਨਾਲ ਕਾਰਵਾਈ ਨਹੀਂ ਕਰ ਰਹੀ। ਹਾਲਾਂਕਿ ਕੇਂਦਰ ਸਰਕਾਰ ਨੇ ਇਹਨਾਂ ਮਾਮਲਿਆਂ ਦਾ ਗੰਭੀਰ ਨੋਟਿਸ ਲਿਆ ਹੈ। ਇਹੀ ਕਾਰਨ ਹੈ ਕਿ ਯੂ ਪੀ ਏ ਦੀ ਚੇਅਰਪਰਸ਼ਨ ਸੋਨੀਆ ਗਾਂਧੀ ਖੁਦ ਜੀਂਦ ਜਿਲ੍ਹੇ ਵਿੱਚ ਪੈਂਦੇ ਪਿੰਡ ਸੱਚਾ ਖੇੜਾ ਦੇ ਇੱਕ ਪੀੜਿਤ ਦਲਿਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੀ ਪਰ ਦੁੱਖ ਦੀ ਗੱਲ ਇਹ ਹੋਈ ਕਿ ਦੁੱਖ ਪ੍ਰਗਟਾਉਣ ਵਿੱਚ ਸੋਨੀਆ ਗਾਂਧੀ ਨੇ ਜ਼ਿਆਦਾ ਦੇਰੀ ਕਰ ਦਿੱਤੀ ਤੇ ਇਨਸਾਫ਼ ਦੀ ਕੋਈ ਕਿਰਨ ਨਜ਼ਰ ਨਾ ਆਉਣ ਕਾਰਨ ਪੀੜਿਤ ਲੜਕੀ ਨੇ ਆਤਮਹੱਤਿਆ ਕਰ ਲਈ।

ਸੋਨੀਆ ਗਾਂਧੀ ਦੇ ਆਉਣ ਤੋਂ ਪਹਿਲਾਂ ਹਾਦਸੇ ਦੇ ਸ਼ਿਕਾਰ ਹੋਏ ਪਰਿਵਾਰਾਂ ਨਾਲ ਦੁੱਖ ਪ੍ਰਗਟਾਉਣ ਲਈ ਉਹਨਾਂ ਦੇ ਘਰ ਕੋਈ ਵੀ ਰਾਜਨੀਤਿਕ ਆਗੂ ਨਹੀਂ ਪਹੁੰਚਿਆ ਸੀ। ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਆਗੂ ਓਮ ਪ੍ਰਕਾਸ਼ ਚੌਟਾਲਾ ਨੇ ਇਹਨਾਂ ਮਾਮਲਿਆਂ 'ਤੇ ਹਾਸੋਹੀਣਾ ਬਿਆਨ ਦਿੰਦਿਆਂ ਕਿਹਾ ਕਿ ਰੋਜ਼ ਹੁੰਦੇ ਬਲਾਤਕਾਰਾਂ ਨੂੰ ਦੇਖਦਿਆਂ ਲੋਕਾਂ ਨੂੰ ਆਪਣੀਆਂ ਧੀਆਂ ਦਾ ਵਿਆਹ 16 ਸਾਲ ਦੀ ਉਮਰ ਤੋਂ ਪਹਿਲਾਂ ਕਰ ਦੇਣਾ ਚਾਹੀਦਾ ਹੈ ਤਾਂ ਜੋ ਰਾਜ ਵਿੱਚ ਬਲਾਤਕਾਰਾਂ ਨਾਲ ਸਬੰਧਿਤ ਮਾਮਲਿਆਂ ਨੂੰ ਠੱਲ ਪਾਈ ਜਾ ਸਕੇ। ਅਸਲ ਵਿੱਚ ਓਮ ਪ੍ਰਕਾਸ਼ ਚੌਟਾਲਾ ਖਾਪ ਪੰਚਾਇਤਾਂ ਦੀ ਬੋਲੀ ਬੋਲ ਰਹੇ ਹਨ। ਵਿਰੋਧੀ ਦਲ ਦੇ ਨੇਤਾ ਵਜੋਂ ਉਹਨਾਂ ਦੀ ਭੂਮਿਕਾ ਤਾਂ ਇਹ ਬਣਦੀ ਸੀ ਕਿ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ 'ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਦਬਾਅ ਪਾਉਂਦੇ ਤੇ ਇਸ ਮਾਮਲੇ ਨੂੰ ਆਮ ਲੋਕਾਂ ਵਿੱਚ ਲੈ ਕੇ ਜਾਂਦੇ। ਪਰ ਲੱਗਦਾ ਹੈ ਚੌਟਾਲਾ ਅਜਿਹਾ ਕਰਨ ਤੋਂ ਘਬਰਾਉਂਦੇ ਹਨ, ਇਸਦਾ ਕਾਰਨ ਇਹ ਹੈ ਕਿ ਉਹਨਾਂ ਦੇ ਰਾਜ ਦੌਰਾਨ ਵੀ ਬਹੁਤ ਸਾਰੇ ਅਜਿਹੇ ਮਾਮਲੇ ਸਾਹਮਣੇ ਆਏ ਸਨ ਤੇ ਉਹ ਇਸ ਗੱਲ ਤੋਂ ਡਰਦੇ ਹਨ ਕਿਤੇ ਲੋਕ ਉਹਦੇ ਹੀ ਗਲ਼ ਨਾ ਪੈ ਜਾਣ।

ਇਹਨਾਂ ਮਾਮਲਿਆਂ ਨੂੰ ਲੈ ਕੇ ਰਾਜ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੀ ਆਪਣਾ ਮੂੰਹ ਲੁਕਾਉਂਦੇ ਨਜ਼ਰ ਆ ਰਹੇ ਹਨ। ਜਦੋਂ ਕੋਈ ਪੱਤਰਕਾਰ ਉਹਨਾਂ ਨੂੰ ਇਹਨਾਂ ਮਾਮਲਿਆਂ ਬਾਰੇ ਪੁੱਛਦਾ ਹੈ ਤਾਂ ਉਹ ਆਖਦੇ ਹਨ ਕਿ ਪੀੜਿਤਾਂ ਨੂੰ ਲੈ ਕੇ ਸਰਕਾਰ ਪੂਰੀ ਤਰ੍ਹਾਂ ਗੰਭੀਰ ਹੈ ਤੇ ਛੇਤੀ ਹੀ ਉਹਨਾਂ ਨੂੰ ਇਨਸਾਫ਼ ਮਿਲ ਜਾਵੇਗਾ। ਦੂਜੇ ਪਾਸੇ ਦਾ ਸੱਚ ਇਹ ਹੈ ਕਿ ਇਹਨਾਂ ਮਾਮਲਿਆਂ ਵਿੱਚ ਦੋਸ਼ੀਆਂ ਵਿਰੁੱਧ ਕੋਈ ਸਖ਼ਤ ਕਾਰਵਾਈ ਨਹੀਂ ਹੋ ਰਹੀ ਤੇ ਨਾ ਹੀ ਕਾਰਵਾਈ ਨਾ ਕਰਨ ਦੇ ਦੋਸ਼ ਵਿੱਚ ਕਿਸੇ ਪੁਲਿਸ ਅਫ਼ਸਰ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਨਾ ਇਸ ਮਾਮਲੇ ਨੂੰ ਲੈ ਕੇ ਕਿਸੇ ਅਧਿਕਾਰੀ ਦੀ ਬਦਲੀ ਕੀਤੀ ਗਈ ਹੈ। ਹਾਲਾਂਕਿ ਦੋਸ਼ੀਆਂ ਵਿਰੁੱਧ ਤੇ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਨੂੰ ਲੈ ਔਰਤਾਂ ਦੇ ਹੱਕਾਂ ਨਾਲ ਜੁੜੀਆਂ ਜਥੇਬੰਦੀਆਂ ਵੱਲੋਂ ਵੱਖ-ਵੱਖ ਸ਼ਹਿਰਾਂ ਵਿੱਚ ਮੁਜ਼ਾਹਰੇ ਕੀਤੇ ਜਾ ਰਹੇ ਹਨ।

ਇਹਨਾਂ ਮਾਮਲਿਆਂ ਵਿੱਚ ਸਭ ਤੋਂ ਚਿੰਤਾਜਨਕ ਤੱਥ ਇਹ ਹੈ ਕਿ ਹਰਿਆਣੇ ਵਿੱਚ ਬਲਾਤਕਾਰ ਜ਼ਿਆਦਾਤਰ ਦਲਿਤ ਜਾਤੀ ਦੀਆਂ ਨਾ-ਬਾਲਗ ਕੁੜੀਆਂ ਨਾਲ ਗੈਂਗ ਦੇ ਰੂਪ ਵਿੱਚ ਕੀਤੇ ਜਾ ਰਹੇ ਹਨ ਤੇ ਰਾਜ ਵਿੱਚ ਦਲਿਤਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ। ਨਾ ਹੀ ਇਹਨਾਂ ਲੋਕਾਂ ਵਿੱਚ ਇੰਨਾ ਪਾਣੀ ਮਰਦਾ ਹੈ ਕਿ ਧਨ ਦੇ ਜ਼ੋਰ 'ਤੇ ਹੀ ਇਹ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕਰਵਾ ਦੇਣ। ਇਹਨਾਂ ਲੋਕਾਂ ਦੇ ਮਨਾਂ ਵਿੱਚ ਹੁਣ ਇਹ ਵਿਚਾਰ ਆ ਰਿਹਾ ਹੈ ਕਿ ਕੁੜੀ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦੇਣਾ ਚਾਹੀਦਾ ਹੈ। ਹਰਿਆਣੇ ਵਿੱਚ ਦਲਿਤਾਂ ਦੀ ਇੰਨੀ ਮਾੜੀ ਹਾਲਤ ਦਾ ਇੱਕ ਕਾਰਨ ਇਹ ਵੀ ਹੈ ਕਿ ਇੱਥੇ ਖਾਪ ਪੰਚਾਇਤਾਂ ਦੀ ਚੜ੍ਹਤ ਹੈ। ਇਹਨਾਂ ਪੰਚਾਇਤਾਂ ਦੇ ਆਗੂ ਪਿੰਡਾਂ ਦੇ ਵੱਡੇ ਜ਼ਿਮੀਦਾਰ ਹਨ, ਜਿਨ੍ਹਾਂ ਦਾ ਦਲਿਤਾਂ ਪ੍ਰਤੀ ਨਜ਼ਰੀਆ ਤ੍ਰਿਸ਼ਕਾਰ ਭਰਿਆ ਹੈ। ਇਹ ਦਲਿਤਾਂ ਨਾਲ ਹੁੰਦੇ ਬਹੁਤ ਸਾਰੇ ਜ਼ੁਰਮਾਂ ਦੀ ਜਾਣਕਾਰੀ ਪ੍ਰਸ਼ਾਸਨ ਤੱਕ ਪਹੁੰਚਣ ਹੀ ਨਹੀਂ ਦਿੰਦੇ। ਰਾਜ ਦੇ ਦਲਿਤਾਂ ਦੇ ਇਹ 'ਮਾਈ ਬਾਪ' ਹਨ ਦਲਿਤ ਲੋਕ ਇਹਨਾਂ ਦੇ ਡਰ ਤੋਂ ਕੰਬਦੇ ਹਨ। ਖਾਪ ਪੰਚਾਇਤਾਂ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹਨ ਪਰ ਇਹ ਕਾਨੂੰਨ ਨੂੰ ਟਿੱਚ ਜਾਣਦੀਆਂ ਹਨ। ਹਰਿਆਣੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਇਹਨਾਂ ਨਾਲ ਪੰਗਾ ਲੈਣ ਤੋਂ ਡਰਦੇ ਹਨ। ਉਹ ਭਾਵੇਂ ਕਹੀ ਕੁੱਝ ਜਾਣ ਪਰ ਇਹਨਾਂ ਖਿਲਾਫ਼ ਕਾਰਵਾਈ ਕਰਨ ਦੀ ਕਿਸੇ ਸਿਆਸੀ ਆਗੂ 'ਚ ਹਿੰਮਤ ਨਹੀਂ। ਇਹੀ ਨਹੀਂ ਖਾਪ ਪੰਚਾਇਤਾਂ ਦੇ ਕਈ ਵੱਡੇ ਆਗੂ ਹਰਿਆਣੇ ਦੀਆਂ ਸਿਆਸੀ ਪਾਰਟੀਆਂ 'ਚ ਚੰਗਾ ਅਧਾਰ ਰੱਖਦੇ ਹਨ ਤੇ ਵੋਟ ਬੈਂਕ ਦੇ ਨਜ਼ਰੀਏ ਤੋਂ ਵੀ ਹਰ ਇੱਕ ਸਿਆਸੀ ਪਾਰਟੀ ਇਹਨਾਂ ਦੇ ਤੁਗਲਕੀ ਫ਼ੁਰਮਾਨਾਂ ਦੀ ਈਨ ਮੰਨਦੀ ਹੈ। ਇਸਦੀ ਸਪੱਸਟ ਉਦਾਹਰਣ ਬਲਾਤਕਾਰ ਦੇ ਮਾਮਲਿਆਂ ਦੇ ਸਬੰਧ ਵਿੱਚ ਚੌਟਾਲੇ ਦਾ ਆਇਆ ਹਾਸੋਹੀਣਾ ਬਿਆਨ ਹੈ। ਅਸਲ ਵਿੱਚ 16 ਸਾਲ ਤੋਂ ਪਹਿਲਾਂ ਧੀਆਂ ਦਾ ਵਿਆਹ ਕਰਨ ਵਾਲਾ ਮਸ਼ਵਰਾ ਖਾਪ ਪੰਚਾਇਤ ਨੇ ਹੀ ਦਿੱਤਾ ਸੀ। ਜੇਕਰ ਹਰਿਆਣਾ ਦੇ ਹਾਲਾਤ ਦੇਖੇ ਜਾਣ ਤਾਂ ਇਹ ਜਾਪਦਾ ਹੈ ਕਿ ਕਾਨੂੰਨ ਨਾਮ ਦੀ ਇੱਥੇ ਕੋਈ ਚੀਜ਼ ਨਹੀਂ। ਇਸ ਗੱਲ ਦੀ ਗਵਾਹੀ ਇਹ ਤੱਥ ਭਰਦੇ ਹਨ ਕਿ ਪਿਛਲੇ ਸਾਲ ਰਾਜ ਵਿੱਚ ਬਲਾਤਕਾਰ ਦੇ 733 ਮਾਮਲੇ ਦਰਜ ਹੋਏ ਤੇ ਪੁਲਿਸ ਇਹਨਾਂ ਵਿੱਚੋਂ 289 ਬਲਾਤਕਾਰੀਆਂ ਦੀ ਪਹਿਚਾਣ ਤੱਕ ਵੀ ਨਹੀਂ ਕਰ ਪਾਈ। ਅਜਿਹੀ ਹਾਲਤ ਵਿੱਚ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿੰਨੀਆਂ ਕੁ ਪੀੜਿਤ ਕੁੜੀਆਂ ਨੂੰ ਇਨਸਾਫ਼ ਮਿਲਿਆ ਹੋਵੇਗਾ।

## ਬਲਾਤਕਾਰ ਨਾਲ ਸਬੰਧਿਤ ਮਾਮਲਿਆਂ ਦੀ ਗਿਣਤੀ ਵਿੱਚ ਵਾਧਾ

ਸਰਕਾਰ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਿਕ ਭਾਰਤ ਵਿੱਚ ਰੋਜ਼ਾਨਾ 20 ਬੱਚੀਆਂ ਨਾਲ ਬਲਾਤਕਾਰ ਹੁੰਦਾ ਹੈ ਤੇ 42 ਬੱਚਿਆਂ ਨੂੰ ਅਗਵਾ ਕੀਤਾ ਜਾਂਦਾ ਹੈ। 2010 ਦੇ ਮੁਕਾਬਲੇ 2011 ਵਿੱਚ ਅਜਿਹੀਆਂ ਘਟਨਾਵਾਂ 'ਚ 24 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਜੇਕਰ ਅਗਵਾ, ਬਲਾਤਕਾਰ, ਭਰੂਣ ਹੱਤਿਆ ਅਤੇ ਵੇਸ਼ਵਾਗਿਰੀ ਨਾਲ ਸਬੰਧਿਤ ਘਟਨਾਵਾਂ ਨੂੰ ਜੋੜ ਕੇ ਦੇਖਿਆ ਜਾਵੇ ਤਾਂ ਰੋਜ਼ਾਨਾ ਅਜਿਹੇ ਮਾਮਲਿਆਂ ਦੀ ਗਿਣਤੀ 90 ਤੱਕ ਪੁੱਜਦੀ ਹੈ। ਅੰਕੜਿਆਂ ਮੁਤਾਬਿਕ 2010 ਵਿੱਚ ਬੱਚੀਆਂ ਨਾਲ ਹੋਏ ਬਲਾਤਕਾਰ ਨਾਲ ਸਬੰਧਿਤ 5484 ਮਾਮਲੇ ਸਾਹਮਣੇ ਆਏ ਜਦੋਂਕਿ 2011 ਵਿੱਚ ਮਾਮਲਿਆਂ ਦੀ ਗਿਣਤੀ ਵੱਧ ਕੇ 7112 ਤੱਕ ਪੁੱਜ ਗਈ। ਇਸ ਤਰ੍ਹਾਂ ਹੀ ਅਗਵਾ ਨਾਲ ਸਬੰਧਿਤ 2010 ਵਿੱਚ 10670 ਮਾਮਲੇ ਸਾਹਮਣੇ ਆਏ ਜਦੋਂਕਿ 2011 ਵਿੱਚ ਮਾਮਲਿਆਂ ਦੀ ਗਿਣਤੀ 15282 ਤੱਕ ਪੁੱਜ ਗਈ। ਅਜਿਹੀਆਂ ਘਟਨਾਵਾਂ ਸਭ ਨਾਲੋਂ ਵੱਧ ਉੱਤਰ ਪ੍ਰਦੇਸ਼ ਵਿੱਚ ਵਾਪਰਦੀਆਂ ਹਨ ਇਸ ਮਾਮਲੇ ਵਿੱਚ ਪੰਜਾਬ, ਹਰਿਆਣਾ ਤੋਂ ਅੱਗੇ ਹੈ। ਇਸ ਦਰਜ਼ਾਬੰਦੀ ਵਿੱਚ ਪੰਜਾਬ ਦਾ ਛੇਵਾਂ ਅਤੇ ਹਰਿਆਣਾ ਦਾ ਸੱਤਵਾਂ ਸਥਾਨ ਹੈ।

ਨਦਬ



# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਗਰੀਬ ਲਈ ਸਫ਼ਰ ਮਹਿੰਗਾ




ਪੰਜਾਬ 'ਚ ਬੱਸ ਕਿਰਾਏ ਵਿੱਚ 20 ਪ੍ਰਤੀਸ਼ਤ ਵਾਧਾ ਕਰ ਦਿੱਤੇ ਜਾਣ ਨਾਲ ਗਰੀਬ ਦਾ ਸਫ਼ਰ ਮਹਿੰਗਾ ਹੋ ਗਿਆ ਹੈ। ਬੱਸ ਕਿਰਾਏ 'ਚ ਇੰਨਾ ਵੱਡਾ ਵਾਧਾ ਪਿਛਲੇ ਕੁੱਝ ਦਹਾਕਿਆਂ 'ਚ ਦੂਜੀ ਵਾਰ ਹੋਇਆ ਹੈ। ਇਸ ਤੋਂ ਪਹਿਲਾਂ ਜਦੋਂ ਵੱਡਾ ਵਾਧਾ ਹੋਇਆ ਸੀ ਉਦੋਂ ਵੀ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਹੀ ਸੀ, ਉਦੋਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀ ਸਰਕਾਰ ਨੇ ਬੱਸ ਭਾੜੇ ਵਿੱਚ 40 ਪ੍ਰਤੀਸ਼ਤ ਦਾ ਵਾਧਾ ਕੀਤਾ ਸੀ। ਬੱਸ ਕਿਰਾਏ ਦੇ ਵਾਧੇ ਵਿਰੁੱਧ ਉਦੋਂ ਤਿੱਖਾ ਪ੍ਰਤੀਕਰਮ ਵੀ ਹੋਇਆ ਸੀ ਤੇ ਅੰਦੋਲਨ ਵੀ ਭਖਿਆ ਸੀ। ਇਸ ਵਾਰ ਵਾਧਾ ਚੁੱਪ-ਚੁੱਪੀਤੇ ਜਿਹੇ ਹੋਇਆ ਹੈ ਤੇ ਪ੍ਰਤੀਕਰਮ ਵੀ ਲਗਭਗ ਚੁੱਪ ਵਰਗਾ ਹੀ ਹੈ। ਡੀਜਲ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਨੂੰ ਅਧਾਰ ਬਣਾ ਕੇ ਬੱਸ ਕਿਰਾਏ ਵਿੱਚ ਵਾਧਾ ਕੀਤਾ ਗਿਆ ਹੈ। ਪਰ ਇੰਨਾ ਭਾਰੀ ਵਾਧਾ ਕਿੰਨਾ ਕੁ ਤਰਕਸੰਗਤ ਹੈ? ਕੀ ਇਸ ਵਾਧੇ ਨੂੰ ਡੀਜਲ ਦੇ ਔਸਤ ਖਪਤ ਨਾਲ ਜੋੜਿਆ ਗਿਆ ਹੈ? ਇਹ ਸਵਾਲ ਸੂਬੇ ਦੀ ਸਰਕਾਰ ਨੂੰ ਪੁੱਛਿਆ ਹੀ ਨਹੀਂ ਜਾ ਰਿਹਾ। ਜ਼ਿਕਰਯੋਗ ਹੈ ਕਿ ਡੀਜਲ ਵਿੱਚ ਵੀ ਲਗਭਗ 20 ਪ੍ਰਤੀਸ਼ਤ ਹੀ ਵਾਧਾ ਹੋਇਆ ਹੈ, ਪਰ ਇਹ ਵਾਧਾ ਪ੍ਰਤੀ ਲਿਟਰ ਹਇਆ ਹੈ ਜਦਕਿ ਬੱਸ ਕਿਰਾਏ ਵਿੱਚ 20 ਪ੍ਰਤੀਸ਼ਤ ਦਾ ਵਾਧਾ ਪ੍ਰਤੀ ਕਿਲੋਮੀਟਰ ਕੀਤਾ ਗਿਆ ਹੈ। ਇਹ ਵਾਧਾ ਉਦੋਂ ਹੀ ਤਰਕਸੰਗਤ ਬਣਦਾ ਹੈ, ਜਦੋਂ ਵਾਹਨ ਦੀ ਡੀਜਲ ਖਪਤ ਇੱਕ ਲੀਟਰ ਪ੍ਰਤੀ ਕਿਲੋਮੀਟਰ ਹੀ ਹੋਵੇ। ਬੱਸ ਕਿਰਾਏ ਵਿੱਚ ਵਾਧੇ ਦਾ ਬੋਝ ਹਰ ਬੱਸ ਯਾਤਰੀ ਉੱਪਰ ਹੀ ਵਧਿਆ ਹੈ ਤੇ ਬੱਸ ਯਾਤਰੀ ਲਗਭਗ ਹਰ ਵਰਗ ਨਾਲ ਸਬੰਧਿਤ ਹਨ। ਉੱਪਰਲੇ ਵਰਗ ਅਤੇ ਮੱਧਵਰਗੀ ਨੌਕਰੀਪੇਸ਼ਾ ਵਰਗਾਂ ਵਿੱਚ ਵਧੇ ਹੋਏ ਖਰਚੇ ਝੱਲਣ ਦੀ ਕਿਵੇਂ ਨਾ ਕਿਵੇਂ ਸਮਰੱਥਾ ਬਣ ਹੀ ਜਾਂਦੀ ਹੈ। ਦੂਜੇ ਪਾਸੇ ਇਹ ਵਰਗ ਮਹਿੰਗੇ ਦੀ ਥਾਂ ਸੁਵਿਧਾਜਨਕ ਸਫ਼ਰ ਨੂੰ ਤਰਜੀਹ ਦਿੰਦੇ ਹਨ। ਇਸ ਲਈ ਇਹ ਵਰਗ ਵਧੇ ਕਿਰਾਏ ਦਾ ਘੱਟ ਸੇਕ ਮਹਿਸੂਸ ਕਰਦੇ ਹਨ। ਗਰੀਬ ਆਦਮੀ ਦੀ ਕਮਾਈ ਕਿਉਂਕਿ ਰੋਟੀ ਦੇ ਜੁਗਾੜ ਤੱਕ ਹੀ ਮਹਿਦੂਦ ਹੁੰਦੀ ਹੈ, ਇਸ ਲਈ ਵਧਿਆ ਕਿਰਾਇਆ ਉਹਨਾਂ ਲਈ ਚੁਕਾਉਣਾ ਔਖਾ ਹੈ। ਪੰਜਾਬ ਦੇ ਲੋਕਾਂ 'ਤੇ ਬੱਸ ਕਿਰਾਏ ਦਾ ਬੋਝ ਉਦੋਂ ਲੱਦਿਆ ਗਿਆ ਹੈ, ਜਦੋਂ ਪਹਿਲਾਂ ਹੀ ਉਹਨਾਂ ਉੱਪਰ ਕਈ ਤਰ੍ਹਾਂ ਦੇ ਕਰ ਲਗਾਏ ਜਾ ਚੁੱਕੇ ਹਨ। ਅਜੇ ਪਿੱਛੇ ਜਿਹੇ ਹੀ ਬਿਜਲੀ ਦਰਾਂ ਦੇ ਵਾਧੇ ਦਾ ਵੀ ਉਹਨਾਂ ਉੱਪਰ ਬੋਝ ਪਾਇਆ ਗਿਆ ਹੈ। ਪੰਜਾਬ ਦੀ ਭਾਰੂ ਰਾਜਨੀਤੀ ਵਿੱਚ ਆੜ੍ਹਤੀਆਂ ਦੇ ਨਾਲ-ਨਾਲ ਟਰਾਂਸਪੋਟਰਾਂ ਦਾ ਵੀ ਬੋਲਬਾਲਾ ਹੈ। ਹੁਕਮਰਾਨ ਧਿਰ ਤੇ ਵਿਰੋਧੀ ਧਿਰ ਦੇ ਬਹੁਤ ਸਾਰੇ ਵਿਧਾਇਕ ਨਾਮੀ ਟਰਾਂਸਪੋਟਰ ਹਨ। ਇਸ ਲਈ ਇਸ ਵਾਧੇ ਨਾਲ ਵਿਧਾਨ ਸਭਾ ਅੰਦਰਲੀ ਰਾਜਨੀਤੀ ਵਿੱਚੋਂ ਤਾਂ ਇਸ ਵਾਧੇ ਵਿਰੁੱਧ ਕੋਈ ਰੋਹ ਦੀ ਸੰਭਾਵਨਾ ਨਹੀਂ। ਸਰਕਾਰ ਅਤੇ ਸਰਕਾਰੀ ਵਿਰੋਧੀ ਧਿਰ ਵੱਲੋਂ ਤਾਂ ਕੋਈ ਹਾਅ ਦਾ ਨਾਅਰਾ ਨਹੀਂ ਮਾਰੇਗਾ। ਤੀਜੇ ਮੋਰਚੇ ਨੇ ਜਰੂਰ ਇਸ ਮੁੱਦੇ ਨੂੰ ਆਪਣੇ ਵਿਰੋਧ ਦੇ ਏਜੰਡੇ ਉੱਪਰ ਥਾਂ ਦਿੱਤੀ ਹੈ। ਵਿਰੋਧ ਦੀ ਰੂਪ ਰੇਖਾ ਉਲੀਕਣ ਲਈ ਮੋਰਚੇ ਦੀ ਮੀਟਿੰਗ ਵੀ ਸੱਦੀ ਗਈ ਸੀ, ਪਰ ਲੱਗਦਾ ਨਹੀਂ ਕਿ ਇਹ ਵਿਰੋਧ ਕਿਸੇ ਨਤੀਜੇ ਤੱਕ ਪਹੁੰਚੇਗਾ।

## ਸਫ਼ਰ ਵਿੱਚ ਜੀਵਨ ਸਸਤਾ



ਪੰਜਾਬ ਵਿੱਚ ਸੜਕੀ ਸਫ਼ਰ ਦਿਨੋਂ-ਦਿਨ ਵਧੇਰੇ ਅਸੁਰੱਖਿਅਤ ਹੁੰਦਾ ਜਾ ਰਿਹਾ ਹੈ। ਕਾਰਨ ਕਈ ਹਨ। ਆਵਾਜਾਈ ਵਿੱਚ ਭਾਰੀ ਵਾਧਾ ਹੋ ਗਿਆ ਹੈ, ਟਰੈਫਿਕ ਕਈ ਗੁਣਾਂ ਵੱਧ ਗਿਆ ਹੈ। ਪਰ ਸੜਕਾਂ ਦਾ ਵਿਕਾਸ ਟਰੈਫਿਕ ਦੇ ਵਾਧੇ ਦੇ ਅਨੁਪਾਤ ਨਾਲ ਨਹੀਂ ਹੋ ਸਕਿਆ, ਜਾਂ ਫਿਰ ਸਰਕਾਰਾਂ ਦੀ ਨਾਅਹਿਲੀ ਕਾਰਨ ਹੋ ਨਹੀਂ ਸਕਿਆ। ਸੜਕਾਂ ਲਈ ਸਰਕਾਰਾਂ ਕੋਲ ਨਾ ਕੋਈ ਨੀਤੀ ਹੈ ਨਾ ਕੋਈ ਬਜਟ। ਸੜਕਾਂ 'ਤੇ ਚੱਲਦੇ ਵਾਹਨਾਂ ਤੋਂ ਟੈਕਸ ਜਰੂਰ ਉਗਰਾਹੇ ਜਾ ਰਹੇ ਹਨ, ਪਰ ਇਹ ਪਤਾ ਨਹੀਂ ਕਿੱਧਰ ਜਾਂਦੇ ਹਨ। ਭਾਵ ਲੋਕ ਸੜਕਾਂ ਦੇ ਵਿਕਾਸ ਲਈ ਟੈਕਸ ਦੇਣ ਤੋਂ ਇਲਾਵਾ ਟੋਲ-ਪਲਾਜਾ 'ਤੇ ਸੜਕਾਂ ਦੇ ਠੇਕੇਦਾਰਾਂ ਲਈ ਵੱਖਰਾ ਧਨ ਜੁਟਾ ਰਹੇ ਹਨ। ਪੈਸਾ ਜਨਤਾ ਦਾ ਹੈ ਪੈਂਠ ਸਿਆਸਤਦਾਨ ਬਣਾ ਰਹੇ ਹਨ ਤੇ ਅੱਗੋਂ ਉਹ ਸੜਕਾਂ ਦੇ ਵਿਕਾਸ ਦਾ ਸਿਹਰਾ ਆਪਣੇ ਸਿਰ ਬੰਨ ਕੇ ਸਿਆਸੀ ਬਾਜ਼ਾਰ ਵਿੱਚ ਆਪਣੀ ਦੁਕਾਨਦਾਰੀ ਹੋਰ ਚਮਕਾ ਰਹੇ ਹਨ। ਖੈਰ! ਗੱਲ ਸੜਕੀ ਸਫ਼ਰ ਦੀ ਅਸੁਰੱਖਿਅਤ ਹੋਣ ਦੀ ਚੱਲ ਰਹੀ ਸੀ। ਘੱਟ ਚੌੜੀਆਂ ਤੇ ਖਸਤਾ ਹਾਲਤ ਸੜਕਾਂ ਵੀ ਅਸੁਰੱਖਿਆ ਦਾ ਇੱਕ ਕਾਰਨ ਹਨ, ਇੱਕ ਹੋਰ ਵੱਡਾ ਕਾਰਨ ਸੜਕਾਂ ਉੱਪਰ ਆਵਾਜਾਈ ਦੇ ਨਿਯੰਤਰਣ ਦਾ ਵੀ ਹੈ। ਆਮ ਕਰਕੇ ਦੇਖਣ ਵਿੱਚ ਆਉਂਦਾ ਹੈ ਕਿ ਵਾਹਨਾਂ ਦੇ ਚਲਾਕ ਸੜਕੀ ਆਵਾਜਾਈ ਦੇ ਨਿਯਮਾਂ ਦੀ ਪਰਵਾਹ ਨਹੀਂ ਕਰਦੇ। ਬਹੁਤੇ ਚਾਲਕਾਂ ਨੂੰ ਤਾਂ ਇਹਨਾਂ ਨਿਯਮਾਂ ਦਾ ਗਿਆਨ ਹੀ ਨਹੀਂ ਹੁੰਦਾ। ਚਾਲਕਾਂ ਲਈ ਲਾਇਸੈਂਸ ਵੀ ਸਬੰਧਿਤ ਮਹਿਕਮੇ ਵੱਲੋਂ ਬਿਨਾ ਪਰਖ ਤੋਂ ਹੀ ਜਾਰੀ ਕਰ ਦਿੱਤੇ ਜਾਂਦੇ ਹਨ। ਵਾਹਨਾਂ ਦੀ ਗਤੀ ਉੱਪਰ ਵੀ ਆਵਾਜਾਈ ਦੌਰਾਨ ਨਿਯੰਤਰਣ ਦੀ ਕੋਈ ਵਿਵਸਥਾ ਨਹੀਂ ਹੈ। ਕਈ ਚਾਲਕ ਤਾਂ ਖਤਰਨਾਕ ਤੋਂ ਵੀ ਵੱਧ ਗਤੀ 'ਤੇ ਆਪਣਾ ਵਾਹਨ ਚਲਾਉਂਦੇ ਹਨ। ਉਹ ਇੱਕ ਤਰ੍ਹਾਂ ਨਾਲ ਸੜਕ ਉੱਪਰ ਦਹਿਸ਼ਤ ਦਾ ਮਹੌਲ ਹੀ ਪੈਦਾ ਕਰ ਦਿੰਦੇ ਹਨ। ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਬਹੁਤੇ ਚਾਲਕ ਤੇ ਮੁਸਾਫਿਰ ਘਬਰਾ ਕੇ ਹੀ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਜੇਕਰ ਅਸਧਾਰਣ ਤੇਜ਼ ਗਤੀ 'ਤੇ ਵਾਹਨ ਬੇਕਾਬੂ ਹੋ ਜਾਵੇ ਤਾਂ ਬੜੇ ਹੌਲਨਾਕ ਹਾਦਸੇ ਵਾਪਰਦੇ ਹਨ। ਵਾਹਨ ਜਦੋਂ ਤੱਕ ਸ਼ਹਿਰਾਂ/ ਕਸਬਿਆਂ (ਖਾਸ ਕਰਕੇ ਵੱਡੇ ਸ਼ਹਿਰਾਂ) ਵਿੱਚੋਂ ਗੁਜ਼ਰ ਰਹੇ ਹੁੰਦੇ ਹਨ, ਉਦੋਂ ਤੱਕ ਤਾਂ ਇਹਨਾਂ ਦੀ ਗਤੀ ਅਤੇ ਚਾਲਕਾਂ ਦੀ ਯੋਗਤਾ ਉੱਪਰ ਨਜ਼ਰ ਰੱਖਣ ਦੀ ਕੁੱਝ ਨਾ ਕੁੱਝ ਵਿਵਸਥਾ ਹੁੰਦੀ ਹੈ ਪਰ ਜਦੋਂ ਇਹ ਸ਼ਹਿਰਾਂ ਤੋਂ ਥੋੜ੍ਹਾ ਦੂਰ ਨਿਕਲ ਜਾਂਦੇ ਹਨ ਉਦੋਂ ਇਹਨਾਂ ਨੂੰ ਦੇਖਣ ਵਾਲਾ ਕੋਈ ਨਹੀਂ ਹੁੰਦਾ। ਕਿਤੇ-ਕਿਤੇ ਡੀ ਟੀ ਓ ਨਾਕਾ ਲਾਈ ਜਰੂਰ ਖੜਾ ਹੁੰਦਾ ਹੈ ਉਹ ਵੀ ਪੈਸੇ ਬਣਾਉਣ ਲਈ ਨਾ ਕਿ ਸੜਕ ਸੁਧਾਰਾਂ ਲਈ। ਵਧੇਰੇ ਹਾਦਸੇ ਵੀ ਸ਼ਹਿਰਾਂ ਤੋਂ ਜ਼ਰਾ ਦੂਰ ਵਾਪਰਦੇ ਹਨ, ਜਿੱਥੇ ਵਾਹਨ ਚਾਲਕ ਜ਼ਿਆਦਾ ਖੁੱਲ੍ਹ ਲੈਂਦੇ ਹਨ। ਸੜਕੀ ਆਵਾਜਾਈ ਦੀ ਇਹ ਸਥਿਤੀ ਕਾਫ਼ੀ ਚਿੰਤਾਜਨਕ ਹੈ। ਅਖ਼ਬਾਰਾਂ ਵਿੱਚ ਰੋਜ਼ ਸੜਕੀ ਹਾਦਸਿਆਂ ਦੀ ਦਿਲ ਦਹਿਲਾ ਦੇਣ ਵਾਲੀਆਂ ਖ਼ਬਰਾਂ ਪ੍ਰਕਾਸ਼ਿਤ ਹੁੰਦੀਆਂ ਹਨ। ਕਈ ਸੜਕੀ ਹਾਦਸਿਆਂ ਵਿੱਚ ਪੂਰੇ ਦਾ ਪੂਰਾ ਟੱਬਰ ਚਲਾਣਾ ਕਰ ਗਿਆ ਹੁੰਦਾ ਹੈ। ਕੁੱਝ ਗੱਡੀਆਂ ਅਜਿਹੀਆਂ ਹਨ ਜਿਹੜੀਆਂ ਅਰਾਮਦੇਹ ਹਨ, ਪੂਰਾ ਪਰਿਵਾਰ ਬੜੇ ਅਰਾਮ ਨਾਲ ਇਹਨਾਂ 'ਚ ਬੈਠ ਜਾਂਦਾ ਹੈ, ਪਰ ਇਹਨਾਂ ਦੀ ਸਪੀਡ ਬਹੁਤ ਹੈ। ਅਕਸਰ ਆਪਣੇ ਬਾਹਰੋਂ ਆਏ ਰਿਸ਼ਤੇਦਾਰਾਂ ਨੂੰ ਪੂਰਾ ਪਰਿਵਾਰ ਇਹਨਾਂ ਵਿੱਚ ਬੈਠ ਕੇ ਹੀ ਲੈਣ ਜਾਂਦਾ ਹੈ। ਇਸ ਤਰ੍ਹਾਂ ਦੀਆਂ ਗੱਡੀਆਂ ਦੇ ਹਾਦਸਾਗ੍ਰਸਤ ਹੋਣ ਦੀਆਂ ਘਟਨਾਵਾਂ ਬਹੁਤ ਵਾਪਰਦੀਆਂ ਹਨ। ਹਾਸੇ ਤੇ ਖੇੜੇ ਕੁਰਲਾਹਟਾਂ ਵਿੱਚ ਬਦਲ ਜਾਂਦੇ ਹਨ। ਪਿੰਡ ਤਾਂ ਕੀ ਕਈ ਵਾਰ ਇਹਨਾਂ ਨਾਲ ਪੂਰੇ ਇਲਾਕੇ ਵਿੱਚ ਮਾਤਮ ਛਾ ਜਾਂਦਾ ਹੈ। ਸੜਕੀ ਆਵਾਜਾਈ ਸਰਬ-ਪੱਖੀ ਜ਼ਿੰਮੇਵਾਰੀ ਦੀ ਮੰਗ ਵੀ ਕਰਦੀ ਹੈ, ਪਰ ਸਰਕਾਰ ਕਿਉਂਕਿ ਲੋਕਾਂ ਤੋਂ ਸੜਕੀ ਪ੍ਰਬੰਧ ਲਈ ਕਰ ਵਸੂਲਦੀ ਹੈ, ਇਸ ਲਈ ਸੜਕੀ ਸੁਰੱਖਿਆ ਦੀ ਮੁੱਖ ਜ਼ਿੰਮੇਵਾਰੀ ਸਰਕਾਰ ਦੀ ਹੀ ਬਣਦੀ ਹੈ। ਸੜਕੀ ਵਿਵਸਥਾ ਅਜਿਹੀ ਹੋਵੇ ਕਿ ਸਮੁੱਚੇ ਸਫ਼ਰ ਦੌਰਾਨ ਚਾਲਕ ਤੇ ਵਾਹਨ ਉੱਪਰ ਨਜ਼ਰ ਰੱਖੀ ਜਾ ਸਕੇ।

## ਪੰਜਾਬ 'ਚ ਨਸ਼ੇ ਤੇ ਸਿਆਸੀ ਵਿਵਾਦ



ਪੰਜਾਬ ਦਾ ਨਸ਼ਾ ਵਪਾਰ ਅਕਸਰ ਸੁਰਖੀਆਂ ਵਿੱਚ ਰਹਿੰਦਾ ਹੈ। ਆਏ ਦਿਨ ਨਸ਼ੇ ਦੇ ਤਸਕਰਾਂ ਕੋਲੋਂ ਵੱਖ-ਵੱਖ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਬਰਾਮਦ ਹੁੰਦੀਆਂ ਰਹਿੰਦੀਆਂ ਹਨ। ਇਹਨਾਂ ਨਸ਼ਿਆਂ ਵਿੱਚ ਕਈ ਨਸ਼ੇ ਅਤਿ ਘਾਤਕ ਹਨ। ਪੰਜਾਬ ਵਿੱਚ ਨਸ਼ਿਆਂ ਦੇ ਕੌਮਾਂਤਰੀ ਸੌਦੇਗਰਾਂ ਦੀ ਵੀ ਕਮੀ ਨਹੀਂ। ਇਹ ਲੋਕ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਨੂੰ ਵੀ ਆਪਣੇ ਨਜਾਇਜ਼ ਵਪਾਰ ਲਈ ਵਰਤਦੇ ਹਨ। ਦੇਖਣ ਨੂੰ ਸ਼ਰੀਫ਼ ਤੇ ਰੱਜੇ-ਪੁੱਜੇ ਨੌਜਵਾਨਾਂ ਦੀ ਅਸਲੀਅਤ ਜਦੋਂ ਸਾਹਮਣੇ ਆਉਂਦੀ ਹੈ ਤਾਂ ਲੋਕ ਹੱਕੇ-ਬੱਕੇ ਰਹਿ ਜਾਂਦੇ ਹਨ। ਲੁਧਿਆਣਾ ਜਿਲ੍ਹੇ ਦੀ ਇੱਕ ਨਾਮੀ ਅੰਤਰਰਾਸ਼ਟਰੀ ਸਖ਼ਸ਼ੀਅਤ ਦਾ ਜਦੋਂ ਨਸ਼ਿਆਂ ਦੇ ਤਸਕਰ ਵਜੋਂ ਪਰਦਾਫਾਸ ਹੋਇਆ ਤਾਂ ਲੋਕ ਹੱਥ ਮਲਦੇ ਰਹਿ ਗਏ। ਵਿਡੰਬਨਾ ਇਹ ਹੈ ਕਿ ਇਹ ਵਿਅਕਤੀ ਖੇਡ ਕਲੱਬ ਚਲਾ ਰਿਹਾ ਸੀ। ਇੱਕ ਪਾਸੇ ਨਸ਼ੇ ਦਾ ਕਾਰੋਬਾਰ ਦੂਜੇ ਬੰਨੇ ਖੇਡਾਂ ਦੀ ਸਰਪ੍ਰਸਤੀ ਦੋਵਾਂ ਦਰਮਿਆਨ ਸਮਤੋਲ ਕੇਵਲ ਸ਼ੈਤਾਨ ਹੀ ਬਿਠਾ ਸਕਦਾ ਹੈ। ਪਿਛਲੇ ਦਿਨੀਂ ਜਦੋਂ ਪੰਜਾਬ ਫੇਰੀ ਦੌਰਾਨ ਕਾਂਗਰਸੀ ਯੁਵਰਾਜ ਰਾਹੁਲ ਗਾਂਧੀ ਨੇ ਇਹ ਬਿਆਨ ਦਿੱਤਾ ਕਿ ਪੰਜਾਬ ਦੇ 70 ਪ੍ਰਤੀਸ਼ਤ ਨੌਜਵਾਨ ਨਸ਼ਿਆਂ ਵਿੱਚ ਗ੍ਰਸਤ ਹਨ ਤਾਂ ਨਸ਼ੇ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਿਆ। ਰਾਹੁਲ ਗਾਂਧੀ ਦੇ ਕਹਿਣ ਦਾ ਸਿਆਸੀ ਅਰਥ ਸ਼ਾਇਦ ਇਹ ਸੀ ਕਿ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ, ਪਰ ਪੰਜਾਬ ਸਰਕਾਰ ਇਸ ਰੁਝਾਨ ਨੂੰ ਠੱਲਣ ਲਈ ਕੁੱਝ ਵੀ ਨਹੀਂ ਕਰ ਰਹੀ। ਰਾਹੁਲ ਗਾਂਧੀ ਦੇ ਬਿਆਨ ਦੀ ਹੁਕਮਰਾਨ ਧਿਰ ਨੇ ਕਾਫ਼ੀ ਅਲੋਚਨਾ ਕੀਤੀ। ਹੇਠਲੀ ਪੱਧਰ ਦੇ ਆਗੂਆਂ ਨੇ ਰਾਹੁਲ ਗਾਂਧੀ ਦੇ ਬਿਆਨ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਿਵੇਂ ਰਾਹੁਲ ਗਾਂਧੀ ਨੇ ਪੰਜਾਬੀ ਨੌਜਵਾਨਾਂ ਨੂੰ ਗਾਲ੍ਹ ਕੱਢੀ ਹੋਵੇ, ਉਹਨਾਂ ਨੇ ਰਾਹੁਲ ਗਾਂਧੀ ਨੂੰ ਆਪਣੇ ਇਸ ਬਿਆਨ 'ਤੇ ਮਾਫ਼ੀ ਮੰਗਣ ਲਈ ਕਿਹਾ। ਪਰ ਜਦੋਂ ਅਖ਼ਬਾਰਾਂ ਨੇ ਕੁੱਝ ਪਿੰਡਾਂ ਅਤੇ ਇਲਾਕਿਆਂ ਵਿੱਚ ਨਸ਼ਿਆਂ ਦੇ ਦੁਰਪ੍ਰਭਾਵ ਦੀਆਂ ਰਿਪੋਰਟਾਂ ਛਾਪੀਆਂ ਤਾਂ ਹੁਕਮਰਾਨ ਧਿਰ ਨੇ ਆਪਣਾ ਰਵੱਈਆ ਬਦਲ ਲਿਆ। ਹੇਠਲੀ ਕਤਾਰ ਦੇ ਆਗੂਆਂ ਨੇ ਪ੍ਰਤੀਕਰਮ ਦੇਣੇ ਬੰਦ ਕਰ ਦਿੱਤੇ। ਉੱਪਰਲੀ ਲੀਡਰਸ਼ਿਪ ਨੇ ਹਕੀਕਤ ਨੂੰ ਸਵੀਕਾਰ ਕਰਦਿਆਂ ਨਸ਼ਿਆਂ ਦੀ ਤਸਕਰੀ ਲਈ ਕੇਂਦਰ ਸਰਕਾਰ ਦੀਆਂ ਏਜੰਸੀਆਂ ਨੂੰ ਦੋਸ਼ੀ ਠਹਿਰਾਇਆ। ਪਾਕਿਸਤਾਨ ਅਤੇ ਰਾਜਸਥਾਨ ਤੋਂ ਆਉਂਦੇ ਨਸ਼ੇ ਸਬੰਧੀ ਇਹ ਗੱਲ ਕਾਫ਼ੀ ਹੱਦ ਤੱਕ ਠੀਕ ਵੀ ਹੈ। ਪਰ ਜਿੱਥੋਂ ਤੱਕ ਸਵਾਲ ਨਸ਼ਿਆਂ ਦੀ ਸੂਬੇ ਅੰਦਰ ਪੈਦਾ ਹੋ ਰਹੀ ਮੰਗ ਅਤੇ ਖਪਤ ਦਾ ਹੈ, ਇਸਦੀ ਜ਼ੁੰਮੇਵਾਰੀ ਤਾਂ ਪੰਜਾਬ ਸਰਕਾਰ ਨੂੰ ਆਪਣੇ ਸਿਰ ਹੀ ਲੈਣੀ ਚਾਹੀਦੀ ਹੈ। ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਬੇਰੁਜ਼ਗਾਰੀ ਹੈ। ਬੇਰੁਜ਼ਗਾਰਾਂ ਵਿੱਚ ਮਾਯੂਸੀ ਹੈ, ਨਿਰਾਸ਼ਾ ਹੈ, ਜੋ ਨਸ਼ਿਆਂ ਦੇ ਸੇਵਨ ਲਈ ਉਕਸਾਉਂਦੀ ਹੈ। ਤਸਕਰ ਤੇ ਅਪਰਾਧੀ ਜਿਹੜੇ ਸੂਬੇ ਤੋਂ ਬਾਹਰ ਹਨ, ਉਹਨਾਂ ਨੂੰ ਤਾਂ ਕੇਂਦਰ ਦੀਆਂ ਜ਼ਿੰਮੇਵਾਰੀਆਂ ਦੇ ਖਾਤੇ ਵਿੱਚ ਪਾਇਆ ਜਾ ਸਕਦਾ ਹੈ ਪਰ ਸੂਬੇ ਅੰਦਰਲੇ ਤਸਕਰਾਂ ਨੂੰ ਹੱਥ ਪਾਉਣਾ ਤਾਂ ਸੂਬੇ ਦੀ ਸਰਕਾਰ ਦਾ ਹੀ ਕੰਮ ਹੈ।

## ਸ਼ਰੁਤੀ ਅਤੇ ਸਮਾਜਿਕ ਸੁਰੱਖਿਆ



ਸ਼ਰੁਤੀ ਅਗਵਾ ਕਾਂਡ ਨੂੰ ਲੈ ਕੇ ਬੀਤੀ ਦਿਨੀਂ ਤਕੜਾ ਅੰਦੋਲਨ ਚੱਲਿਆ। ਅਗਵਾਕਾਰਾਂ ਨੂੰ ਫੜਨ ਲਈ ਪੁਲਿਸ ਅਤੇ ਪ੍ਰਸ਼ਾਸਨ ਉੱਪਰ ਭਾਰੀ ਜਨਤਕ ਦਬਾਅ ਬਣਾਇਆ ਗਿਆ। ਦਬਾਅ ਬਣਾਉਣ ਵਾਲਿਆਂ ਵਿੱਚ ਸਥਾਨਕ ਵਿਧਾਇਕ, ਜੋ ਹੁਕਮਰਾਨ ਗਠਜੋੜ ਦਾ ਹਿੱਸਾ ਹੈ, ਵੀ ਸ਼ਾਮਲ ਰਿਹਾ। ਸ਼ਰੁਤੀ ਨੂੰ ਨਿਸ਼ਾਨ ਸਿੰਘ ਨਾਂ ਦਾ ਇੱਕ ਲੜਕਾ ਪਿਸਤੌਲ ਦੀ ਨੋਕ ਅਤੇ ਆਪਣੀ ਗੁੰਡਾ-ਗਰਦੀ ਦੀ ਸਹਾਇਤਾ ਨਾਲ ਅਗਵਾ ਕਰਕੇ ਲੈ ਗਿਆ ਸੀ। ਨਿਸ਼ਾਨ ਸਿੰਘ ਦਾ ਬਚਾਅ ਕਰਨ ਵਾਲਿਆਂ ਨੇ ਪੱਖ ਪੇਸ਼ ਕੀਤਾ ਕਿ ਲੜਕੀ ਆਪਣੀ ਮਰਜ਼ੀ ਨਾਲ ਨਿਸ਼ਾਨ ਸਿੰਘ ਨਾਲ ਗਈ ਹੈ। ਦੋਵਾਂ ਦੇ ਵਿਆਹ ਦੀਆਂ ਤਸਵੀਰਾਂ ਵੀ ਨਸ਼ਰ ਕੀਤੀਆਂ ਗਈਆਂ, ਪਰ ਅਜਿਹਾ ਪੱਖ ਪੇਸ਼ ਕਰਨ ਵਾਲਿਆਂ ਦੀ ਕੋਈ ਦਲੀਲ, ਕਾਨੂੰਨੀ ਜਾਂ ਨੈਤਿਕ ਪੱਖ ਤੋਂ ਦਿਲ ਨਹੀਂ ਲੱਗਦੀ। ਲੜਕੀ ਕਿਉਂਕਿ ਨਾਬਾਲਗ ਹੈ ਇਸ ਲਈ ਜੇਕਰ ਉਸ ਨਾਲ ਵਿਆਹ (ਭਾਵੇਂ ਸਹਿਮਤੀ ਨਾਲ ਹੀ) ਕਰਵਾਇਆ ਗਿਆ ਤਾਂ ਉਹ ਵੀ ਗੈਰ-ਕਾਨੂੰਨੀ ਹੈ। ਇਸੇ ਤਰ੍ਹਾਂ ਜੇਕਰ ਲੜਕੀ ਸਹਿਮਤ ਸੀ ਤਾਂ ਲੜਕੀ ਨੂੰ ਲੈ ਕੇ ਜਾਣ ਸਮੇਂ ਗੁੰਡਾ-ਗਰਦੀ ਦਾ ਨੰਗਾ ਨਾਚ ਕਿਉਂ ਕੀਤਾ ਗਿਆ। ਸ਼ਰੁਤੀ ਨੂੰ ਗੋਆ ਬੀਚ 'ਤੇ ਨਿਸ਼ਾਨ ਸਿੰਘ ਦੇ ਕਬਜ਼ੇ 'ਚੋਂ ਬਰਾਮਦ ਕਰ ਲਿਆ ਗਿਆ ਹੈ। ਨਿਸ਼ਾਨ ਸਿੰਘ ਦੇ ਪੱਖ ਵਿੱਚ ਬਚਾਅ ਕਰਨ ਵਾਲੇ ਫਿਰ ਉੱਪਰਲੀਆਂ ਦਲੀਲਾਂ ਹੀ ਦੁਹਰਾਅ ਰਹੇ ਹਨ। ਸ਼ਰਮ ਵਾਲੀ ਗੱਲ ਇਹ ਹੈ ਕਿ ਬਚਾਅ ਪੱਖ ਦੀਆਂ ਦਲੀਲਾਂ ਦੇਣ ਵਾਲਿਆਂ ਵਿੱਚ ਪੰਜਾਬ ਦਾ ਵਿਵਾਦਗ੍ਰਸਤ ਡੀ ਜੀ ਪੀ ਸੁਮੇਧ ਸੈਣੀ ਮੋਹਰੀ ਹੈ। ਉਹ ਸਿਆਸਤਦਾਨਾਂ ਵਾਂਗ ਬਿਆਨ ਦੇ ਰਿਹਾ ਹੈ ਜਦਕਿ ਉਹ ਇੱਕ ਉੱਚ ਪੁਲਿਸ ਅਧਿਕਾਰੀ ਹੈ। ਖ਼ੈਰ! ਕੁੱਝ ਵੀ ਹੋਵੇ, ਸ਼ਰੁਤੀ ਮਾਮਲਾ ਸਾਨੂੰ ਇੱਕ ਵਾਰ ਫਿਰ ਔਰਤ ਦੀ ਸਮਾਜਿਕ ਸੁਰੱਖਿਆ ਦੇ ਮਾਮਲੇ ਵਿੱਚ ਚਿੰਤਤ ਕਰਦਾ ਹੈ। ਸਾਡਾ ਸਮਾਜ ਅਜੇ ਤੱਕ ਵੀ ਅਰਧ ਜੰਗੀਰੂ ਸੋਚ ਵਾਲਾ ਸਮਾਜ ਹੈ। ਇਸਦੇ ਨਾਲ ਹੀ ਇਸਦੀ ਸੋਚ ਅਰਧ ਪੂੰਜੀਵਾਦੀ ਵੀ ਹੈ। ਇਹਨਾਂ ਦੋਵਾਂ ਸੋਚਾਂ ਦੀ ਚੱਕੀ ਦੇ ਪੁੜਾਂ ਵਿੱਚ ਪਿਸ ਰਹੀ ਹੈ ਸਾਡੀ ਨਾਰੀ। ਜਿੱਥੇ ਅਰਧ ਜੰਗੀਰੂ ਸੋਚ ਔਰਤ ਦੀ ਅਜ਼ਾਦੀ ਨੂੰ ਹਾਰ ਹੀਲੇ ਛਾਂਗਣ ਨੂੰ ਤਿਆਰ ਰਹਿੰਦੀ ਹੈ ਉੱਥੇ ਅਰਧ ਪੂੰਜੀਵਾਦੀ ਸੋਚ ਔਰਤ ਦੇ ਵਜੂਦ ਨੂੰ ਹੜੱਪਣ 'ਤੇ ਹੀ ਤੁਲੀ ਹੋਈ ਹੈ। ਅਜਿਹੀਆਂ ਸੋਚਾਂ ਦੀ ਮੌਜੂਦਗੀ ਵਿੱਚ ਸਾਡੀ ਨਾਰੀ ਸ਼ਰੁਤੀ ਬਣੀ ਹੋਈ ਹੈ। ਦਮਨ ਅਤੇ ਤਸੀਹੇ ਸਹਿ ਰਹੀ ਹੈ। ਉਸ ਲਈ ਸਮਾਜਿਕ ਸੁਰੱਖਿਆ ਦਾ ਮਾਮਲਾ ਬੇਹੱਦ ਜਟਿਲ ਬਣਿਆ ਹੋਇਆ ਹੈ। ਇਹ ਮਾਮਲਾ ਉਦੋਂ ਤੱਕ ਜਟਿਲ ਅਤੇ ਗੰਭੀਰ ਬਣਿਆ ਰਹੇਗਾ ਜਦੋਂ ਤੱਕ ਸਾਡੀ ਸੋਚ ਵਿੱਚ ਸਿਫ਼ਤੀ ਤਬਦੀਲੀ ਨਹੀਂ ਆਉਂਦੀ। 'ਨੰਨੀ ਛਾਂ' ਵਰਗੀਆਂ ਸਿਆਸੀ ਮਸ਼ਕਾਂ ਨਾਰੀ ਵੇਦਨਾ ਦੀ ਥਾਹ ਪਾਉਣ ਦੇ ਯੋਗ ਨਹੀਂ ਹਨ। ਨਾਰੀ ਨੂੰ ਖ਼ੁਦ ਅੱਗੇ ਵਧ ਕੇ ਆਪਣੀ ਹੋਣੀ ਘੜਨ ਲਈ ਖ਼ੁਦ ਆਪਣਾ ਮੋਰਚਾ ਉਸਾਰਨਾ ਹੋਵੇਗਾ। ਨਾਰੀ ਦਾ ਆਪਣੇ ਹੱਕਾਂ ਪ੍ਰਤੀ ਚੇਤਨ ਹੋਣਾ ਅਤੇ ਆਪਣੀ ਤਾਕਤ ਨੂੰ ਸੰਗਠਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ।

## ਛੇਕੜਲੀ ਗੱਲ

ਜਗਦੇਵ ਸਿੰਘ ਜੱਸੋਵਾਲ ਕੋਲ ਉਹਦੇ ਘਰ ਇੱਕ ਗਾਇਕ ਬੈਠਾ ਸੀ। ਇਸੇ ਵੇਲੇ ਜੱਸੋਵਾਲ ਦਾ ਇੱਕ ਵਾਕਫ਼ ਆ ਗਿਆ, ਜਿਸਨੇ ਆਪਣੇ ਪਰਿਵਾਰਕ ਪ੍ਰੋਗਰਾਮ ਲਈ ਇੱਕ ਗਾਇਕ ਬੁੱਕ ਕਰਨਾ ਸੀ। ਵਾਕਫ਼ ਨੇ ਜੱਸੋਵਾਲ ਨੂੰ ਆਪਣੇ ਆਉਣ ਦਾ ਮਕਸਦ ਦੱਸਿਆ ਤਾਂ ਜੱਸੋਵਾਲ ਨੇ ਤੁਰੰਤ ਕੋਲ ਬੈਠੇ ਗਾਇਕ ਵੱਲ ਇਸ਼ਾਰਿਆ ਕਰਦਿਆਂ ਕਿਹਾ,"....ਇਹਦਾ ਕੋਈ ਜਵਾਬ ਨਹੀਂ, ਲੱਖ ਰੁਪਈਆ ਲੈਂਦਾ, ਤੇਰੇ ਤੋਂ ਪੰਜਾਹ ਲੈ ਲਵੇਗਾ। ਮੁੰਡਿਆ ਨਾਂਹ ਨਾ ਕਰੀਂ ਓਏ..।" ਮੁੰਡੇ ਨੇ ਤਾਂ ਨਾਂਹ ਨਾ ਕੀਤੀ ਪਰ ਵਾਕਫ਼ ਨੇ ਹਾਂ ਨਹੀਂ ਕੀਤੀ, ਤਾਂ ਜੱਸੋਵਾਲ ਨੇ ਕਿਹਾ , " ਚੰਗਾ ਫਿਰ ਤੂੰ ਪੱਚੀ ਦੇ ਦਈਂ।" ਵਾਕਫ਼ ਨੇ ਅਜੇ ਵੀ ਹਾਂ ਨਾ ਕੀਤੀ, ਤਾਂ ਜੱਸੋਵਾਲ ਨੇ ਕਿਹਾ," ਚੰਗਾ ਫਿਰ ਦਸ ਹਜ਼ਾਰ ਤੋਂ ਹੇਠਾਂ ਨਾ ਆਈਂ ਇੰਨਾ ਕੁ ਤਾਂ ਜਾਇਜ਼ ਹੀ ਹੈ।" ਵਾਕਫ਼ ਨੇ ਫਿਰ ਵੀ ਹਾਂ ਨਾ ਕੀਤੀ ਤੇ ਉੱਠ ਕੇ ਖੜਾ ਹੋਇਆ। ਜੱਸੋਵਾਲ ਨੇ ਉੱਠਦੇ ਦਾ ਹੱਥ ਫੜ ਕੇ ਕਿਹਾ, "ਚੰਗਾ ਫਿਰ ਪੰਜ ਸੌ ਦਾ ਨੋਟ ਕੱਢ, ਮੁੰਡੇ ਨੇ ਤਾਂ ਕੱਲ ਦੀ ਰੋਟੀ ਨਹੀਂ ਖਾਧੀ।" ਵਾਕਫ਼ ਪੰਜ ਸੌ ਦੇ ਕੇ ਚਲਾ ਗਿਆ। ਜੱਸੋਵਾਲ ਨੇ ਗਾਇਕ ਨੂੰ ਸਮਝਾਇਆ,"....ਕਾਕਾ ਤੇਰੇ ਪੱਲਿਓਂ ਤਾਂ ਨਹੀਂ ਕੁੱਝ ਗਿਆ, ਪੰਜ ਸੌ ਹੀ ਸਹੀ ਕੁੱਝ ਮਿਲਿਆ ਹੀ ਹੈ....।" ਗਲੋਬਲ ਮਾਰਕਿਟ ਦੀ ਹਾਲਤ ਵੀ ਕੁੱਝ ਇਹੋ ਜਿਹੀ ਹੀ ਜਾਪਦੀ ਹੈ, ਜਦੋਂ ਪੈਂਤੀ ਹਜ਼ਾਰ ਰੁਪਏ ਵਾਲਾ ਮੋਬਾਇਲ 350 ਰੁਪਏ ਵਿੱਚ ਮਿਲਣ ਲੱਗਦਾ ਹੈ। ਗਲੋਬਲ ਮਾਰਕਿਟ ਵਿੱਚ ਬਿਨਾ ਕੁੱਝ ਪੱਲਿਓਂ ਲਾਇਆਂ ਜਾਂ ਫਿਰ ਪੱਲਿਓਂ ਬਹੁਤ ਘੱਟ ਖਰਚ ਕਰਕੇ ਚੋਖੀ ਕਮਾਈ ਕਰਨ ਦੀ ਯੋਜਨਾ ਬਣਾਈ ਜਾਂਦੀ ਹੈ। ਜੇਕਰ ਚੋਖੀ ਕਮਾਈ ਨਾ ਹੋਵੇ ਜਿੰਨੀ ਕਮਾਈ ਹੋਵੇ ਕਰ ਲਈ ਜਾਂਦੀ ਹੈ। ਪੱਲਿਓਂ ਤਾਂ ਕੁੱਝ ਲੱਗਿਆ ਨਹੀਂ ਹੁੰਦਾ... ਕਰਜ਼ੇ ਦਾ ਹੁੰਦਾ ਹੈ-ਸ਼ੇਅਰਾਂ ਦਾ ਹੁੰਦਾ ਹੈ ਤੇ ਮਾਰਕੀਟ 'ਚੋਂ ਮਲਕੜੇ ਖਿਸਕ ਜਾਣ ਦੇ ਰਾਹ ਵੀ ਹੁੰਦੇ ਹਨ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday




# Lunch & Dinner Buffet



7 days a week starting from
$11.00
Bring in this ad and receive 10% off of next order (expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

# A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: Making Life Easy

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A–WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



### What we Offer

Home / Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਹਰਸਿਮਰਨ ਗਿੱਲ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED Roofing Systems Ltd.

▪Residential/Commercial Insurance Claims ▪Asphalt & Specialty Shingles ▪Siding, Soffits,Fascia ▪2 Ply Membranes (SBS) ▪Cedar Shakes New & Re-Roof Specialists ▪Condominums Welcome ▪Steep Roofs Welcome Licaenced & Insured ▪Pine Shake Replacement ▪Roof Top Snow removel ▪FREE Estimates




Gill Olson (Manager)

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873



DRIVING SCHOOL LTD.
Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu




Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com



PIZZA99
Serving for over 16 years
Call (780) 450-9900





ਪਰਮਜੀਤ ਸਿੰਘ ਬਾਠ

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ
www.pizza99.com

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.



Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165



EconoLodge BY CHOICE HOTELS
Red Deer Econo Lodge Inn & Suites
www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3



$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com



"Wishing you and your family a very
Happy Diwali and a year filled
with good health and happiness, much
success, and many new friendships!"

— Gene

Hon. Gene Zwozdesky
MLA Edmonton Mill Creek
Speaker, Alberta Legislative Assembly
Phone: 780 466 3737

"working with you and for you"

ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

## Nawi Dunia



## ਨਵੀਂ ਦੁਨੀਆ ਵੱਲੋਂ ਆਪਣੇ ਪਾਠਕਾਂ, ਸ਼ੁਭਚਿੰਤਕਾਂ, ਵਪਾਰਿਕ ਸਹਿਯੋਗੀਆਂ ਨੂੰ ਦਿਵਾਲੀ ਦੀਆਂ ਸ਼ੁਭ ਇੱਛਾਵਾਂ

**Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com**

# *Happy Diwali!*



ALBERTA'S
NDP
OPPOSITION

www.ndpopposition.ab.ca

# ਨੋਬਲ ਪੁਰਸਕਾਰ 2011-12

## ਸਾਹਿਤ ਦੇ ਖੇਤਰ ਵਿੱਚ ਚੀਨ ਦੇ ਮੋ ਯਾਨ ਨੂੰ ਨੋਬਲ ਪੁਰਸਕਾਰ



ਸਟਾਕਹੋਮ: ਸਾਹਿਤ ਦੇ ਖੇਤਰ ਵਿੱਚ 2011-12 ਦੇ ਨੋਬਲ ਪੁਰਸਕਾਰ ਲਈ ਚੀਨ ਦੇ ਲੇਖਕ ਮੋ ਯਾਨ ਨੂੰ ਚੁਣਿਆ ਗਿਆ ਹੈ। ਸਾਹਿਤ ਦਾ ਨੋਬਲ ਪੁਰਸਕਾਰ ਦੇਣ ਵਾਲੀ ਸਵੀਡਿਸ਼ ਅਕਾਦਮੀ ਦੁਆਰਾ ਜਾਰੀ ਬਿਆਨ 'ਚ ਕਿਹਾ ਗਿਆ ਕਿ ਨੋਬਲ ਪੁਰਸਕਾਰ ਲਈ ਲੋਕ ਸਾਹਿਤ, ਇਤਿਹਾਸ ਅਤੇ ਸਮਾਜਿਕ ਬਰਾਬਰੀ ਵਾਲੇ ਵਿਸ਼ਿਆਂ 'ਤੇ ਵੱਖਰੀ ਕਿਸਮ ਦਾ ਸਾਹਿਤ ਰਚਣ ਲਈ ਚੀਨ ਦੇ ਮੋ ਯਾਨ ਨੂੰ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਮੋ ਯਾਨ ਦਾ ਅਸਲੀ ਨਾਮ ਗੌਨ ਮੋਏ ਹੈ ਤੇ ਮੋ ਯਾਨ ਉਸਦਾ ਕਲਮੀ ਨਾਮ ਹੈ ਜਿਸਦਾ ਸਥਾਨਕ ਭਾਸ਼ਾ ਵਿੱਚ ਅਰਥ 'ਕੁੱਝ ਨਾ ਬੋਲਣਾ' ਹੈ। ਮੋ ਯਾਨ ਦਾ ਜਨਮ 1955 ਵਿੱਚ ਚੀਨ ਦੇ ਦੱਖਣੀ-ਪੂਰਬੀ ਇਲਾਕੇ ਸ਼ੈਨਡੋਂਗ ਰਾਜ ਵਿੱਚ ਹੋਇਆ ਤੇ ਉਸਦਾ ਪਰਿਵਾਰਿਕ ਪਿਛੋਕੜ ਕਿਸਾਨੀ ਵਾਲਾ ਹੈ। ਮੋ ਯਾਨ ਨੇ ਸਾਹਿਤ ਦੇ ਖੇਤਰ ਵਿੱਚ ਵੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਗੰਭੀਰਤਾ ਨਾਲ ਕੰਮ ਕੀਤਾ ਹੈ। ਉਸਦੀਆਂ ਮਸ਼ਹੂਰ ਲਿਖਤਾਂ ਵਿੱਚ ਰੈਡ ਸੋਰਗਮ, ਬਿਗ ਬਰੈਸਟ ਐਂਡ ਵਾਈਡ ਹਿਪਸ ਅਤੇ ਦੀ ਰਿਪਬਲਿਕ ਆਫ ਵਾਈਨ ਸ਼ਾਮਿਲ ਹਨ।

## ਰਸਾਇਣ ਵਿਗਿਆਨ 'ਚ ਅਮਰੀਕੀ ਡਾਕਟਰਾਂ ਨੂੰ ਸਾਂਝੇ ਤੌਰ 'ਤੇ

ਰਸਾਇਣ ਵਿਗਿਆਨ ਦੇ ਖੇਤਰ ਵਿੱਚ ਨੋਬਲ ਪੁਰਸਕਾਰ ਦੇਣ ਲਈ ਅਮਰੀਕਾ ਦੇ ਦੋ ਡਾਕਟਰਾਂ ਹਾਰਬਰਟ ਲੈਫ਼ਕੋਵਿਟਜ਼ ਤੇ ਬਰਿਆਨ ਕੋਬਿਲਕਾ ਨੂੰ ਸਾਂਝੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਹੈ। ਉਹਨਾਂ ਦੀ ਇਹ ਨਾਮਜ਼ਦਗੀ ਰਸਾਇਣ ਵਿਗਿਆਨ ਦੇ ਖੇਤਰ ਵਿੱਚ ਉਹਨਾਂ ਦੀ ਪ੍ਰਾਪਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹਨਾਂ ਵਿਗਿਆਨੀਆਂ ਨੇ ਉਹਨਾਂ ਪ੍ਰੋਟੀਨਾਂ ਦੀ ਖੋਜ ਕੀਤੀ ਹੈ ਜਿਹੜੇ ਕੋਸ਼ਿਕਾਵਾਂ ਨੂੰ ਬਾਹਰੀ ਸੰਕੇਤਾਂ ਨਾਲ ਲੜਨ ਦੇ ਸਮਰੱਥ ਬਣਾਉਂਦੇ ਹਨ ਤੇ ਜਿਨ੍ਹਾਂ ਨੂੰ ਜੀ ਪ੍ਰੋਟੀਨ ਕਾਪਲਰਡ ਰਿਸੇਪਟਰਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਡਾਕਟਰ ਲੈਫ਼ਕੋਵਿਟਜ਼ ਨਾਰਥ ਕੈਰੋਲੀਨਾ ਸਥਿਤ ਡਿਊਕ ਯੂਨੀਵਰਸਿਟੀ ਵਿੱਚ ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ ਪ੍ਰੋਫੈਸਰ ਹਨ। ਜਦੋਂਕਿ ਕੋਬਿਲਕਾ ਨੇ ਵੀ ਇਸ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ।





## ਅਮਨ ਦੇ ਖੇਤਰ ਵਿੱਚ ਯੂਰਪੀਅਨ ਯੂਨੀਅਨ ਨੂੰ

ਗੰਭੀਰ ਸੰਕਟ ਨਾਲ ਜੂਝ ਰਹੀ ਯੂਰਪੀਅਨ ਯੂਨੀਅਨ ਨੂੰ ਯੂਰਪ ਵਿੱਚ ਲੋਕਤੰਤਰ ਅਤੇ ਸ਼ਾਂਤੀ ਨੂੰ ਬੜਾਵਾ ਦੇਣ ਲਈ ਨੋਬਲ ਪੁਰਸਕਾਰ ਖਾਤਰ ਚੁਣਿਆ ਗਿਆ ਹੈ। ਨਾਰਵੇ ਦੀ ਪੁਰਸਕਾਰ ਕਮੇਟੀ ਨੇ ਕਿਹਾ ਕਿ ਛੇ ਦਹਾਕਿਆਂ ਤੱਕ ਯੂਰਪੀਅਨ ਦੇਸ਼ਾਂ ਵਿੱਚ ਸੁਲ੍ਹਾ-ਸਫ਼ਾਈ ਰੱਖਣ ਅਤੇ ਇਹਨਾਂ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਦੇਖਦਿਆਂ ਯੂਰਪੀਅਨ ਯੂਨੀਅਨ ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ ਹੈ। ਨੋਬਲ ਕਮੇਟੀ ਦੇ ਪ੍ਰਧਾਨ ਜੋਰਨ ਜਗਲੈਂਡ ਨੇ ਕਿਹਾ ਕਿ ਯੂਰਪੀਅਨ ਯੂਨੀਅਨ ਬਣਨ ਤੋਂ ਪਹਿਲਾਂ ਇਹ ਖਿੱਤਾ ਯੁੱਧਾਂ ਦਾ ਖਿੱਤਾ ਸੀ, ਪਰ ਯੂਰਪੀਅਨ ਯੂਨੀਅਨ ਨੇ ਆਪਣੇ ਉਪਰਾਲਿਆਂ ਸਦਕਾ ਇਸ ਖਿੱਤੇ ਨੂੰ ਸ਼ਾਂਤਮਈ ਖਿੱਤੇ ਵਿੱਚ ਬਦਲ ਦਿੱਤਾ ਹੈ। ਪਾਠਕਾਂ ਲਈ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਯੂਰਪੀਅਨ ਯੂਨੀਅਨ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਹੋਂਦ ਵਿੱਚ ਆਈ। ਇਹ ਯੂਨੀਅਨ ਬਣਾਉਣ ਪਿੱਛੇ ਯੂਰਪੀ ਦੇਸ਼ਾਂ ਦੇ ਆਗੂਆਂ ਦੀ ਮਨਸ਼ਾ ਇਹ ਸੀ ਕਿ ਇਸ ਤੋਂ ਬਾਅਦ ਇਸ ਖੇਤਰ ਦੇ ਮਾਮਲਿਆਂ ਨੂੰ ਯੂਰਪੀਅਨ ਯੂਨੀਅਨ ਰਾਹੀਂ ਆਪਸੀ ਗੱਲਬਾਤ ਨਾਲ ਹੱਲ ਕੀਤਾ ਜਾਵੇਗਾ ਤੇ ਅੱਗੇ ਤੋਂ ਕੋਈ ਵੀ ਦੇਸ਼ ਇੱਕ ਦੂਸਰੇ ਉੱਤੇ ਹਮਲਾ ਨਹੀਂ ਕਰੇਗਾ। ਜ਼ਿਕਰਯੋਗ ਹੈ ਕਿ ਸੰਯੁਕਤ ਯੂਰਪ ਦੇ ਇਸ ਵਿਚਾਰ ਨੇ ਉਸ ਵੇਲੇ ਵਧੇਰੇ ਸਪੱਸ਼ਟ ਆਕਾਰ ਗ੍ਰਹਿਣ ਕੀਤਾ ਜਦੋਂ 9 ਮਈ 1950 ਨੂੰ ਫਰਾਂਸੀਸੀ ਵਿਦੇਸ਼ ਮੰਤਰੀ ਰਾਬਰਟ ਸ਼ੂਮੇਨ ਨੇ ਪ੍ਰਸਤਾਵ ਰੱਖਿਆ ਕਿ ਇਸ ਨਵੇਂ ਸੰਗਠਨ ਦੇ ਜ਼ਰੀਏ ਫਰਾਂਸ ਅਤੇ ਜਰਮਨ ਸੰਘੀ ਗਣਰਾਜ ਆਪਣੇ ਕੋਲੇ ਅਤੇ ਸਟੀਲ ਦੇ ਸੋਮਿਆਂ ਨੂੰ ਇੱਕ ਦੂਸਰੇ ਨਾਲ ਸਾਂਝੇ ਕਰਨਗੇ। ਉਦੋਂ ਉਹਨਾਂ ਅਪੀਲ ਕੀਤੀ ਸੀ ਕਿ ਇਸ ਸੰਗਠਨ ਵਿੱਚ ਹੋਰ ਵੀ ਦੇਸ਼ ਸ਼ਾਮਿਲ ਹੋ ਸਕਦੇ ਹਨ।

## ਅਰਥ ਸ਼ਾਸਤਰ ਦਾ ਪੁਰਸਕਾਰ ਐਲਵਿਨ ਰੌਥ ਤੇ ਸ਼ੇਪਲੇ ਨੂੰ

ਰੌਇਲ ਅਕੈਡਮੀ ਆਫ਼ ਸਾਇੰਸ ਵੱਲੋਂ ਅਰਥ ਸ਼ਾਸਤਰ ਦੇ ਖੇਤਰ ਵਿੱਚ ਨੋਬਲ ਪੁਰਸਕਾਰ ਲਈ ਅਮਰੀਕਾ ਦੇ ਦੋ ਅਰਥਸ਼ਾਸਤਰੀਆਂ ਐਲਵਿਨ ਰੌਥ ਅਤੇ ਲਾਇਡ ਸ਼ੇਪਲੇ ਦਾ ਨਾਂ ਐਲਾਨਿਆ ਗਿਆ ਹੈ। ਇਹਨਾਂ ਦੋਵਾਂ ਅਰਥਸ਼ਾਸਤਰੀਆਂ ਦਾ ਇਸ ਖੇਤਰ ਵਿੱਚ ਉਘਾ ਨਾਂ ਹੈ। ਇਹਨਾਂ ਵਿਦਵਾਨਾਂ ਨੇ ਬਾਜ਼ਾਰ ਦੀ ਪ੍ਰਕਿਰਿਆ ਨੂੰ ਵਿਸਥਾਰ ਸਹਿਤ ਵਰਨਣ ਕਰਕੇ ਇਸਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕੀਤਾ ਹੈ। ਇਹਨਾਂ ਵਿਦਵਾਨਾਂ ਨੇ ਆਪਣੀ ਖੋਜ ਵਿੱਚ ਦੱਸਿਆ ਹੈ ਕਿ ਕਿਸ ਤਰ੍ਹਾਂ ਬਾਜ਼ਾਰ ਵਿੱਚ ਆਪਣੇ ਆਪ ਨੂੰ ਸਥਿਰ ਰੱਖਿਆ ਜਾ ਸਕਦਾ ਹੈ। ਇਸ ਖੋਜ ਨੂੰ ਇਹਨਾਂ ਨੇ 'ਦ ਥਿਊਰੀ ਆਫ਼ ਸਟੇਬਲ ਐਲੋਕੇਸ਼ਨਜ਼ ਐਂਡ ਦ ਪ੍ਰੈਕਟਿਸ ਆਫ਼ ਮਾਰਕਿਟ ਡਿਜ਼ਾਇਨ' ਦਾ ਨਾਂ ਦਿੱਤਾ ਹੈ। ਅੱਜਕੱਲ੍ਹ ਅਰਥ ਸ਼ਾਸਤਰੀ ਐਲਵਿਨ ਰੌਥ ਹਾਵਰਡ ਯੂਨੀਵਰਸਿਟੀ, ਬੋਸਟਨ ਅਤੇ ਸ਼ੇਪਲੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਲਾਸਏਂਜਲਸ ਵਿੱਚ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਹਨ। ਅਕੈਡੀ ਨੇ ਕਿਹਾ ਹੈ ਕਿ ਇਹਨਾਂ ਦੋਵੇਂ ਵਿਦਵਾਨਾਂ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਕੇਂਦਰੀ ਆਰਥਿਕ ਸਮੱਸਿਆ ਪੈਦਾ ਹੁੰਦੀ ਹੈ ਅਤੇ ਇਸਦਾ ਕਿਸ ਤਰ੍ਹਾਂ ਹੱਲ ਕੀਤਾ ਜਾ ਸਕਦਾ ਹੈ। ਇਸ ਮਹੱਤਵਪੂਰਨ ਖੋਜ ਵਿੱਚ ਸ਼ੇਪਲੇ ਨੇ ਖੇਤਰੀ ਪੱਧਰ ਉੱਤੇ ਪੜਤਾਲਾਂ ਕਰਕੇ ਲਿਖਤੀ ਯੋਗਦਾਨ ਪਾਇਆ ਹੈ ਜਦੋਂ ਕਿ ਰੌਥ ਨੇ ਇਸਨੂੰ ਅਮਲੀ ਰੂਪ ਵਿੱਚ ਅੰਜ਼ਾਮ ਦਿੱਤਾ ਹੈ। **ਨਦਬ**





## ਮਲਟੀ ਕਲਚਰਲ ਬਰੈਸਟ ਹੈਲਥ ਵੱਲੋਂ ਛਾਤੀ ਦੇ ਰੋਗਾਂ ਨੂੰ ਲੈ ਕੇ ਜਾਗਰੂਕਤਾ ਪ੍ਰੋਗਰਾਮ



ਐਡਮਿੰਟਨ (ਨਦਬ)-ਮਲਟੀ ਕਲਚਰਲ ਬਰੈਸਟ ਹੈਲਥ (ਐਮ ਬੀ ਐਚ) ਵੱਲੋਂ ਛਾਤੀ ਦੇ ਰੋਗਾਂ ਨੂੰ ਲੈ ਕੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਨੂੰ ਮੁੱਖ ਤੌਰ 'ਤੇ ਛਾਤੀ ਦੇ ਕੈਂਸਰ 'ਤੇ ਕੇਂਦਰਿਤ ਕੀਤਾ ਗਿਆ। ਇਸ ਵਿੱਚ ਸਾਊਥ ਏਸ਼ੀਅਨ, ਅਰਬੀ, ਚੀਨੀ, ਲੈਟਿਨ ਅਮੈਰੀਕਨ ਅਤੇ ਹੋਰ ਕਮਿਊਨਿਟੀਆਂ ਦੀਆਂ ਔਰਤਾਂ ਨੇ ਭਾਗ ਲਿਆ। ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਹਿੱਸਾ ਲੈਣ ਪਹੁੰਚੇ ਲੋਕਾਂ ਲਈ ਭਾਂਤ-ਭਾਂਤ ਦੇ ਖਾਣਿਆਂ ਤੋਂ ਇਲਾਵਾ ਉਹਨਾਂ ਦੇ ਮਨੋਰੰਜਨ ਲਈ ਵੱਖ-ਵੱਖ ਕਮਿਊਨਿਟੀਆਂ ਦੇ ਕਲਾਕਾਰਾਂ ਨੇ ਆਪੋ-ਆਪਣੇ ਸੱਭਿਆਚਾਰਕ ਰੰਗ ਵੀ ਪੇਸ਼ ਕੀਤੇ ਤੇ ਨਾਲ ਹੀ ਬੱਚਿਆਂ ਦੇ ਮਨੋਰੰਜਨ ਦਾ ਵੀ ਖ਼ਾਸ ਪ੍ਰਬੰਧ ਕੀਤਾ ਗਿਆ ਸੀ। ਐਮ ਬੀ ਐਚ ਦੀ ਪ੍ਰੋਜੈਕਟਰ ਕੋਆਰਡੀਨੇਟਰ ਸਾਦੀਆ ਅਨਵਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ। ਇੱਥੇ ਪਹੁੰਚੀਆਂ ਔਰਤਾਂ ਨੂੰ ਜਿੱਥੇ ਛਾਤੀ ਦੇ ਰੋਗਾਂ ਸਬੰਧੀ ਜਾਣਕਾਰੀ ਦਿੱਤੀ ਗਈ ਉੱਥੇ ਮਰੀਜ਼ਾਂ ਵੱਲੋਂ ਆਪਣੇ ਤਜ਼ਰਬੇ ਵੀ ਸਾਂਝੇ ਕੀਤੇ ਗਏ। ਇੱਥੇ ਇਹ ਦੱਸਣਯੋਗ ਹੈ ਕਿ ਇਸ ਪ੍ਰੋਗਰਾਮ ਲਈ ਕਨੇਡੀਅਨ ਬੈਸਟ ਕੈਂਸਰ ਫਾਊਂਡੇਸ਼ਨ ਵੱਲੋਂ ਫੰਡ ਮੁਹੱਈਆ ਕਰਵਾਇਆ ਗਿਆ ਸੀ ਤੇ ਇਸਦੀ ਮੇਜ਼ਬਾਨੀ ਏ ਐਸ ਐਸ ਆਈ ਐਸ ਟੀ ਕਮਿਊਨਿਟੀ ਸਰਵਿਸ ਸੈਂਟਰ ਵੱਲੋਂ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਇਮੀਗ੍ਰੈਂਟਸ ਮਹਿਲਾਵਾਂ ਭਾਰੀ ਗਿਣਤੀ ਵਿੱਚ ਪਹੁੰਚੀਆਂ। ਜ਼ਿਕਰਯੋਗ ਹੈ ਕਿ 9 ਵਿੱਚੋਂ 1 ਔਰਤ ਨੂੰ ਜ਼ਿੰਦਗੀ 'ਚ ਇੱਕ ਵਾਰੀ ਛਾਤੀ ਦੇ ਕੈਂਸਰ ਨਾਲ ਜੂਝਣਾ ਪੈਂਦਾ ਹੈ ਤੇ 27 ਵਿੱਚੋਂ ਇੱਕ ਔਰਤ ਇਸ ਰੋਗ ਨਾਲ ਆਪਣੀ ਜਾਨ ਦਿੰਦੀ ਹੈ। ਜਦੋਂਕਿ ਜੇਕਰ ਮੁਢਲੇ ਪੜਾਅ 'ਤੇ ਰੋਗ ਦੀ ਪਹਿਚਾਣ ਕਰਕੇ ਇਸਦਾ ਇਲਾਜ਼ ਸ਼ੁਰੂ ਕੀਤਾ ਜਾਵੇ ਤਾਂ ਇਸ ਬੀਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸੇ ਗੱਲ ਨੂੰ ਧਿਆਨ 'ਚ ਰੱਖ ਕੇ ਵੱਖ-ਵੱਖ ਕਮਿਊਨਿਟੀਆਂ ਦੇ ਲੋਕਾਂ ਵੱਲੋਂ ਇਹ ਸੰਸਥਾ ਚਲਾਈ ਜਾ ਰਹੀ ਹੈ।

## ਪਾਕਿਸਤਾਨ ਸਰਕਾਰ ਵਲੋਂ ਪੰਜਾਬੀ ਲੇਖਕ ਰਿਪੁਦਮਨ ਸਿੰਘ ਰੂਪ ਨੂੰ ਤਾ-ਉਮਰ ਵੀਜ਼ਾ




ਲਾਹੌਰ (ਨਦਬ)-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਅਤੇ ਪੰਜਾਬੀ ਦੇ ਉਘੇ ਸਾਹਿਤਕਾਰ ਸ੍ਰੀ ਰਿਪੁਦਮਨ ਸਿੰਘ ਰੂਪ ਦੀ ਫਿਰਕਾਪ੍ਰਸਤੀ ਅਤੇ ਧਾਰਮਿਕ ਕਟੜਤਾ ਉਪਰ ਕਰਾਰੀ ਚੋਟ ਕਰਦੀ ਪ੍ਰਸਿੱਧ ਕਵਿਤਾ ਇੱਟਾਂ ਤੋਂ ਪ੍ਰਭਾਵਿਤ ਹੋ ਕੇ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਦੇ ਮੰਤਰੀ ਸ੍ਰੀ ਏ. ਰਹਿਮਾਨ ਮਲਿਕ ਵਲੋਂ ਸ੍ਰੀ ਰੂਪ ਨੂੰ ਭਾਰਤ-ਪਾਕਿ ਦੋਸਤੀ ਦਾ ਸਫ਼ੀਰ ਮੰਨਦਿਆਂ ਉਨ੍ਹਾਂ ਨੂੰ ਤਾ-ਉਮਰ ਪਾਕਿਸਤਾਨੀ ਵੀਜ਼ਾ ਦੇਣ ਦਾ ਐਲਾਨ ਕੀਤਾ। ਇਹ ਐਲਾਨ ਉਸ ਮੌਕੇ ਕੀਤਾ ਗਿਆ ਜਦੋਂ ਸ੍ਰੀ ਰਹਿਮਾਨ ਮਲਿਕ ਭਾਰਤੀ ਵਕੀਲਾਂ ਦੇ ਇਕ ਵਫ਼ਦ ਦਾ ਸਨਮਾਨ ਵਿਚ 21 ਅਕਤੂਬਰ, 2012 ਨੂੰ ਇਸਲਾਮਾਬਾਦ ਵਿਖੇ ਰੱਖੇ ਗਏ ਇਕ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ। ਜਿਥੇ ਸ੍ਰੀ ਰੂਪ ਨੂੰ ਤਾ-ਉਮਰ ਵੀਜ਼ੇ ਦਾ ਐਲਾਨ ਭਾਰਤ-ਪਾਕਿ ਦੇ ਦੁਵਲੇ ਤੇ ਸੁਖਾਵੇਂ ਸਬੰਧਾਂ ਪ੍ਰਤੀ ਇਕ ਠੋਸ ਕਦਮ ਮੰਨਿਆ ਜਾਣਾ ਬਣਦਾ ਹੈ ਉਥੇ ਪੰਜਾਬੀ ਸਾਹਿਤ ਲਈ ਵੀ ਇਹ ਇਕ ਮਾਣ ਵਾਲੀ ਗੱਲ ਹੈ। ਇਸ ਮੌਕੇ ਸ੍ਰੀ ਰਹਿਮਾਨ ਮਲਿਕ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਨੂੰ ਵੀ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਐਲਾਨ ਕੀਤਾ ਗਿਆ। ਭਾਰਤੀ ਵਕੀਲ ਬਰਾਦਰੀ ਦਾ ਮਾਣ ਕਰਦਿਆਂ ਸ੍ਰੀ ਰਹਿਮਾਨ ਨੇ ਐਲਾਨ ਕੀਤਾ ਕਿ ਮਹਿਜ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦੀ ਸਿਫਾਰਸ਼ ਉਪਰ ਕਿਸੇ ਵੀ ਵਕੀਲ ਨੂੰ ਇਕ ਸਾਲ ਦਾ ਪਾਕਿਸਤਾਨ ਦਾ ਮਲਟੀਪਲ ਵੀਜ਼ਾ ਪ੍ਰਦਾਨ ਕੀਤਾ ਜਾਵੇਗਾ ਅਤੇ ਇਸ ਵੀਜ਼ੇ ਵਿਚ ਪੁਲਿਸ ਵੈਰੀਫਿਕੇਸ਼ਨ ਦੀ ਛੋਟ ਹੋਵੇਗੀ।

ਜ਼ਿਕਰਯੋਗ ਹੈ ਕਿ ਸ੍ਰੀ ਰੂਪ ਭਾਰਤੀ ਵਕੀਲਾਂ ਦੇ ਉਸ ਵਫ਼ਦ ਦਾ ਹਿੱਸਾ ਸਨ ਜਿਸ ਨੇ ਮਿਤੀ 19-20 ਅਕਤੂਬਰ ਨੂੰ ਲਾਹੌਰ ਵਿਖੇ 'ਕਾਨੂੰਨ ਰਾਹੀਂ ਅਮਨ' (Peace Through Law) ਵਿਸ਼ੇ ਉਪਰ ਹੋਈ ਕਾਨਫਰੰਸ ਵਿਚ ਹਿੱਸਾ ਲਿਆ ਸੀ। ਇਸ ਕਾਨਫਰੰਸ ਦੀ ਪ੍ਰਧਾਨਗੀ ਪਾਕਿਸਤਾਨ ਦੇ ਚੀਫ ਜਸਟਿਸ ਸ੍ਰੀ ਇਫਤਿਖਾਰ ਮੁਹੰਮਦ ਚੌਧਰੀ ਨੇ ਕੀਤੀ। ਵਰਨਣਯੋਗ ਹੈ ਕਿ ਸ੍ਰੀ ਰੂਪ ਹੁਣ ਤੱਕ ਚਾਰ ਕਹਾਣੀ ਸੰਗ੍ਰਹਿ (ਦਿਲ ਦੀ ਅੱਗ, ਬਹਾਨੇ ਬਹਾਨੇ, ਓਪਰੀ ਹਵਾ, ਬਦਮਾਸ਼), ਇੱਕ ਕਾਵਿ ਸੰਗ੍ਰਹਿ (ਰਾਣੀ ਰੁੱਤ) ਅਤੇ ਇੱਕ ਲੇਖ ਸੰਗ੍ਰਹਿ (ਬੰਨੇ ਚੰਨੇ) ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਚੁੱਕੇ ਹਨ। ਉਹਨਾਂ ਦਾ ਨਾਵਲ 'ਝੱਖੜਾਂ ਵਿਚ ਝੂਲਦਾ ਰੁੱਖ' ਅੱਜ ਕੱਲ ਛਪਾਈ ਅਧੀਨ ਹੈ।

K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

# ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਆਫ ਐਡਮਿੰਟਨ ਵੱਲੋ ਤੇਰਵਾਂ ਅੰਤਰਰਾਸ਼ਟਰੀ ਕਵੀ ਦਰਬਾਰ

ਐਡਮਿੰਟਨ (ਦਲਬੀਰ)-ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਆਫ ਐਡਮਿੰਟਨ ਵੱਲੋ ਤੇਰਵਾਂ ਅੰਤਰਰਾਸ਼ਟਰੀ ਕਵੀ ਦਰਬਾਰ ਮਿਲਵੁਡਜ਼ ਸੋਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਵਿਖੇ ਕਰਵਾਇਆ ਗਿਆ। ਸ਼੍ਰੋਮਣੀ ਨਾਟਕਕਾਰ ਪ੍ਰੋਫੈਸਰ ਅਜਮੇਰ ਔਲਖ ਕਵੀ ਦਰਬਾਰ ਵਿਚ ਮੁੱਖ ਮਹਿਮਾਨ ਸਨ ਅਤੇ ਕੈਮਲੂਪਸ ਤੋਂ ਆਏ ਡਾ ਸੁਰਿੰਦਰ ਧੰਜਲ ਦੀ ਕਵਿਤਾ ਦੀ ਕਿਤਾਬ "ਕਵਿਤਾ ਦੀ ਲਾਟ" ਦੀ ਘੁੰਡ ਚੁਕਾਈ ਕੀਤੀ ਗਈ। ਸਭ ਤੋਂ ਪਹਿਲਾਂ ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਦੇ ਸਕੱਤਰ ਦਲਬੀਰ ਸਾਂਗਿਆਣ ਨੇ ਸੰਸਥਾ ਵੱਲੋਂ ਕੀਤੇ ਕੰਮਾਂ ਤੇ ਚਾਨਣ ਪਾਇਆ ਅਤੇ ਸਰੋਤਿਆਂ ਦੀ ਬਾਹਰੋ ਆਏ ਕਵੀਆਂ ਨਾਲ ਜਾਣ ਪਹਿਚਾਣ ਕਰਵਾਈ। ਇਥੇ ਇਹ ਵਰਨਣਯੋਗ ਹੈ ਕਿ ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਆਫ ਐਡਮਿੰਟਨ ਵੱਲੋਂ ਹੁੱਣ ਤੱਕ ਨੌਂ ਕਿਤਾਬਾਂ ਛਪਵਾਈਆਂ ਜਾ ਚੁੱਕੀਆਂ ਹਨ। ਇਸ ਤੋਂ ਬਾਅਦ ਦਰਸ਼ਨ ਖਹਿਰਾ ਨੇ ਕਿਤਾਬ ਕਵਿਤਾ ਦੀ ਲਾਟ ਤੇ ਆਪਣਾ ਪਰਚਾ ਪੜ੍ਹਿਆ। ਕੈਲਗਰੀ ਤੋਂ ਕੇਸਰ ਸਿੰਘ ਨੀਰ, ਇਕਬਾਲ ਖਾਨ, ਹਰਜੀਤ ਗਿੱਲ, ਡਾ ਹਰਭਜਨ ਸਿੰਘ ਢਿੱਲੋਂ, ਬਚਿੱਤਰ ਗਿੱਲ, ਮਾਸਟਰ ਭਜਨ ਗਿੱਲ, ਜਸਪਾਲ ਕੰਧੋਲਾ, ਡਾਕਟਰ ਮਨਜੀਤ ਸੋਹਲ, ਜਸਬੀਰ ਸਿੰਘ ਕਾਲੀਰਾਏ, ਵੈਨਕੂਵਰ ਤੋਂ ਈਸਟ ਇੰਡੀਅਨ ਡਿਫੈਂਸ ਕਮੇਟੀ ਦੇ ਪ੍ਰਧਾਨ ਇਕਬਾਲ ਪੁਰੇਵਾਲ ਅਤੇ ਸਕੱਤਰ ਹਰਭਜਨ





ਚੀਮਾ, ਤਰਕਸ਼ੀਲ ਸੋਸਾਇਟੀ ਦੇ ਪ੍ਰਧਾਨ ਅਵਤਾਰ ਗਿੱਲ ਅਤੇ ਸਕੱਤਰ ਪ੍ਰਮਿੰਦਰ ਸਵੈਚ, ਸੰਤੋਖ ਸਿੰਘ ਢੇਸੀ ਸਕੱਤਰ ਸਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਸੋਸਾਇਟੀ, ਡਾ ਸਾਧੂ ਸਿੰਘ ਅਤੇ ਸਤਵੰਤ ਦੀਪਕ ਨੇ ਹਾਜ਼ਰੀ ਲਵਾਈ। ਟਰਾਂਟੋ ਤੋਂ ਆਏ ਇਕਬਾਲ ਰਾਮੂਵਾਲੀਆ ਅਤੇ ਕੈਮਲੂਪਸ ਤੋਂ ਆਏ ਸੁਰਿੰਦਰ ਧੰਜਲ ਨੇ ਤਰੁੰਨਮ ਵਿਚ ਗਾ ਕੇ ਸਰੋਤਿਆਂ ਤੋ ਵਾਹਵਾ ਦਾਦ ਲਈ। ਸਥਾਨਕ ਕਵੀ ਪਵਿੱਤਰ ਧਾਲੀਵਾਲ, ਬਖਸ਼ ਸੰਘਾ, ਜੋਗਿੰਦਰ ਰੰਧਾਵਾ, ਗੁਰਮਿੰਦਰ ਮੂਮ, ਜਰਨੈਲ ਕੌਰ ਧਾਲੀਵਾਲ, ਲਾਡੀ ਸੂਸਾਂ ਵਾਲਾ, ਸਤਿੰਦਰ ਹਾਸ਼ਮੀ, ਕਿਸ਼ਵਰ ਗਨੀ, ਭਾਰਤ ਤੋਂ ਆਏ ਖਾਹਮਖਾਹ ਹੈਦਰਾਬਾਦੀ ਨੇ ਹਾਜ਼ਰੀ ਲਗਵਾਈ। ਸਟੇਜ ਦਾ ਸੰਚਾਲਨ ਪ੍ਰਮਿੰਦਰ ਧਾਲੀਵਾਲ ਨੇ ਬਾਖੂਬੀ ਨਾਲ ਕੀਤਾ ਅਤੇ ਪਵਿੱਤਰ ਧਾਲੀਵਾਲ ਨੇ ਆਏ ਮਹਿਮਾਨਾਂ ਅਤੇ ਸਰੋਤਿਆਂ ਦਾ ਸੰਸਥਾ ਵੱਲੋਂ ਧੰਨਵਾਦ ਕੀਤਾ।

# ਐਡਮਿੰਟਨ ਵਿੱਚ ਪੰਜਾਬੀ ਥੀਏਟਰ ਦੀ ਸਥਾਪਨਾ

## ਡਾ਼ ਅਜਮੇਰ ਔਲਖ ਨੇ ਕੀਤਾ ਇਮਾਰਤ ਦਾ ਉਧਘਾਟਨ

ਐਡਮਿੰਟਨ (ਨਦਬ)-ਇੰਦਰਪਾਲ ਸਿੰਘ ਸੰਘੇੜਾ ਤੇ ਉਸਦੇ ਪਰਿਵਾਰ ਨੇ ਪੰਜਾਬੀ ਹੈਰੀਟੇਜ ਥੀਏਟਰ ਸੁਸਾਇਟੀ ਆਫ਼ ਅਲਬਰਟਾ ਦੀ ਸਥਾਪਨਾ ਕਰਕੇ ਇਤਿਹਾਸ ਸਿਰਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸਤੋਂ



ਪਹਿਲਾਂ ਕਨੇਡਾ ਵਿੱਚ ਕਿਸੇ ਵੀ ਪੰਜਾਬੀ ਥੀਏਟਰ ਗਰੁੱਪ ਕੋਲ ਆਪਣਾ ਥੀਏਟਰ ਨਹੀਂ ਸੀ ਜਿਸਦੀ ਇਸ ਖੇਤਰ ਵਿੱਚ ਬਹੁਤ ਵੱਡੀ ਘਾਟ ਰੜਕਦੀ ਸੀ। ਪਰ ਇਸ ਘਾਟ ਨੂੰ ਪੂਰਾ ਕਰਦਿਆਂ ਪਿਛਲੇ ਦਿਨੀਂ ਪੰਜਾਬੀ ਥੀਏਟਰ ਦਾ ਉਦਘਾਟਨ ਕੀਤਾ ਗਿਆ ਸੀ। ਇਸ ਥੀਏਟਰ ਵਿੱਚ ਸਭ ਤੋਂ ਪਹਿਲਾ ਨਾਟਕ ਗੁਰਸ਼ਰਨ ਸਿੰਘ ਦਾ ਲਿਖਿਆ ' ਚਾਂਦਨੀ ਚੌਕ ਤੋਂ ਸਰਹੰਦ' ਤੱਕ ਖੇਡਿਆ ਗਿਆ ਜੋ ਕਿ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਦੇ ਬਲੀਦਾਨ 'ਤੇ ਅਧਾਰਿਤ ਹੈ। ਇਸ ਨਾਟਕ ਦਾ ਨਿਰਦੇਸ਼ਨ ਅਸ਼ੋਕ ਗੰਗਵਾਨੀ ਦੁਆਰਾ ਕੀਤਾ ਗਿਆ ਤੇ ਦਰਸ਼ਕਾਂ ਨੇ ਨਾਟਕ ਦੀ ਪੂਰੀ ਤਾਰੀਫ਼ ਕੀਤੀ। ਥੀਏਟਰ ਦੇ ਉਦਘਾਟਨ ਮੌਕੇ ਪੁੱਜੇ ਮਹਿਮਾਨਾਂ ਵਿੱਚ ਪਰਮਜੀਤ ਗਿੱਲ, ਜਸਵੀਰ ਗਿੱਲ, ਉਪਿੰਦਰ ਮਠਾੜੂ, ਨੇਹਾ ਬਾਂਸਲ, ਰਾਜੀਵ ਸੰਘਾ, ਸਵਰਨ ਧਾਲੀਵਾਲ, ਦਵਿੰਦਰ ਧਾਲੀਵਾਲ, ਨਿਰਮਲ ਗਿੱਲ, ਉਪਿੰਦਰ ਮਿਨਹਾਸ, ਗੁਰਜੀਤ ਕੰਗ, ਸਨੀ ਧਾਲੀਵਾਲ, ਗੁਰਮੀਤ ਖੋਸਾ, ਹਰਜੀਤ ਹੇਅਰ ਅਤੇ ਡਾ. ਅਜਮੇਰ ਔਲਖ ਸ਼ਾਮਿਲ ਸਨ। ਪਰਮਜੀਤ ਗਿੱਲ ਨੇ ਮੀਡੀਆ ਰਾਹੀਂ ਐਡਮਿੰਟਨ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਦਰਸ਼ਕ ਦੇ ਤੌਰ 'ਤੇ ਥੀਏਟਰ ਵਿੱਚ ਆਪਣੀ ਹਾਜ਼ਰੀ ਲਗਵਾਉਣਾ ਯਕੀਨੀ ਬਣਾਉਣ ਤਾਂ ਜੋ ਥੀਏਟਰ ਦੀ ਲਗਾਤਾਰਤਾ ਬਣੀ ਰਹੇ।

**ਗ਼ਦਰ ਲਹਿਰ ਦੀ ਸ਼ਤਾਬਦੀ ਸਮਾਗਮਾਂ ਦੀ ਲੜੀ ਵਜੋਂ**
**ਸ਼ਹੀਦ ਕਰਤਾਰ ਸਿੰਘ 'ਸਰਾਭਾ' ਦੇ ਸ਼ਹੀਦੀ ਦਿਨ'ਤੇ**
**ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਗ਼ਦਰ ਲਹਿਰ ਨੂੰ ਸਮਰਪਤ**
**ਸੱਭਿਆਚਾਰਕ ਸਮਾਗਮ**

**ਸ਼ਨਿੱਚਰਵਾਰ 10 ਨਵੰਬਰ 2012**
**ਬਾਅਦ ਦੁਪਹਿਰ 1 ਵਜੇ**
**ਸਥਾਨ-167 ਟੈਂਪਲ ਗਰੀਨ ਰੋਡ**
**ਟੈਂਪਲ ਕਮਿਊਨਟੀ ਸੈਂਟਰ ਨੌਰਥ ਈਸਟ ਕੈਲਗਰੀ**



ਬਾਬਾ ਸੋਹਣ ਸਿੰਘ ਭਕਨਾ





ਸ਼ਹੀਦ ਕਰਤਾਰ ਸਿੰਘ ਸਰਾਭਾ

**ਪੰਜਾਬੀ ਭਾਈਚਾਰੇ ਨੂੰ ਹਾਰਦਿਕ ਸੱਦਾ**

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
**ਸਤਨਾਮ ਸਿੰਘ ਢਾਅ 403-285-6091**
**ਇਕਬਾਲ ਖ਼ਾਨ 403-921-8736**

**ਚਾਹ ਪਾਣੀ ਦਾ ਪ੍ਰਬੰਧ ਹੋਵੇਗਾ**

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
GHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Ontario Association of Certified Home Inspectors
OAHI
Cell: 416 839 3436 Ph: 905 479 5807

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਪੂੰਜੀਵਾਦੀ ਲੋਕਤੰਤਰੀ ਪ੍ਰਣਾਲੀ ਵਿੱਚ ਬਦਲਵੇਂ ਏਜੰਡੇ ਦੀ ਅਣਹੋਂਦ

ਕਿਸੇ ਠੋਸ ਬਦਲਵੇਂ ਏਜੰਡੇ ਦੀ ਅਣਹੋਂਦ 'ਚ ਹੀ ਅਮਰੀਕੀ ਰਾਸ਼ਰਪਤੀ ਦੀ ਚੋਣ ਦਾ ਅਮਲ ਸੰਪੰਨ ਹੋ ਗਿਆ। ਬਰਾਕ ਹੁਸੈਨ ਓਬਾਮਾ ਮੁੜ ਰਾਸ਼ਟਰਪਤੀ ਚੁਣ ਲਏ ਗਏ । ਦਰਅਸਲ, ਪੂੰਜੀਵਾਦੀ ਲੋਕਤੰਤਰੀ ਪ੍ਰਣਾਲੀ ਬੇਹੱਦ ਚਲਾਕੀ ਭਰੀ ਹੈ, ਜਿਸ ਵਿੱਚ ਸੱਤਾ ਲੋਕਾਂ ਦੇ ਹੱਥ ਵਿੱਚ ਹੋਣ ਦਾ ਭਰਮ ਸਿਰਜਿਆ ਜਾਂਦਾ ਹੈ, ਜਦ ਕਿ ਇਹ ਲੋਕਾਂ ਦੇ ਹੱਥਾਂ ਤੋਂ ਕੋਹਾਂ ਦੂਰ ਰੱਖੀ ਜਾਂਦੀ ਹੈ। ਇਸ ਪ੍ਰਣਾਲੀ ਅੰਦਰ ਸਭ ਕੁੱਝ ਲੋਕ ਜੀਵਨ ਵਿੱਚੋਂ ਨਿੱਕਲ ਕੇ ਨਹੀਂ ਆਉਂਦਾ ਸਗੋਂ ਬਹੁਤ ਕੁੱਝ ਬਨਾਵਟੀ ਢੰਗ ਨਾਲ ਉਸਾਰਿਆ ਜਾਂਦਾ ਹੈ। ਇਸ ਪ੍ਰਣਾਲੀ ਨੇ ਲੋਕ ਰਾਇ ਉੱਪਰ ਜ਼ਬਰਦਸਤ ਪਕੜ ਕਾਇਮ ਕਰਨ ਲਈ ਮਜਬੂਤ ਸੰਚਾਰ ਮਾਧਿਅਮ ਸਥਾਪਿਤ ਕਰ ਲਏ ਹਨ। ਇਸ ਦਾ ਬਹੁਤਲਾਵਾਦ ਕਿਸੇ ਆਜ਼ਾਦੀ (ਰਾਜਸੀ) ਦਾ ਸੂਚਕ ਨਹੀਂ ਸਗੋਂ ਇਸਦਾ ਬਚਾਅ-ਪੈਂਤੜਾ ਹੈ। ਲੋਕ ਰਾਇ ਦੇ ਬਦਲਣ ਦੀ ਸੂਰਤ ਵਿੱਚ ਕੋਈ ਖ਼ਤਰਾ ਦਰਪੇਸ਼ ਨਾ ਹੋਵੇ, ਇਸ ਲਈ ਇਹ ਇੱਕ ਤੋਂ ਵਧੇਰੇ ਬਦਲ ਖੜ੍ਹੇ ਕਰਦਾ ਹੈ, ਜਿਹੜੇ ਇੱਕ ਦੂਜੇ ਦੇ ਉਲਟ ਹੋਣ ਦਾ ਭੁਲੇਖਾ ਤਾਂ ਪਾਉਂਦੇ ਹਨ ਪਰ ਨੀਤੀਆਂ ਦੇ ਪੱਧਰ 'ਤੇ ਕੋਈ ਵਿਰੋਧ ਜਾਂ ਅੰਤਰ ਨਹੀਂ ਰੱਖਦੇ ਹੁੰਦੇ। ਇੱਕ ਪਾਸਿਉਂ ਲੋਕ ਰਾਇ ਖਿਸਕਦੀ ਹੈ ਤਾਂ ਦੂਜੇ ਪਾਸੇ ਪੂੰਜੀਵਾਦ ਦੀ ਆਪਣੀ ਹੀ ਧਿਰ ਉਸਨੂੰ ਬੋਚਣ ਲਈ ਤਿਆਰ ਹੁੰਦੀ ਹੈ। ਇਓ ਵਿਸ਼ਵ ਪੂੰਜੀਵਾਦ ਲਈ ਆਪਣੀਆਂ ਲੋਕਤੰਤਰੀ ਰਾਜਸੀ ਪ੍ਰਣਾਲੀਆਂ ਅੰਦਰ ਜੇਕਰ 'ਘਿਓ ਡੁੱਲਦਾ ਹੇ ਤਾਂ ਉਹ ਸੱਤੂਆਂ ਵਿੱਚ ਹੀ ਪੈਂਦਾ' ਹੈ। ਵਿਸ਼ਵ ਪੂੰਜੀਵਾਦ ਨੇ ਆਪਣੇ ਰਾਜਸੀ ਮਾਡਲ ਅਮਰੀਕੀ ਲੋਕਤੰਤਰ ਵਿੱਚ ਵੀ ਇਹੋ ਵਿਵਸਥਾ ਕਰ ਰੱਖੀ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਜਿਸ ਮਾਹੌਲ ਵਿੱਚ ਮੁੜ ਚੋਣ ਜਿੱਤੀ ਹੈ, ਉਹ ਮਾਹੌਲ ਵਿਸ਼ਵ ਪੂੰਜੀਵਾਦੀ ਰਾਜਸੀ ਰਣਨੀਤੀ ਦੇ ਲੱਛਣਾਂ ਦਾ ਹੀ ਪ੍ਰਗਟਾਵਾ ਕਰਦਾ ਹੈ। ਬਰਾਕ ਓਬਾਮਾ ਨੇ ਪਿਛਲੀ ਵਾਰ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਵੀ ਅਮਰੀਕਾ ਦੇ ਲੋਕਾਂ ਨੂੰ ਕਾਫ਼ੀ ਸਬਜ਼ ਬਾਗ਼ ਦਿਖਾਏ ਸਨ। ਉਦੋਂ ਵਿਸ਼ਵ ਦੇ ਲੋਕਾਂ ਨੂੰ ਵੀ ਕਾਫ਼ੀ ਉਮੀਦ ਸੀ ਕਿ ਨਵੇਂ ਰਾਸ਼ਟਰਪਤੀ ਦੀ ਵੱਖਰੀ ਸੱਭਿਆਚਾਰਕ ਦਿੱਖ ਵਿਸ਼ਵ ਵਿੱਚ ਉਹ ਤਣਾਓ ਖਤਮ ਕਰਨ ਵਿੱਚ ਸਹਾਈ ਹੋਵੇਗੀ ਜਿਸਦੀ ਮੁੱਖ ਵਜ੍ਹਾ ਅਮਰੀਕਾ ਦੀਆਂ ਅਣਉਚਿਤ ਜੰਗੀ ਕਾਰਵਾਈਆਂ ਹਨ। ਪਰ ਸੂਰਤ-ਏ-ਹਾਲ ਵਿੱਚ ਕੋਈ ਤਬਦੀਲੀ ਦਰਜ ਨਹੀਂ ਹੋਈ। ਅਫਗਾਨਿਸਤਾਨ, ਪਾਕਿਸਤਾਨ ਅਤੇ ਮੱਧ ਪੂਰਬ ਵਿੱਚ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਇਸੇ ਤਰ੍ਹਾਂ ਘਰੇਗੀ ਪੱਧਰ 'ਤੇ ਵੀ ਮੌਜੂਦਾ ਰਾਸ਼ਟਰਪਤੀ ਦੀ ਅਗਵਾਈ ਵਿੱਚ ਅਮਰੀਕੀ ਆਰਥਿਕਤਾ ਲੜਖੜਾਈ ਹੋਈ ਦਿਖਾਈ ਦੇ ਰਹੀ ਹੈ। ਇਸ ਖੇਤਰ ਵਿੱਚ ਕਾਫ਼ੀ ਨੁਕਸਾਨ ਤਾਂ ਅਮਰੀਕਾ ਦੀਆਂ ਜੰਗੀ ਨੀਤੀਆਂ ਹੀ ਕਰ ਰਹੀਆਂ ਹਨ। ਇਸ ਤੋਂ ਇਲਾਵਾ ਸਿਹਤ ਸੰਭਾਲ, ਘਰਾਂ ਦੀਆਂ ਘੱਟ ਰਹੀਆਂ ਕੀਮਤਾਂ, ਬੇਰੁਜ਼ਗਾਰੀ, ਦੋਸ਼-ਪੂਰਨ ਇਮੀਗ੍ਰੇਸ਼ਨ ਨੀਤੀ, ਨਸਲੀ ਹਿੰਸਾ ਆਦਿ ਵੀ ਉਹ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਓਬਾਮਾ ਸਰਕਾਰ ਸੁਲਝਾਉਣ ਵੱਲ ਠੋਸ ਕਦਮ ਨਹੀਂ ਉਠਾ ਸਕੀ । ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਲੋਕਾਂ ਦੀਆਂ ਉਮੀਦਾਂ ਪੂਰੀਆਂ ਨਹੀਂ ਹੋਈਆਂ, ਪਰ ਚੋਣ ਫਿਰ ਓਬਾਮਾ ਨੇ ਜਿੱਤ ਲਈ, ਜੇਕਰ ਉਹ ਨਾ ਜਿੱਤਦਾ ਤਾਂ ਵਿਰੋਧੀ ਉਮੀਦਵਾਰ ਮਿੱਟ ਰੋਮਨੀ ਨੇ ਜਿੱਤਣਾ ਸੀ, ਲੋਕਾਂ ਨੂੰ ਤਾਂ ਕੋਈ ਫ਼ਰਕ ਨਹੀਂ ਸੀ ਪੈਣਾ ਕਿਉਂਕਿ ਰੋਮਨੀ ਕੋਲ ਕਿਹੜਾ ਕੋਈ ਬਦਲਵਾਂ ਏਜੰਡਾ ਸੀ, ਉਸ ਕੋਲ ਤਾਂ ਕਰ ਢਾਂਚੇ ਤੇ ਨਸਲੀ ਮਸਲੇ ਬਾਰੇ ਅਜਿਹੀਆਂ ਅਪੀਲਾਂ ਸਨ ਜਿਹੜੀਆਂ ਓਬਾਮਾ ਨੂੰ ਮੁੜ ਸੱਤਾ 'ਚ ਆਉਣ ਲਈ ਮਦਦਗਾਰ ਹੋਣ ਵਾਲੀਆਂ ਸਨ ਤੇ ਅਜਿਹਾ ਹੀ ਵਾਪਰਿਆ। ਜਿਹੜੀਆਂ ਅਮਰੀਕੀ ਨੀਤੀਆਂ ਨੂੰ ਹਾਂ ਮੁੱਖੀ ਮੋੜਾ ਦੇਣ ਵਿੱਚ ਬਰਾਕ ਓਬਾਮਾ ਸਫ਼ਲ ਨਹੀਂ ਹੋਇਆ, ਰੋਮਨੀ ਉਨ੍ਹਾਂ ਉਪਰ ਵਧੇਰੇ ਸਖਤੀ ਨਾਲ ਪਹਿਰਾ ਦੇਣ ਦੇ ਪੱਖ ਵਿੱਚ ਪ੍ਰਤੀਤ ਹੁੰਦਾ ਸੀ। ਇਹ ਵਿਕਲਪ (ਰੋਮਨੀ) ਅਸਲ ਵਿੱਚ ਇੱਕ ਮਾਹੌਲ ਸਿਰਜਣ ਲਈ ਪੇਸ਼ ਕੀਤਾ ਗਿਆ ਤਾਂ ਕਿ ਓਬਾਮਾ ਦੀ ਜਿੱਤ ਯਕੀਨੀ ਹੋ ਸਕੇ। ਅਸਲ ਵਿੱਚ ਪੂੰਜੀਵਾਦ ਲੋਕ ਰਾਇ ਦੀ ਥਾਂ ਲੋਕ ਰੌਂਅ ਨੂੰ ਉੱਸਰਣ ਲਈ ਉਤਸ਼ਾਹਿਤ ਕਰਦਾ ਹੈ। ਲੋਕ ਰਾਇ ਵਿੱਚ ਵਿਚਾਰਧਾਰਕ ਦਖ਼ਲ ਹੁੰਦਾ ਹੈ ਜਦ ਕਿ ਲੋਕ ਰੌਂਅ ਇੱਕ ਜਜ਼ਬਾਤੀ ਉਛਾਲ ਹੁੰਦਾ ਹੈ। ਲੋਕ ਰਾਇ 'ਤੇ ਕਾਇਮ ਜਮਹੂਰੀਅਤ ਵਿੱਚ ਪਰਸਪਰ ਵਿਰੋਧੀ ਵਿਚਾਰਧਰਾਵਾਂ ਵਾਲੇ ਬਦਲ ਪੈਦਾ ਹੁੰਦੇ ਹਨ ਤੇ ਹਰ ਧਿਰ ਦਾ ਆਪਣਾ ਨਿਸ਼ਚਿਤ ਏਜੰਡਾ ਹੁੰਦਾ ਹੈ। ਦੂਜੇ ਪਾਸੇ ਲੋਕ ਰੌਂਅ ਦੀ ਪ੍ਰਮੁੱਖਤਾ ਵਾਲੀ ਵਿਖਾਵੇ ਦੀ ਜਮਹੂਰੀਅਤ ਵਿੱਚ ਚੋਣ ਅਮਲ ਕਿਸੇ ਬਦਲਵੇਂ ਏਜੰਡੇ ਤੋਂ ਬਗ਼ੈਰ ਹੀ ਨੇਪਰੇ ਚੜ੍ਹ ਜਾਂਦਾ ਹੈ, ਜਿਵੇਂ ਕਿ ਇਹ ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿੱਚ ਚੜ੍ਹ ਗਿਆ।

**ਸੰਪਾਦਕੀ ਬੋਰਡ** ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ

**ਸਲਾਹਕਾਰ ਬੋਰਡ** ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ)

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**
**http://www.facebook.com/NawiDunia**

**ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।**

# ਸਿਆਸਤ ਦਾ ਸਨਅਤੀਕਰਨ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਅਜੋਕੇ ਦੌਰ ਵਿੱਚ ਸਨਅਤੀਕਰਨ ਦੇ ਅਰਥ ਬਦਲ ਰਹੇ ਹਨ। ਸਨਅਤ ਨੂੰ ਜਿਨ੍ਹਾਂ ਅਰਥਾਂ ਵਿੱਚ ਲਿਆ ਜਾਂਦਾ ਸੀ, ਉਨ੍ਹਾਂ ਮੁਤਾਬਿਕ ਸਨਅਤ (ਕਿਸੇ ਵੀ) ਦੇ ਸਰੂਪ ਨੂੰ ਸਮਝਣਾ ਕੋਈ ਔਖਾ ਨਹੀਂ ਸੀ। ਹੁਣ ਤਾਂ ਕਈ ਸਨਅਤਾਂ ਦੇ ਨਾਮ ਸੁਣੀਏ ਤਾਂ ਹੈਰਾਨੀ ਹੁੰਦੀ ਹੈ, ਰਵਾਇਤੀ ਸਨਅਤਾਂ ਵਾਂਗ ਉਨ੍ਹਾਂ ਪ੍ਰਤੀ ਮਨ ਵਿੱਚ ਝਟਪਟ ਸਵੀਕ੍ਰਿਤੀ ਦਾ ਭਾਵ ਪੈਦਾ ਨਹੀਂ ਹੁੰਦਾ, ਇਸਦੇ ਉਲਟ ਅੱਜਕੱਲ ਕਈ ਸਨਅਤਾਂ ਦੇ ਨਾਮ ਸੁਣ ਕੇ ਬੰਦਾ ਸੋਚਣ ਲੱਗ ਪੈਂਦਾ ਹੈ ਕਿ ਇਹ ਭਲਾ ਕੀ ਸਨਤਅਤ ਹੋਈ। ਇਹਨਾਂ ਅਜੀਬੋ-ਗਰੀਬ ਸਨਅਤਾਂ ਦੇ ਵਿਸ਼ੇਸ਼ਣ ਵੀ ਕਈ ਸ਼ਹਿਰਾਂ ਨਾਲ ਲੱਗਣ ਲੱਗ ਪਏ ਹਨ, ਬਿਲਕੁੱਲ ਓਵੇਂ ਜਿਵੇਂ ਪਹਿਲਾਂ ਲੁਧਿਆਣਾ ਸਾਇਕਲ ਉਦਯੋਗ ਲਈ, ਜਲੰਧਰ ਨੂੰ ਖੇਡ ਉਦਯੋਗ ਲਈ ਜਾਣਿਆ ਜਾਂਦਾ ਹੈ, ਕਿਸੇ ਸ਼ਹਿਰ ਨੂੰ ਨੌਲਜ਼ ਸਿਟੀ ਕਿਸੇ ਨੂੰ ਆਈ ਟੀ ਸਿਟੀ ਕਿਹਾ ਜਾਣ ਲੱਗ ਪਿਆ ਹੈ। ਜਿੱਥੇ ਚਾਰ ਕਾਲਜ ਖੁੱਲ ਗਏ ਉੱਥੇ ਨੌਲਜ਼ ਇੰਡਸਟਰੀ ਦੇ ਢੰਡੋਰੇ ਪਿੱਟੇ ਗਏ। ਇਉਂ ਸਨਅਤ ਹੁਣ ਸਮਾਜਿਕ ਉਪਯੋਗ ਦੀਆਂ ਵਸਤਾਂ ਦੇ ਉਤਪਾਦਨ ਲਈ ਸਥਾਪਤ ਕਾਰਖਾਨਿਆਂ ਲਈ ਵਰਤਿਆਂ ਜਾਣ ਵਾਲਾ ਲਫ਼ਜ਼ ਨਹੀਂ ਰਿਹਾ, ਸਗੋਂ ਬਹੁਤ ਸਾਰੀਆਂ ਉਹਨਾਂ ਵਸਤਾਂ (ਸੰਕਲਪਾਂ) ਲਈ ਵੀ ਵਰਤਿਆ ਜਾਣ ਲੱਗ ਪਿਆ ਹੈ, ਜਿਹੜੀਆਂ ਉਸੇ ਤਰ੍ਹਾਂ ਮਨੁੱਖੀ ਵਰਤੋਂ ਵਿੱਚ ਨਹੀਂ ਆਉਂਦੀਆਂ ਜਿਵੇਂ ਖੰਡ, ਸਾਇਕਲ, ਪਟਸਨ ਦੀ ਬੋਰੀ, ਫੁੱਟਬਾਲ, ਡਬਲ ਰੋਟੀ ਜਾਂ ਸੀਮੈਂਟ। ਉਦਯੋਗਾਂ ਦੀ ਸ਼੍ਰੇਣੀ ਵਿੱਚ ਜੋ ਨਵਾਂ ਪ੍ਰਵੇਸ਼ ਕਰ ਰਿਹਾ ਹੈ ਸ਼ਾਇਦ ਉਸ ਵਿੱਚ ਸਿਆਸਤ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ। ਉਂਜ ਵੀ ਹੁਣ ਜਿਵੇਂ ਸਿਆਸੀ ਘਰਾਣੇ ਦਿਨੋਂ-ਦਿਨ ਮਹੱਤਵ ਗ੍ਰਹਿਣ ਕਰਦੇ ਜਾ ਰਹੇ ਹਨ, ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਇਹ ਸਿਆਸੀ ਸਨਅਤ ਦੇ ਘਰਾਣਿਆਂ ਵਜੋਂ ਆਪਣੀ ਇਜ਼ਾਰੇਦਾਰੀ ਕਾਇਮ ਕਰ ਲੈਣਗੇ।

ਨਿਵੇਸ਼ਕਾਰਾਂ ਨੂੰ ਚੰਗਾ ਸੇਵਾਫਲ ਜੁਟਾਉਂਦੀ ਹੈ। ਵਿੱਤੀ ਲਾਭਾਂ ਵਾਲੀ ਸਿਆਸੀ ਸਨਅਤ ਵਿੱਚ ਪੈਸਾ ਲਾਉਣ ਵਾਲਿਆਂ ਦੇ ਅੱਗੇ-ਪਿੱਛੇ ਯੋਗ-ਅਯੋਗ ਕੰਮ ਕਰਵਾਉਣ ਵਾਲੇ ਥੈਲੀਆਂ ਲੈ ਕੇ ਘੁੰਮਦੇ ਹਨ। ਇਸੇ ਧਨ ਨਾਲ ਅੱਗੋਂ ਉਹਨਾਂ ਦਾ ਉਦਯੋਗ ਹੋਰ ਚਮਕ ਉੱਠਦਾ ਹੈ। ਇਸੇ ਪੈਸੇ ਨਾਲ ਉਹ ਸਾਰੀ ਤਕਨਾਲੌਜੀ ਆਪਣੇ ਕੰਟਰੋਲ ਵਿੱਚ ਕਰਦਾ ਹੈ, ਜਿਸ ਨਾਲ ਲੋਕ ਰਾਇ ਨੂੰ ਸਹਿਜੇ ਹੀ ਵਰਗਲਾਇਆ ਜਾ ਸਕਦਾ ਹੈ। ਇਸ ਤਕਨਾਲੌਜੀ ਵਿੱਚ ਇਲੈਕਟ੍ਰੋਨਿਕਸ ਮੀਡੀਆ ਭਾਵ ਨਿੱਜੀ ਟੀ ਵੀ ਚੈਨਲ ਵੀ ਸ਼ਾਮਲ ਹਨ, ਜੋ ਜਨਤਾ ਦੀ ਰਾਇ ਨੂੰ ਭਰਮਾਉਣ ਵਿੱਚ ਵੱਡੀ ਭੂਮਿਕਾ ਨਿਭਾਅ ਰਹੇ ਹਨ। ਕਈ ਸਿਆਸੀ ਘਰਾਣਿਆਂ ਦੇ ਹੁਣ ਆਪਣੀ ਮਾਲਕੀ ਵਾਲੇ ਚੈਨਲ ਹਨ, ਜਿੱਥੋਂ ਦਿਨ ਰਾਤ ਉਹਨਾਂ ਦੇ ਘਰਾਣੇ ਦੀ ਤੂਤੀ ਬੋਲਦੀ ਹੈ। ਪੰਜਾਬ ਵਿੱਚ ਬਾਦਲ ਘਰਾਣੇ ਦਾ ਵੀ ਆਪਣਾ ਟੀ ਵੀ ਨੈਟਵਰਕ ਹੈ, ਜਿਹੜਾ ਇਸ ਘਰਾਣੇ ਦੀ ਸਿਆਸੀ ਸਨਅਤ ਲਈ ਬੜਾ ਕਾਰਗਰ ਸਿੱਧ ਹੋ ਰਿਹਾ ਹੈ।

ਸਿਆਸੀ ਸਨਅਤ ਦਾ ਦੂਜਾ ਵੱਡਾ ਆਕਰਸਣ ਤਾਕਤ ਹੈ।




ਸਾਡੇ ਦੇਸ਼ ਵਰਗੀ ਸਿਆਸਤ ਦੀ ਸਨਅਤ ਵਿੱਚ ਆਮ ਕਰਕੇ ਮੱਧ ਵਰਗ ਲਈ ਉਹੋ ਜਿਹਾ ਕੁੱਝ ਹੀ ਬਣਦਾ ਹੈ, ਜਿਹੋ-ਜਿਹਾ ਕਿਸੇ ਮੋਬਾਇਲ ਵਿੱਚ ਕਈ ਤਰ੍ਹਾਂ ਦੇ ਫੰਕਸਨਾਂ ਦੀ ਸ਼ਕਲ ਵਿੱਚ ਮੌਜੂਦ ਹੁੰਦਾ ਹੈ। ਜਿਸ ਮੋਬਾਇਲ ਦੀ ਚੰਗੀ ਦਿੱਖ ਅਤੇ ਅੰਦਰਲੇ ਫੰਕਸਨਾਂ ਦੀ (ਚੈਟਿੰਗ ਆਦਿ ) ਦੀ ਚਰਚਾ ਹੋਵੇ ਉਸ ਮੋਬਾਇਲ ਨੂੰ ਸਟੇਟਸ ਸਿੰਬਲ ਦੇ ਤੌਰ 'ਤੇ ਵਰਤਣ ਵਾਲਾ ਉਪਭੋਗੀ ਮਿਲ ਜਾਂਦਾ ਹੈ ਤੇ ਸੌ ਰੁਪਏ ਦੀ ਚੀਜ਼ ਪੰਜਾਹ ਹਜ਼ਾਰ ਰੁਪਏ ਵਿੱਚ ਲੈਣ 'ਤੇ ਰਾਜ਼ੀ ਹੋ ਜਾਂਦਾ ਹੈ, ਇਸੇ ਤਰ੍ਹਾਂ ਹੀ ਉਹ ਰਾਜਸੀ ਪਾਰਟੀਆਂ/ ਸਖ਼ਸ਼ੀਅਤਾਂ ਜਿਨ੍ਹਾਂ ਨੇ ਪ੍ਰਚਾਰ ਮਾਧਿਆਮਾਂ ਰਾਹੀਂ ਆਪਣੀ ਉਪਭੋਗਤਾ ਦਾ ਮਾਨਸਿਕ ਪ੍ਰਭਾਵ ਕਾਇਮ ਕਰ ਲਿਆ ਹੁੰਦਾ ਹੈ, ਆਪਣੇ ਠੱਪੇ ਮੋਬਾਇਲਾਂ ਵਾਂਗ ਵੇਚਣ ਲੱਗਦੀਆਂ ਹਨ। ਸਿਆਸੀ ਘਰਾਣੇ ਜਿਨ੍ਹਾਂ ਨੇ ਉਪਰੋਕਤ ਭਾਂਤ ਦੇ ਸਿਆਸੀ ਸੰਗਠਨਾਂ ਉੱਪਰ ਆਪਣੀ ਪਕੜ ਕਾਇਮ ਰੱਖੀ ਹੈ, ਉਨ੍ਹਾਂ ਨੂੰ ਸਿਆਸਤ ਦੀ ਭੋਗ ਵਿਰਤੀ ਦਾ ਕਾਫ਼ੀ ਵਿੱਤੀ ਲਾਭ ਹਾਸਲ ਹੁੰਦਾ ਹੈ। ਫੰਡ ਇਕੱਤਰ ਹੋਣ ਲੱਗਦੇ ਹਨ, ਚੋਣਾਂ ਵਿੱਚ ਟਿਕਟਾਂ ਵਿਕਣ ਲੱਗਦੀਆਂ ਹਨ। ਕਈ ਕਾਰੋਬਾਰਾਂ ਵਿੱਚ ਦੋ ਨੰਬਰ ਦਾ ਭਾਰੀ ਧਨ ਪਿਆ ਹੈ, ਇਸ ਧਨ ਦਾ ਬਹੁਤ ਵੱਡਾ ਭਾਗ ਸਿਆਸਤ ਦੀ ਸਨਅਤ ਵਿੱਚ ਆ ਰਿਹਾ ਹੈ। ਜਿਵੇਂ ਕਿ ਰੀਅਲ ਅਸਟੇਟ ਦੇ ਕਾਰੋਬਾਰੀਆਂ ਵਿੱਚੋਂ ਬਹੁਤ ਸਾਰੇ ਸਿਆਸਤ ਵਿੱਚ ਆ ਗਏ ਹਨ। ਇਹ ਲੋਕ ਸਿਰਫ਼ ਖੁਦ ਹੀ ਸਿਆਸਤ ਵਿੱਚ ਨਹੀਂ ਆਏ ਸਗੋਂ ਰੀਅਲ ਅਸਟੇਟ ਕਾਰੋਬਾਰ ਦਾ ਬੇਹਿਸਾਬਾ ਧਨ ਵੀ ਸਿਆਸਤ ਵਿੱਚ ਆਇਆ ਹੈ। ਵੋਟਾਂ ਦੇ ਦਿਨਾਂ ਵਿੱਚ ਬੋਰੀਆਂ ਭਰ-ਭਰ ਬਸਤੀਆਂ ਵਿੱਚ ਵੰਡਿਆ ਜਾ ਰਿਹਾ ਧਨ ਅਸਲ ਵਿੱਚ ਕਾਲਾ ਧਨ ਹੀ ਹੁੰਦਾ ਹੈ। ਇਸ ਧਨ ਨੂੰ ਵੰਡ ਰਹੇ ਸਿਅਸੀ ਕਰਿੰਦਿਆਂ ਦੇ ਆਗੂ ਕੂਕ-ਕੂਕ ਕੇ ਕਾਲਾ ਧਨ ਦੇ ਵਿਦੇਸ਼ਾਂ ਵਿੱਚ ਪਏ ਹੋਣ ਦੀ ਦੁਹਾਈ ਦਿੰਦੇ ਹਨ, ਵਿਦੇਸ਼ਾਂ ਵਿੱਚ ਵੀ ਜਰੂਰ ਕਾਲਾ ਧਨ ਪਿਆ ਹੈ ਪਰ ਇੱਥੇ ਇਹ ਸਿਆਸਤਦਾਨ ਵੀ ਕਾਲੇ ਧਨ ਦੀ ਖੇਡ ਹੀ ਖੇਡ ਰਹੇ ਹਨ ਅਤੇ ਇਸ ਧਨ (ਪੂੰਜੀ) ਨਾਲ ਹੀ ਭਾਰੀ-ਭਰਕਮ ਸਨਅਤ ਉਸਾਰੀ ਜਾ ਰਹੀ ਹੈ।

ਸਿਆਸਤ ਦੀ ਸਨਅਤ ਨਿਵੇਸ਼ਕਾਰਾਂ ਲਈ ਦੋ ਵੱਡੇ ਆਕਰਸ਼ਣ ਰੱਖਦੀ ਹੈ। ਇੱਕ ਤਾਂ ਇਹ ਕਿ ਆਪਣੀਆਂ ਕਥਿਤ 'ਸੇਵਾਵਾਂ' ਲਈ

ਭਾਰੂ ਸਿਆਸੀ ਘਰਾਣੇ ਇਸ ਤਾਕਤ ਨਾਲ ਰਾਜਸੀ ਤੇ ਪ੍ਰਸ਼ਾਸਨਿਕ ਪ੍ਰਬੰਧ ਉੱਪਰ ਵੱਡੀ ਪਕੜ ਬਣਾ ਲੈਂਦੇ ਹਨ। ਸਿਆਸੀ ਘਰਾਣਿਆਂ ਨੇ ਆਪਣੀ ਤਾਕਤ ਦੇ ਸਹਾਰੇ ਇਸ ਸਮੇਂ ਉਹਨਾਂ ਖੇਤਰਾਂ ਵਿੱਚ ਬੜੇ ਤਕੜੇ ਕਾਰੋਬਾਰ ਪੈਦਾ ਕਰ ਲਏ ਹਨ, ਜਿਨ੍ਹਾਂ ਖੇਤਰਾਂ ਨੂੰ ਰਵਾਇਤੀਆਂ ਕਾਰੋਬਾਰੀਆਂ ਨੇ ਨਜ਼ਰਅੰਦਾਜ਼ ਹੀ ਕਰ ਰੱਖਿਆ ਸੀ। ਇਹਨਾਂ ਖੇਤਰਾਂ ਦੇ ਕਾਰੋਬਾਰ 'ਚੋਂ ਇੱਕ ਨਵੀਂ ਅਰਬਪਤੀ ਜਮਾਤ ਉੱਭਰ ਆਈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਰੇਤੇ, ਬਜਰੀ, ਲੈਂਡ ਮਾਇਨਿੰਗ, ਸ਼ਰਾਬ, ਕੇਵਲ ਟੀ ਵੀ, ਆਦਿ ਦੇ ਕਾਰੋਬਾਰਾਂ ਨੂੰ ਸਿਆਸੀ ਘਰਾਣੇ ਆਪਣੇ ਮੁਕੰਮਲ ਕੰਟਰੋਲ ਵਿੱਚ ਕਰੀ ਬੈਠੇ ਹਨ। ਰੀਅਲ ਅਸਟੇਟ ਦੇ ਕਾਰੋਬਾਰ ਦਾ ਚੋਖਾ ਭਾਗ ਵੀ ਇਹਨਾਂ ਕੋਲ ਹੀ ਹੈ। ਇਸ ਤੋਂ ਇਲਾਵਾ ਜ਼ਮੀਨ ਨੂੰ ਲੋਕ ਭਲਾਈ ਦੇ ਨਾਂ 'ਤੇ ਟਰੱਸਟ ਬਣਾ ਕੇ ਹਥਿਆਉਣਾ ਵੀ ਇਸੇ ਵਰਗ ਦਾ ਇੱਕ ਚੰਗਾ ਧੰਦਾ ਬਣ ਗਿਆ ਹੈ। ਇਸ ਸਭ ਕੁੱਝ ਨੂੰ ਮਿਲਾ ਕੇ ਦੇਖੀਏ ਤਾਂ ਇੱਕ ਚੰਗੀ ਖਾਸੀ ਸਨਅਤ ਦੀ ਰੂਪ-ਰੇਖਾ ਉਘੜ ਆਉਂਦੀ ਹੈ ਤੇ ਇਸੇ ਨੂੰ ਹੀ ਅਸੀਂ ਉਪਰੋਕਤ ਚਰਚਾ ਵਿੱਚ 'ਸਿਆਸੀ ਸਨਅਤ' ਜਾਂ ਸਿਆਸਤ ਦੇ ਸਨਅਤੀਕਰਨ ਵਜੋਂ ਦੇਖਿਆ ਹੈ। ਸਿਆਸੀ ਸਨਅਤੀ ਘਰਾਣੇ ਰਵਾਇਤੀ ਸਨਅਤੀ ਘਰਾਣਿਆਂ ਨਾਲੋਂ ਇਸ ਗੱਲੋਂ ਅੱਗੇ ਲੰਘ ਗਏ ਹਨ ਕਿ ਇਹਨਾਂ ਕੋਲ ਉਹਨਾਂ ਵਾਂਗ ਸਨਅਤਾਂ (ਰਵਾਇਤੀ) ਵੀ ਹਨ ਤੇ ਇਸਦੇ ਨਾਲ ਸਿਆਸੀ ਸਨਅਤ ਵੀ ਇਹਨਾਂ ਨੇ ਉਸਾਰ ਲਈ। ਉਂਜ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਸਿਆਸੀ ਸਨਅਤ 'ਪਖੰਡ ਦੀ ਦੁਕਾਨ ਤੋਂ ਵੱਧ ਕੁੱਝ ਨਹੀਂ ਹੈ ਅਤੇ 'ਪਖੰਡ ਦੀ ਦੁਕਾਨ' ਦਾ ਭਵਿੱਖ ਹਮੇਸ਼ਾ ਅਨਿਸਚਿਤ ਹੁੰਦਾ ਹੈ।

ਸਿਆਸਤ ਦਾ ਸਨਅਤੀਕਰਨ ਸਿਆਸਤ ਦਾ ਵਿਗਾੜ ਅਤੇ ਦੁਰਉਪਯੋਗ ਹੈ। ਇਹ ਵਾਸਤਵ ਵਿੱਚ ਠੱਗੀ-ਠੋਰੀ ਦਾ ਕਾਨੂੰਨੀ ਸਾਧਨ ਹੈ। ਉਂਜ ਸ਼ਬਦ ਦੇ ਸਹੀ ਅਰਥਾਂ ਵਿੱਚ ਸਿਆਸਤ ਸਮਾਜਿਕ ਤਬਦੀਲੀ ਦਾ ਵਿਗਿਆਨ ਅਤੇ ਸਾਧਨ ਉਦੋਂ ਬਣਦੀ ਹੈ, ਜਦੋਂ ਇਸ ਨਾਲ ਲੋਕ ਚੇਤਨਾ ਅਤੇ ਸਰਗਰਮੀ ਸਕਾਰਾਤਮਿਕ ਰੂਪ ਨਾਲ ਜੁੜ ਜਾਵੇ।

ਅਜਿਹੀ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਸਿਆਸਤ ਯੁਗ-ਪਲਟਾਊ ਸਾਬਤ ਹੁੰਦੀ ਹੈ ਤੇ ਲੋਕਾਂ ਦੀ ਤਕਦੀਰ ਬਦਲਦੀ ਹੈ।

# ਸ਼ਾਵੇਜ ਦੀ ਜਿੱਤ ਦੇ ਅਰਥ



ਪ੍ਰਕਾਸ਼ ਕਰਾਤ
ਜਨਰਲ ਸਕੱਤਰ,
ਸੀ.ਪੀ.ਆਈ (ਐਮ)

ਕੁਝ ਦਿਨ ਪਹਿਲਾਂ ਹਯੂਗੋ ਸ਼ਾਵੇਜ ਚੌਥੀ ਵਾਰੀ ਵੈਨੇਜੁਏਲਾ ਬੋਲੀਵਾਰਿਆਈ ਗਣਰਾਜ ਦੇ ਰਾਸ਼ਟਰਪਤੀ ਚੁਣੇ ਗਏ। ਇਸ ਇਤਿਹਾਸਕ ਚੋਣ ਵਿਚ ਸ਼ਾਵੇਜ ਨੇ ਵਿਰੋਧੀ ਧਿਰ ਦੇ ਉਮੀਦਵਾਰ ਹੈਨਰਿਕ ਕੈਪ੍ਰਿਲੇਸ ਨੂੰ 11 ਫੀਸਦੀ ਦੇ ਅੰਤਰ ਨਾਲ ਮਾਤ ਦੇ ਕੇ 55.11 ਫੀਸਦੀ ਵੋਟਾਂ ਲੈ ਕੇ ਜਿੱਤ ਹਾਸਲ ਕੀਤੀ। ਇਨ੍ਹਾਂ ਚੋਣਾਂ ਵਿਚ ਲਗਪਗ 80 ਫੀਸਦੀ ਲੋਕਾਂ ਨੇ ਮਤਦਾਨ ਕੀਤਾ ਸੀ, ਜੋ ਹੁਣ ਤੱਕ ਦਾ ਸਭ ਤੋਂ ਉਚਾ ਮਤਦਾਨ ਰਿਹਾ ਹੈ। ਸ਼ਾਵੇਜ ਸਭ ਤੋਂ ਪਹਿਲਾਂ 1998 ਵਿਚ ਚੁਣੇ ਗਏ ਸਨ ਅਤੇ 1999 ਵਿਚ ਨਵੇਂ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਇਹ ਲਗਾਤਾਰ ਤੀਸਰੀ ਚੋਣ ਹੈ, ਜਿਸ ਵਿਚ ਜੇਤੂ ਹੋਏ ਹਨ। ਉਹ 2019 ਤੱਕ ਛੇ ਸਾਲ ਦੇ ਕਾਰਜਕਾਲ ਲਈ ਚੁਣੇ ਗਏ ਹਨ। ਵੈਨੇਜੁਏਲਾ ਅਤੇ ਕੁਲ ਮਿਲਾ ਕੇ ਲੇਟਿਨ ਅਮਰੀਕਾ ਦੇ ਹੀ ਭਵਿੱਖ ਲਈ ਇਹ ਚੋਣ ਫੈਸਲਾਕੁੰਨ ਸੀ। ਰਾਸ਼ਟਰਪਤੀ ਸ਼ਾਵੇਜ ਨੇ 1999 ਤੋਂ ਜਦੋਂ ਤੋਂ ਬੋਲੀਵਾਰਿਆਈ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਹੈ, ਤਦ ਤੋਂ ਇਕ ਸੰਘਰਸ਼ ਚੱਲ ਰਿਹਾ ਹੈ। ਜਿਹੜੀਆਂ ਤਾਕਤਾਂ ਆਪਸ ਵਿਚ ਟਕਰਾ ਰਹੀਆਂ ਹਨ, ਉਨ੍ਹਾਂ ਵਿਚੋਂ ਇਕ ਪਾਸੇ ਪੁਰਾਣਾ ਸ਼ਾਸਕ ਵਰਗ ਅਤੇ ਪੂੰਜੀਵਾਦੀ ਕੁਲੀਨਤੰਤਰ ਹੈ ਅਤੇ ਦੂਸਰੇ ਪਾਸੇ ਸ਼ਾਵੇਜ ਅਤੇ ਖੱਬੇ ਪੱਖੀ ਸਮਾਜਵਾਦੀ ਤਾਕਤਾਂ ਦੀ ਅਗਵਾਈ ਵਾਲਾ ਹਰਮਨ ਪਿਆਰਾ ਅੰਦੋਲਨ। ਵੈਨੇਜੁਏਲਾ ਕੋਲ ਦੁਨੀਆ ਦੇ ਸਭ ਤੋਂ ਵੱਡੇ ਤੇਲ ਦੇ ਭੰਡਾਰ ਹਨ ਅਤੇ ਸਾਊਦੀ ਅਰਬ ਉਸ ਤੋਂ ਬਾਅਦ ਦੂਸਰੇ ਨੰਬਰ 'ਤੇ ਹੈ। ਸ਼ਾਵੇਜ ਨੇ ਦੌਲਤ ਦੀ ਪੁਨਰ-ਵੰਡ ਕਰਨ ਲਈ ਤੇਲ ਭੰਡਾਰਾਂ 'ਤੇ ਕੌਮੀ ਕੰਟਰੋਲ ਸਥਾਪਿਤ ਕੀਤਾ ਹੈ। ਉਨ੍ਹਾਂ ਤੇਲ ਮਾਲੀਆ ਦੀ ਵਰਤੋਂ ਸਾਖਰਤਾ, ਸਿੱਖਿਆ, ਸਿਹਤ ਅਤੇ ਰਿਹਾਇਸ਼ ਵਰਗੇ ਸਮਾਜਿਕ ਮਿਸ਼ਨ ਲਈ ਪੈਸਾ ਮੁਹੱਈਆ ਕਰਾਉਣ ਲਈ ਕੀਤਾ ਹੈ। ਇਸ ਨਾਲ ਗਰੀਬੀ ਦੇ ਪੱਧਰ ਵਿਚ ਭਾਰੀ ਕਮੀ ਆਈ ਹੈ।

ਸਾਲ 2006 ਵਿਚ ਸ਼ਾਵੇਜ ਨੇ ਐਲਾਨ ਕੀਤਾ ਸੀ ਕਿ ਬੋਲਿਵਾਰਿਆਈ ਕ੍ਰਾਂਤਾ ਦਾ ਟੀਚਾ ਸਮਾਜਵਾਦ ਹੈ। ਵੈਨੇਜੁਏਲਾ ਚਾਰੇ ਪਾਸਿਆਂ ਤੋਂ ਪੂੰਜੀਵਾਦੀ ਪ੍ਰਣਾਲੀ ਨਾਲ ਘਿਰਿਆ ਹੋਇਆ ਦੇਸ਼ ਹੈ। ਸ਼ਾਵੇਜ ਦੀ ਅਗਵਾਈ ਵਿਚ ਸਰਕਾਰ ਨੇ ਉਦਯੋਗ ਅਤੇ ਟੈਲੀਕਮਿਊਨੀਕੇਸ਼ਨ ਦੇ ਚੰਗੇ ਹਿੱਸੇ ਦਾ ਰਾਸ਼ਟਰੀਕਰਨ ਕੀਤਾ ਹੈ। ਵਿਦੇਸ਼ੀ ਕੰਪਨੀਆਂ ਕੋਲ ਜਿਹੜੀਆਂ ਵੱਡੀਆਂ-ਵੱਡੀਆਂ ਜ਼ਮੀਨਾਂ ਸਨ, ਉਨ੍ਹਾਂ ਦੀ ਖੁਦਮੁਖਤਿਆਰੀ ਵਾਪਸ ਲੈ ਲਈ ਗਈ ਹੈ। ਜ਼ਮੀਨ ਸੁਧਾਰ ਦੇ ਕਦਮ ਚੁੱਕੇ ਗਏ ਹਨ। 'ਸਮੁਦਾਇਕ ਪ੍ਰੀਸ਼ਦਾਂ' (ਕਮਿਊਨਲ ਕੌਂਸਲ) ਕਹੇ ਜਾਣ ਵਾਲੇ ਸਥਾਨਕ ਸਵਸ਼ਾਸਿਤ ਨਿਗਮਾਂ ਰਾਹੀਂ ਨਾਗਰਿਕਾਂ ਦੀ ਜਨਤਾਂਤ੍ਰਿਕ ਸਿਆਸੀ ਹਿੱਸੇਦਾਰੀ ਸਥਾਪਿਤ ਕੀਤੀ ਗਈ ਹੈ। ਏ.ਐਲ.ਬੀ.ਏ (ਅਲਬਾ) ਵਰਗੇ ਖੇਤਰੀ ਸਹਿਯੋਗ ਦੀਆਂ ਸੰਸਥਾਵਾਂ ਖੜ੍ਹੀਆਂ ਕਰਨ ਵਿਚ ਵੈਨੇਜੁਏਲਾ ਨੇ ਅਗਵਾਈ ਕੀਤੀ ਹੈ। ਵੈਨੇਜੁਏਲਾ ਲੇਟਿਨ ਅਮਰੀਕਾ ਵਿਚ ਖੱਬੇ ਪੱਖੀ ਦੇ ਵਿਕਾਸ ਦੀ ਧੁਰੀ ਹੈ ਅਤੇ ਬੋਲਿਵੀਆ ਅਤੇ ਇਕਵਾਡੋਰ ਉਸ ਨੂੰ ਸਮਰਥਨ ਅਤੇ ਇਕਜੁਟਤਾ ਮੁਹੱਈਆ ਕਰਾ ਰਹੇ ਹਨ। ਕਿਊਬਾ ਅਤੇ ਵੈਨੇਜੁਏਲਾ ਵਿਚਾਲੇ ਨਜ਼ਦੀਕੀ ਬਿਰਾਦਰਾਨਾ ਸਬੰਧ ਅਤੇ ਸਹਿਯੋਗ ਇਨ੍ਹਾਂ ਵਿਕਾਸਸ਼ੀਲ ਬਦਲਾਵਾਂ ਦਾ ਆਧਾਰ ਹਨ।

ਇਸ ਸਭ ਨਾਲ ਅਮਰੀਕਾ ਅਤੇ ਘਰੇਲੂ ਕੁਲੀਨ ਬੇਹੱਦ ਨਾਰਾਜ਼ ਹੈ। ਇਸ ਲਈ ਸਾਵੇਜ ਦੀ ਅਗਵਾਈ ਵਾਲੀ ਸਰਕਾਰ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ ਕੀਤੀਆਂ ਗਈਆਂ ਹਨ। ਪਰ ਵੈਨੇਜੁਏਲਾਈ ਕ੍ਰਾਂਤੀਕਾਰੀ ਪ੍ਰਕਿਰਿਆ ਦੀ ਜਬਰਦਸਤ ਖਾਸੀਅਤ ਇਹ ਹੈ ਕਿ ਇਸ ਨੇ ਦੇਸ਼ ਵਿਚ ਜਨਤੰਤਰ ਨੂੰ ਡੂੰਘਾ ਬਣਾਇਆ ਹੈ। ਇਹ ਪ੍ਰਤੀਕ੍ਰਿਆਵਾਦੀ ਸਾਮਰਾਜਵਾਦਪ੍ਰਸਤ ਹਲਕੇ ਹੀ ਹਨ, ਜਿਹੜੇ ਜਨਤਾ ਦੀ ਜਨਤਾਂਤ੍ਰਿਕ ਇੱਛਾ ਸ਼ਕਤੀ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਵੇਂ ਕਿ 2002 ਵਿਚ ਅਸਫ਼ਲ ਫੌਜੀ ਤਖ਼ਤਾ ਪਲਟ ਵਿਚ ਦੇਖਣ ਵਿਚ ਆਇਆ ਸੀ।

ਅਕਤੂਬਰ, 2012 ਦੀਆਂ ਚੋਣਾਂ ਇਨ੍ਹਾਂ ਕਾਰਨਾਂ ਕਰਕੇ ਅਹਿਮ ਹੋ ਗਈਆਂ ਸਨ ਅਤੇ ਇਸ ਵਿਚ ਵੱਡੇ ਭਾਰੀ ਦਾਅ ਲੱਗੇ ਹੋਏ ਸਨ। ਦੱਖਣ ਪੰਥੀ ਵਿਰੋਧੀ ਧਿਰ-ਰਾਊਂਟੇਬਲ ਆਫ਼ ਡੈਮੋਕ੍ਰੇਟਿਕ ਯੂਨਿਟੀ (ਐਮ.ਯੂ.ਡੀ) ਹਰ ਤਰ੍ਹਾਂ ਦੇ ਵਿਰੋਧੀ ਧਿਰ ਨੂੰ ਨਾਲ ਲੈ ਆਇਆ ਸੀ ਤਾਂ ਕਿ ਕੈਪ੍ਰਿਲੈਸ ਨੂੰ ਇਕਜੁੱਟ ਵਿਰੋਧੀ ਉਮੀਦਵਾਰ ਦੇ ਰੂਪ ਵਿਚ ਖੜ੍ਹਾ ਕੀਤਾ ਜਾ ਸਕੇ। ਦੱਖਣ ਪੰਥੀ ਕੱਟੜਵਾਦੀ ਹਲਕੇ ਤੋਂ ਆਉਣ ਵਾਲੇ ਕੈਪ੍ਰਿਲੈਸ ਨੇ ਇਕ ਉਦਾਰ ਮੱਧ ਮਾਰਗੀ ਚਿਹਰਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਇਹ ਸਪਸ਼ਟ ਸੀ ਕਿ ਵਿਰੋਧੀ ਧਿਰ ਦੀ ਜਿੱਤ ਦਾ ਅਰਥ ਹੋਵੇਗਾ ਉਨ੍ਹਾਂ ਪ੍ਰਾਪਤੀਆਂ ਦਾ ਪਲਟਨਾ, ਜਿਹੜੀਆਂ ਬੋਲਿਵਾਰਿਆਈ ਕ੍ਰਾਂਤੀਕਾਰੀ ਪ੍ਰਕਿਰਿਆ ਰਾਹੀਂ ਹਾਸਲ ਕੀਤੀਆਂ ਗਈਆਂ ਹਨ। ਵਿਰੋਧੀ ਧਿਰ ਨੂੰ ਵਿੱਤੀ ਮਦਦ ਦੇਣ ਲੀ ਅਮਰੀਕਾ ਨੇ ਪਾਣੀ ਵਾਂਗ ਪੈਸਾ ਵਹਾਇਆ ਸੀ। ਵਿਰੋਧੀ ਧਿਰ ਨੇ ਇਹ ਮੁਹਿੰਮ ਸ਼ੁਰੂ ਕੀਤੀ ਸੀ ਕਿ ਉਹ ਚੋਣ ਨਤੀਜਿਆਂ ਨਾਲ ਛੇੜਛਾੜ ਸਹਿਣ ਨਹੀਂ ਕਰੇਗਾ। ਸ਼ਾਵੇਜ ਅਤੇ ਉਨ੍ਹਾਂ ਦੀਆਂ ਚੋਣ ਸੰਭਾਵਨਾਵਾਂ ਨੂੰ ਲੈ ਕੇ ਮਾੜ ਪ੍ਰਚਾਰ ਚਲਾਉਣ ਲਈ ਦੱਖਣ ਪੰਥੀ ਮੀਡੀਆ ਦੀ ਭਰਪੂਰ ਵਰਤੋਂ ਕੀਤੀ ਗਈ ਸੀ। ਪਿਛਲੇ ਸਾਲ ਸਾਵੇਜ ਨੇ ਕੈਂਸਰ ਨਾਲ ਲੜਾਈ ਜਿੱਤੀ ਸੀ ਅਤੇ ਹੁਣ ਉਹ ਪੂਰੀ ਤਰ੍ਹਾਂ ਸਿਹਤਮੰਦ ਹਨ।

ਵੈਨੇਜੁਏਲਾਈ ਜਨਤਾ ਦਾ ਜਨਾਦੇਸ਼ ਬੋਲਿਵਾਰਿਆਈ ਕ੍ਰਾਂਤੀਕਾਰੀ ਪ੍ਰਕਿਰਿਆ ਨੂੰ ਜਾਰੀ ਰੱਖਣ ਦੇ ਪੱਖ ਵਿਚ ਆਇਆ ਸੀ। ਇਹ ਝੂਠਾ ਪ੍ਰਚਾਰ ਪੂਰੀ ਤਰ੍ਹਾਂ ਬੇਨਕਾਬ ਹੋ ਗਿਆ ਹੈ ਕਿ ਸ਼ਾਵੇਜ ਰਾਜਕੀ ਤਾਕਤ ਦੇ ਬਲ 'ਤੇ ਚੋਣਾਂ ਦਾ ਵਿਕ੍ਰਤੀਕਰਨ ਕਰਨਗੇ। ਅਸਲ ਵਿਚ ਉਥੋਂ ਦੀ ਚੋਣ ਪ੍ਰਣਾਲੀ ਦੀ ਵਿਆਪਕ ਸ਼ਲਾਘਾ ਹੀ ਹੋਈ ਹੈ। ਚੋਣਾਂ 'ਤੇ ਨਜ਼ਰ ਰੱਖਣ ਵਾਲੇ ਯੂਨੀਅਨ ਆਫ ਸਾਊਥ ਅਮਰੀਕਨ ਨੇਸ਼ਨਜ਼ (ਯੂ.ਐਨ.ਏ.ਐਸ.ਯੂ.ਆਰ) ਦੇ ਚੋਣ ਮਿਸ਼ਨ ਦੇ ਪ੍ਰਮੁੱਖ ਨੇ ਕਿਹਾ ਹੈ ਕਿ ਵੈਨੇਜੁਏਲਾ ਨੇ ਇਸ ਦਾ ਉਦਾਹਰਣ ਵਾਲਾ ਪ੍ਰਦਰਸ਼ਨ ਕੀਤਾ ਹੈ ਕਿ ਜਨਤੰਤਰ ਕਿਵੇਂ ਕੰਮ ਕਰਦਾ ਹੈ ਅਤੇ ਉਸ ਨੇ ਦੁਨੀਆ ਨੂੰ ਇਸ ਬਾਰੇ ਸਿੱਖਿਆ ਦਿੱਤੀ ਹੈ ਅਤੇ ਇਹ ਮਹੱਤਵਪੂਰਨ ਹੈ।

ਰਾਸ਼ਟਰਪਤੀ ਸ਼ਾਵੇਜ ਹੁਣ ਵੈਨੇਜੁਏਲਾ ਨੂੰ ਇਕ ਸਮਾਜਿਕ ਰੂਪ ਨਾਲ ਨਿਆਂਪੂਰਨ ਅਤੇ ਵਿਕਾਸਸ਼ੀਲ ਸਮਾਜ ਵਿਚ ਤਬਦੀਲ ਕਰਨ ਦੇ ਵੱਡੇ ਕੰਮ ਦੇ ਨਾਲ ਅੱਗੇ ਵੱਧ ਸਕਦੇ ਹਨ। ਉਥੇ ਵਿਆਪਕ ਰੂਪ ਨਾਲ ਅਪਰਾਧ, ਮਹਿੰਗਾਈ ਅਤੇ ਨਸ਼ੇ ਦੇ ਕਾਰੋਬਾਰ ਵਰਗੀਆਂ ਗੰਭੀਰ ਸਮੱਸਿਆਵਾਂ ਹਨ, ਜਿਨ੍ਹਾਂ ਨਾਲ ਨਜਿੱਠਿਆ ਜਾਣਾ ਹੈ। ਉਨ੍ਹਾਂ ਦੀ ਜਿੱਤ ਨੇ ਇਹ ਯਕੀਨੀ ਬਣਾ ਦਿੱਤਾ ਹੈ ਕਿ ਦੱਖਣ ਅਮਰੀਕੀ ਦੇਸ਼ਾਂ ਵਿਚਾਲੇ ਖੇਤਰੀ ਸਹਿਯੋਗ ਨਵ-ਉਦਾਰਵਾਦ ਅਤੇ ਸਾਮਰਾਜਵਾਦੀ ਪ੍ਰਭੁਤਵ ਤੋਂ ਮੁਕਤ ਰਸਤੇ 'ਤੇ ਅੱਗੇ ਵਧ ਸਕੇ। ਅਲਬਾ, ਮਰਕੋਸੂਰ ਅਤੇ ਕਮਿਊਨਿਟੀ ਆਫ ਲੇਟਿਨ ਅਮਰੀਕਨ ਐਂਡ ਕੈਰੇਬੀਅਨ ਸਟੇਟਸ ਵਿਕਾਸ ਕਰ ਸਕਦੇ ਹਨ। ਵੈਨੇਜੁਏਲਾ ਵਿਚ ਹੋਈ ਇਹ ਜਿੱਤ ਸਾਮਰਾਜਵਾਦੀ ਦੇਸ਼ਾਂ ਦੀ ਵਿਸ਼ਵ ਵਿਆਪੀ ਤੇਲ ਰਾਜਨੀਤੀ ਦੇ ਖਿਲਾਫ਼ ਸੰਘਰਸ਼ ਵਿਚ ਵੀ ਮਦਦ ਕਰੇਗੀ।



ਧੁਖ਼ਦਾ ਕਾਲਮ

# ਕੁਰਸੀਆਂ ਸੱਚ ਕਦੇ ਮੁਹੱਈਆ ਨਹੀਂ ਕਰਵਾਉਂਦੀਆਂ

**ਸੁਸ਼ੀਲ ਦੁਸਾਂਝ**

1984 ਦਾ ਸਿੱਖ ਕਤਲੇਆਮ, 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਤੇ ਉਸ ਤੋਂ ਬਾਅਦ ਹੋਏ ਫਿਰਕੂ ਫਸਾਦ, 2002 ਵਿਚ ਗੋਧਰਾ ਕਾਂਡ ਤੋਂ ਬਾਅਦ ਗੁਜਰਾਤ ਵਿਚ ਮੁਸਲਮਾਨ ਭਾਈਚਾਰੇ ਦੇ ਕਤਲੇਆਮ ਅਤੇ ਮੁਲਕ ਦੀ ਵੰਡ ਤੋਂ ਬਾਅਦ ਹੁਣ ਤੱਕ ਵਾਪਰੀਆਂ ਕੁਝ-ਇਕ ਹੋਰ ਮਹੱਤਵਪੂਰਨ ਘਟਨਾਵਾਂ ਨੂੰ ਵਿਦਿਆਰਥੀਆਂ ਨੂੰ ਪੜ੍ਹਾਏ ਜਾਣ ਦੀ ਤਿਆਰੀ ਹੈ। ਸੰਸਾਰ ਦੇ ਸਭ ਤੋਂ ਵੱਡੇ ਜਮਹੂਰੀ ਅਤੇ ਧਰਮ-ਨਿਰਪੱਖ ਅਖਵਾਉਂਦੇ ਆਪਣੇ ਮੁਲਕ 'ਤੇ ਲੱਗੇ ਇਨ੍ਹਾਂ ਕਲੰਕਾਂ ਦੇ ਨਾਲ-ਨਾਲ ਐਮਰਜੈਂਸੀ ਦਾ ਕਾਲਾ ਦੌਰ ਵੀ ਪੜ੍ਹਾਇਆ ਜਾਣਾ ਹੈ। ਐਨ.ਸੀ.ਈ.ਆਰ.ਟੀ ਵਲੋਂ ਪਾਠ ਪੁਸਤਕਾਂ ਵਿਚ ਸ਼ਾਮਲ ਕਰਨ ਵਾਸਤੇ ਲਿਖਵਾਏ ਜਾ ਰਹੇ ਇਨ੍ਹਾਂ ਖਾਸ਼ ਅਧਿਆਇਆਂ ਲਈ ਬਣਾਏ ਗਏ ਪੈਨਲ ਦੇ ਵਿਦਵਾਨਾਂ ਮੁਤਾਬਕ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਬਿਨਾਂ ਕਿਸੇ ਭੇਦ-ਭਾਵ ਤੋਂ ਸੱਚ ਵਿਦਿਆਰਥੀਆਂ ਦੇ ਸਾਹਮਣੇ ਰੱਖਿਆ ਜਾਵੇ। ਪਰ ਨਾਲ ਹੀ ਉਹ ਕਹਿੰਦੇ ਹਨ ਕਿ ਭੱਵਿਖ ਵਿਚ ਕੋਈ ਵਿਵਾਦ ਪੈਦਾ ਨਾ ਹੋਵੇ ਇਸ ਲਈ ਸਿਲੇਬਸ ਵਿਚ ਇਤਿਹਾਸ ਦੇ ਇਨ੍ਹਾਂ ਕਾਲੇ ਪੰਨਿਆਂ ਨੂੰ ਦਰਜ ਕਰਨ ਲਈ ਸਰਕਾਰੀ ਸਰੋਤਾਂ ਦਾ ਸਹਾਰਾ ਹੀ ਲਿਆ ਜਾਵੇਗਾ। ਇਸ ਬੇਹੱਦ ਸੰਵੇਦਨਸ਼ੀਲ ਮਾਮਲੇ 'ਤੇ ਪ੍ਰਮੁੱਖ ਵਿਰੋਧੀ ਪਾਰਟੀ ਭਾਰਤੀ ਜਨਤਾ ਪਾਰਟੀ ਡਾਢੀ ਖ਼ਫ਼ਾ ਹੈ। ਭਾਜਪਾ ਦਾ ਤਰਕ ਹੈ ਕਿ ਸਕੂਲੀ ਪੁਸਤਕਾਂ ਰਾਹੀਂ ਕੇਂਦਰ ਸਰਕਾਰ ਵੋਟ-ਬੈਂਕ ਦੀ ਸਿਆਸਤ ਕਰ ਰਹੀ ਹੈ। ਅਸੀਂ ਇਸ ਮੁੱਦੇ ਨੂੰ ਇਕ ਆਮ ਭਾਰਤੀ ਦੇ ਨਜ਼ਰੀਏ ਤੋਂ ਦੇਖਣ-ਸਮਝਣ ਦੀ ਕੋਸ਼ਿਸ਼ ਵਿਚ ਹਾਂ।

ਦਰਅਸਲ, ਅਤੀਤ ਨੂੰ ਜਾਣ ਲੈਣਾ ਹੀ ਕਾਫ਼ੀ ਨਹੀਂ ਹੁੰਦਾ। ਅਤੀਤ ਨੂੰ ਵਰਤਮਾਨ ਅਤੇ ਭਵਿੱਖ ਨਾਲ ਜੋੜਕੇ ਸਮਝਣਾ ਹੀ ਸਹੀ ਪਹੁੰਚ ਮੰਨੀ ਜਾ ਸਕਦੀ ਹੈ ਪਰ ਆਪਣੇ ਮੁਲਕ ਵਿਚ ਇਤਿਹਾਸ ਨੂੰ ਇਸ ਨਜ਼ਰੀਏ ਤੋਂ ਕਦੀ ਲਿਆ ਹੀ ਨਹੀਂ ਗਿਆ। ਖਾਸ ਤੌਰ 'ਤੇ ਪਿਛਲੇ ਦੋ ਕੁ ਦਹਾਕਿਆਂ ਤੋਂ ਇਤਿਹਾਸ ਨੂੰ ਰਾਜਸੀ ਤੇ ਆਰਥਕ ਸ਼ਕਤੀਆਂ ਦੇ ਮਾਲਕਾਂ ਨੇ ਆਪਣੀ ਸਹੂਲਤ ਮੁਤਾਬਕ ਵਰਤਣ-ਢਾਲਣ ਦੇ ਉਚੇਚੇ ਯਤਨ ਕੀਤੇ। ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਨੇ ਇਤਿਹਾਸ ਨੂੰ ਆਪਣੇ ਮੁਤਾਬਕ ਪੇਸ਼ ਕਰਨ ਲਈ ਸਭ ਤੋਂ ਪਹਿਲਾ ਨਿਸ਼ਾਨਾ ਸਕੂਲੀ ਸਿਲੇਬਸ ਨੂੰ ਹੀ ਬਣਾਇਆ ਹੈ। ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਕੌਮੀ ਜਮਹੂਰੀ ਮੁਹਾਜ ਦੀ ਸਰਕਾਰ ਨੇ ਇਸ ਮਾਮਲੇ ਵਿਚ ਪਿਛਲੇ ਸਾਰੇ ਰਿਕਾਰਡ ਭੰਗ ਕਰ ਦਿੱਤੇ ਸਨ। ਕੁਝ ਸੂਬਾਈ ਸਰਕਾਰਾਂ ਵਲੋਂ ਵੀ ਆਪੋ-ਆਪਣੇ ਨਜ਼ਰੀਏ ਨਾਲ ਵਿਦਿਆਰਥੀਆਂ ਨੂੰ ਇਤਿਹਾਸ ਪੜ੍ਹਾਉਣ ਦੇ ਮਾਮਲੇ ਸਾਹਮਣੇ ਆਏ ਹਨ। ਕੌਮੀ ਜਮਹੂਰੀ ਮੁਹਾਜ ਦੀ ਸਰਕਾਰ ਨਹੀਂ ਰਹੀ ਪਰ ਉਸ ਵਲੋਂ ਸਕੂਲੀ ਸਿਲੇਬਸਾਂ ਵਿਚ ਕੀਤੀਆਂ ਗਈਆਂ ਬਹੁਤ ਸਾਰੀਆਂ ਤਬਦੀਲੀਆਂ ਹਾਲੇ ਵੀ ਕਾਇਮ ਹਨ। ਅਤੀਤ ਦੇ ਸੰਬੰਧ ਵਿਚ ਫ਼ਿਰਕਾਪ੍ਰਸਤ ਅਤੇ ਗੈਰ ਇਤਿਹਾਸਕ ਧਾਰਨਾਵਾਂ ਭਾਰੀ ਤਾਦਾਦ ਵਿਚ ਸਕੂਲੀ ਪਾਠ-ਪੁਸਤਕਾਂ ਵਿਚ ਆਮ ਹੀ ਦੇਖੀਆਂ ਜਾ ਸਕਦੀਆਂ ਹਨ। ਅੱਜ ਵੀ ਆਜ਼ਾਦੀ ਤੋਂ ਬਾਅਦ ਦੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਨੂੰ ਵਿਦਿਆਰਥੀਆਂ ਨੂੰ ਪੜਾਉਣ ਦੀ ਗੱਲ ਹੋ ਰਹੀ ਹੈ। ਇੱਥੇ ਸਭ ਤੋਂ ਅਹਿਮ ਸਵਾਲ ਇਹੀ ਹੈ ਕਿ ਕੀ ਇਹ ਮੁਲਕ ਦੀ ਨਵੀਂ ਪੀੜ੍ਹੀ ਨੂੰ ਸੱਚ ਪੜ੍ਹਾਉਣ ਦੀ ਸੁਹਿਰਦ ਕੋਸ਼ਿਸ਼ ਹੋਵੇਗੀ ਜਾਂ ਫਿਰ ਡਾ.ਮਨਮੋਹਨ ਸਿੰਘ ਦੀ ਸਰਕਾਰ ਵਲੋਂ ਵੀ ਇਤਿਹਾਸ ਨੂੰ ਆਪਣੇ ਮੁਤਾਬਕ ਪੜ੍ਹਾਏ ਜਾਣ ਦੀ ਤਿਆਰੀ ਹੈ?

ਇਕ ਗੱਲ ਤਾਂ ਇਹ ਹੈ ਕਿ ਹਰ ਨਾਗਰਿਕ ਦਾ ਹੱਕ ਹੈ ਕਿ ਆਪਣੇ ਮੁਲਕ ਦੇ ਇਤਿਹਾਸ ਨੂੰ ਜਾਣੇ ਅਤੇ ਸਮਝੇ। ਪਰ ਜਿਸ ਤਰ੍ਹਾਂ ਕਿਹਾ ਜਾ ਰਿਹਾ ਹੈ ਕਿ ਸਕੂਲੀ ਪਾਠ ਪੁਸਤਕਾਂ ਵਿਚ ਸਰਕਾਰੀ ਸਰੋਤਾਂ ਤੋਂ ਹਾਸਲ ਜਾਣਕਾਰੀ ਦੇ ਆਧਾਰ 'ਤੇ ਹੀ ਇਤਿਹਾਸਕਾਰੀ ਕੀਤੀ ਜਾਣੀ ਹੈ, ਤਾਂ ਫਿਰ ਇਹ ਲਾਜ਼ਮੀ ਹੀ ਤਰੁੱਟੀਆਂ ਭਰਪੂਰ ਹੋਵੇਗਾ। ਪਾਬਲੋ ਨੇਰੂਦਾ ਦੀਆਂ ਚਾਰ ਸਤਰਾਂ ਦੇ ਨਾਲ ਗੱਲ ਅੱਗੇ ਤੋਰਦੇ ਹਾਂ-

**'ਆਓ ਤੇ ਦੇਖੋ ਖੂਨ ਸੜਕਾਂ 'ਤੇ**
**ਆਓ ਤੇ ਦੇਖੋ**
**ਖੂਨ ਸੜਕਾਂ 'ਤੇ**
**ਆਓ ਤੇ ਦੇਖੋ**
**ਖੂਨ ਸੜਕਾਂ 'ਤੇ**

ਜਦੋਂ ਪਾਬਲੋ ਨੇਰੂਦਾ 'ਮੈਂ ਕੁਝ ਗੱਲਾਂ ਸਪਸ਼ਟ ਕਰ ਰਿਹਾ ਹਾਂ' ਸਿਰਲੇਖ ਵਾਲੀ ਆਪਣੀ ਇਹ ਨਜ਼ਮ ਲਿਖ ਰਹੇ ਸਨ, ਉਦੋਂ ਸਾਕਾ ਚੁਰਾਸੀ, ਗੋਧਰਾ, ਗੁਜਰਾਤ ਜਾਂ ਅਯੁਧਿਆ ਨਹੀਂ ਵਾਪਰੇ ਸਨ। ਉਹ ਇਹ ਕਵਿਤਾ ਭਾਰਤ ਬਾਰੇ ਵੀ ਨਹੀਂ ਸਨ ਲਿਖ ਰਹੇ ਪਰ ਇਹ ਲਗਦਾ ਹੈ ਕਿ ਸ਼ਾਇਦ ਪਾਬਲੋ ਨੇ ਭਾਰਤੀ ਅਵਾਮ ਦੀ ਲਹੂ ਰੰਗੀ ਤਸਵੀਰ ਹੀ ਇਨ੍ਹਾਂ ਸਤਰਾਂ ਵਿਚ ਪੇਸ਼ ਕਰ ਦਿੱਤੀ ਹੋਵੇ। ਦਰਅਸਲ, ਪਾਬਲੋ ਦੀਆਂ ਇਹ ਸਤਰਾਂ ਇਸ ਕਰਕੇ ਸਾਨੂੰ ਦਿੱਲੀ, ਗੁਜਰਾਤ, ਅਹਿਮਦਾਬਾਦ ਜਾਂ ਅਯੁਧਿਆ 'ਤੇ ਲਿਖੀਆਂ ਲੱਗਦੀਆਂ ਹਨ ਕਿਉਂਕਿ ਜਿਵੇਂ ਹੱਸਣ ਜਾਂ ਰੋਣ ਲਈ ਕਿਸੇ ਖਾਸ ਭਾਸ਼ਾ ਦੀ ਜ਼ਰੂਰਤ ਨਹੀਂ ਹੁੰਦੀ ਉਵੇਂ ਹੀ ਦਰਦ ਦੀ ਜ਼ੁਬਾਨ ਵੀ ਇਕੋ-ਜਿਹੀ ਹੀ ਹੁੰਦੀ ਹੈ। ਪਰ ਸਰਕਾਰਾਂ ਇਸ ਜ਼ੁਬਾਨ ਨੂੰ ਟਿੱਚ ਜਾਣਦੀਆਂ ਹਨ। ਜੇ ਸਰਕਾਰਾਂ ਵੀ ਦਰਦ ਦੀ ਇਸ ਜ਼ੁਬਾਨ ਨੂੰ ਮਹਿਸੂਸ ਕਰਦੀਆਂ ਹੋਣ ਤਾਂ ਕਦੇ ਵੀ ਗੁਜਰਾਤ, ਦਿੱਲੀ ਅਤੇ ਅਯੁਧਿਆ ਨਾ ਵਾਪਰਨ। ਇਨ੍ਹਾਂ ਸਾਰੇ ਹਾਲਾਤਾਂ ਲਈ ਜ਼ੁੰਮੇਵਾਰ ਕਾਬਜ਼ ਰਾਜਸੀ ਤਾਕਤਾਂ ਦਾ ਕਮਾਲ ਦੇਖੋ ਕਿ ਆਮ ਤਾਂ ਕੀ ਸਭ ਕਾਸੇ ਲਈ ਹਾਕਮਾਂ ਨੂੰ ਜ਼ੁੰਮੇਵਾਰ ਸਮਝਣ ਵਾਲਾ ਵਰਗ ਵੀ ਇਕ ਖਾਸ ਭਾਈਚਾਰੇ ਦੇ ਕਤਲੇਆਮ ਨੂੰ ਸਹਿਵਨ ਹੀ ਦੰਗੇ ਕਹਿੰਦਾ ਆ ਰਿਹਾ ਹੈ। ਹਾਕਮਾਂ ਨੇ ਹੀ ਯੋਜਨਾਬੱਧ ਕਤਲੇਆਮ ਨੂੰ ਦੰਗੇ-ਦੰਗੇ ਕਹਿਣ ਦੀ ਅਜਿਹੀ ਪੀਪਨੀ ਲਗਾਤਾਰ ਵਜਾਈ ਹੈ ਕਿ ਹਰ ਬੰਦਾ ਹੀ ਇਨ੍ਹਾਂ ਘਟਨਾਵਾਂ ਨੂੰ ਦੰਗਿਆਂ ਦੇ ਨਜ਼ਰੀਏ ਤੋਂ ਦੇਖਣ ਲਗਾ ਦਿੱਤਾ ਹੈ।

ਐਨ.ਸੀ.ਈ.ਆਰ.ਟੀ ਜਿਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਸਕੂਲੀ ਪਾਠ ਪੁਸਤਕਾਂ ਦਾ ਹਿੱਸਾ ਬਣਾਉਣ ਜਾ ਰਹੀ ਹੈ ਉਹ ਆਧੁਨਿਕ ਭਾਰਤੀ ਇਤਿਹਾਸ ਦੇ ਸਭ ਤੋਂ ਕਲੰਕਤ ਪੰਨੇ ਹਨ। ਫਿਰਕੂ ਜਨੂੰਨ ਨੇ ਮਨੁੱਖੀ ਖੂਨ ਨਾਲ ਆਪਣੀ ਪਿਆਸ ਬੁਝਾਉਣ ਦਾ ਜਿਹੜਾ ਸਿਲਸਿਲਾ ਅਰੰਭ ਕਰ ਲਿਆ ਹੈ, ਉਸਨੂੰ ਸਿਰਫ਼ ਦਿੱਲੀ, ਗੁਜਰਾਤ, ਅਯੁਧਿਆ ਤੱਕ ਸੀਮਤ ਕਰਕੇ ਦੇਖਣਾ ਸਾਡੀ ਭੁੱਲ ਹੋਵੇਗੀ। ਅਪਨਾ ਮੁਲਕ ਇਸ ਵਕਤ ਭਿਅੰਕਰ ਜਵਾਲਾਮੁਖੀ ਦੇ ਕੰਢੇ 'ਤੇ ਖੜ੍ਹਾ ਨਜ਼ਰ ਆ ਰਿਹਾ ਹੈ। ਸੁਰਜੀਤ ਪਾਤਰ ਦਾ ਇਕ ਸ਼ਿਅਰ ਮੁਲਾਹਜਾ ਫਰਮਾਓ-

**'ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ,**
**ਇਹ ਨ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ।'**

ਅਜਿਹੀ ਸਥਿਤੀ ਵਿਚ ਵਿਦਿਆਰਥੀਆਂ ਨੂੰ ਭਵਿੱਖਮੁਖੀ ਨਜ਼ਰੀਏ ਨਾਲ ਆਪਣੇ ਅਤੀਤ ਨਾਲ ਜੋੜਨਾ ਕਿਧਰੋਂ ਵੀ ਗਲਤ ਨਹੀਂ ਕਿਹਾ ਜਾ ਸਕਦਾ ਪਰ ਸਵਾਲ ਇਥੇ ਸਿਰਫ਼ ਇਹ ਹੀ ਹੈ ਕਿ ਕੀ ਸਰਕਾਰੀ ਸਰੋਤਾਂ ਨਾਲ ਲਿਖੇ ਜਾਣ ਵਾਲੇ ਪਾਠ ਇਸ ਇਤਿਹਾਸ ਨੂੰ ਸਹੀ ਪਰਿਪੇਖ ਵਿਚ ਪੇਸ਼ ਕਰ ਸਕਨਗੇ? ਸਾਡੀ ਸਮਝ ਮੁਤਾਬਕ ਬਿਨਾਂ ਸਿਆਸੀ ਦਬਾਅ ਤੋਂ ਮੁਲਕ ਦੇ ਸਚਮੁੱਚ ਹੀ ਧਰਮ ਨਿਰਪੱਖ ਵਿਦਵਾਨਾਂ ਦੀ ਇਕ ਕਮੇਟੀ ਨੂੰ ਇਹ ਕੰਮ ਸੌਂਪਿਆ ਜਾਣਾ ਚਾਹੀਦਾ ਹੈ। ਪਹਿਲਾਂ ਹੀ ਸਰਕਾਰੀ ਸਰਪ੍ਰਸਤੀ ਵਿਚ ਬੈਠੇ ਸਰਕਾਰੀ ਗੁਣਗਾਣ ਕਰਨ ਵਾਲਿਆਂ ਤੋਂ ਜੇ ਇਹ ਕੰਮ ਕਰਵਾਇਆ ਜਾ ਰਿਹਾ ਹੈ ਤਾਂ ਇਸਦੇ ਨਾਕਾਰਾਤਮਕ ਸਿੱਟੇ ਨਿਕਲ ਸਕਦੇ ਹਨ।

ਆਖਰੀ ਗੱਲ, ਮਸਲਾ ਸਿਰਫ਼ ਪਾਠ-ਪੁਸਤਕਾਂ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਇਸ ਵਕਤ ਸਮੁੱਚੇ ਇਤਿਹਾਸ ਦੇ ਨਿਰਪੱਖ ਪੁਨਰਲੇਖਨ ਦੀ ਬੇਹੱਦ ਜ਼ਰੂਰਤ ਹੈ। ਇਸ ਪਾਸੇ ਵੱਲ ਕੌਣ ਧਿਆਨ ਦੇਵੇਗਾ? ਇਹ ਵੀ ਆਪਣੇ-ਆਪ ਵਿਚ ਵੱਡਾ ਸਵਾਲ ਹੈ। ਉਂਝ ਅਸੀਂ ਇਹ ਸਮਝਦੇ ਹਾਂ ਕਿ ਕਿਸੇ ਵੀ ਸਮਾਜ ਦੇ ਇਤਿਹਾਸ ਨੂੰ ਸਹੀ ਰੂਪ ਵਿਚ ਪੇਸ਼ ਕਰਨ ਵਾਲੇ ਇਤਿਹਾਸਕਾਰ ਉਸਦੇ ਸਾਹਿਤਕਾਰ ਹੋਇਆ ਕਰਦੇ ਹਨ। ਰਾਜਸੀ ਤਾਕਤ ਰੱਖਣ ਵਾਲੇ ਲੋਕ ਇਤਿਹਾਸ ਨੂੰ ਸਦਾ ਹੀ ਆਪਣੇ ਢੰਗ ਨਾਲ ਵਿਗਾੜ ਕੇ ਪੇਸ਼ ਕਰਦੇ ਹਨ। ਕਿਸੇ ਵੀ ਸਮਾਜ ਦੇ ਇਤਿਹਾਸ ਦਾ ਸੱਚ ਤੱਕਣ ਲਈ ਜ਼ਰੂਰੀ ਹੈ ਕਿ ਉਸਦੇ ਸਾਹਿਤ ਦੀ ਡੂੰਘਾਈ ਨਾਲ ਪੜਚੋਲ ਕੀਤੀ ਜਾਵੇ। ਪੰਜਾਬ, ਦਿੱਲੀ, ਅਯੁਧਿਆ, ਕਾਨਪੁਰ ਅਹਿਮਦਾਬਾਦ, ਮੇਰਠ ਹੋਵੇ ਤੇ ਭਾਵੇਂ ਗੁਜਰਾਤ ਕੁਰਸੀਆਂ ਸੱਚ ਕਦੇ ਮੁਹੱਈਆ ਨਹੀਂ ਕਰਵਾਉਣਗੀਆਂ।

**ਮੋਬਾਈਲ : 97813-60066**

# ਪੁਸਤਕ ਸੱਭਿਆਚਾਰ ਤੇ ਪੰਜਾਬੀ ਪਾਠਕ...



ਜਗਤਾਰ ਸਾਲਮ
+91-97804-70386
jagtar.saalam@rediffmail.com

**ਇੱਕ ਘੜੀ-ਘੜਾਈ ਸਾਜ਼ਿਸ਼ ਤਹਿਤ ਕੁੱਝ ਲੋਕਾਂ ਵੱਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਆਉਂਦੇ ਕੁੱਝ ਦਹਾਕਿਆਂ ਤੀਕਰ ਪੰਜਾਬੀ ਭਾਸ਼ਾ ਦਾ ਵਜੂਦ ਖਤਮ ਹੋ ਜਾਵੇਗਾ, ਜਦੋਂ ਕਿ ਪੰਜਾਬੀ ਭਾਸ਼ਾ ਨੂੰ ਬੋਲਣ ਵਾਲਿਆਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਪਰ ਫੇਰ ਵੀ ਇਸ ਗੱਲ ਦਾ ਮੀਡੀਆ ਵਿੱਚ ਆਉਣਾ ਕਿ ਪੰਜਾਬੀ ਭਾਸ਼ਾ ਭਵਿੱਖ ਵਿੱਚ ਅਲੋਪ ਹੋਣ ਵਾਲੀਆਂ ਭਾਸ਼ਾਵਾਂ ਵਿੱਚੋਂ ਇੱਕ ਹੈ, ਭਾਸ਼ਾ ਪ੍ਰਤੀ ਸਾਡੇ ਨਜ਼ਰੀਏ 'ਤੇ ਕਈ ਸਵਾਲ ਖੜ੍ਹੇ ਕਰਦਾ ਹੈ। ਸਾਨੂੰ ਇਹ ਤੱਥ ਗੰਭੀਰਤਾ ਨਾਲ ਲੈਣਾ ਹੋਵੇਗਾ ਤੇ ਪੜਚੋਲ ਕਰਨੀ ਹੋਵੇਗੀ ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਪੰਜਾਬ 'ਚ ਜੰਮਿਆਂ ਦਾ ਵੀ ਪੰਜਾਬੀ ਭਾਸ਼ਾ ਤੋਂ ਮੋਹ ਭੰਗ ਹੋ ਰਿਹਾ ਹੈ। ਇਸ ਦ੍ਰਿਸ਼ਟੀਕੋਣ ਤੋਂ ਸਾਨੂੰ ਜਿਹੜਾ ਸਭ ਤੋਂ ਵੱਡਾ ਕਾਰਨ ਨਜ਼ਰ ਆਉਂਦਾ ਹੈ ਉਹ ਇਹ ਹੈ ਕਿ ਅਸੀਂ ਆਪਣੇ ਸਾਹਿਤ ਨੂੰ ਲੈ ਕੇ ਗੰਭੀਰ ਨਹੀਂ। ਜਿਸ ਤਰ੍ਹਾਂ ਪੰਜਾਬੀ ਸਾਹਿਤ ਨਾਲ ਜੁੜੀਆਂ ਕਿਤਾਬਾਂ ਦੀ ਛਪਣ ਗਿਣਤੀ ਵਧ ਰਹੀ ਹੈ, ਉਸ ਹਿਸਾਬ ਨਾਲ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਨਹੀਂ ਹੋ ਰਿਹਾ ਜਦੋਂ ਕਿ ਚੋਖੇ ਵਾਧੇ ਦੀਆਂ ਸੰਭਾਵਨਾਵਾਂ ਹਨ। ਇਸ ਗੱਲ ਨੂੰ ਹੀ ਵੱਖ-ਵੱਖ ਤੱਥਾਂ ਰਾਹੀਂ ਜਗਤਾਰ ਸਾਲਮ ਨੇ ਇਸ ਵਿਸ਼ੇਸ਼ ਰਿਪੋਰਟ ਵਿੱਚ ਵਿਚਾਰਿਆ ਹੈ।**

ਸਾਹਿਤਕ ਹਲਕਿਆਂ ਵਿੱਚ ਇਸ ਨੂੰ ਲੈ ਕੇ ਹਮੇਸ਼ਾ ਬਹਿਸ ਚਲੱਦੀ ਰਹਿੰਦੀ ਹੈ ਕਿ ਸਧਾਰਣ ਲੋਕਾਂ ਨੂੰ ਸਾਹਿਤ ਨਾਲ ਕਿਵੇਂ ਜੋੜਿਆ ਜਾਵੇ। ਪਰ ਇਸ ਨੂੰ ਲੈ ਕੇ ਗੰਭੀਰ ਯਤਨ ਨਾ ਸਾਹਿਤਕ ਜਥੇਬੰਦੀਆਂ ਕਰਦੀਆਂ ਹਨ ਨਾ ਲੇਖਕ ਨਾ ਪ੍ਰਕਾਸ਼ਕ ਅਤੇ ਨਾ ਹੀ ਸਾਹਿਤ ਨਾਲ ਜੁੜੇ ਸਰਕਾਰੀ ਵਿਭਾਗ ਤੇ ਅਦਾਰੇ। ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਹੈ। ਆਮ ਲੋਕ ਚੋਟੀ ਦੇ ਲੇਖਕਾਂ ਨੂੰ ਪੜ੍ਹਨਾ ਤਾਂ ਦੂਰ, ਉਹਨਾਂ ਦੇ ਨਾਂ ਤੱਕ ਨਹੀਂ ਜਾਣਦੇ। ਕਿਤਾਬਾਂ ਜਾਂ ਤਾਂ ਸਲੇਬਸ ਦੀ ਮਜ਼ਬੂਰੀ ਕਾਰਨ ਵਿਦਿਆਰਥੀ ਪੜ੍ਹਦੇ ਹਨ ਜਾਂ ਫਿਰ ਉਹ ਪੜ੍ਹਦੇ ਹਨ ਜਿਹੜੇ ਆਪ ਲੇਖਕ ਹੋਣਾ ਲੋਚਦੇ ਹਨ। ਏਦਾਂ ਜਾਪਦਾ ਹੈ ਜਿਵੇਂ ਆਮ ਲੋਕਾਂ ਦਾ ਕਿਤਾਬਾਂ ਨਾਲ ਕੋਈ ਸਰੋਕਾਰ ਨਹੀਂ। ਹਾਲਾਂ ਕਿ ਕਿਹਾ ਇਹ ਜਾਂਦਾ ਹੈ ਕਿ ਸਾਹਿਤ ਆਮ ਲੋਕਾਂ ਦੀ ਬਾਤ ਪਾਉਂਦਾ ਹੈ ਪਰ ਇਹ ਬਾਤ ਜਦੋਂ ਤੱਕ ਆਮ ਲੋਕਾਂ ਤੀਕ ਪੁੱਜੇਗੀ ਨਹੀਂ ਤਾਂ ਸਾਹਿਤ ਦਾ ਉਦੇਸ਼ ਪੂਰਾ ਕਿੱਦਾਂ ਹੋਵੇਗਾ।

ਆਮ ਲੋਕਾਂ ਦਾ ਕਿਤਾਬਾਂ ਤੋਂ ਬੇਮੁਖ ਹੋਣ ਦਾ ਕੀ ਕਾਰਨ ਹੈ, ਇਸਨੂੰ ਲੈ ਕੇ ਸਾਹਿਤਕ ਇੱਕਤਰਤਾਵਾਂ ਵਿੱਚ ਅਕਸਰ ਬਹਿਸ ਹੁੰਦੀ ਹੈ। ਗੱਲੀਂ-ਬਾਤੀਂ ਨਤੀਜੇ ਵੀ ਕੱਢੇ ਜਾਂਦੇ ਹਨ। ਪਰ ਅਮਲੀ ਪੱਧਰ 'ਤੇ ਤਰੱਦਦ ਕਰਨ ਤੋਂ ਹਰ ਕੋਈ ਕਿਨਾਰਾਕਸ਼ੀ ਕਰਦਾ ਹੈ ਸਾਰੀ ਗੱਲ ਨੂੰ ਇਹ ਕਹਿ ਕੇ ਮੁਕਾ ਦਿੱਤਾ ਜਾਂਦਾ ਹੈ ਕਿ ਲੋਕ ਕਿਤਾਬਾਂ ਇਸ ਲਈ ਨਹੀਂ ਪੜ੍ਹਦੇ ਕਿਉਂਕਿ ਉਹਨਾਂ ਦਾ ਨਜ਼ਰੀਆ ਪਦਾਰਥਵਾਦੀ ਹੋ ਗਿਆ ਹੈ। ਜੇਕਰ ਅਜਿਹਾ ਵਰਤਾਰਾ ਵਾਪਰ ਵੀ ਗਿਆ ਹੈ ਤਾਂ ਕੀ ਸਾਨੂੰ ਹੱਥ 'ਤੇ ਹੱਥ ਧਰੀਂ ਬੈਠਾ ਰਹਿਣਾ ਚਾਹੀਦਾ ਹੈ। ਕੀ ਇਸ ਨਜ਼ਰੀਏ ਦਾ ਤੋੜ ਨਹੀਂ ਲੱਭਣਾ ਚਾਹੀਦਾ ਜਾਂ ਫਿਰ ਅਸੀਂ ਇਹ ਟੇਕ ਲਾ ਲਈ ਹੈ ਕਿ ਇਸ ਸਮੱਸਿਆ ਦਾ ਹੱਲ ਵੀ ਬਹੁ-ਕੌਮੀ ਅਦਾਰੇ ਕਰਨਗੇ।

ਬਹੁਤ ਲੋਕਾਂ ਦਾ ਕਹਿਣਾ ਹੈ ਕਿ ਅੱਜ ਦਾ ਵਿਅਕਤੀ ਗੰਭੀਰ ਨਹੀਂ ਹੋਣਾ ਚਾਹੁੰਦਾ, ਉਹ ਟੀਵੀ ਦੇਖ ਕੇ ਜਾਂ ਇੰਟਰਨੈਟ ਰਾਹੀਂ ਆਪਣਾ ਹਲਕਾ-ਫੁਲਕਾ ਮੰਨੋਰੰਜਨ ਕਰਨਾ ਚਾਹੁੰਦਾ ਹੈ। ਪਰ ਜੇਕਰ ਇਹ ਗੱਲ ਹੈ ਤਾਂ ਅੱਜ ਇੰਨਾ ਤਣਾਅ ਕਿਉਂ ਵੱਧ ਹੈ। ਗੱਲ ਇਹ ਹੈ ਕਿ ਜੇ ਗੰਭੀਰ ਗੱਲ ਕਲਾਤਮਕ ਢੰਗ ਨਾਲ ਕਹੀ ਜਾਵੇ ਤਾਂ ਉਹ ਬੇਚੈਨ ਹੀ ਨਹੀਂ ਕਰਦੀ ਸਗੋਂ ਆਰਾਮ ਵੀ ਦਿੰਦੀ ਹੈ।

ਅਸਲ ਗੱਲ ਇਹ ਹੈ ਕਿ ਸਾਧਨ ਸੰਪੰਨ ਵਰਗ ਨੇ ਆਮ ਲੋਕਾਂ ਲਈ ਅਜਿਹਾ ਬਣਾਉਟੀ ਸੱਭਿਆਚਾਰ ਸਿਰਜ ਦਿੱਤਾ ਹੈ ਜਿਸ ਵਿੱਚ ਚੇਤਨਾ ਨੂੰ ਅਹਿਮੀਅਤ ਹੀ ਨਹੀਂ ਦਿੱਤੀ ਜਾਂਦੀ। ਹਰ ਆਦਮੀ ਚਾਹੁੰਦਾ ਹੈ ਕਿ ਚਿੰਤਨ ਕੀਤਾ ਜਾਵੇ ਪਰ ਉਸਦੇ ਚਿੰਤਨ ਨੂੰ ਕੋਈ ਮੰਚ ਨਹੀਂ ਮਿਲਦਾ ਜਿਸ ਕਾਰਨ ਉਹ ਨਿਰਾਸ਼ ਹੋ ਕੇ ਸਾਧਨ ਸੰਪੰਨ ਲੋਕਾਂ ਦੁਆਰਾ ਸਿਰਜੇ ਬਣਾਉਟੀ ਸੱਭਿਆਚਾਰ ਦਾ ਹਿੱਸਾ ਬਣ ਜਾਂਦਾ ਹੈ। ਲੋੜ ਇਸ ਗੱਲ ਦੀ ਹੈ ਕਿ ਅਸੀਂ ਚਿੰਤਨ ਵਿਰੋਧੀ ਤਾਕਤਾਂ ਦੇ ਵਿਰੋਧ ਵਿੱਚ ਬਰਾਬਰ ਖੜ੍ਹੀਏ ਤੇ ਆਪਣੀ ਗੱਲ ਉਸ ਠੋਸ ਤਰੀਕੇ ਨਾਲ ਹੀ ਪ੍ਰਚਾਰੀਏ ਜਿਸ ਤਰ੍ਹਾਂ ਇਹ ਤਾਕਤਾਂ ਪ੍ਰਚਾਰਦੀਆਂ ਹਨ।

ਉਪਰੋਕਤ ਸਥਿਤੀ ਤੋਂ ਸਾਨੂੰ ਇਹ ਅੰਦਾਜ਼ਾ ਵੀ ਨਹੀਂ ਲਾਉਣਾ ਚਾਹੀਦਾ ਕਿ ਕਿਤਾਬਾਂ ਨੂੰ ਕੋਈ ਪਾਠਕ ਹੀ ਨਹੀਂ ਲੱਭਦਾ। ਚੰਗੀਆਂ ਕਿਤਾਬਾਂ ਪੜ੍ਹੀਆਂ ਜਾਂਦੀਆਂ ਹਨ ਤੇ ਉਹਨਾਂ 'ਤੇ ਬਹਿਸ ਵੀ ਛਿੜਦੀ ਹੈ ਪਰ ਇਹ ਬਹਿਸ ਆਮ ਆਦਮੀ ਨੂੰ ਆਪਣੇ ਕਲਾਵੇ ਵਿੱਚ ਨਹੀਂ ਲੈ ਪਾਉਂਦੀ, ਫੇਰ ਵੀ ਚੰਗੀਆਂ ਕਿਤਾਬਾਂ ਦੀ ਛਾਪ ਸਮਿਆਂ ਤੀਕਰ ਰਹਿੰਦੀ ਹੈ।

ਜੇਕਰ ਅਸੀਂ ਪਾਠਕਾਂ ਦੇ ਦੂਰ ਹੋਣ ਦਾ ਕਾਰਨ ਲੱਭਣੇ ਹਨ ਤਾਂ ਸਭ ਤੋਂ ਪਹਿਲਾਂ ਸਾਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਪਏਗਾ, ਭਾਵ ਸਾਨੂੰ ਸਾਹਿਤਕ ਵਰਤਾਰਿਆਂ ਪ੍ਰਤੀ ਸੁਚੇਤ ਹੋਣਾ ਪਵੇਗਾ। ਸਾਹਿਤ ਵਿੱਚ ਉਹਨਾਂ ਵਰਤਾਰਿਆਂ ਦੀ ਨਿਸ਼ਾਨਦੇਹੀ ਕਰਨੀ ਹੋਵੇਗੀ ਜਿਹੜੇ ਸਾਹਿਤ ਨੂੰ ਖੋਰਾ ਲਾ ਰਹੇ ਹਨ ਅਤੇ ਉਹਨਾਂ ਵਰਤਾਰਿਆਂ ਪ੍ਰਤੀ ਪਹਿਲ ਕਰਨੀ ਹੋਵੇਗੀ ਜੋ ਸਾਹਿਤ ਨੂੰ ਚੜ੍ਹਦੀ ਕਲਾ ਵੱਲ ਲੈ ਕੇ ਜਾਂਦੇ ਹਨ। ਅਸੀਂ ਇੱਥੇ ਇਹਨਾਂ ਵਰਤਾਰਿਆਂ ਨੂੰ ਲੈ ਕੇ ਹੀ ਚਰਚਾ ਕਰਾਂਗੇ।

## ਪ੍ਰਸਾਰ ਅਤੇ ਪ੍ਰਚਾਰ ਦੀ ਘਾਟ

ਪੰਜਾਬੀ ਭਾਸ਼ਾ ਵਿੱਚ ਹਰ ਸਾਲ ਹਜ਼ਾਰਾਂ ਪੁਸਤਕਾਂ ਛਪਦੀਆਂ ਹਨ, ਪਾਠਕਾਂ ਦੀ ਗੱਲ ਤਾਂ ਦੂਰ ਲੇਖਕਾਂ ਤੇ ਆਲੋਚਕਾਂ ਤੋਂ ਵੀ ਬਹੁਤ ਸਾਰੀਆਂ ਚੰਗੀਆਂ ਕਿਤਾਬਾਂ ਅਣਗੌਲੀਆਂ ਰਹਿ ਜਾਂਦੀਆਂ ਹਨ। ਅਜਿਹਾ ਕੋਈ ਮੰਚ ਨਹੀਂ ਜਿਹੜਾ ਚੰਗੀਆਂ ਕਿਤਾਬਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਕੰਮ ਕਰਦਾ ਹੋਵੇ। ਰਸਮੀ ਤੌਰ 'ਤੇ ਇਸ ਮਕਸਦ ਲਈ ਸਾਹਿਤਕ ਸੰਸਥਾਵਾਂ ਅਤੇ ਸਰਕਾਰੀ ਅਦਾਰੇ ਹੁੰਦੇ ਹਨ ਪਰ ਅਦਾਰਿਆਂ ਦੇ ਅਫਸਰਾਂ ਤੇ ਸਾਹਿਤਕ ਜਥੇਬੰਦੀਆਂ ਦੇ ਆਗੂਆਂ ਨੂੰ ਸਿਆਸਤ ਕਰਨ ਤੋਂ ਹੀ ਫੁਰਸਤ ਨਹੀਂ ਮਿਲਦੀ, ਪ੍ਰਸਾਰ ਤੇ ਪ੍ਰਚਾਰ ਦੀ ਗੱਲ ਤਾਂ ਦੂਰ ਉਹਨਾਂ ਕੋਲ ਤਾਂ ਕਿਤਾਬ ਪੜ੍ਹਨ ਦਾ ਵੀ ਵਕਤ ਨਹੀਂ। ਇਸ ਮਕਸਦ ਹਿੱਤ ਜੇ ਇਹ ਕੋਈ ਕਿਤਾਬ ਚੁਣਦੇ ਵੀ ਹਨ ਤਾਂ ਉਹ ਚੋਣ ਲਿਹਾਜ਼ ਦੇ ਅਧਾਰ 'ਤੇ ਹੁੰਦੀ ਹੈ। ਅਜਿਹੀ ਹਾਲਤ ਵਿੱਚ ਛਪੀਆਂ ਹਜ਼ਾਰਾਂ ਕਿਤਾਬਾਂ ਵਿੱਚੋਂ (ਜਿਸ ਵਿੱਚ ਜ਼ਿਆਦਾਤਰ ਪੜ੍ਹਨ ਵਾਲੀਆਂ ਨਹੀਂ ਹੁੰਦੀਆਂ) ਪਾਠਕ ਨੂੰ ਇਸ ਗੱਲ ਦਾ ਪਤਾ ਕਿਵੇਂ ਲੱਗੇ ਕਿ ਉਸਨੂੰ ਕਿਹੜੀ ਕਿਤਾਬ ਪੜ੍ਹਨੀ ਚਾਹੀਦੀ ਹੈ ਜਾਂ ਕਿਹੜੀ ਨਹੀਂ। ਜੇ ਇੱਕ ਪਾਠਕ ਅੰਦਾਜ਼ੇ ਅਨੁਸਾਰ ਕਿਤਾਬ ਲੈ ਕੇ ਪੜ੍ਹਦਾ ਹੈ ਤੇ ਉਹ ਕਿਤਾਬ ਮਿਆਰੀ ਨਹੀਂ ਹੁੰਦੀ ਤਾਂ ਇਸ ਨਾਲ ਚੰਗੇ ਪਾਠਕ ਦਾ ਮੋਹ ਵੀ ਸਾਹਿਤ ਤੋਂ ਭੰਗ ਹੁੰਦਾ ਹੈ। ਪੰਜਾਬੀ ਵਿੱਚ ਇੱਕਾ-ਦੁੱਕਾ ਅਜਿਹੀਆਂ ਸਾਹਿਤ ਸਭਾਵਾਂ ਹਨ ਜਿਹੜੀਆਂ ਚੰਗੀਆਂ ਕਿਤਾਬਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ 'ਤੇ ਗੋਸ਼ਟੀ ਰਚਾਉਂਦੀਆਂ ਹਨ ਪਰ ਇਹਨਾਂ ਦਾ ਇਹ ਉਪਰਾਲਾ ਸੀਮਤ ਹੈ।

ਅਸਲ ਵਿੱਚ ਇਸ ਮਕਸਦ ਲਈ ਜਦੋਂ ਤੱਕ ਵੱਡੀਆਂ ਸਾਹਿਤਕ ਸੰਸਥਾਵਾਂ ਤੇ ਸਰਕਾਰੀ ਅਦਾਰੇ ਅੱਗੇ ਨਹੀਂ ਆਉਂਦੇ ਉਦੋਂ ਤੱਕ ਇਸ ਸਥਿਤੀ ਵਿੱਚ ਸੁਧਾਰ ਦੀ ਕੋਈ ਗੁੰਜ਼ਾਇਸ਼ ਨਹੀਂ। ਕਿਤਾਬਾਂ ਦੇ ਪ੍ਰਸਾਰ ਦਾ ਇੱਕ ਮਾਧਿਅਮ ਉਹਨਾਂ ਦੀ ਪੜਚੋਲ ਦਾ ਵੱਖ-ਵੱਖ ਸਾਹਿਤਕ ਅਖ਼ਬਾਰਾਂ ਤੇ ਰਸਾਲਿਆਂ ਵਿੱਚ ਛਪਣਾ ਹੈ। ਪਰ ਪੰਜਾਬੀ ਵਿੱਚ ਕੋਈ ਵੀ ਸੰਪਾਦਕ ਇਸ ਕੰਮ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ। ਜਿਸ ਤਰ੍ਹਾਂ ਦਾ ਪੜਚੋਲ ਚੰਗੀ ਆਉਂਦੀ ਹੈ, ਚੰਗੀ ਕਿਤਾਬ ਦੀ ਮਾੜੀ, ਮਾੜੀ ਕਿਤਾਬ ਦਾ ਚੰਗੀ ਸੰਪਾਦਕ ਉਸਨੂੰ ਛਾਪ ਦਿੰਦੇ ਹਨ। ਇਸ ਕੰਮ ਲਈ ਉਚੇਚਾ ਤਰੱਦਦ ਨਹੀਂ ਕੀਤਾ ਜਾਂਦਾ। ਪੰਜਾਬੀ ਵਿੱਚ ਜ਼ਿਆਦਾਤਰ ਕਿਤਾਬਾਂ ਦੀ ਪੜਚੋਲ ਲਿਹਾਜ਼ ਦੇ ਅਧਾਰ 'ਤੇ ਹੁੰਦੀ ਹੈ। ਆਮ ਤੌਰ 'ਤੇ ਇਸ ਕੰਮ ਲਈ ਲੇਖਕ ਆਪ ਹੀ ਤਰੱਦਦ ਕਰਦੇ ਹਨ, ਦੋਸਤਾਂ-ਮਿੱਤਰਾਂ ਨੂੰ ਕਹਿ ਕੇ ਕਿਤਾਬ ਬਾਰੇ ਲਿਖਵਾਉਂਦੇ ਹਨ। ਪਤਾ ਨਹੀਂ ਕਿਉਂ ਪੰਜਾਬੀ ਦੇ ਅਲੋਚਕ ਤਾਂ ਇਸ ਕੰਮ ਨੂੰ ਮਹੱਤਤਾ ਹੀ ਨਹੀਂ ਦਿੰਦੇ। ਸ਼ਾਇਦ ਉਹ ਇਸ ਕੰਮ ਦੀ ਮਹੱਤਤਾ ਹੀ ਨਹੀਂ ਸਮਝ ਪਾਏ। ਕਈ ਕਿਤਾਬਾਂ ਪੜ੍ਹਨ ਵਾਲੀਆਂ ਹੁੰਦੀਆਂ ਹਨ ਪਰ ਉਹਨਾਂ ਦੀ ਨਾ ਕਿਤੇ ਪੜਚੋਲ ਛਪਦੀ ਹੈ ਤੇ ਨਾ ਕੋਈ ਸੰਸਥਾ ਉਹਨਾਂ ਬਾਰੇ ਗੋਸ਼ਟੀ ਰਚਾਉਂਦੀ ਹੈ। ਸਾਹਿਤਕਾਰ ਸਾਰੇ ਇਸ ਗੱਲ ਨੂੰ ਲੈ ਕੇ ਚਰਚਾ ਤਾਂ ਕਰਦੇ ਹਨ ਪਰ ਜ਼ਮੀਨੀ ਪੱਧਰ 'ਤੇ ਇਸ ਨੂੰ ਲੈ ਕੇ ਕੋਈ ਕੁੱਝ ਨਹੀਂ ਕਰ ਰਿਹਾ। ਜੇਕਰ ਸਾਹਿਤ ਨਾਲ ਜੁੜੀਆਂ ਸੰਸਥਾਵਾਂ ਇਸ ਗੱਲ ਨੂੰ ਲੈ ਕੇ ਗੰਭੀਰ ਹੋਣ ਪ੍ਰਸਾਰ ਅਤੇ ਪ੍ਰਚਾਰ ਦੇ ਹੋਰ ਨਵੇਂ ਤਰੀਕੇ ਵੀ ਖੋਜੇ ਜਾ ਸਕਦੇ ਹਨ। ਪਰ ਇਸ ਦਿਸ਼ਾ ਵੱਲ ਅਜੇ ਕਿਸੇ ਦਾ ਕੋਈ ਧਿਆਨ ਹੀ ਨਹੀਂ, ਜਦੋਂਕਿ ਇਸਦੀ ਸਖ਼ਤ ਜਰੂਰਤ ਹੈ।



## ਇਨਾਮਾਂ-ਸਨਮਾਨਾਂ ਨੂੰ ਲੈ ਕੇ ਹੁੰਦੀ ਦੂਸ਼ਣਬਾਜ਼ੀ

ਜਿਸ ਤਰ੍ਹਾਂ ਸਿਆਸਤਦਾਨ ਵਿਭਾਗਾਂ ਨੂੰ ਲੈ ਕੇ ਲੜਦੇ ਹਨ, ਇੱਕ ਦੂਸਰੇ ਖਿਲਾਫ਼ ਬੋਲਦੇ ਹਨ ਤੇ ਫਿਰ ਇਹ ਗੱਲ ਮੀਡੀਆ 'ਚ ਆਉਂਦੀ ਹੈ। ਅਖ਼ਬਾਰਾਂ ਵਿੱਚ ਲੱਗੀਆਂ ਖ਼ਬਰਾਂ ਪੜ੍ਹ ਕੇ ਲੋਕ ਸਿਆਸਤਦਾਨਾਂ ਨੂੰ ਗਾਲ੍ਹਾਂ ਕੱਢਦੇ ਹਨ। ਬਿਲਕੁੱਲ ਇਸ ਤਰ੍ਹਾਂ ਹੀ ਸਾਹਿਤ ਦੇ ਖੇਤਰ ਵਿੱਚ ਇਨਾਮਾਂ-ਸਨਮਾਨਾਂ ਨੂੰ ਲੈ ਕੇ ਹੋ ਰਿਹਾ ਹੈ। ਇਸ ਮਾਮਲੇ ਵਿੱਚ ਹੁੰਦੀ ਦੂਸ਼ਣਬਾਜ਼ੀ ਨੇ ਲੋਕਾਂ ਦਾ ਮੋਹ ਸਾਹਿਤ ਤੋਂ ਭੰਗ ਕਰ ਦਿੱਤਾ ਹੈ। ਇਨਾਮ-ਸਨਮਾਨ ਦਿੱਤੇ ਇਸ ਲਈ ਜਾਂਦੇ ਹਨ ਕਿ ਸਾਹਿਤ ਵਿੱਚ ਚੰਗਾ ਕੰਮ ਕਰਨ ਵਾਲਿਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਤੇ ਚੰਗੀ ਕਿਤਾਬ ਦੀ ਪਾਠਕਾਂ ਨਾਲ ਜਾਣ-ਪਹਿਚਾਣ ਕਰਵਾਈ ਜਾਵੇ ਪਰ ਇੱਥੇ ਉਲਟ ਹੋ ਰਿਹਾ ਹੈ। ਜਿਹੜਾ ਇੱਕ ਵਾਰੀ ਇਨਾਮ-ਸਨਮਾਨਾਂ ਦੇ ਚੱਕਰ ਵਿੱਚ ਪੈ ਜਾਂਦਾ ਹੈ ਉਹ ਰੱਜ ਕੇ ਬਦਨਾਮੀ ਵੀ ਖੱਟ ਲੈਂਦਾ ਹੈ। ਇੱਕ-ਅੱਧ ਹੀ ਇਸ ਮਾਮਲੇ ਵਿੱਚ ਸਾਫ਼ ਨਿਕਲਦਾ ਹੈ। ਜਦੋਂ ਪਾਠਕ ਇਨਾਮ-ਯਾਫ਼ਤਾ ਕਿਤਾਬ ਨੂੰ ਪੜ੍ਹਦੇ ਹਨ ਤਾਂ ਨਾਲ ਹੀ ਇਹ ਚਰਚਾ ਵੀ ਛਿੜ ਜਾਂਦੀ ਹੈ ਕਿ ਇਸ ਕਿਤਾਬ ਨੂੰ ਇਨਾਮ ਕਿਹੜੇ ਜੁਗਾੜ ਰਾਹੀਂ ਮਿਲਿਆ ਹੈ। ਮਗਰੋਂ ਉਹਨਾਂ ਦੇ ਨਾਂ ਵੀ ਚਰਚਾ ਵਿੱਚ ਆ ਜਾਂਦੇ ਹਨ ਜਿਨ੍ਹਾਂ ਨੇ ਕਿਤਾਬ ਨੂੰ ਇਨਾਮ ਦਿਵਾਇਆ ਹੁੰਦਾ ਹੈ। ਇਹ ਵਰਤਾਰਾ ਸਾਹਿਤ ਲਈ ਸਭ ਤੋਂ ਘਾਤਕ ਹੈ। ਇਸ ਵਰਤਾਰੇ ਨੇ ਸਾਹਿਤਕਾਰਾਂ ਦਾ ਚਰਿੱਤਰ ਭ੍ਰਿਸ਼ਟ ਕਰ ਦਿੱਤਾ ਹੈ। ਜਿਉਂ-ਜਿਉਂ ਸਾਹਿਤਕਾਰਾਂ ਵਿੱਚ ਪ੍ਰਤੀਬੱਧਤਾ ਘਟਦੀ ਜਾ ਰਹੀ ਹੈ ਤਿਉਂ-ਤਿਉਂ ਪਾਠਕਾਂ ਦਾ ਲਗਾਅ ਵੀ ਸਾਹਿਤ ਨਾਲ ਭੰਗ ਹੁੰਦਾ ਜਾ ਰਿਹਾ ਹੈ। ਅੱਜਕੱਲ ਦੇ ਬਹੁਤੇ ਲੇਖਕ ਤਾਂ ਸਾਹਿਤਕਾਰੀ ਰਾਹੀਂ ਸਿਆਸਤ ਕਰ ਰਹੇ ਹਨ। ਸਾਹਿਤ ਦੇ ਨਾਂ 'ਤੇ ਸਭਾਵਾਂ ਜਾਂ ਜਥੇਬੰਦੀਆਂ ਬਣਾ ਕੇ ਸਰਕਾਰੇ-ਦਰਬਾਰੇ ਆਪਣੀ ਪਹਿਚਾਣ ਬਣਾ ਰਹੇ ਹਨ। ਅਜਿਹੇ ਲੋਕ ਨਾ ਸਾਹਿਤ ਨੂੰ ਸਮਝਦੇ ਹਨ ਤੇ ਨਾ ਸਾਹਿਤ ਨਾਲ ਜੁੜੀਆਂ ਕਦਰਾਂ-ਕੀਮਤਾਂ ਨੂੰ। ਇਹਨਾਂ ਦਾ ਕੰਮ ਮਹੀਨੇ ਵਿੱਚ ਇੱਕ ਵਾਰ ਮੀਟਿੰਗ ਕਰਨਾ ਹੁੰਦਾ ਹੈ ਜਿਸ ਵਿੱਚ ਚਾਹ ਸਮੋਸੇ ਵਰਤਾਏ ਜਾਂਦੇ ਹਨ ਤੇ ਫਿਰ ਇਸ ਮੀਟਿੰਗ ਦੀਆਂ ਖ਼ਬਰਾਂ ਲਗਾਉਣ ਲਈ ਜੁਗਾੜ ਕੀਤਾ ਜਾਂਦਾ ਹੈ। ਖ਼ਬਰ ਵਿੱਚ ਅਜਿਹੇ ਲੋਕਾਂ ਨੂੰ ਪ੍ਰਸਿੱਧ ਲੇਖਕ ਲਿਖਿਆ ਹੁੰਦਾ ਹੈ ਜਿਨ੍ਹਾਂ ਦਾ ਕਦੇ ਕਿਤੇ ਨਾਮ ਪੜ੍ਹਿਆ ਸੁਣਿਆ ਨਹੀਂ ਹੁੰਦਾ। ਅਜਿਹੀ ਹਾਲਤ ਵਿੱਚ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਸਾਹਿਤ ਦੀ ਕੀ ਹਾਲਤ ਹੋਣੀ ਚਾਹੀਦੀ ਹੈ। ਅਜਿਹੇ ਹੀ ਲੋਕ ਹੁੰਦੇ ਹਨ ਜਿਹੜੇ ਆਪਣਾ ਸਿਆਸੀ ਰਸੂਖ ਬਦਲ ਕੇ ਇਨਾਮ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ ਤੇ ਅਕਸਰ ਉਹਨਾਂ 'ਪ੍ਰਸਿੱਧ' ਲੇਖਕਾਂ ਨੂੰ ਇਨਾਮ ਦਵਾ ਦਿੰਦੇ ਹਨ ਜਿਨ੍ਹਾਂ ਦੀ ਕਦੇ ਕਿਸੇ ਨੇ ਕੋਈ ਰਚਨਾ ਪੜ੍ਹੀ ਨਹੀਂ ਹੁੰਦੀ।

## ਲੇਖਕ ਕਹਾਉਣ ਲਈ ਪੁਸਤਕਾਂ ਛਪਵਾਉਣ ਵਾਲੇ

ਹਰ ਭਾਸ਼ਾ ਵਿੱਚ ਕੁਝ ਅਜਿਹੇ ਵਿਅਕਤੀ ਹੁੰਦੇ ਹਨ ਜਿਹੜੇ ਸਿਰਫ਼ ਲੇਖਕ ਕਹਾਉਣ ਲਈ ਪੁਸਤਕਾਂ ਛਪਵਾਉਂਦੇ ਹਨ। ਅਜਿਹੇ ਲੇਖਕ ਚੰਗੇ ਪਾਠਕ ਵੀ ਨਹੀਂ ਹੁੰਦੇ। ਇਹ ਸੁਣੀਆਂ-ਸੁਣਾਈਆਂ ਗੱਲਾਂ ਉੱਤੇ ਨਾਵਲ ਲਿਖ ਦਿੰਦੇ ਹਨ ਤੇ ਫੇਰ ਇਸਨੂੰ ਪੈਸੇ ਲਾ ਕੇ ਕਿਸੇ ਪ੍ਰਕਾਸ਼ਕ ਕੋਲੋਂ ਛਪਵਾਉਂਦੇ ਹਨ। ਪੰਜਾਬੀ ਸਾਹਿਤ ਵਿੱਚ ਅਜਿਹੇ ਲੇਖਕਾਂ ਦੀ ਭਰਮਾਰ ਹੈ। ਪ੍ਰਕਾਸ਼ਕ ਇਹਨਾਂ ਬੰਦਿਆਂ ਨੂੰ 'ਦੇਸੀ ਕੁੱਕੜ' ਕਹਿੰਦੇ ਹਨ। ਜਦੋਂ ਇਹ ਆਪਣੀ ਲਿਖੀ ਕਿਤਾਬ 'ਤੇ ਗੋਸ਼ਟੀ ਕਰਦੇ ਹਨ ਤਾਂ ਗੋਸਟੀ 'ਤੇ ਪਹੁੰਚੇ ਅਖੌਤੀ ਵਿਦਵਾਨ ਲੇਖਕਾਂ ਲਈ ਦੇਸੀ ਕੁੱਕੜ ਤੇ ਅੰਗਰੇਜੀ ਦਾਰੂ ਦਾ ਲੰਗਰ ਵਰਤਾਉਂਦੇ ਹਨ। ਸੇਵਾ ਤੋਂ ਪ੍ਰਸੰਨ ਹੋਏ ਵਿਦਵਾਨ ਮੰਚ ਤੋਂ ਇਹਨਾਂ ਲੇਖਕਾਂ ਦੀਆਂ ਵਾਰਾਂ ਗਾਉਂਦੇ ਹਨ। ਅਜਿਹੇ ਲੇਖਕ ਸਾਲ ਵਿੱਚ ਇੱਕ ਕਿਤਾਬ ਛਪਵਾਉਣਾ ਆਪਣਾ ਧਰਮ ਸਮਝਦੇ ਹਨ ਤੇ ਸਮਝਦੇ ਹਨ ਕਿ ਅਜਿਹਾ ਕਰਨ ਨਾਲ ਸਾਹਿਤਕ ਹਲਕਿਆਂ ਵਿੱਚ ਉਹਨਾਂ ਦੀ ਚਰਚਾ ਤੁਰੀ ਰਹਿੰਦੀ ਹੈ। ਘਰ ਆਏ ਮਹਿਮਾਨ ਨੂੰ ਜਾਣ ਲੱਗਿਆਂ ਇਹ ਆਪਣੀ ਇੱਕ ਕਿਤਾਬ ਤੋਹਫ਼ੇ ਦੇ ਰੂਪ ਵਿੱਚ ਦਿੰਦੇ ਹਨ। ਕਮਾਲ ਦੀ ਗੱਲ ਇਹ ਹੈ ਕਿ ਅਲੋਚਕ ਅਜਿਹੇ ਲੇਖਕਾਂ ਨੂੰ ਚੁੱਕੀਂ ਫਿਰਦੇ ਹਨ। ਖ਼ਬਰੇ ਅਲੋਚਕਾਂ ਦੇ ਸਿਰ 'ਤੇ ਇਹ ਕੀ

## ਪ੍ਰਕਾਸ਼ਕਾਂ ਨੂੰ ਡਾਲਰ ਦੇਣ ਵਾਲੇ ਪ੍ਰਵਾਸੀ ਲੇਖਕ




ਜਦ ਵਿਦੇਸ਼ਾਂ ਵਿੱਚ ਪੰਜਾਬੀ ਪੈਰ੍ਹਾਂ ਸਿਰ ਹੋ ਗਏ ਤਾਂ ਉਹਨਾਂ ਸਾਹਵੇਂ ਆਪਣੀ ਹੋਂਦ ਦਾ ਸਵਾਲ ਆ ਖੜਾ ਹੋਇਆ। ਆਪਣੀ ਹੋਂਦ ਦੇ ਅਹਿਸਾਸ ਨੂੰ ਜਿਉਂਦਾ ਰੱਖਣ ਲਈ ਕੁਝ ਲੋਕਾਂ ਨੇ ਸਾਹਿਤ ਵੱਲ ਰੁਖ ਕੀਤਾ। ਇਸ ਕਵਾਇਦ 'ਚ ਕੁੱਝ ਚੰਗੇ ਸਾਹਿਤਕਾਰ ਬਣੇ ਤੇ ਕੁੱਝ ਸਾਹਿਤ ਸਭਾਵਾਂ ਦੇ ਆਗੂ। ਇਹ ਜਦੋਂ ਵੀ ਪੰਜਾਬ ਆਉਂਦੇ ਹਨ ਤਾਂ ਹੋਰ ਕੰਮਾਂ ਦੇ ਨਾਲ-ਨਾਲ ਆਪਣੀ ਕਿਤਾਬ ਛਪਵਾਉਣ ਲਈ ਭੱਜ-ਨੱਠ ਵੀ ਕਰਦੇ ਹਨ। ਜਦੋਂ ਇਸ ਸਬੰਧੀ ਪ੍ਰਕਾਸ਼ਕਾਂ ਨਾਲ ਗੱਲ ਕੀਤੀ ਤਾਂ ਸਭ ਦੇ ਆਪਣੇ-ਆਪਣੇ ਵਿਚਾਰ ਸਨ। ਚੰਡੀਗੜ੍ਹ ਦੇ ਇੱਕ ਪ੍ਰਕਾਸ਼ਕ ਦਾ ਕਹਿਣਾ ਹੈ ਕਿ ਜੇਕਰ ਕੋਈ ਬਾਹਰੋਂ ਆ ਕੇ ਕਿਤਾਬ ਛਪਵਾਉਂਦਾ ਹੈ ਤਾਂ ਅਸੀਂ ਉਸਨੂੰ ਇੱਕ ਵੱਖਰੀ ਦਰਜ਼ਾਬੰਦੀ ਵਿੱਚ ਪਾ ਦਿੰਦੇ ਹਾਂ। ਪਰ ਜੇ ਦੇਖਿਆ ਜਾਵੇ ਤਾਂ ਉਹ ਪੰਜਾਬੀ ਨੂੰ ਪਿਆਰ ਕਰਦਾ ਹੈ ਤੇ ਪੰਜਾਬੀ ਵਿੱਚ ਆਪਣੀ ਕਿਤਾਬ ਛਾਪ ਰਿਹਾ ਹੈ, ਉਹਨਾਂ ਨਾਲ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ। ਪਰ ਸਾਡੀ ਸਮੱਸਿਆ ਇਹ ਹੈ ਕਿ ਉਹ ਕੁੱਝ ਦਿਨਾਂ ਲਈ ਪੰਜਾਬ ਆਉਂਦੇ ਹਨ ਤੇ ਕਾਹਲੀ ਨਾਲ ਕਿਤਾਬ ਛਪਵਾ ਕੇ ਵਾਪਸ ਚਲੇ ਜਾਂਦੇ ਹਨ, ਉਹਨਾਂ ਦੀਆਂ ਕਿਤਾਬਾਂ ਬਹੁਤੀਆਂ ਨਹੀਂ ਵਿਕਦੀਆਂ, ਕਿਉਂਕਿ ਪਾਠਕ ਕਿਤਾਬ ਦੇ ਨਾਲ ਲੇਖਕ ਨੂੰ ਵੀ ਦੇਖਣਾ ਚਾਹੁੰਦੇ ਹਨ। ਮਾਲਵੇ ਦੇ ਇੱਕ ਪ੍ਰਕਾਸ਼ਕ ਦਾ ਕਹਿਣਾ ਹੈ ਕਿ ਉਹਨਾਂ ਨੇ ਵੀ ਕੁੱਝ ਪ੍ਰਵਾਸੀ ਲੇਖਕਾਂ ਦੀਆਂ ਪੁਸਤਕਾਂ ਛਾਪੀਆਂ ਹਨ ਪਰ ਵਿਕੀਆਂ ਨਹੀਂ। ਉਹਨਾਂ ਨੇ ਪ੍ਰਵਾਸੀ ਲੇਖਕਾਂ 'ਤੇ ਦੋਸ਼ ਲਾਇਆ ਕਿ ਪੈਸੇ ਦੇ ਜ਼ੋਰ ਨਾਲ ਇਹ ਕਿਤਾਬਾਂ ਛਪਵਾ ਦਿੰਦੇ ਹਨ, ਇਸ ਤਰ੍ਹਾਂ ਕਰਕੇ ਇਹ ਜੋ ਸਹੀ ਸਾਹਿਤ ਹੈ ਉਸਨੂੰ ਮਾਰ ਕਰਦੇ ਹਨ। ਲੁਧਿਆਣੇ ਦੇ ਇੱਕ ਪ੍ਰਕਾਸ਼ਕ ਦਾ ਕਹਿਣਾ ਹੈ ਕਿ ਉਹ ਉਹਨਾਂ ਪ੍ਰਵਾਸੀ ਲੇਖਕਾਂ ਨੂੰ ਹੀ ਛਾਪਦਾ ਹੈ ਜਿਹੜਾ ਪਹਿਲਾਂ ਹੀ ਆਪਣਾ ਨਾਂ ਬਣਾ ਚੁੱਕੇ ਹਨ। ਨਵੇਂ ਪ੍ਰਵਾਸੀ ਲੇਖਕਾਂ ਨੂੰ ਛਾਪਣਾ ਜੋਖ਼ਮ ਹੀ ਸਮਝਿਆ ਜਾਂਦਾ ਹੈ। ਉਪਰੋਕਤ ਗੱਲਾਂ ਤਾਂ ਪ੍ਰਕਾਸ਼ਕਾਂ ਦੀਆਂ ਕਹਿਣ ਦੀਆਂ ਹਨ। ਜਿਵੇਂ ਕਿਹਾ ਜਾਂਦਾ ਹੈ ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ। ਅਸਲ ਗੱਲ ਇਹ ਹੈ ਕਿ ਪ੍ਰਕਾਸ਼ਕ ਜ਼ਿਆਦਾਤਰ ਪ੍ਰਵਾਸੀ ਲੇਖਕਾਂ ਨਾਲ ਗੋਸ਼ਟੀ ਕਰਨ ਤੱਕ ਦਾ ਠੇਕਾ ਮਾਰ ਲੈਂਦੇ ਹਨ ਤੇ ਇਹ ਠੇਕਾ ਤੀਹ ਹਜ਼ਾਰ ਤੋਂ ਇੱਕ ਲੱਖ ਰੁਪਏ ਤੱਕ ਹੁੰਦਾ ਹੈ। ਪੰਜਾਬੀ ਲੇਖਕਾਂ ਵਿੱਚ ਅਕਸਰ ਇਹ ਚਰਚਾ ਛਿੜਦੀ ਹੈ ਕਿ ਪ੍ਰਵਾਸੀ ਲੇਖਕਾਂ ਨੇ ਪੰਜਾਬੀ ਦੇ ਪ੍ਰਕਾਸ਼ਕਾਂ ਨੂੰ ਵਿਗਾੜ ਦਿੱਤਾ ਹੈ।

ਜਾਦੂ ਧੂੜਦੇ ਹਨ। ਇਹਨਾਂ ਤੋਂ ਬਿਨਾ ਅਜਿਹੇ ਵੀ ਬਹੁਤ ਸਾਰੇ ਨੌਜਵਾਨ ਹਨ ਜਿਹੜੇ ਪੰਜਾਬੀ ਦੇ ਲੈਕਚਰਾਰ ਲੱਗਣ ਲਈ ਆਪਣਾ ਕੱਚਘਰੜ ਥੀਸਿਜ਼ ਕਿਤਾਬ ਦੇ ਰੂਪ ਵਿੱਚ ਛਪਵਾਉਂਦੇ ਹਨ। ਅਜਿਹੇ ਨੌਜਵਾਨ ਲੇਖਕ ਜਦੋਂ ਪ੍ਰਕਾਸ਼ਕ ਕੋਲ ਜਾਂਦੇ ਹਨ ਤਾਂ ਕਹਿੰਦੇ ਹਨ ਚਾਹੇ ਸਾਡੀ ਕਿਤਾਬ ਦੀਆਂ ਵੀਹ ਕਾਪੀਆਂ ਛਾਪ ਦੇਵੋ ਸਾਨੂੰ ਕੋਈ ਇਤਰਾਜ਼ ਨਹੀਂ ਅਸੀਂ ਤਾਂ ਨੌਕਰੀ ਦੇ ਜੁਗਾੜ ਖਾਤਰ ਹੀ ਛਪਵਾਉਣੀ ਹੈ। ਇਸ ਤਰ੍ਹਾਂ ਕਰਕੇ ਅਜਿਹੇ ਲੇਖਕਾਂ ਨੇ ਸਾਹਿਤ ਨੂੰ ਹੀ ਨਹੀਂ ਪ੍ਰਕਾਸ਼ਕਾਂ ਨੂੰ ਵੀ ਵਿਗਾੜ ਦਿੱਤਾ ਹੈ। ਕਈ ਵਾਰੀ ਇਹ ਨੌਜਵਾਨ ਨਾਵਲ ਵਰਗੀ ਵਿਧਾ 'ਤੇ ਵੀ ਹੱਥ ਅਜ਼ਮਾਉਣ ਬਹਿ ਜਾਂਦੇ ਹਨ। ਰੱਬ ਹੀ ਬਚਾਵੇ ਇਹਨਾਂ ਦੀਆਂ ਪੁਸਤਕਾਂ ਤੋਂ। ਯੂਨੀਵਰਸਿਟੀ ਦੇ ਵਿਭਾਗਾਂ ਵਿੱਚ ਲੱਗੇ ਅਧਿਆਪਕ ਅਜਿਹੇ ਲੇਖਕਾਂ ਦੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਲਿਖਦੇ ਹਨ। ਜਿਹੋ ਜਿਹੀ ਕੋਕੋ, ਉਹੋ ਜਿਹੇ ਕੋਕੋ ਦੇ ਬੱਚੇ ਵਾਲੀ ਗੱਲ ਹੁੰਦੀ ਹੈ। ਇਸ ਹਾਲਤ ਵਿੱਚ ਤੁਸੀਂ ਹੀ ਦੱਸੋ ਪਾਠਕ ਵਿਚਾਰੇ ਕੀ ਕਰਨ। ਕਸੂਰ ਪਾਠਕਾਂ ਦਾ ਹੈ ਜਾਂ ਸਾਹਿਤਕਾਰਾਂ ਦਾ। ਮੈਂ ਤਾਂ ਪੰਜਾਬੀ ਦੇ ਪਾਠਕਾਂ ਨੂੰ ਸਲਾਮ ਕਰਦਾ ਹਾਂ ਜਿਹੜੇ ਇੰਨਾ ਕੁੱਝ ਬਰਦਾਸ਼ਤ ਕਰ ਰਹੇ ਹਨ।

## ਵੰਨ-ਸੁਵੰਨੇ ਵਿਸ਼ਿਆਂ ਦੀ ਘਾਟ

ਪੰਜਾਬੀ ਵਿੱਚ ਕਿਤਾਬਾਂ ਭਾਵੇਂ ਵੱਡੀ ਗਿਣਤੀ ਵਿੱਚ ਛਪਦੀਆਂ ਹਨ ਪਰ ਵਿਸ਼ਿਆਂ ਦੀ ਵੰਨ-ਸਵੰਨਤਾ ਦੇ ਲਿਹਾਜ਼ ਤੋਂ ਅਸੀਂ ਕਾਫ਼ੀ ਪਛੜੇ ਹੋਏ ਹਾਂ। ਸਾਨੂੰ ਇਹ ਵੀ ਮੰਨਣਾ ਪਏਗਾ ਕਿ ਵਿਸ਼ਿਆਂ ਦੀ ਵੰਨ-ਸਵੰਨਤਾ ਪਾਠਕ ਨੂੰ ਆਕਰਸ਼ਿਤ ਕਰਦੀ ਹੈ। ਸਾਇੰਸ ਨਾਲ ਸਬੰਧਿਤ ਕਿਤਾਬਾਂ ਪੰਜਾਬੀ ਵਿੱਚ ਨਾ-ਮਾਤਰ ਹਨ। ਜੋ ਨਵੀਆਂ ਖੋਜਾਂ ਹੋ ਰਹੀਆਂ ਹਨ ਉਹਨਾਂ ਨੂੰ ਤਾਂ ਪੰਜਾਬੀ ਦੀਆਂ ਕਿਤਾਬਾਂ ਛੂਹ ਕੇ ਵੀ ਨਹੀਂ ਲੰਘਦੀਆਂ। ਇੱਕ ਪ੍ਰਕਾਸ਼ਕ ਨਾਲ ਜਦੋਂ ਇਸ ਸਬੰਧੀ ਗੱਲ ਕੀਤੀ ਤਾਂ ਉਹ ਸਾਇੰਸ ਬਾਰੇ ਛਪੀਆਂ ਇੱਕ ਦੋ ਕਿਤਾਬਾਂ ਦੇ ਹੀ ਨਾਂ ਲੈ ਸਕਿਆ। ਇਸ ਸਬੰਧੀ ਜਦੋਂ ਵਿਸ਼ਵਭਾਰਤੀ ਪ੍ਰਕਾਸ਼ਨ ਵਾਲੇ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਉਹਨਾਂ ਦੇ ਪ੍ਰਕਾਸ਼ਨ ਦੀ ਆਮ ਲੋਕਾਂ ਵਿੱਚ ਸਾਇੰਸ ਨਾਲ ਜੁੜੀ ਹੋਈ ਪਹਿਚਾਣ ਬਣ ਚੁੱਕੀ ਹੈ। ਉਹਨਾਂ ਨੇ ਪੰਜਾਬ ਸਰਕਾਰ ਬਾਰੇ ਕਿਹਾ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਲਈ ਕੋਈ ਉਪਰਾਲਾ ਨਹੀਂ ਕਰ ਰਹੀ, ਜਦੋਂਕਿ ਇਸ ਖੇਤਰ ਵਿੱਚ ਸਰਕਾਰ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਉਹਨਾਂ ਕਿਹਾ ਕਿ ਅੰਧਵਿਸ਼ਵਾਸਾਂ ਨੂੰ ਦੂਰ ਕਰਨ ਲਈ ਉਹਨਾਂ ਵੱਲੋਂ ਛਾਪੀਆਂ ਕਿਤਾਬਾਂ ਨੂੰ ਲੋਕ ਬਹੁਤ ਚਾਅ ਨਾਲ ਪੜ੍ਹਦੇ ਹਨ। ਉਹਨਾਂ ਵੱਲੋਂ ਛਾਪੀਆਂ ਪੁਸਤਕਾਂ ਦੇਵ ਦੈਂਤ ਤੇ ਰੂਹਾਂ, ਤਰਕਬਾਣੀ, ਤਰਕਜੋਤੀ, ਅੰਧਵਿਸ਼ਵਾਸ ਮੁਰਦਾਬਾਦ, ਕਿਹੜਾ ਗੁਰੂ ਤੇ ਕਿਹੜੀ ਮੁਕਤੀ ਅਤੇ ਨੀਲੀ ਛਤਰੀ ਲੋਕਾਂ ਵੱਲੋਂ ਬਹੁਤ ਸਰਾਹੀਆਂ ਗਈਆਂ। ਪੰਜਾਬ ਸਰਕਾਰ ਨੇ ਇਹਨਾਂ ਕਿਤਾਬਾਂ ਨੂੰ ਪ੍ਰਮੋਟ ਕਰਨ ਦੀ ਬਿਜਾਏ ਇਹਨਾਂ 'ਤੇ ਰੋਕ ਲਗਾ ਦਿੱਤੀ। ਅਜਿਹੇ ਹਾਲਾਤ ਵਿੱਚ ਕੋਈ ਕੀ ਕਰ ਸਕਦਾ ਹੈ। ਇਸ ਤਰ੍ਹਾਂ ਹੀ ਹੋਰ ਵੀ ਬਹੁਤ ਸਾਰੇ ਵਿਸ਼ੇ ਹਨ ਜਿਹੜੇ ਲੋਕ ਪੜ੍ਹਨਾ ਚਹੁੰਦੇ ਹਨ ਪਰ ਲੋਕਾ ਨੂੰ ਆਪਣੇ ਮਨਪਸੰਦ ਵਿਸ਼ਿਆਂ ਦੀਆਂ ਕਿਤਾਬਾਂ ਨਹੀਂ ਲੱਭਦੀਆਂ। ਮੈਥ, ਮੈਡੀਕਲ ਸਾਇੰਸ, ਹੋਮ ਸਾਇੰਸ, ਰਾਜਨੀਤੀ ਸ਼ਾਸਤਰ, ਇਤਿਹਾਸ, ਮਕੈਨੀਕਲ, ਭੂਗੋਲ ਵਿਗਿਆਨ ਆਦਿ ਅਜਿਹੇ ਵਿਸ਼ੇ ਹਨ ਜਿਹਨਾਂ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਪਾਠਕਾਂ ਨੂੰ ਅੰਗਰੇਜ਼ੀ ਵਿੱਚ ਪੜ੍ਹਨਾ ਲਾਜ਼ਮੀ ਹੈ। ਪੰਜਾਬੀ ਵਿੱਚ ਜੇ ਇਹਨਾਂ



ਵਿਸ਼ਿਆਂ ਨਾਲ ਸਬੰਧਿਤ ਕਿਤਾਬਾਂ ਛਪਦੀਆਂ ਹਨ ਤਾਂ ਉਹ ਸਿਰਫ਼ ਵਿਦਿਆਰਥੀਆਂ ਦੀਆਂ ਸਲੇਬਸ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਛਾਪੀਆਂ ਜਾਂਦੀਆਂ ਹਨ। ਇਸ ਤਰ੍ਹਾਂ ਪਾਠਕਾਂ ਦਾ ਇੱਕ ਬਹੁਤ ਵੱਡਾ ਤਬਕਾ ਪੰਜਾਬੀ ਭਾਸ਼ਾ ਨਾਲੋਂ ਸਿਰਫ਼ ਵਿਸ਼ਿਆਂ ਦੀ ਵੰਨ-ਸਵੰਨਤਾ ਦੀ ਘਾਟ ਕਾਰਨ ਟੁੱਟਿਆ ਹੋਇਆ ਹੈ। ਜੇਕਰ ਅਸੀਂ ਇਸ ਤਬਕੇ ਨੂੰ ਆਪਣੇ ਨਾਲ ਜੋੜ ਲੈਂਦੇ ਹਾਂ ਤਾਂ ਕਿਸੇ ਦੀ ਇਹ ਐਲਾਨ ਕਰਨ ਦੀ ਹਿੰਮਤ ਨਹੀਂ ਪਵੇਗੀ ਕਿ ਪੰਜਾਬੀ ਭਾਸ਼ਾ ਹੌਲੀ-ਹੌਲੀ ਆਪਣੇ ਖਾਤਮੇ ਵੱਲ ਵੱਧ ਰਹੀ ਹੈ। ਇਸ ਨਾਲ ਪੰਜਾਬੀ ਸਾਹਿਤ ਨੂੰ ਵੀ ਨਵਾਂ ਪਾਠਕ ਵਰਗ ਮਿਲੇਗਾ।

## ਪ੍ਰਕਾਸ਼ਕਾਂ ਦੀ ਨੀਤ ਵਿੱਚ ਖੋਟ

ਪੰਜਾਬੀ ਸਾਹਿਤ ਨਾਲ ਜੁੜੀਆਂ ਪੁਸਤਕਾਂ ਦੀ ਦੁਰਗਤੀ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਪੰਜਾਬੀ ਦੇ ਪ੍ਰਕਾਸ਼ਕਾਂ ਦੀ ਨੀਤ ਵਿੱਚ ਭਾਰੀ ਖੋਟ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹਨਾਂ ਲਈ ਪੁਸਤਕਾਂ ਛਾਪਣਾ ਕਾਰੋਬਾਰ ਹੈ ਤੇ ਜਦੋਂ ਕੋਈ ਕਾਰੋਬਾਰ ਕਰਦਾ ਹੈ ਤਾਂ ਪਹਿਲਾਂ ਆਪਣਾ ਮੁਨਾਫ਼ਾ ਦੇਖਦਾ ਹੈ। ਉਹ ਇਸ ਪੁਸਤਕ ਛਾਪਣ ਨਾਲ ਭਾਵਨਾਤਮਕ ਤੌਰ 'ਤੇ ਨਹੀਂ ਸਗੋਂ ਕਾਰੋਬਾਰ ਦੇ ਨਜ਼ਰੀਏ ਤੋਂ ਜੁੜੇ ਹੋਏ ਹਨ ਪਰ ਉਹਨਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਹਰ ਕਾਰੋਬਾਰ ਦੀਆਂ ਕੁੱਝ ਕਦਰਾਂ-ਕੀਮਤਾਂ ਹੁੰਦੀਆਂ ਹਨ ਜਿਸ ਆਸਰੇ ਕਾਰੋਬਾਰ ਵਧਦਾ-ਫੁਲਦਾ ਹੈ ਪਰ ਪੰਜਾਬੀ ਦੇ ਪ੍ਰਕਾਸ਼ਕਾਂ ਨੇ ਇਹਨਾਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਦਿੱਤਾ ਹੈ ਤੇ ਹੁਣ ਉਹ ਪੰਜਾਬੀ ਸਾਹਿਤ ਦੀ ਤਬਾਹੀ ਵੱਲ ਹੀ ਨਹੀਂ ਸਗੋਂ ਆਪਣੇ ਪੈਰ 'ਤੇ ਵੀ ਕੁਹਾੜਾ ਮਾਰਨ ਤੁਰੇ ਹੋਏ ਹਨ। ਪੰਜਾਬੀ ਦੇ ਵੱਡੇ ਪ੍ਰਕਾਸ਼ਕ ਲੇਖਕਾਂ ਨੂੰ 'ਕੁੱਕੜ' ਕਹਿ ਕੇ ਸੱਦਦੇ ਹਨ। ਇਸ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਹਿਤ ਪ੍ਰਤੀ ਇਹਨਾਂ ਦੀ ਕੀ ਪਹੁੰਚ ਹੈ। ਅੱਜਕੱਲ ਦੇ ਪ੍ਰਕਾਸ਼ਕ ਕਿਤਾਬ ਛਾਪਣ ਲਈ ਮਿਆਰ ਨਹੀਂ ਸਗੋਂ ਲੇਖਕ ਵੱਲੋਂ ਦਿੱਤੇ ਜਾਂਦੇ ਪੈਸੇ ਦੇਖਦੇ ਹਨ ਪਰ ਦੁਖਾਂਤ ਇਹ ਹੈ ਕਿ ਕੀਮਤ ਤੋਂ ਵੱਧ ਪੈਸੇ ਭਾਵ ਮੁਨਾਫ਼ਾ ਪਹਿਲਾਂ ਲੈ ਕੇ ਵੀ ਇਹ ਲੋਕ ਉਹਨਾਂ ਗੱਲਾਂ 'ਤੇ ਖਰ੍ਹੇ ਨਹੀਂ ਉਤਰਦੇ ਜਿਹੜੀਆਂ ਕਿਤਾਬ ਛਾਪਣ ਤੋਂ ਪਹਿਲਾਂ ਕਰਦੇ ਹਨ। 20000 ਰੁਪਏ ਲੈ ਕੇ ਪੰਜ ਸੌ ਕਿਤਾਬ ਛਾਪਣ ਦਾ ਵਾਅਦਾ ਕਰਨਗੇ ਪਰ ਕਿਤਾਬ ਦੀ ਅਸਲੀ ਗਿਣਤੀ 150 ਤੋਂ 250 ਵਿਚਕਾਰ ਰੱਖਦੇ ਹਨ ਜਦੋਂਕਿ 500 ਕਿਤਾਬ ਛਾਪਣ ਦਾ ਖਰਚਾ ਦਸ ਜਾਂ ਬਾਰ੍ਹਾਂ ਹਜ਼ਾਰ ਤੋਂ ਵੱਧ ਨਹੀਂ ਆਉਂਦਾ। ਕਿਤਾਬਾਂ ਦੀ ਗਿਣਤੀ ਬਾਰੇ ਹੁਣ ਸਿੱਧਾ ਫਾਰਮੂਲਾ ਇਹਨਾਂ ਨੇ ਇਹ ਰੱਖਿਆ ਹੈ ਕਿ ਜਿੰਨੀਆਂ ਕਿਤਾਬਾਂ ਲੇਖਕ ਨੂੰ ਦੇਣੀਆਂ ਹੁੰਦੀਆਂ ਹਨ ਇਹ ਉਸ ਤੋਂ 50 ਕਿਤਾਬਾਂ ਵੱਧ ਛਾਪਦੇ ਹਨ।

ਲੇਖਕ ਤੋਂ ਬਾਅਦ ਪ੍ਰਕਾਸ਼ਕ ਹੀ ਕਿਤਾਬ ਨੂੰ ਪ੍ਰਮੋਟ ਕਰ ਸਕਦਾ ਹੈ ਪਰ ਵੱਡੇ ਪ੍ਰਕਾਸ਼ਕਾਂ ਦਾ ਇਹ ਹਾਲ ਹੈ ਕਿ ਇਹਨਾਂ ਦੁਆਰਾ ਛਾਪੀਆਂ ਕਿਤਾਬਾਂ ਦਾ ਪਾਠਕਾਂ ਨੂੰ ਇਸ਼ਤਿਹਾਰਾਂ ਰਾਹੀਂ ਹੀ ਪਤਾ ਲੱਗਦਾ ਹੈ ਕਿਉਂਕਿ ਕਿਤਾਬ ਨੂੰ ਤਾਂ ਇਹ ਲੋਕਾਂ ਵਿੱਚ ਲੈ ਕੇ ਨਹੀਂ ਜਾਂਦੇ। ਨਵੇਂ ਲੇਖਕਾਂ ਦਾ ਜਦੋਂ ਇਹਨਾਂ ਨਾਲ ਵਾਹ ਪੈਂਦਾ ਹੈ ਤਾਂ ਕੁੱਝ ਕੁ ਦਿਨਾਂ ਵਿੱਚ ਹੀ ਕਿਤਾਬ ਪ੍ਰਤੀ ਉਹਨਾਂ ਦਾ ਚਾਅ ਲੱਥ ਜਾਂਦਾ ਹੈ। ਬਸ ਫੇਰ ਜਦੋਂ ਉਹਨਾਂ ਨਾਲ ਕੋਈ ਕਿਤਾਬ ਦੀ ਗੱਲ ਛੇੜਦਾ ਹੈ ਤਾਂ ਉਹ ਪ੍ਰਕਾਸ਼ਕ ਨੂੰ ਗਾਲ੍ਹ ਦੇਣਾ ਕਦੇ ਨਹੀਂ ਭੁੱਲਦੇ। ਪ੍ਰਕਾਸ਼ਕਾਂ ਦੇ ਅਜਿਹੇ ਰਵੱਈਏ ਕਾਰਨ ਹੀ ਬਹੁਤ ਸਾਰੇ ਪਾਠਕ ਸਾਹਿਤ ਨਾਲੋਂ ਟੁੱਟੇ ਹੋਏ ਹਨ।

## ਪੰਜਾਬੀ ਸਾਹਿਤ ਵਿੱਚ ਅਖੌਤੀ ਵਿਦਵਾਨਾਂ ਦੀ ਘੁਸਪੈਠ

ਪੰਜਾਬੀ ਸਾਹਿਤ ਵਿੱਚ ਬਹੁਤ ਸਾਰੇ ਅਜਿਹੇ ਅਖੌਤੀ ਵਿਦਵਾਨ ਹਨ ਜਿਹੜੇ ਊਲ-ਜਲੂਲ ਫਤਵੇ ਜਾਰੀ ਕਰਨ ਕਰਕੇ ਚਰਚਾ 'ਚ ਰਹਿੰਦੇ ਹਨ। ਦੁਖਾਂਤ ਇਹ ਹੈ ਕਿ ਅਜਿਹੇ ਵਿਦਵਾਨਾਂ ਨੇ ਯੂਨੀਵਰਸਿਟੀਆਂ ਦੇ ਵਿਭਾਗਾਂ ਅਤੇ ਸਰਕਾਰੀ ਅਦਾਰਿਆਂ ਦੀ ਵਗਡੋਰ ਸਾਂਭੀ ਹੋਈ ਹੈ। ਇਹਨਾਂ ਦੀ ਰੁਚੀ ਸਾਹਿਤ ਨਾਲੋਂ ਸਿਆਸਤ ਵਿੱਚ ਵੱਧ ਹੁੰਦੀ ਹੈ। ਕੰਮ ਇਹਨਾਂ ਨੇ ਪ੍ਰਧਾਨਗੀਆਂ ਕਰਨ ਦਾ ਸਾਂਭਿਆ ਹੋਇਆ ਹੈ। ਸਹੀ ਅਰਥਾਂ ਵਿੱਚ ਇਹ ਸਰਕਾਰ ਦੇ ਜਵਾਈ ਹਨ। ਕੁਰਸੀ ਦੀ ਤਾਕਤ ਕਾਰਨ ਸਾਹਿਤ ਦੇ ਖੇਤਰ ਵਿੱਚ ਇਹਨਾਂ ਦੀ ਗੁੱਡੀ ਚੜ੍ਹੀ ਰਹਿੰਦੀ ਹੈ। ਲੋਕ ਇਹਨਾਂ ਨੂੰ ਪਰਚੇ ਪੜ੍ਹਨ ਲਈ ਸੱਦਦੇ ਹਨ ਤੇ ਇਹ ਜੋ ਮਨ ਵਿੱਚ ਆਉਂਦਾ ਹੈ ਮੰਚ ਤੋਂ ਉਹ ਆਖਦੇ ਹਨ। ਮੰਚ ਤੋਂ ਪੰਜਾਬ ਦੀ ਪੁਲਿਸ ਵਾਲਾ ਰੋਹਬ ਪਾਠਕਾਂ 'ਤੇ ਸਿੱਟਦੇ ਹਨ। ਇਹ ਸੋਚਦੇ ਹਨ ਕਿਤਾਬ ਨੂੰ ਹਿੱਟ ਜਾਂ ਫਲਾਪ ਕਰਨਾ ਉਹਨਾਂ ਦੇ ਹੱਥ ਵਿੱਚ ਹੈ। ਅਜਿਹੇ ਵਿਦਵਾਨਾਂ ਨੇ ਹੀ ਇਨਾਮ-ਸਨਮਾਨਾਂ ਦੀ ਮਰਿਆਦਾ ਤੇ ਮਾਪਦੰਡਾਂ ਨੂੰ ਰੋਲ ਕੇ ਰੱਖ ਦਿੱਤਾ ਹੈ। ਇਹਨਾਂ ਨੂੰ ਸਾਹਿਤ ਦੇ 'ਭਾਈ ਲੋਗ' ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਦੀ ਬੇੜੀ ਵਿੱਚ ਇਹ ਸਭ ਤੋਂ ਭਾਰੀ ਵੱਟੇ ਹਨ।

ਸਾਹਿਤਕ ਹਲਕਿਆਂ ਵਿੱਚ ਇਹਨਾਂ ਅਖੌਤੀ ਵਿਦਵਾਨਾਂ ਦੀ ਘੁਸਪੈਠ ਨੂੰ ਲੈ ਕੇ ਅਕਸਰ ਚਰਚਾ ਚੱਲਦੀ ਹੈ। ਪਰ ਇਹਨਾਂ ਨੂੰ ਇਹਨਾਂ ਦੇ ਮੂੰਹ 'ਤੇ ਮਾੜਾ ਕਹਿ ਕੇ ਕੋਈ ਰਾਜ਼ੀ ਨਹੀਂ ਸਾਰੇ ਡਾਕਟਰ ਸਾਹਿਬ! ਡਾਕਟਰ ਸਾਹਿਬ!! ਆਖਦੇ ਹਨ। ਇੱਕ-ਦੋ ਸੁਹਿਰਦ ਲੇਖਕਾਂ ਨੇ ਇਹਨਾਂ ਦੇ ਕਾਰਨਾਮਿਆਂ ਬਾਰੇ ਨਾਵਲ, ਕਹਾਣੀਆਂ 'ਚ ਜ਼ਿਕਰ ਕੀਤਾ ਹੈ। ਪਿੱਛੇ ਜਿਹੇ ਬਲਜਿੰਦਰ ਨਸਰਾਲੀ ਦਾ ਨਾਵਲ ਛਪਿਆ ਸੀ ਜਿਸ ਵਿੱਚ ਇਹਨਾਂ ਮਖੌਟੇਧਾਰੀਆਂ ਨੂੰ ਨੰਗਾ ਕੀਤਾ ਗਿਆ ਸੀ। ਯੂਨੀਵਰਸਿਟੀਆਂ ਵਿੱਚ ਪੜ੍ਹਾ ਰਹੇ ਕਈ ਅਜਿਹੇ ਅਖੌਤੀ ਵਿਦਵਾਨਾਂ ਬਾਰੇ ਇਹ ਚਰਚਾ ਹੋ ਚੁੱਕੀ ਹੈ ਕਿ ਉਹਨਾਂ ਦੇ ਵਿਦਿਆਰਥਣਾਂ ਨਾਲ ਨਜਾਇਜ ਸਬੰਧ ਹਨ। ਤੁਸੀਂ ਆਪ ਹੀ ਅੰਦਾਜ਼ਾ ਲਾ ਲਓ ਕਿ ਜੇਕਰ ਇਹਨਾਂ ਨੂੰ ਨੱਥ ਨਾ ਪਾਈ ਗਈ ਤਾਂ ਇਹ ਸਾਹਿਤ ਦਾ ਕੀ ਹਾਲ ਕਰਨਗੇ।

## ਪੁਸਤਕ ਮੇਲਿਆਂ ਵਿੱਚ ਵਿਕਦੀਆਂ ਹਨ ਚੰਗੀਆਂ ਕਿਤਾਬਾਂ

ਪੰਜਾਬੀ ਪਾਠਕਾਂ ਅਤੇ ਪੁਸਤਕਾਂ ਵਿਚਕਾਰ ਰਿਸ਼ਤਾ ਜੋੜਨ ਲਈ ਪੁਸਤਕ ਮੇਲੇ ਕਾਫੀ ਸਹਾਇਕ ਹੋ ਸਕਦੇ ਹਨ। ਜਦੋਂ ਅਜਿਹੇ ਮੇਲਿਆਂ ਵਿੱਚ ਜਾ ਕੇ ਆਮ ਆਦਮੀ ਕਿਤਾਬਾਂ ਨੂੰ ਸਾਹਮਣੇ ਪਈਆਂ ਦੇਖਦਾ ਹੈ ਤਾਂ ਉਸਦੇ ਮਨ ਵਿੱਚ ਕਿਤਾਬਾਂ ਪੜ੍ਹਨ ਦੀ ਇੱਛਾ ਪੈਦਾ ਹੁੰਦੀ ਹੈ। ਕਈ ਵਾਰੀ ਇਹ ਹੁੰਦਾ ਹੈ ਕਿ ਆਮ ਆਦਮੀ ਇੱਕ ਕਿਤਾਬ ਖਰੀਦ ਲੈਂਦਾ ਹੈ ਤੇ ਜੇਕਰ ਖਰੀਦੀ ਗਈ ਕਿਤਾਬ ਚੰਗੀ ਹੋਵੇ ਤਾਂ ਉਸ ਆਦਮੀ ਨੂੰ ਸਾਹਿਤ ਪੜ੍ਹਨ ਦੀ ਚੇਟਕ ਵੀ ਲੱਗ ਜਾਂਦੀ ਹੈ। ਮੇਰੀ ਨਜ਼ਰ ਵਿੱਚ ਸਾਹਿਤ ਨੂੰ ਲੋਕਾਂ ਵਿੱਚ ਲੈ ਕੇ ਜਾਣ ਦਾ ਇਸ ਤੋਂ ਬਿਹਤਰ ਹੋਰ ਕੋਈ ਰਾਹ ਨਹੀਂ। ਪੁਸਤਕ ਮੇਲਿਆਂ ਬਾਰੇ ਚੰਡੀਗੜ੍ਹ ਦੇ ਪ੍ਰਕਾਸ਼ਕ ਹਰੀਸ਼ ਜੈਨ ਦਾ ਕਹਿਣਾ ਹੈ ਕਿ ਹਰ ਜ਼ਿਲ੍ਹੇ ਵਿੱਚ ਸਾਲ 'ਚ ਦੋ ਵਾਰੀ ਪੁਸਤਕ ਮੇਲੇ
ਜਰੂਰ ਲੱਗਣੇ ਚਾਹੀਦੇ ਹਨ। ਇਹਨਾਂ ਪੁਸਤਕ ਮੇਲਿਆਂ ਨਾਲ ਕਿਤਾਬਾਂ
ਪ੍ਰਤੀ ਪਾਠਕਾਂ ਵਿੱਚ ਜਾਗਰੂਕਤਾ ਪੈਦਾ ਹੁੰਦੀ ਹੈ। ਇਸ ਤੋਂ ਵੀ ਅੱਗੇ ਉਹਨਾਂ
ਕਿਹਾ ਕਿ ਧਾਰਮਿਕ ਮੇਲਿਆਂ ਵਿੱਚ ਕਿਤਾਬਾਂ ਲਈ ਥਾਂ ਹੋਣੀ ਚਾਹੀਦੀ ਹੈ
ਅਤੇ ਜਿੱਥੇ ਵੀ ਸਰਕਾਰੀ ਪ੍ਰੋਗਰਾਮ ਹੋਵੇ ਉੱਥੇ ਕਿਤਾਬਾਂ ਲਾਉਣ ਦਾ ਵਿਸ਼ੇਸ਼
ਪ੍ਰਬੰਧ ਹੋਣਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਮੇਲੇ ਵਿੱਚ ਕਿਤਾਬਾਂ
ਸਬੰਧੀ ਵਿਕਰੀ ਦੀ ਗੱਲ ਨਹੀਂ ਕੀਤੀ ਜਾ ਸਕਦੀ, ਕਿਉਂਕਿ ਕਈ ਵਾਰੀ ਇੱਕੋ
ਬੰਦਾ ਵੱਡੀ ਗਿਣਤੀ ਵਿੱਚ ਕਿਤਾਬਾਂ ਲੈ ਜਾਂਦਾ ਹੈ। ਚੇਤਨਾ ਪ੍ਰਕਾਸ਼ਨ ਦੇ
ਮਾਲਕ ਸਤੀਸ਼ ਗੁਲਾਟੀ ਦਾ ਇਸ ਬਾਰੇ ਕਹਿਣਾ ਹੈ ਕਿ ਪੁਸਤਕ ਮੇਲਿਆਂ
ਵਿੱਚ ਬਹੁਤ ਸਾਰੇ ਨਵੇਂ ਪਾਠਕ ਪੈਦਾ ਹੁੰਦੇ ਹਨ। ਉਹਨਾਂ ਕਿਹਾ ਕਿ ਬਹੁਤ
ਸਾਰੇ ਵਿਅਕਤੀ ਉਚੇਚੇ ਤੌਰ 'ਤੇ ਜਾ ਕੇ ਕਿਤਾਬਾਂ ਨਹੀਂ ਖਰੀਦਦੇ ਪਰ ਜੇਕਰ
ਉਹ ਪੁਸਤਕ ਮੇਲਿਆਂ ਵਿੱਚ ਪਹੁੰਚ ਜਾਣ ਤਾਂ ਕਿਤਾਬਾਂ ਜ਼ਰੂਰ ਖਰੀਦਦੇ
ਹਨ। ਵਿਸ਼ਵਭਾਰਤੀ ਪ੍ਰਕਾਸ਼ਨ ਦਾ ਇਸ ਬਾਰੇ ਕਹਿਣਾ ਹੈ ਕਿ ਉਹਨਾਂ ਦੀਆਂ
ਜ਼ਿਆਦਾ ਕਿਤਾਬਾਂ ਤਰਕਸ਼ੀਲ, ਧਾਰਮਿਕ ਅਤੇ ਪੁਸਤਕ ਮੇਲਿਆਂ ਵਿੱਚ ਹੀ ਵਿਕਦੀਆਂ ਹਨ। ਉਹਨਾਂ ਇਹ ਵੀ ਕਿਹਾ ਕਿ ਇਹ ਝੂਠ ਪ੍ਰਚਾਰਿਆ ਜਾ ਰਿਹਾ ਹੈ ਕਿ ਪੰਜਾਬੀ ਦੀਆਂ ਪੁਸਤਕਾਂ ਨਹੀਂ ਵਿਕਦੀਆਂ ਜਦੋਂਕਿ ਉਹਨਾਂ ਨੇ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮੌਕੇ 12000 ਕਿਤਾਬਾਂ ਭਗਤ ਸਿੰਘ ਦੇ ਜੀਵਨ ਨਾਲ ਸਬੰਧਿਤ ਵੇਚੀਆਂ ਹਨ।



ਕੁੱਝ ਲੋਕਾਂ ਦਾ ਖ਼ਦਸ਼ਾ ਸੀ ਕਿ ਕੰਪਿਊਟਰ ਦੇ ਆਉਣ ਨਾਲ ਪੰਜਾਬੀ ਪੁਸਤਕ ਦੇ ਯੁੱਗ ਦਾ ਅੰਤ ਹੋ ਜਾਵੇਗਾ ਪਰ ਇਹ ਖ਼ਦਸ਼ਾ ਗਲਤ ਸਿੱਧ ਹੋਇਆ ਸਗੋਂ ਕੰਪਿਊਟਰ ਦੇ ਆਉਣ ਨਾਲ ਪੰਜਾਬੀ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਪੰਜਾਬੀ ਦੀਆਂ ਬਹੁਤ ਸਾਰੀਆਂ ਅਜਿਹੀਆਂ ਵੈਬਸਾਇਟਾਂ ਹਨ ਜਿਨ੍ਹਾਂ ਰਾਹੀਂ ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠ ਕੇ ਪੰਜਾਬੀ ਦੀਆਂ ਪੁਸਤਕਾਂ ਪੜ੍ਹਨ ਦਾ ਅਨੰਦ ਲੈ ਸਕਦੇ ਹਾਂ। ਇਹ ਗੱਲ ਵੱਖਰੀ ਹੈ ਕਿ ਸਾਨੂੰ ਇਸ ਖੇਤਰ ਵਿੱਚ ਅਜੇ ਹੋਰ ਵੱਧ-ਚੜ੍ਹ ਕੇ ਕੰਮ ਕਰਨ ਦੀ ਜ਼ਰੂਰਤ ਹੈ, ਤਾਂ ਜੋ ਅਸੀਂ ਇਸ ਖੇਤਰ ਵਿੱਚ ਹੋਰ ਭਾਸ਼ਾਵਾਂ ਦੇ ਮੁਕਾਬਲੇ ਆਪਣੀ ਸਥਿਤੀ ਸੁਧਾਰ ਸਕੀਏ।

## ਲੇਖਕਾਂ ਦੇ ਵਿਚਾਰ

**ਡਾ. ਸਰਬਜੀਤ ਸਿੰਘ** ਅੱਜ ਜਿਹੜਾ ਸਾਹਿਤ ਰਚਿਆ ਜਾ ਰਿਹਾ ਹੈ, ਉਹ ਜ਼ਿਆਦਾਤਰ ਵਿਅਕਤੀਗਤ ਸਾਹਿਤ ਹੈ। ਇਸ ਸਾਹਿਤ ਦਾ ਸਮਾਜ ਨਾਲ ਸਰੋਕਾਰ ਬਹੁਤ ਘੱਟ ਹੈ। ਜਿਸ ਕਾਰਨ ਸਾਹਿਤ ਪਾਠਕਾਂ ਨੂੰ ਆਕਰਸ਼ਿਤ ਨਹੀਂ ਕਰ ਰਿਹਾ। ਇਸਦਾ ਇੱਕ ਕਾਰਨ ਇਹ ਵੀ ਹੈ ਕਿ ਅੱਜਕੱਲ ਦੇ ਲੇਖਕ ਪੜ੍ਹਦੇ ਘੱਟ ਹਨ ਤੇ ਲਿਖਦੇ ਜ਼ਿਆਦਾ। ਲਿਖਣ ਲਈ ਵਿਸ਼ਾ ਗਿਆਨ ਦੀ ਜਰੂਰਤ ਹੁੰਦੀ ਹੈ ਜਦੋਂਕਿ ਸਾਡੇ ਲੇਖਕਾਂ ਕੋਲ ਗਿਆਨ ਦੀ ਘਾਟ ਹੈ। ਉਹ ਖ਼ੁਦ ਚੰਗੇ ਪਾਠਕ ਨਹੀਂ ਹਨ। ਲੇਖਕਾਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝਣ ਤੇ ਫੇਰ ਕਲਮ ਚੁੱਕਣ।

-------------------------------------

**ਪ੍ਰੇਮ ਗੋਰਖੀ** ਕਿਤਾਬਾਂ ਮਹਿੰਗੀਆਂ ਹੋਣੀਆਂ ਵੀ ਇੱਕ ਸਮੱਸਿਆ ਹੈ। ਗਰੀਬ ਵਿਅਕਤੀ ਕਿਤਾਬ ਖਰੀਦ ਕੇ ਪੜ੍ਹ ਨਹੀਂ ਸਕਦਾ। ਦੂਸਰਾ ਕਾਰਨ ਇਹ ਹੈ ਕਿ ਨਵੇਂ ਲੇਖਕ ਪ੍ਰੋੜ ਰਚਨਾਵਾਂ ਨਹੀਂ ਰਚ ਰਹੇ, ਜਿਸ ਕਾਰਨ ਪਾਠਕ ਕਿਤਾਬਾਂ ਤੋਂ ਬੇਮੁੱਖ ਹੋ ਗਿਆ ਹੈ। ਸਾਹਿਤ ਸਭਾਵਾਂ ਵੀ ਆਪਣੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੀਆਂ। ਇਕੱਤਰਤਾਵਾਂ ਵਿੱਚ ਤਾਂ ਇਹ ਗੰਭੀਰ ਵਿਸ਼ਿਆਂ ਨੂੰ ਛੂਹਦੀਆਂ ਹਨ ਪਰ ਅਮਲੀ ਤੌਰ 'ਤੇ ਕੋਈ ਨਤੀਜਾ ਨਹੀਂ ਨਿਕਲਦਾ। ਲੋਕਾਂ ਦਾ ਨਜ਼ਰੀਆ ਵੀ ਪਦਾਰਥਵਾਦੀ ਹੋ ਗਿਆ ਹੈ। ਉਹ ਸੋਹਣੀਆ ਕੋਠੀਆਂ ਤਾਂ ਪਾ ਲੈਂਦੇ ਹਨ ਪਰ ਉਸ ਕੋਠੀ ਦੇ ਕਿਸੇ ਕਮਰੇ ਵਿੱਚ ਕਿਤਾਬਾਂ ਨਹੀਂ ਲੱਭਦੀਆਂ।

-------------------------------------

**ਡਾ. ਭੀਮਇੰਦਰ ਸਿੰਘ** ਆਮ ਲੋਕਾਂ ਦਾ ਪੁਸਤਕਾਂ ਨਾਲੋਂ ਟੁੱਟਣ ਦਾ ਮੁੱਖ ਕਾਰਨ ਇਹ ਹੈ ਕਿ ਲੇਖਕ ਲੋਕਾਂ ਨਾਲੋਂ ਟੁੱਟ ਗਿਆ ਹੈ। ਦੂਸਰਾ ਕਾਰਨ ਇਹ ਹੈ ਕਿ ਸਾਡੇ ਸਮਾਜ 'ਚ ਰਾਜਨੀਤਿਕ ਚੇਤਨਾ ਵਾਲੀਆਂ ਲਹਿਰਾਂ ਵਿੱਚ ਖੜੋਤ ਆ ਗਈ ਹੈ, ਜਿਸ ਕਾਰਨ ਸਮਾਜਿਕ ਜਾਗਰੂਕਤਾ ਵਿੱਚ ਖੜੋਤ ਆ ਗਈ ਹੈ। ਅੱਜ ਦਾ ਸਾਹਿਤ ਲੋਕਾਂ ਨਾਲੋਂ ਟੁੱਟਿਆ ਹੋਇਆ ਸਾਹਿਤ ਹੈ ਜਿਸਨੂੰ ਅਸੀਂ ਮੱਧਵਰਗੀ ਸਾਹਿਤ ਵੀ ਕਹਿ ਸਕਦੇ ਹਾਂ। ਇਹ ਆਮ ਗਰੀਬ ਲੋਕਾਂ ਦਾ ਸਾਹਿਤ ਨਹੀਂ ਹੈ। ਖਪਤਵਾਦ ਕਾਰਨ ਵੀ ਪਾਠਕ ਪੁਸਤਕਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਮੀਡੀਏ ਦਾ ਅਸਰ ਵੀ ਕੁੱਝ ਇਸ ਤਰ੍ਹਾਂ ਹੋ ਰਿਹਾ ਹੈ ਕਿ ਪਾਠਕ ਤੇ ਪੁਸਤਕਾਂ ਵਿੱਚ ਪਾੜਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਇਸ ਹਾਲਤ 'ਚ ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਨੂੰ ਚੰਗੀ ਤਰ੍ਹਾਂ ਸਮਝਣ ਤਾਂ ਕਿ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਲਿਖ ਸਕਣ।

-------------------------------------

**ਡਾ. ਕੰਵਰਜੀਤ ਭੱਠਲ** ਚੰਗੀਆਂ ਪੁਸਤਕਾਂ ਦੀ ਘਾਟ ਕਾਰਨ ਵੀ ਪਾਠਕ ਪੁਸਤਕਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਦੂਸਰਾ ਕਾਰਨ ਇਹ ਹੈ ਕਿ ਪੁਸਤਕਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ। ਸਧਾਰਣ ਬੰਦਾ ਪੁਸਤਕਾਂ ਨੂੰ ਖਰੀਦਦਾ ਹੀ ਨਹੀਂ। ਲੇਖਕਾਂ ਦਾ ਨਜ਼ਰੀਆ ਵੀ ਸਮਾਜ ਪ੍ਰਤੀ ਪ੍ਰੋੜ ਹੋਣਾ ਚਾਹੀਦਾ ਹੈ ਤਾਂ ਜੋ ਉਹ ਪ੍ਰੋੜ ਰਚਨਾਵਾਂ ਰਚ ਸਕਣ। ਇਸ ਸਭ ਵਿੱਚ ਸਾਹਿਤ ਸਭਾਵਾਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। ਸਾਹਿਤ ਸਭਾਵਾਂ ਨੂੰ ਇਸ ਵਿਸ਼ੇ 'ਤੇ ਚਿੰਤਨ ਕਰਨ ਦੀ ਲੋੜ ਹੈ।

-------------------------------------

**ਧਰਮ ਕੰਮੇਆਣਾ** ਅੱਜ ਜਿਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ ਉਸ ਤੋਂ ਲੱਗਦਾ ਹੈ ਕਿ ਆਮ ਲੋਕਾਂ ਨੂੰ ਕਿਤਾਬਾਂ ਵੱਲ ਲੈ ਕੇ ਆਉਣਾ ਬਹੁਤ ਮੁਸ਼ਕਿਲ ਹੈ। ਲੋਕ ਪਦਾਰਥਵਾਦੀ ਸੱਭਿਆਚਾਰ ਦਾ ਸ਼ਿਕਾਰ ਹੋ ਗਏ ਹਨ। ਪਾਠਕ ਨੂੰ ਲੱਗਦਾ ਹੈ ਕਿ ਉਸਨੂੰ ਪੁਸਤਕ ਪੜ੍ਹ ਕੇ ਕੋਈ ਲਾਭ ਨਹੀਂ ਹੋ ਰਿਹਾ, ਇਸ ਲਈ ਉਹ ਕਿਤਾਬਾਂ ਵੱਲ ਰੁਚਿਤ ਨਹੀਂ ਹੁੰਦਾ। ਲੇਖਕ ਵੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝ ਨਹੀਂ ਰਹੇ, ਜਿਸ ਕਾਰਨ ਮੀਡੀਆ ਦੇ ਦੂਸਰੇ ਸਾਧਨਾਂ ਦਾ ਪ੍ਰਭਾਵ ਲੋਕਾਂ 'ਤੇ ਵਧ ਗਿਆ ਹੈ।

-------------------------------------

**ਡਾ. ਜਸਵੀਰ ਕੇਸਰ** ਅੱਜ ਦੇ ਮਨੁੱਖ ਕੋਲ ਮਨੋਰੰਜਨ ਦੇ ਸਾਧਨ ਬਹੁਤ ਜ਼ਿਆਦਾ ਹਨ, ਜਿਸ ਕਾਰਨ ਪੁਸਤਕਾਂ ਵੱਲ ਧਿਆਨ ਨਹੀਂ ਜਾਂਦਾ। ਦੂਸਰੀ ਗੱਲ ਇਹ ਵੀ ਹੈ ਕਿ ਲੇਖਕ ਆਪਣੀਆਂ ਰਚਨਾਵਾਂ ਵਿੱਚ ਸਮਾਜਿਕ ਸਰੋਕਾਰਾਂ ਦੀ ਗੱਲ ਨਹੀਂ ਕਰਦੇ, ਜਿਸ ਕਾਰਨ ਆਮ ਲੋਕ ਸਾਹਿਤ ਤੋਂ ਦੂਰ ਹੁੰਦੇ ਜਾ ਰਹੇ ਹਨ। ਸਰਕਾਰ ਨੂੰ ਵੀ ਇਸ ਬਾਰੇ ਕੁੱਝ ਉਪਰਾਲੇ ਕਰਨੇ ਚਾਹੀਦੇ ਹਨ। ਮੈਨੂੰ ਲੱਗਦਾ ਹੈ ਕਿ ਹਰ ਇੱਕ ਪਿੰਡ ਨੂੰ ਕਿਤਾਬਾਂ ਲਈ ਗ੍ਰਾਂਟਾਂ ਜਰੂਰ ਦੇਣੀਆਂ ਚਾਹੀਦੀਆਂ ਹਨ।

# ਤਲਖ਼ੀਆਂ-ਸੰਦਰਭ ਪੰਜਾਬੀ ਭਾਸ਼ਾ ਤੇ ਸਾਹਿਤ-ਸੱਭਿਆਚਾਰ



ਲਾਲ ਸਿੰਘ
+91-94655-74866

ਥੋੜਾ ਕੁ ਸਮਾਂ ਪਹਿਲਾਂ ਦੁਨੀਆਂ ਭਰ ਦੀ ਪ੍ਰਤੀਨਿੱਧ ਟਿੱਪਣੀ-ਸੰਸਥਾ ਯੂਨਿਸਕੋ ਨੇ ਇੱਕ ਰਿਪੋਰਟ ਛਾਪੀ ਸੀ, ਜਿਸ ਵਿੱਚ ਪੰਜਾਬੀ ਸਮੇਤ ਅਨੇਕਾਂ ਖੇਤਰੀ ਭਾਸ਼ਾਵਾਂ ਦੇ ਆਉਂਦੇ ਪੰਜਾਹ ਸਾਲਾਂ ਵਿੱਚ ਖਤਮ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਸੀ।

ਸਾਡੇ ਪਾਸ ਇਸ ਰਿਪੋਰਟ ਨੂੰ ਰੱਦ ਕਰ ਦੇਣ ਦਾ ਭਾਵੁਕ ਆਧਾਰ ਵੀ ਹੈ ਤੇ ਆਪਣੀ ਭਾਸ਼ਾ, ਆਪਣੇ ਸਾਹਿਤ, ਸੱਭਿਆਚਾਰ ਦਾ ਕਈ ਸਦੀਆਂ ਦੀ ਅਮੀਰੀ ਨਾਲ ਲਬਰੇਜ਼ ਹੋਇਆ ਇਤਿਹਾਸ ਵੀ। ਸਾਨੂੰ ਸਾਡੀ ਬੋਲੀ ਦੇ ਲੋਕ ਆਧਾਰ ਤੇ ਵੀ ਮਾਣ ਹੈ ਤੇ ਆਪਣੀ ਧਰਤੀ ਦੇ ਜ਼ਰਖੇਜ਼ ਕਣਾਂ ਤੇ ਵੀ। ਤਾਂ ਵੀ ਟਿੱਪਣੀਕਾਰ ਸੰਸਥਾ ਦੇ ਆਖੇ-ਦੱਸੇ ਨੂੰ ਮੁੱਢੋ-ਸੁੱਢੋ ਰੱਦ ਕਰਨ ਤੋਂ ਪਹਿਲਾਂ ਉਸ ਦੁਆਰਾ ਕੱਢੇ ਨਿਰਨੇ ਪਿੱਛੇ ਕਾਰਜਸ਼ੀਲ, ਇਸ ਅਹਿਮ ਇਤਿਹਾਸਕ ਵਰਤਾਰੇ ਦੀ ਵੀ ਝਲਕ ਜਰੂਰ ਦੇਖਣੀ ਬਣਦੀ ਹੈ।

ਇਤਿਹਾਸਕਾਰ ਦੱਸਦੇ ਹਨ ਕਿ ਦਸ ਹਜ਼ਾਰ ਸਾਲ ਪਹਿਲਾਂ, ਦੁਨੀਆਂ ਦੀ ਆਬਾਦੀ ਸਿਰਫ਼ ਦਸ ਲੱਖ ਸੀ ਤਾਂ ਪੰਦਰਾਂ ਹਜਾਰ ਦੇ ਕਰੀਬ ਭਾਸ਼ਾਵਾਂ ਦਾ ਚਲਣ ਸੀ। ਅੱਜ ਦੁਨੀਆਂ ਦੀ ਆਬਾਦੀ ਸਾਡੇ ਸੱਤ ਅਰਬ ਤੱਕ ਜਾ ਪੁੱਜੀ ਹੈ, ਪਰ ਭਾਸ਼ਾਵਾਂ ਦੀ ਸੰਖਿਆ ਸਿਰਫ਼ 6800 ਰਹਿ ਗਈ ਹੈ। ਉਹ ਵਿਦਵਾਨ ਇਹ ਦੱਸਣ ਵਿੱਚ ਵੀ ਕੋਈ ਝਿਜਕ ਨਹੀਂ ਮਹਿਸੂਸਦੇ ਕਿ ਜੇ ਭਾਸ਼ਾਵਾਂ ਗਿਣਤੀ ਇਸੇ ਰਫਤਾਰ ਨਾਲ ਘਟਦੀ ਗਈ ਤਾਂ ਭਵਿੱਖ ਵਿੱਚ ਗਿਣਤੀ ਸਿਰਫ਼ ਛੇ-ਸੱਤ ਸੌ ਹੀ ਰਹਿ ਜਾਵੇਗੀ। ਇਸ ਤੱਥ ਦੀ ਪੁਸ਼ਟੀ ਵਜੋਂ ਉਹ ਆਸਟ੍ਰੇਲੀਆ ਮਹਾਂਦੀਪ ਦਾ ਹਵਾਲਾ ਵੀ ਦਿੰਦੇ ਹਨ, ਜਿੱਥੇ ਬੀਤੀਆਂ ਦੋ ਸਦੀਆਂ ਵਿਚ 250 ਭਾਸ਼ਾਵਾਂ ਵਿੱਚੋਂ 225 ਭਾਸ਼ਵਾਂ ਦਾ ਅੰਤ ਹੋ ਚੁੱਕਾ ਹੈ। ਤੇ ਕਈ ਮਰਨ ਕਿਨਾਰੇ ਪੁੱਜ ਗਈਆਂ ਹਨ।

ਉਪਰੋਕਤ ਤੱਥਾਂ ਦੇ ਸਨਮੁੱਖ ਯੂਨਿਸਕੋ ਦਾ ਇਹ ਡਰ ਵੀ ਗੈਰ-ਵਾਜ਼ਿਬ ਨਹੀਂ ਕਿ ਇਵੇਂ ਤੇ ਇਸ ਰਫਤਾਰ ਨਾਲ ਅਲੋਪ ਹੁੰਦੀਆਂ ਰਹੀਆਂ ਭਾਸ਼ਾਵਾਂ ਵਿੱਚ ਕਿਧਰੇ ਪੰਜਾਬੀ ਭਾਸ਼ਾ ਵੀ ਸ਼ਾਮਿਲ ਨਾ ਹੋ ਗਈ ਹੋਵੇ।

ਭਾਸ਼ਾ ਸੰਬੰਧੀ ਇਵੇਂ ਦਾ ਖ਼ਦਸ਼ਾ ਡਾ.ਡੇਵਿਡ ਹੈਰਿਸਨ ਨੇ ਆਪਣੇ ਲੇਖ "ਵੈਨੂ ਕੈਂਗੁਏਜਿਜ਼ ਡਾਈ" ਵਿੱਚ ਪ੍ਰਗਟ ਕਰਦਿਆਂ, ਅੰਕੜਾ ਮੂਲਕ ਤੱਥਾਂ ਨਾਲ ਮਰ ਰਹੀਆਂ ਭਾਸ਼ਾਵਾਂ ਦੇ ਵੇਰਵੇ ਦੱਸੇ ਹਨ। ਉਹਨਾਂ ਅਨੁਸਾਰ:-

1. ਹਰ ਪੰਦਰਾਂ ਦਿਨਾਂ ਬਾਅਦ ਇੱਕ ਭਾਸ਼ਾ ਮਰ ਰਹੀ ਹੈ।
2. ਇਹ ਖ਼ਤਰਾ ਦੁਨੀਆਂ ਭਰ ਦੀਆਂ 40% ਭਾਸ਼ਾਵਾਂ ਦੇ ਸਿਰ ਤੇ ਮੰਡਰਾ ਰਿਹਾ ਹੈ।
3. 21ਵੀਂ ਸਦੀ ਦੇ ਅੰਤ ਤੱਕ ਅੱਜ ਦੀਆਂ ਭਾਸ਼ਾਵਾਂ ਦੀ ਗਿਣਤੀ ਨਾਲੋਂ ਅੱਧੀਆਂ ਭਾਸ਼ਾਵਾਂ ਹੀ ਰਹਿ ਜਾਣ ਗਈਆਂ।
4. ਇਹਨਾਂ 6800 'ਚੋਂ ਅੱਧੀਆਂ ਕਰੀਬ 3500 ਭਾਸ਼ਾਵਾਂ ਦੇ ਬੋਲਣ ਵਾਲੇ ਕੇਵਲ 20% ਲੋਕ ਹੀ ਹਨ।
5. ਬਾਕੀ ਦੀ 80% ਫੀਸਦੀ ਦੁਨੀਆਂ ਦੀ ਆਬਾਦੀ 80 ਭਾਸ਼ਾਵਾਂ ਹੀ ਬੋਲਦੀ ਹੈ।

ਡਾ. ਹੈਰੀਸਨ ਭਾਸ਼ਵਾਂ ਦੇ ਇਸ ਖਾਤਮੇਂ ਲਈ, ਅਨੇਕਾਂ ਕਬੀਲਿਆਂ ਦੀ ਹੋਂਦ ਮੁੱਢੋਂ-ਸੁੱਢੋਂ ਖ਼ਤਮ ਹੋ ਜਾਣ ਵਾਲੀ ਇਤਿਹਾਸਕ ਸੱਚਾਈ ਵਾਲੇ ਤੱਥਾਂ ਤੋਂ ਅਗਾਂਹ, ਸੰਸਾਰੀਕਰਨ ਦੇ ਵਰਤਾਰੇ ਨੂੰ ਅੰਤ ਇੱਕ ਥਾਂ, ਇਕ ਦੇਸ਼ ਤੋਂ ਦੂਜੀ ਥਾਂ, ਦੂਜੇ ਦੇਸ਼ ਜਾ ਵਸਣ ਦੀ ਪ੍ਰਵਾਸ ਦੀ ਪ੍ਰਕਿਰਿਆ ਨੂੰ ਪ੍ਰਮੁੱਖ ਕਾਰਨ ਗਿਣਦਾ ਹੈ ਇਸ ਪੱਖੋਂ ਵੀ ਸਾਡਾ ਲਿਹਾਜ਼ ਨਹੀਂ ਕਰਦਾ ਕਿ ਅਸੀਂ ਸੱਭਿਐ ਜਾਂ ਉੱਤਰ-ਆਧੁਨਿਕ ਲੱਗਣ/ਦਿਸਣ ਦੇ ਭੁਲਾਵੇਂ ਵਿਚ ਆਪਣੇ ਬੱਚਿਆਂ ਰਾਹੀਂ ਵੀ ਆਪਣੀਆਂ ਭਾਸ਼ਾਵਾਂ ਨੂੰ ਅੰਤਲੇ ਸਾਹਾਂ ਨਾਲ ਘਸੀਟ ਰਹੇ ਹਾਂ। ਅਸੀਂ ਪੰਜਾਬੀ ਵੀ, ਘਰਾਂ ਵਿਚ ਪੰਜਾਬੀ ਦੀ ਥਾਂ ਹਿੰਦੀ ਤੇ ਸਕੂਲਾਂ ਵਿੱਚ ਪੰਜਾਬੀ, ਹਿੰਦੀ ਦੀ ਥਾਂ ਅੰਗਰੇਜੀ ਭਾਸ਼ਾ ਬੋਲਦੇ/ਸਿੱਖਦੇ ਬੱਚਿਆਂ ਨੂੰ ਦੇਖ ਪ੍ਰਸੰਨ ਹੁੰਦੇ, ਅਸਲ ਵਿਚ ਆਪਣੀ ਹੀ ਮਾਤ ਭਾਸ਼ਾ ਲਈ ਡੂੰਘੀ ਕਬਰ ਤਿਆਰ ਕਰ ਰਹੇ ਹਾਂ।

ਇੱਥੇ ਇਸ ਬਿੰਦੂ ਦੀ ਸਮਝਦਾਰੀ ਹੋਣੀ ਵੀ ਬੇ-ਹੱਦ ਜਰੂਰੀ ਹੈ ਕਿ ਕਿਸੇ ਵੀ ਭਾਸ਼ਾ ਨੂੰ ਨੁਕਸਾਨ ਪਹੁੰਚਾਣ ਦਾ ਮੁੱਢਲਾ ਕਾਰਜ ਇਸਦਾ ਮੌਖਿਕ ਤੱਤ ਜਿਸਨੂੰ ਬੋਲੀ ਦੀ ਸੰਗਿਆ ਦਿੱਤੀ ਜਾ ਸਕਦੀ ਹੈ, ਨੂੰ ਵਿਸਾਰਨ ਤੋਂ ਸ਼ੁਰੂ ਹੁੰਦਾ ਹੈ ਤੇ ਜਿਸਨੂੰ ਸਾਡੀ ਅੱਜ ਦੀ ਮਾਨਸਿਕਤਾ ਨਾਮ-ਨਿਹਾਦ ਆਧੁਨਿਕਤਾਵਾਦ ਦੀ ਸੰਗਿਆ ਦੇ ਰਹੀ ਹੈ। ਇਸਦੇ ਨਾਲ ਹੀ ਜੁੜਵਾ ਤੱਤ ਇਹ ਵੀ ਬੇ-ਹੱਦ ਗੌਲਣਯੋਗ ਹੈ ਕਿ ਗੁਆਚ ਰਹੀ ਜਾਂ ਵਿਸਾਰੀ ਜਾ ਰਹੀ ਭਾਸ਼ਾ ਦਾ ਸਾਫ਼-ਸਿੱਧਾ ਅਰਥ ਗੁਆਚ ਰਿਹਾ ਜਾਂ ਗੁਆਇਆ ਜਾ ਰਿਹਾ ਸੱਭਿਆਚਾਰ ਹੀ ਹੁੰਦਾ ਹੈ।

ਪੰਜਾਬੀ ਭਾਸ਼ਾ/ਸੱਭਿਆਚਾਰ ਦੇ ਸੰਬੰਧ ਵਿਚ ਇਹ ਤੱਥ ਉੱਘੜਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੋਣ ਕਾਰਨ ਯੂਨਿਸਕੋ ਵੱਲੋਂ ਪੰਜਾਬੀ ਭਾਸ਼ਾ ਦੀ ਰਹਿੰਦੀ-ਬਚਦੀ ਉਮਰ ਕੇਵਲ ਪੰਜਾਹ ਸਾਲ ਹੀ ਦੱਸੀ ਗਈ ਹੈ, ਬਿਲਕੁਲ ਗੈਰਵਾਜ਼ਿਬ ਨਹੀਂ ਜਾਪਦੀ।

ਅਜਿਹੀ ਸਥਿਤੀ ਵਿਚ ਦੁਨੀਆਂ ਭਰ ਦੀਆਂ 7000 ਦੇ ਕਰੀਬ ਭਾਸ਼ਾਵਾਂ ਦੇ ਪ੍ਰਚਲਣ ਵਿਚ 10/12/13ਵੇਂ ਸਥਾਨ ਤੇ ਵਿਚਰਨ ਵਾਲੀ ਪੰਜਾਬੀ ਦੇ ਭਵਿੱਖ ਤੇ ਲੱਗੇ ਪ੍ਰਸ਼ਨ-ਚਿੰਨ ਨੇ ਇਸ ਦੇ ਚਾਹੁਣ-ਬੋਲਣ ਵਾਲੇ ਵਿਅਕਤੀਆਂ-ਵਿਦਵਾਨਾਂ ਨੂੰ ਢੇਰ ਸਾਰੀਆਂ ਚਿੰਤਾਵਾਂ ਦੀ ਵਲਗਣ ਅੰਦਰ ਘੇਰ ਲਿਆ ਹੈ। ਕੋਈ ਇਸ ਦੇ ਕਾਰਨਾਂ ਦੀ ਘੋਖ ਪੜਤਾਲ ਵਰਤਮਾਨ ਦੀਆਂ ਸਥਿਤੀਆਂ-ਪ੍ਰਸਥਿਤੀਆਂ ਨੂੰ ਸਨਮੁੱਖ ਰੱਖ ਕੇ ਕਰ ਰਿਹਾ, ਕੋਈ ਦੂਰ ਪਿਛਾਂਹ ਰਹਿ ਗਈ ਭੂਤ-ਭੌਤਿਕਤਾ ਦੇ ਅਧਾਰ ਪਸਾਰ ਤੇ।

ਭੂਤਕਾਲ ਦੀ ਕੁੱਖ ਨੂੰ ਟੋਹਣ ਵਾਲੇ ਵਿਦਵਾਨ ਦਾ ਮੱਤ ਹੈ ਕਿ ਭਾਵੇਂ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਪੰਜਾਹ ਹਜਾਰ ਪਹਿਲਾਂ ਵਾਲੇ ਸੰਸਕ੍ਰਿਤ ਕਾਲ ਨਾਲ ਜਾ ਜੁੜਦੀਆਂ ਹਨ, ਪਰ ਪਿੱਛੋਂ, ਰਾਜ ਦੇ ਖਾਸੇ ਅਤੇ ਰਾਜਨੀਤੀ ਦੇ ਛੜਯੰਤਰ ਨੇ ਇਸ ਭਾਸ਼ਾ ਨੂੰ ਵਿਗਸਣ/ਮੌਲਣ ਦੇ ਬਹੁਤ ਹੀ ਸੰਕੋਚਵੇਂ ਅਵਸਰ ਪ੍ਰਦਾਨ ਕੀਤੇ। ਭਾਵੇਂ ਇਸ ਖਿੱਤੇ ਦਾ ਆਰਥਿਕ ਆਧਾਰ ਥੋੜੇ ਕੁ ਚਿਰਾਂ ਤੋਂ ਆਂਸ਼ਕ ਰੂਪ ਵਿਚ ਸਰਮਾਇਆ ਮੁਖੀ ਹੋ ਜਾਣ ਵੱਲ ਨੂੰ ਆ ਰੁਕਿਆ ਹੈ, ਪਰ ਸਦੀਆਂ ਭਰ ਤੋਂ ਇਹ ਆਧਾਰ ਸਾਮੰਤ ਮੁਖੀ ਹੀ ਰਿਹਾ। ਸੱਚ ਇਹ ਵੀ ਹੈ ਕਿ ਇਹ ਦੋਨੋਂ ਆਰਥਿਕ ਵਿਵਸਥਾਵਾਂ ਪੰਜਾਬੀ ਭਾਸ਼ਾ ਤੇ ਸਾਹਿਤ-ਸਭਿਆਚਾਰ ਪ੍ਰਤੀ ਬੇਗੁਨਾਹੀ ਵਾਲਾ ਹੀ ਵਰਤਾਓ ਕਰਦੀਆਂ ਰਹੀਆਂ ਹਨ। ਪੰਜਾਬੀ ਭਾਸ਼ਾ/ਸੱਭਿਆਚਾਰ ਦਾ ਜੋ ਸਰੂਪ ਸਾਨੂੰ ਹੁਣ ਦੇ ਸਮਿਆਂ ਤੱਕ ਉਪਲਭਧ ਹੋਇਆ ਹੈ ਉਹ ਇਹਨਾਂ ਦੋਨਾਂ ਵਿਵਸਥਾਵਾਂ ਅੰਦਰ ਵਿਚਰਦੇ ਲੋਕ-ਸਮੂਹ ਦੀ ਲੋਕ-ਚੇਤਨਾ ਕਰਕੇ ਉਪਲਭਧ ਹੈ, ਨਾ ਕਿ ਵਿਵਸਥਾਵਾਂ ਦੇ ਆਕਾਵਾਂ ਦੇ ਤੌਰ ਤਰੀਕਿਆਂ ਕਾਰਨ। ਇਹ ਆਕਾ ਤਾਂ ਵਾਹ ਲੱਗਦੀ ਨੂੰ ਪੰਜਾਬੀ ਬੋਲਦੇ ਇਸ ਖਿੱਤੇ ਅੰਦਰ ਰਹਿੰਦੇ-ਵਸਦੇ ਵੀ ਓਪਰਿਆਂ ਵਾਲਾ ਵਿਵਹਾਰ ਹੀ ਕਰਦੇ ਰਹੇ ਹਨ, ਜਾਂ ਕੁਰਸੀਆਂ-ਸਰਦਾਰੀਆਂ -ਅਹੁਦੇਦਾਰੀਆਂ ਖ਼ਾਤਰ ਇਸ ਖਿੱਤੇ ਨੂੰ ਛਾਂਗਦੇ-ਛਿਲਦੇ, ਟੁਕੜਿਆਂ ਵਿਚ ਵੰਡਦੇ ਰਹੇ ਹਨ।

ਪੰਜਾਬੀ ਭਾਸ਼ਾ/ਸੱਭਿਆਚਾਰ ਪ੍ਰਤੀ ਫ਼ਿਕਰਮੰਦੀ ਰੱਖਣ ਵਾਲੇ ਉਹ ਵਿਦਵਾਨ ਜਿਹੜੇ ਇਸ ਦੇ ਵਰਤਮਾਨ ਸਮੇਤ ਇਸ ਦੇ ਭਵਿੱਖ ਦੇ ਹਲਾਤਾਂ ਪ੍ਰਤੀ ਚਿੰਤਤ ਹਨ, ਉਹਨਾਂ ਦੀ ਮੁੱਖ ਟੇਕ ਵੀ ਇੱਥੋਂ ਦੀ ਆਰਥਿਕਤਾ ਅਤੇ ਰਾਜਨੀਤਕ ਵਿਵਹਾਰ ਤੇ ਹੀ ਟਿਕਦੀ ਹੈ। 1947/50 ਈ: ਪਿੱਛੋਂ ਭਾਰਤ ਦੇ ਵੱਖ ਵੱਖ ਖਿੱਤਿਆਂ ਦੀਆਂ ਬੋਲੀਆਂ ਨੂੰ ਸੰਵਿਧਾਨਕ ਮਾਨਤਾ ਦੇ ਇਹਨਾਂ ਨੂੰ ਵਿਗਸਣ-ਮੌਲਣ ਲਈ ਸਪੇਸ ਤਾਂ ਦੇ ਦਿੱਤੀ ਗਈ, ਪਰ ਪੰਜਾਬੀ ਭਾਸ਼ਾ ਨੂੰ ਮਿਲੀ ਇਹ ਸਪੇਸ ਕਈ ਸਾਰੀਆਂ ਤੰਗ-ਵਲ੍ਹਗਣਾਂ ਵਿਚ ਫਿਰ ਤੋਂ ਘਿਰ ਗਈ। ਸੰਨ 1947 ਦੀ ਵੰਡ ਨਾਲ ਟੋਟੇ ਹੋਏ ਪੰਜਾਬ ਦੀ ਇੱਕ ਹੀ ਭਾਸ਼ਾ ਦੋ ਵੱਖ-ਵੱਖ ਸੱਭਿਆਚਾਰਕ ਰਹਿਤਲਾਂ 'ਚ ਵੰਡ ਹੋ ਕੇ ਵੱਖਰੇ-ਵੱਖਰੇ ਸਰੂਪ ਅਖ਼ਤਿਆਰ ਕਰਦੀ ਗਈ, ਇਸ ਤੋਂ ਵੀ ਸਿਤਮਜ਼ਰੀਫੀ ਇਹ ਕਿ ਇੱਧਰ ਰਹੇ-ਬਚੇ ਪੰਜਾਬ ਦੀ ਸਾਂਝੀ-ਵਾਂਝੀ ਭਾਸ਼ਾ ਨੂੰ ਧਰਮਾਂ ਦੇ ਉਪ-ਸਭਿਆਚਾਰ ਨੇ ਬੇ-ਲੋੜੀ ਦਖ਼ਲ-ਅੰਦਾਜ਼ੀ ਕਰਕੇ ਇਸ ਦੇ ਵਿਗਸਣ-ਮੌਲਣ ਦੇ ਰਾਹਾਂ ਵਿਚ ਕਈ ਸਾਰੀਆਂ ਅੜਚਨਾਂ ਖੜੀਆਂ ਕੀਤੀ ਰੱਖੀਆਂ। ਦੂਜੇ ਸ਼ਬਦਾਂ ਵਿਚ ਧਰਮ-ਅਧਾਰਤ ਸੱਭਿਆਚਾਰੀਕਰਨ ਦੇ ਅਮਲ ਵਿੱਚ ਦੋ ਭਾਸ਼ਾਵਾਂ ਇਕ ਦੂਜੀ ਨੂੰ ਪਿਛਾੜਨ ਦੇ ਅਮਲ ਅੰਦਰ ਹੀ ਕੁੱਝੀਆਂ ਰਹੀਆਂ।

ਅਜੋਕੇ ਦੌਰ ਵਿੱਚ ਭਾਵੇਂ, ਬੀਤੀ ਸਦੀ ਦੇ ਪਿਛਲੇ ਅੱਧ ਵਾਲੀਆਂ ਸਥਿਤੀਆਂ-ਪ੍ਰਸਥਿਤੀਆਂ ਬਰਕਰਾਰ ਨਹੀਂ ਰਹੀਆਂ, ਤਾਂ ਵੀ ਸੰਸਾਰੀਕਰਨ, ਨਿੱਜੀਕਰਨ, ਵਿਓਪਾਰੀਕਰਨ ਦੇ ਬੀਤੀ ਸਦੀ ਅੰਤਲੇ ਦਹਾਕੇ ਤੋਂ ਤਿੱਖੇ ਰੂਪ ਵਿਚ ਸ਼ੁਰੂ ਹੋਏ ਚਲਣ-ਪ੍ਰਚਲਣ ਨੇ ਪੰਜਾਬੀ ਭਾਸ਼ਾ ਤੇ ਸਾਹਿਤ-ਸੱਭਿਆਚਾਰ ਸਮੇਤ ਭਾਰਤ ਦੇਸ਼ ਦੀਆਂ ਸਾਰੀਆਂ ਉਪ-ਭਾਸ਼ਵਾਂ/ਖੇਤਰੀ-ਭਾਸ਼ਾਵਾਂ ਦੀ ਹੋਂਦ-ਹੋਣੀ ਦੇ ਸਿਰ ਤੇ ਚਿੰਨ-ਭਾਸ਼ਾ ਦੀ ਤਲਵਾਰ ਲਟਕਾ ਦਿੱਤੀ ਹੈ। ਚਿੰਨਾਂ/ਬਿੰਦੂਆਂ ਰਾਹੀਂ ਦੁਨੀਆਂ ਭਰ ਦੇ ਆਕਾਸ਼ੀ-ਚਿੱਤਰਪੱਟ ਤੇ ਖ਼ਿਲਰੀ-ਪੱਸਰੀ ਇਹ ਕੰਮਪਿਓਟਰੀਕ੍ਰਿਤ ਭਾਸ਼ਾ, ਪੰਜਾਬੀ ਲਈ ਇੱਕ ਹੋਰ ਭਿਆਨਕ ਕਿਸਮ ਦਾ ਖ਼ਤਰਾ ਲਈ ਖੜੀ ਹੈ। ਇਉਂ,ਹੁਣ ਤੱਕ ਖ਼ਤਰਿਆਂ-ਦੁਸ਼ਵਾਰੀਆਂ ਅੰਦਰ ਘਿਰਿਆ ਰਿਹਾ ਪੰਜਾਬੀ ਸਾਹਿਤ-ਸੱਭਿਆਚਾਰ, ਪੰਜਾਬੀ ਭਾਸ਼ਾ ਸਮੇਤ ਅੰਦਰੂਨੀ ਤਲਖ਼ੀਆਂ ਦੇ ਨਾਲ ਨਾਲ ਬਾਹਰੀ ਹਮਲਿਆਂ ਦੀ ਲਪੇਟ ਵਿਚ ਵੀ ਆ ਗਿਆ ਹੈ। ਬਾਹਰੀ ਖ਼ਤਰਿਆਂ ਵਿਚ ਵਿਓਪਾਰਕ੍ਰਿਤ ਹੋਏ ਨਿੱਜੀ ਹੱਥਾਂ ਵੱਲ ਵੇਚੀ ਜਾਂਦੀ ਵਿੱਦਿਆ/ਸਿੱਖਿਆ ਵਿੱਚੋਂ ਮਾਂ-ਬੋਲੀ ਨੂੰ ਪਿਛਾੜ ਕੇ ਹਿੰਦੀ/ਅੰਗਰੇਜ਼ੀ ਨੂੰ ਪ੍ਰਮੁੱਖ ਗਿਣਨਾ ਵੱਡੀ ਮੱਦ ਵਜੋਂ ਅੰਕਿਤ ਹੈ, ਜਿਸ ਦੀ ਪਿੱਠ ਤੇ ਪੰਜਾਬ ਦਾ ਰਾਜਨੀਤੀ-ਵਿਵਹਾਰ ਪੂਰੀ ਤਰਾਂ ਡਟ ਕੇ ਖਲੋਤਾ ਦਿਸਦਾ ਹੈ। ਇਸ ਵਰਗ ਦੀ ਕਹਿਣੀ ਤੇ ਕਰਨੀ ਵਿਚਲੇ ਜ਼ਮੀਨ-ਆਸਮਾਨ ਜਿੱਡੇ ਫ਼ਰਕ ਪਿੱਛੇ ਕਾਰਜਸ਼ੀਲ ਕਾਰਨ ਸਮੁੱਚੇ ਲੋਕ-ਸਮੂਹ ਨੂੰ ਆਪਣੀ ਭਾਸ਼ਾ ਤੇ ਸਾਹਿਤ-ਸੱਭਿਆਚਾਰ ਤੋਂ ਬੇ-ਮੁੱਖ ਕਰਨ ਵਿੱਚ ਤਾਂ ਭਾਵੇਂ ਪੂਰੀ ਤਰਾਂ ਸਫਲ ਨਹੀਂ ਹੋਏ, ਤਾਂ ਵੀ ਗਲੋਬਲੀਕਰਨ ਦੇ 'ਸੁਧਾਰਾਂ' ਕਾਰਨ ਹੋਂਦ ਵਿੱਚ ਆਇਆ ਇੱਕ ਤ੍ਰਿਸ਼ਕੂ ਕਿਸਮ ਦਾ ਮੱਧ ਵਰਗ ਇਹਨਾਂ ਦੇ ਭੁਲਾਵੇਂ ਦਾ ਪੱਕਾ ਪਿਛ-ਲੱਗ ਬਣ ਗਿਆ ਹੈ। ਇਹ ਵਰਗ ਕਾਰਪੋਰੇਟ ਜਗਤ ਦੁਆਰਾ ਪ੍ਰਚਾਰਤ-ਪ੍ਰਸਾਰਤ ਸਮੱਗਰੀ ਦੀ ਚਕਾਚੌਂਧ ਅੰਦਰ ਘਿਰਿਆ ਇੱਕ ਤਰਾਂ ਨਾਲ ਬੌਧਿਕ ਕੰਗਾਲੀ ਦੀ ਗ੍ਰਿਫਤ ਵਿੱਚ ਵੀ ਆ ਗਿਆ ਹੈ। ਉਸ ਨੇ ਬਿਨਾਂ ਸੋਚੇ ਸਮਝੇ ਹਰ ਐਸ਼ੋ-ਆਰਾਮ ਦੀ ਲਾਲਸਾ ਮਗਰ ਭੱਜਦੇ ਨੇ ਆਪਣੇ ਪੈਰ ਆਪਣੀ ਚਾਦਰ ਨਾਲੋਂ ਕਿਧਰੇ ਵੱਧ ਪਸਾਰ ਲਏ ਹਨ, ਜਿਸ ਕਾਰਨ ਉਸ ਦੀ ਆਰਥਿਕਤਾ ਡਗਮਗਾ ਗਈ ਤੇ ਆਪਣੇ ਜਾਨਦਾਰ ਸੱਭਿਆਚਾਰ ਵਿਰਸੇ ਤੋਂ ਵੀ ਨਿਖੜ-ਵਿਛੜ ਗਿਆ। ਕਾ: ਸੁਰਜੀਤ ਗਿੱਲ ਨੇ ਇਸ ਜਮਾਤ ਪ੍ਰਤੀ ਹਿਰਖ਼ ਪ੍ਰਗਟਾਉਂਦਿਆਂ ਕਿਹਾ ਸੀ-"ਆਰਥਿਕਤਾ ਦੀ ਕੰਗਾਲੀ ਨਾਲੋਂ ਬੌਧਿਕਕਤਾ ਦੀ ਕੰਗਾਲੀ ਬਹੁਤ ਭੈੜੀ ਹੈ, ਕਿਉਂਕਿ ਇਹ ਕੰਗਾਲੀ ਅਕਸਰ ਕੌਮਾਂ ਦੀ ਦੁਰਦਸ਼ਾ ਦਾ ਕਾਰਨ ਬਣਦੀ ਹੈ.....ਮੇਰੀ ਸਮਝ ਅਨੁਸਾਰ ਸਾਡੀ ਪੰਜਾਬੀਆਂ ਦੀ ਅਜੋਕੀ ਸਥਿਤੀ ਇਹੋ ਜਿਹੀ ਹੈ।"

ਅੱਜ ਜਦੋਂ ਪੰਜਾਬੀ ਭਾਸ਼ਾ ਤੇ ਸਾਹਿਤ-ਸਭਿਆਚਾਰ ਬਾਰੇ ਕਿਸੇ ਕੋਣ ਤੋਂ ਫਿਕਰਮੰਦੀ ਜ਼ਾਹਿਰ ਕੀਤੀ ਜਾਂਦੀ ਹੈ ਤਾਂ ਇਸ ਦਾ ਦੋਸ਼ ਇਸ ਮੱਧ-ਵਰਗ ਉੱਪਰ ਆਇਤ ਹੋਣ ਦਾ ਕਾਰਨ ਵੀ ਇਹੋ ਬਣਦਾ, ਕਿਉਂਕਿ ਇਹੋ ਵਰਗ ਆਪਣੇ ਆਪ ਨੂੰ, ਆਪਣੀ ਭਾਸ਼ਾ ਆਪਣੇ ਸਾਹਿਤ-ਸਭਿਆਚਾਰ ਦਾ 'ਮੁੱਖ ਸੇਵਾਦਾਰ' ਸਮਝਦਾ ਹੀ ਨਹੀਂ, ਸਗੋਂ ਇਵੇਂ ਦੀ ਸਾਰੀ ਚੱਕ-ਥੱਲ ਇਸ ਦੀ ਕਾਰਗੁਜਾਰੀ ਦਾ ਹੀ ਹਿੱਸਾ ਹੈ।

ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਭਾਸ਼ਾ,ਸਾਹਿਤ ਸੱਭਿਆਚਾਰ ਅੰਦਰ ਆਏ ਵਿਗਾੜ ਦੀ ਸਾਰੀ ਜ਼ੁੰਮੇਵਾਰੀ ਇਸ ਇੱਕੋ ਧਿਰ ਉੱਤੇ ਹੀ ਥੋਪ ਕੇ ਹੋਰਨਾਂ ਪੱਖਾਂ ਦੀ ਅਣਦੇਖੀ ਕਰ ਦਿੱਤੀ ਜਾਏ। ਹੋਰਨਾ ਅਹਿਮ ਪੱਖਾਂ ਵਿੱਚ ਇੱਕ ਪੱਖ ਪੰਜਾਬ ਅੰਦਰ ਕੌਮੀਅਤ ਦੇ ਸੰਕਲਪ ਦੀ ਅਣਹੋਂਦ ਨੂੰ ਵੀ ਗਿਣਨਾ ਪਵੇਗਾ। ਇਹ ਵਿਗਾੜ ਭਾਰਤ ਵਿਸ਼ੇਸ਼ ਕਰਕੇ ਪੰਜਾਬ ਦੇ ਸੱਭਿਆਚਾਰ ਅੰਦਰ ਵੱਖ-ਵੱਖ ਸਮਿਆਂ ਤੇ ਹੁੰਦੇ ਰਹੇ ਸੱਭਿਆਚਾਰਕ ਵਿਸਫੋਟਾਂ ਕਾਰਨ ਵਾਪਰਿਆ। ਪਹਿਲਾ ਵਿਸਫੋਟ ਆਰੀਆ ਤੇ ਦਰਾਵੜ ਸੱਭਿਆਚਾਰਾਂ ਦੇ ਸੁਮੇਲ ਕਾਰਨ ਵਾਪਰਿਆ। ਦੂਜਾ ਹਿੰਦੂ ਤੇ ਬੋਧੀ ਸੱਭਿਆਚਾਰਾਂ ਦੇ ਸੁਮੇਲ ਕਾਰਨ, ਤੀਜਾ ਹਿੰਦੂ ਤੇ ਇਸਲਾਮੀ ਸੱਭਿਆਚਾਰਾਂ ਦੇ ਸੁਮੇਲ ਕਾਰਨ ਤੇ ਚੌਥਾ ਹਿੰਦੂ-ਮੁਸਲਮ ਸੱਭਿਆਚਾਰਾਂ ਤੇ ਯੂਰਪੀ ਸੱਭਿਆਚਾਰ ਦੇ ਮੇਲ-ਸੁਮੇਲ ਕਾਰਨ। ਚਾਹੀਦਾ ਤਾਂ ਇਹ ਸੀ ਕਿ ਇਹ ਮੇਲ-ਸੁਮੇਲ ਨਵੀਆਂ ਪੁੰਗਰਾਂ, ਨਵੀਆਂ ਕਰੂੰਬਲਾਂ ਨੂੰ ਜਨਮ ਦਿੰਦੇ। ਇਹਨਾਂ ਕਰੂੰਬਲਾਂ ਨੂੰ ਲੱਗਣ ਵਾਲੇ ਫੁੱਲਾਂ-ਪੱਤਿਆਂ ਦੀ ਰੰਗ-ਰੰਗੋਲੀ ਹਰ ਤਰ੍ਹਾਂ ਦੇ ਬਾਸ਼ਿੰਦਿਆਂ ਲਈ ਸੁਖਾਵੀਂ ਦਿੱਖ ਦਾ ਪ੍ਰਦਰਸ਼ਨ ਕਰਦੀ। ਪਰ ਹੋਇਆ-ਵਾਪਰਿਆ ਬਿਲਕੁਲ ਇਸਦੇ ਉਲਟ। ਇਹਨਾਂ ਚੌਹਾਂ ਨੇ ਜਿਦੋ-ਜ਼ਿਦੀ ਆਪਣੇ ਆਪਣੇ ਰੰਗ-ਢੰਗ ਨਾਲ ਆਪਣੀ-ਆਪਣੀ ਸਮਾਜਿਕ ਤੇ ਸੱਭਿਆਚਾਰਕ ਰਹਿਤਲ ਲਈ ਰੰਗਣ ਦਾ ਕੋਟ ਆਸਰਾ ਲੈ ਕੇ ਆਪੋ ਵਿਚ ਦੀ ਦੂਰੀ ਨੂੰ ਜਨੂੰਨੀ ਰੰਗਤ ਦੇ ਲਈ। ਇਹਨਾਂ ਰੰਗ-ਬਰੰਗੀਆਂ ਲਹਿਰਾਂ ਨੇ ਆਪਣੇ-ਆਪਣੇ ਖੇਤਰ ਦੀ ਭਾਸ਼ਾ ਤੇ ਸੱਭਿਆਚਾਰ ਨੂੰ ਪ੍ਰਚਾਰਨ-ਪ੍ਰਸਾਰਨ ਦਾ ਤਾਂ ਕਾਰਜ ਕੀਤਾ ਹੀ ਕੀਤਾ, ਨਾਲ ਦੀ ਨਾਲ ਦੂਜੀਆਂ ਸੱਭਿਆਚਾਰਕ ਇਕਾਈਆਂ ਦੀ ਭਾਂਸ਼ਾ

ਇਕਾਈਆਂ ਦੀ ਭਾਂਸ਼ਾ ਤੇ ਸਾਹਿਤ ਪ੍ਰਤੀ ਤ੍ਰਿਸਕਾਰ ਭਰਿਆ ਰਵੱਈਆ ਅਪਣਾ ਕੇ, ਇਸ ਖਿੱਤੇ ਅੰਦਰ ਇੱਕ ਸਰਵ-ਸਾਂਝੀ ਕੌਮੀਅਤ, ਜਿਸ ਨੂੰ ਪੰਜਾਬੀ-ਕੌਮੀਅਤ ਕਿਹਾ ਜਾਣਾ ਸੀ ਦੇ ਉਚਾਰਨ ਵਿੱਚ ਵੱਡੀ ਅੜਚਨ ਬਣੀਆਂ। ਬਿਨਾਂ ਸ਼ੱਕ ਇਤਿਹਾਸ ਦੇ ਇਕ ਨਾਜ਼ੁਕ ਪੜਾਅ 'ਤੇ, ਇਸ ਸਾਂਝੇ ਪੰਜਾਬ ਦੀ ਸਾਂਝੀ ਕੌਮੀਅਤ ਹੋਂਦ ਵਿੱਚ ਆਈ ਸੀ। ਇਹ ਪੜਾਅ ਵਿਦੇਸ਼ੀ ਰਾਜਕੀ ਜੂਲੇ ਨੂੰ ਵਗ੍ਹਾਹ ਮਾਰਨ ਲਈ ਹਲਫ਼ ਲੈਣ ਦਾ ਸੀ। ਇਸ ਸਮੇਂ ਧਾਰਮਿਕ ਰੰਗਣ ਵਾਲੀਆਂ ਲਹਿਰਾਂ ਦੇ ਬਿਲਕੁੱਲ ਵਿਪਰੀਤ, ਮਨੁੱਖੀ ਸਾਂਝ ਨਾਲ ਲਬਰੇਜ਼, ਸਮਾਜਿਕ ਤੇ ਰਾਜਸੀ ਲਹਿਰਾਂ ਨੇ ਆਪਣੀ ਹੋਂਦ ਦਾ ਸਿੱਕਾ ਜਮਾਇਆ। ਇਹਨਾਂ ਦਾ ਮੁੱਢ ਗ਼ਦਰ ਲਹਿਰ, ਕਿਰਤੀ ਲਹਿਰ ਨਾਲ ਬੱਝ ਹੋ ਕੇ, ਆਜ਼ਾਦੀ ਪ੍ਰਾਪਤੀ ਦੇ ਘੋਲ ਤੱਕ ਚਲਦੀਆਂ ਨੇ ਇਹਨਾਂ ਧਾਰਮਿਕ ਸੰਕੀਰਣਤਾ ਤੋਂ ਢੇਰ ਸਾਰੀ ਦੂਰੀ ਬਣਾਈ ਰੱਖੀ। ਇਸ ਪੜਾਅ 'ਤੇ ਪਨਪੀ ਸਾਂਝੇ ਪੰਜਾਬ ਦੀ ਸਾਂਝੀ ਕੌਮੀਅਤ, ਇਸ ਖਿੱਤੇ ਦੀ ਭਾਸ਼ਾ ਤੇ ਸਾਹਿਤ-ਸੱਭਿਆਚਾਰ ਨੂੰ ਆਪਣੇ ਢੰਗ ਨਾਲ ਪ੍ਰਫੁੱਲਤ ਕਰਨ ਵਿੱਚ ਕਾਫੀ ਹੱਦ ਤੱਕ ਕਾਮਯਾਬ ਵੀ ਰਹੀ, ਪਰ ਛੇਤੀ ਹੀ ਇਹਨਾਂ ਮਾਨਵੀ ਦਿੱਖ ਵਾਲੀਆਂ ਲਹਿਰਾਂ ਦੀ ਕੀਤੀ ਕਮਾਈ ਫਿਰ ਧਾਰਮਿਕ ਸੰਕੀਰਨਤਾ ਦੀ ਭੇਂਟ ਚੜ੍ਹ ਗਈ। ਜਿਸ ਦੇ ਸਿੱਟੇ ਬੀਤੀ ਸਦੀ ਦੇ ਪਿਛਲੇ ਅੱਧ ਸਮੇਤ ਪੰਜਾਬੀ ਭਾਸ਼ਾ ਤੇ ਸਾਹਿਤ-ਸੱਭਿਆਚਾਰ ਹੁਣ ਤੱਕ ਭੁਗਤੀ ਜਾ ਰਿਹਾ ਹੈ। ਇਸ ਪਿੱਛਲ-ਖੁਰੀ ਤੋਰ-ਦੌੜ ਵਿੱਚ ਪੰਜਾਬ ਦੇ ਜਨ-ਸਾਧਾਰਨ ਨੂੰ ਵੀ ਕਦਾਚਿਤ ਬਰੀ ਨਹੀਂ ਕੀਤਾ ਜਾ ਸਕਦਾ, ਜਿਸ ਨੇ ਧਰਮ-ਰੰਗੇ ਲਾਲੀ ਪੌਪ ਚੂਸਦਿਆਂ, ਆਪਣੀ ਹੋਂਦ ਸਮੇਤ ਆਪਣੀ ਭਾਸ਼ਾ, ਆਪਣੇ ਸਾਹਿਤ ਵੱਲ੍ਹ ਨੂੰ ਇੱਕ ਤਰਾਂ ਨਾਲ ਪਿੱਠ ਕੀਤੀ ਰੱਖੀ ਹੈ। ਦੱਖਣੀ ਅਮਰੀਕਾ ਦੇ ਦੇਸ਼ ਟੋਬੈਗੋ ਦੇ ਪਹਿਲੇ ਪ੍ਰਧਾਨ ਮੰਤਰੀ ਐਰਿਕਾ ਵਿਲੀਅਮਜ਼ ਨੇ ਧਰਮ ਦੇ ਅਜਿਹੇ ਰੋਲ ਬਾਰੇ ਬੇ-ਹੱਦ ਢੁੱਕਵੀਂ ਰਾਏ ਦਿੱਤੀ ਹੈ। ਉਸ ਅਨੁਸਾਰ " ਧਰਮ ਇਨਸਾਨਾਂ ਦੀ ਉਸੇ ਤਰ੍ਹਾਂ ਸੇਵਾ ਕਰਦਾ ਹੈ ਜਿੱਦਾਂ ਘੋੜੇ ਦੇ ਲੱਗੇ ਖੱਪੇ ਕਰਦੇ ਹਨ।" ਇਹ ਖੱਪੇ ਹਰ ਇੱਕ ਰਾਜਕੀ ਜਮਾਤ ਸਮੇਤ ਇੱਥੋਂ ਦੇ ਸਾਸ਼ਣ-ਪ੍ਰਸਾਸ਼ਣ ਨੇ ਵੀ ਬੇ-ਝਿਜਕ ਹੋ ਕੇ ਵਰਤੇ। ਜਿਸ ਦੇ ਸਿੱਟੇ ਵਜੋਂ ਬਹੁਤ ਹੀ ਮਹਿੰਗੇ ਮੁੱਲ ਪ੍ਰਾਪਤ ਹੋਈ ਆਜ਼ਾਦੀ, ਇੱਕ ਤਰ੍ਹਾਂ ਨਾਲ ਹਾਸੋਹੀਣਾ ਮਾਖੌਲ ਬਣ ਕੇ ਰਹਿ ਗਈ ਹੈ। ਇਹ ਮਾਖੌਲ ਭਾਸ਼ਾ ਤੇ ਸਾਹਿਤ-ਸੱਭਿਆਚਾਰ ਨਾਲ ਸੰਬੰਧਤ ਸੰਵੇਦਨਸ਼ੀਲ ਕਾਮਿਆਂ ਨੂੰ ਹੋਰ ਵੀ ਡੂੰਘਾ ਜ਼ਖ਼ਮ ਲਾਉਂਦਾ ਹੈ।

**ਬਾਕੀ ਸਫਾ 20 'ਤੇ**



Anuj Gupta
AMP, B.Com.
Associate Broker

# Alberta Mortgage Centre

**Best Rates, Choice of Lenders, Mortgage for Purchase, Construction, Renewal, Refinance Rental or Commercial Property Good or Bad credit, New Immigrant or Self Employed**

**For FREE Consultation, please call**

**(780)479-2222**

# 78, 4003-98 Street, Edmonton, AB **www.albertamortgagecentre.com**

CAAMP ACCHA · AXIOM · AMBA · BBB Accredited Business · think MORTGAGE think AMP™



Krishna(KK)Gupta, AMP
"Experienced, Knowledgeable, Committed"
Serving the Community Since 1999

## ਸਫਾ 19 ਦੀ ਬਾਕੀ...ਪੰਜਾਬੀ ਭਾਸ਼ਾ ਤੇ ਸਾਹਿਤ-ਸੱਭਿਆਚਾਰ

ਸਾਸ਼ਣ-ਪ੍ਰਸਾਸ਼ਣ, ਧਰਮ ਅਤੇ ਜਨ ਸਮੂਹ ਨਾਲੋਂ ਪੰਜਾਬੀ ਭਾਸ਼ਾ ਤੇ ਸਾਹਿਤ-ਸੱਭਿਆਚਾਰ ਪ੍ਰਤੀ ਦਿਖਾਈ ਜਾ ਰਹੀ ਬੇ-ਰੁਖੀ ਨੂੰ ਸਮਝਣ ਵਿੱਚ ਬਹੁਤੀ ਅੜਚਨ ਇਸ ਲਈ ਨਹੀਂ ਆਉਂਦੀ ਕਿ ਇਕ ਪਾਸੇ ਤਾਂ ਰਾਜਕੀ ਜਮਾਤ ਦਾ ਅਸਲ ਖਾਸਾ ਕਾਰਜਸ਼ੀਲ ਹੈ ਤੇ ਦੂਜੇ ਪਾਸੇ ਜਨ-ਸਮੂਹ ਉੱਤੇ ਧਾਰਮਿਕਤਾ ਦੇ ਹੋਏ ਛਿੜਕਾ ਨੇ ਇਸ ਨੂੰ ਬਹੁਤ ਹੀ ਅਜੀਬ ਢੰਗ ਨਾਲ ਮੂਰਛਤ ਕੀਤਾ ਹੋਇਆ। ਪਰ ਸੋਚਣਾ ਇਹ ਬਣਦਾ, ਫਿਕਰਮੰਦੀ ਇਸ ਗੱਲ ਦੀ ਹੈ ਕਿ ਪੰਜਾਬੀ ਭਾਸ਼ਾ ਤੇ ਸਾਹਿਤ-ਸੱਭਿਆਚਾਰ ਦਾ ਅਲੰਬਰਦਾਰ ਬਣਨ-ਦਿਸਣ ਦਾ ਢੰਡੋਰਾ ਪਿੱਟਦਾ ਸਾਡਾ ਲੇਖਕ ਯੂਨਿਸੈਕੋ ਵੱਲੋਂ ਅੰਗੀ ਪੰਜਾਬੀ ਭਾਸ਼ਾ ਦੀ ਉਮਰ ਪ੍ਰਤੀ ਕਿੰਨਾਂ ਕੁ ਚਿੰਤਾਵਾਨ ਹੈ! ਸੋਚਣਾ ਇਹ ਵੀ ਬਣਦਾ ਹੈ ਕਿ ਸਾਡੇ ਲੇਖਕਾਂ ਦੀਆਂ ਲਿਖਤਾਂ, ਕੇਵਲ ਤਾਂ ਕੇਵਲ ਸਾਸ਼ਕੀ-ਪ੍ਰਸਾਸ਼ਕੀ ਅਰਦਲ ਵਿਚ ਹੀ ਸਿਰ ਝੁਕਾਈ ਖੜੀਆਂ ਹਨ ਜਾਂ ਗੁਮਰਾਹ ਹੋਈ ਜਨ-ਚੇਤਨਾ ਨੂੰ ਆਪਣੀ ਭਾਸ਼ਾ, ਆਪਣੇ ਸੱਭਿਆਚਾਰ ਨੂੰ ਸਲਾਮਤ ਰੱਖਣ ਲਈ ਵੀ ਕੋਈ ਕਾਰਗਰ ਹੰਭਲਾ ਵੀ ਮਾਰਦੀਆਂ ਹਨ!! ਥੋੜਾ ਕੁ ਨੀਝ ਲਾ ਕੇ ਦੇਖਦਿਆਂ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੁੰਦੀ ਕਿ ਸਾਡੇ ਬਹੁ-ਗਿਣਤੀ ਲੇਖਕਾਂ ਨੂੰ ਸਾਹਿਤ ਦੇ ਅਸਲ ਮਨੋਰਥ ਦੀ ਸ਼ਾਇਦ ਸਮਝ ਹੀ ਨਹੀਂ। ਇਹ ਬਹੁ-ਗਿਣਤੀ ਜਾਂ ਤਾਂ ਦਿਮਾਗੀ-ਇਯਾਸ਼ੀ ਦਾ ਸ਼ਿਕਾਰ ਹੋਈ ਆਪਣੇ ਸਵੈ ਨੂੰ ਲਿਸ਼ਕਾਉਣ-ਚਮਜਾਉਣ ਅੰਦਰ ਹੀ ਰੁਝੀ ਹੋਈ ਹੈ ਜਾਂ ਫਿਰ ਰਾਜਕਰਨੀ ਜਮਾਤ ਵੱਲੋਂ ਉਭਾਰੇ-ਉਡਾਲੇ ਭਰੂਣ-ਹੱਤਿਆ, ਨਸ਼ਿਆਂ ਦਾ ਚਲਣ-ਪ੍ਰਲਣ, ਅਤਿਵਾਦ-ਵੱਖਵਾਦ ਆਦਿ ਵਰਗੇ ਮੁੱਦਿਆਂ ਤੇ ਕਲਮ ਘਸਾਈ ਕਰਦੀ ਜਨ-ਸਮੂਹ ਦਾ ਧਿਆਨ ਲੋਕ-ਸਮੂਹ ਨੂੰ ਦਰਪੇਸ਼ ਮੱਦਾਂ ਤੋਂ ਲਾਂਭੇਕਰਨ ਵਿੱਚ ਰੁੱਝੇ ਹੋਈ ਹੈ। ਆਪਣੀ ਲਿਖਤ ਤੇ ਆਪਣੇ ਆਪ ਦੀ ਪੂਰੀ ਸਮਝਦਾਰੀ ਰੱਖਣ ਵਾਲੇ ਉਰਦੂ ਅਫ਼ਸਾਨਾ-ਨਿਗਾਰ ਸਆਦਤ ਹਸਨ ਮੰਟੋ ਨੇ ਆਪਣੇ ਆਸ-ਪਾਸ ਵਿਚਰਦੇ ਵਰਤਾਰੇ ਬਾਰੇ ਕਿਹਾ ਸੀ-"ਮੈਂ ਤਹਿਜੀਬ ਤੇ ਸੋਸਾਇਟੀ ਦੇ ਕਪੜੇ ਕੀ ਉਤਾਰਾਂਗਾ, ਜੋ ਖੁਦ ਹੀ ਨੰਗੀ ਹੈ..... ਲੋਕ ਮੈਨੂੰ ਸਿਆਹ ਕਲਮ ਕਹਿੰਦੇ ਹਨ, ਪਰ ਮੈਂ ਤਖ਼ਤਾ-ਏ-ਸਿਆਹ (ਬਲੈਕ-ਬੋਰਡ) ਉੱਤੇ ਕਾਲੇ ਚਾਕ ਨਾਲ ਨਹੀਂ ਲਿਖਦਾ, ਸਗੋਂ ਚਿੱਟੇ ਚਾਕ ਨਾਲ ਲਿਖਦਾ ਹਾਂ, ਜਿਸ ਕਾਰਨ ਕਾਲੇ ਬੋਰਡ ਦੀ ਕਾਲ਼ਖ ਹੋਰ ਵੀ ਗੂੜੀ ਨਜ਼ਰ ਆਉਣ ਲੱਗਦੀ ਹੈ।" ਇਸ ਦੇ ਬਿਲਕੁਲ ਵਿਪਰੀਤ ਸਾਡੇ ਸਾਹਿਤ ਦੇ ਬਹੁ-ਗਿਣਤੀ ਲੇਖਕ ਦੇ ਹੱਥਾਂ 'ਚ ਕਦੀ ਨੀਲੀ ਕਲਮ ਹੁੰਦੀ, ਕਦੀ ਹਰੀ, ਕਦੀ ਲਾਲ। ਅੱਜ ਦੇ ਸਮੇਂ ਦੇ ਹਰ ਸਫ਼ੇ ਤੇ ਕੂੜ-ਅਮਾਵਸ ਵਰਗੀ ਪਸਰ ਗਈ ਕਾਲਖ਼ ਉੱਤੇ ਬਾਬੇ ਨਾਨਕ ਦੇ ਬੋਲਾਂ ਵਰਗੇ, ਚਿੱਟੀ-ਸਫੈਦੀ ਸਾਫ਼ਗੋਈ ਕਰਦੇ ਅੱਖਰ ਉੱਕਰਨਾ, ਅੱਜ ਦੀ ਬਹੁ-ਗਿਣਤੀ ਲੇਖਕਾਂ ਅੰਦਰੋਂ ਉੱਕਾ ਹੀ ਗ਼ਾਇਬ ਜਾਪਦਾ ਹੈ ਤੇ ਜਿਹਨਾਂ ਕੁੱਝ ਦੀ ਇਵੇਂ ਦੀ ਦਲੇਰੀ ਕਰਨ ਦੇ ਸਾਹਸ ਨੂੰ 21ਵੀਂ ਸਦੀ ਦੀ ਤੜਕ-ਭੜਕ ਨੇ ਅਜੇ ਖ਼ਤਮ ਨਹੀਂ ਕੀਤਾ, ਉਹਨਾਂ ਦੀ ਲਿਖਤ ਤੇ ਉਹਨਾਂ ਦੇ ਨਿੱਜੀ ਵਿਵਹਾਰ ਅੰਦਰ ਦ੍ਰਿਸ਼ਟੀਗੋਚਰ ਹੋ ਰਿਹਾ ਅੰਤਾਂ ਦਾ ਫ਼ਰਕ ਵੀ, ਆਪਣੀ ਭਾਸ਼ਾ ਦੀ ਸਲਾਮਤੀ ਲਈ ਬਹੁਤਾ ਕਾਰਗਰ ਰੋਲ ਨਹੀਂ ਨਿਭਾ ਸਕੇਗਾ। ਇਸੇ ਕੜੀ ਵਿੱਚ ਪੰਜਾਬੀ ਭਾਸ਼ਾ ਦੇ ਸਾਹਿਤ ਨੂੰ ਸ਼ਾਬਦਿਕ ਰੂਪ ਦੇ ਕੇ ਛਾਪਣ ਵਾਲੀ ਧਿਰ ਪ੍ਰਕਾਸ਼ਕ ਵੀ ਆਪਣੇ ਹਿੱਸੇ ਦੇ ਦੋਸ਼ ਤੋਂ ਬਰੀ ਨਹੀਂ ਹੋ ਸਕਦੀ। ਭਾਵੇਂ ਸਾਹਿਤ, ਸੱਭਿਆਚਾਰ ਦਾ ਹੀ ਇਕ ਛੋਟਾ ਜਿਹਾ ਅੰਗ ਹੈ ਤਾਂ ਵੀ ਇਹ, ਸੱਭਿਆਚਾਰ ਦੇ ਦੂਜੇ ਅੰਗਾਂ-ਧਰਮ, ਫਲਸਫਾ, ਇਤਿਹਾਸ-ਮਿਥਿਹਾਸ ਆਦਿ ਸਮੇਤ ਕਿਸੇ ਇਕ ਖਿੱਤੇ ਦੇ ਸੱਭਿਆਚਾਰ ਨੂੰ ਇਸ ਦੀ ਸਮੁੱਚਤਾ ਪ੍ਰਤੀਬਿੰਬਤ ਕਰਨ ਦੀ ਸਮਰੱਥਾ ਸ਼ਾਬਦਿਕ ਰੂਪ ਅੰਦਰ ਅੰਕਿਤ ਹੋਈਆਂ ਲਿਖਤਾਂ ਰਾਹੀਂ ਹੀ ਦੇਖੀ-ਸਮਝੀ ਜਾ ਸਕਦੀ ਹੈ। ਪਰ, ਚਿੰਤਾ ਇਸ ਗੱਲ ਦੀ ਹੈ, ਕਿ ਲਿਖਤਾਂ ਨੂੰ ਸ਼ਾਬਦਿਕ/ਪੁਸਤਕ ਰੂਪ ਦੇਣ ਵਾਲੀ ਧਿਰ ਪ੍ਰਕਾਸ਼ਕ ਅਤੇ ਲੇਖਕ ਦੇ ਸੰਬੰਧ ਸਦਾ ਹੀ ਤਿੜਕਵੇਂ ਰਹੇ ਹਨ। ਇਹ ਸੰਬੰਧ ਸਾਡੀ ਭਾਸ਼ਾ ਦੇ ਪ੍ਰਕਾਸ਼ਕਾਂ-ਲੇਖਕਾਂ ਦੇ ਸੰਦਰਭ ਵਿਚ ਤਾਂ ਰੜਕਵੇਂ ਹਨ ਹੀ, ਪਰ ਪੰਡਿਤ ਨਹਿਰੂ ਵਰਗੀ ਵੱਡੀ ਕਲਮ ਵੀ ਇਸ ਪ੍ਰਕਾਸ਼ਕੀ ਸੇਕ ਤੋਂ ਬਚ ਨਹੀਂ ਸਕੀ। ਉਹਨਾਂ ਐਮ.ਕੇ. ਮਲਕਾਨੀ ਨੂੰ ਲਿਖੇ ਪੱਤਰ ਵਿੱਚ ਇੱਕ ਵਾਰ ਕਿਹਾ ਸੀ- " ਕਿ ਪ੍ਰਕਾਸ਼ਕ, ਲੇਖਕਾਂ ਦਾ ਹਮੇਸ਼ਾ ਹੀ ਸੋਸ਼ਣ ਕਰਦੇ ਆਏ ਹਨ। ਕੁੱਝ ਕੁ ਲੇਖਕ ਹੀ ਆਪਣੀਆਂ ਸ਼ਰਤਾ ਤੇ ਕਿਤਾਬਾਂ ਛਪਵਾ ਸਕਦੇ ਹਨ। ਬਾਕੀ ਦੇ ਲੇਖਕ ਸਮਝਦੇ ਹਨ ਕਿ ਪ੍ਰਕਾਸ਼ਕੀ ਹੀ ਸਾਰੀ ਲੜਾਈ ਦੀ ਜੜ੍ਹ ਹਨ..... ਉਹ ਲੇਖਕ ਦੇ ਸਿਰ ਤੇ ਪੈਸੇ ਕਮਾਉਂਦੇ ਹਨ.....ਬਹੁਤੇ ਪ੍ਰਕਾਸ਼ਕ ਲੇਖਕ ਦੀ ਸਿਰਜਨਾਤਮਕ ਪ੍ਰਕਿਰਿਆ ਨੂੰ ਕੋਈ ਮਹੱਤਤਾ ਨਹੀਂ ਦਿੰਦੇ। ਅਸੀਂ ਤਰਖਾਣ, ਮੋਚੀ, ਦਰਜੀ ਆਦਿ ਸਾਰਿਆਂ ਨੂੰ ਪੈਸੇ ਦਿੰਦੇ ਹਾਂ, ਪਰ ਲੇਖਕ ਤੋਂ ਮੁਫਤੋ-ਮੁਫਤ ਕੰਮ ਕਰੀ ਜਾਣ ਦੀ ਆਸ ਰੱਖਦੇ ਹਾਂ। "ਪੰਡਿਤ ਨਹਿਰੂ ਨੇ ਅੱਗੇ ਲਿਖਿਆ ਸੀ- "ਜੇ ਮੈਂ ਕੇਵਲ ਲੇਖਕ ਹੁੰਦਾ, ਤਾਂ ਮੈਂ ਲੇਖਕਾਂ ਦੀ ਟਰੇਡ ਯੂਨੀਅਨ ਖੜੀ ਕਰਦਾ, ਜਿਸ ਵਿੱਚ ਲੇਖਕ ਮਿੱਥੀ ਰਕਮ ਤੋਂ ਇੱਕ ਪੈਸਾ ਵੀ ਘੱਟ ਵਸੂਲ ਨਾ ਕਰਦਾ, ਮੈਂ ਨਿਯਮ ਤੋੜਨ ਵਾਲਿਆਂ ਨੂੰ ਕਾਲੀਆਂ ਭੇਡਾਂ ਸਮਝਦਾ।"

ਪੰਡਿਤ ਨਹਿਰੂ ਦੀ ਇਸ ਸਵੀਕ੍ਰਿਤੀ ਦੇ ਬਿਲਕੁਲ ਵਿਪਰੀਤ ਅਜੋਕਾ ਲੇਖਕ ਤਾਂ ਇਸ ਪੱਖੋਂ ਬਿਲਕੁਲ ਹੀ ਭੰਨਿਆ ਪਿਆ ਹੈ,ਇੱਕ ਤਰ੍ਹਾਂ ਨਾਲ ਵਿਖੜਿਆ ਪਿਆ ਹੈ, ਜਦ ਕਿ ਪ੍ਰਕਾਸ਼ਕ ਧਿਰ ਲੁਟ-ਖੋਹ ਦੇ ਮਾਮਲੇ ਵਿੱਚ ਇਕਦਮ ਜਥੇਬੰਦ ਹੋਈ ਦਿਸਦੀ ਹੈ।

ਅਜਿਹੀ ਸਥਿਤੀ ਵਿਚ ਬਹੁ-ਪਰਤੀ ਫ਼ਿਕਰਮੰਦੀ ਜ਼ਾਹਿਰ ਕਰਨ ਵਾਲੀ ਸੰਵੇਦਨਸ਼ੀਲ ਧਿਰ ਵੀ ਥੋੜਾ ਕੁ ਜਿੰਨਾ ਡੋਲ ਗਈ ਲੱਗਦੀ ਹੈ। ਇਉਂ ਜਾਪਦਾ ਇਸ ਧਿਰ ਪਾਸ ਵੀ ਸਮਕਾਲ ਦੇ ਚਲਣ-ਪ੍ਰਚਲਣ ਦੀਆਂ ਅਨੁਸਾਰੀ ਕੁੱਝ ਇੱਕ ਛੋਟਾਂ ਲੈਣ-ਦੇਣ ਤੋਂ ਸਿਵਾ ਕੋਈ ਚਾਰਾ ਨਹੀਂ ਬਚਿਆ। ਇਸਦੀ ਮਾਨਤਾ ਇਹ ਬਣੀ ਜਾਪਦੀ ਹੈ,ਕਿ ਲਕੀਰ ਦੇ ਫਕੀਰ ਬਣੇ ਰਹਿਣ ਵਿੱਚ ਵੀ ਬਹੁਤੀ ਸਿਆਣਪ ਨਹੀਂ। ਪਰ, ਇਸਦੇ ਵਿਪਰੀਤ ਇਸ ਤੱਥ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਬਾਹਰੀ ਦਬਾਅ ਹੇਠ ਆਪਣੇ ਵਿਰਸੇ ਤੋਂ ਬੇਮੁੱਖ ਹੋ ਜਾਣਾ ਵੀ ਇਕ ਤਰ੍ਹਾਂ ਨਾਲ ਆਤਮਘਾਤ ਕਰਨ ਵੱਲ੍ਹ ਨੂੰ ਤੁਰ ਪੈਣ ਦੇ ਬਰਾਬਰ ਹੋਵੇਗਾ। ਸ਼ਾਇਦ ਇਸੇ ਲਈ ਯੂਨਿਸੈਕੋ ਵੱਲੋਂ ਗ੍ਰਾਂਟ ਹੋਈ ਸਾਡੀ ਪੰਜਾਬੀ ਭਾਸ਼ਾ ਦੀ ਪੰਜਾਹ ਕੁ ਸਾਲ ਦੀ ਉਮਰ, ਸਾਡੀ ਚਿੰਤਾ ਦਾ ਕਾਰਨ ਬਣੀ ਹੈ। ਇਸ ਚਿੰਤਾ ਨੂੰ ਜੇ ਸਾਡਾ ਸੂਝਵਾਨ ਵਰਗ ਇੱਕ ਚੈਲੰਜ ਵਜੋਂ ਸਵਿਕਾਰ ਕਰਦਾ ਹੈ, ਤਾਂ ਇਸ ਨੂੰ ਆਪਣੇ ਢੰਗ ਨਾਲ ਲਾਮਬੰਦੀ ਕਰਨੀ ਹੋਵੇਗੀ। ਇਸ ਲਾਮਬੰਦੀ ਵਿਚ, ਗੁੰਮਰਾਹ ਹੋਏ ਮੱਧ ਵਰਗ ਵਲੋਂ ਸਵੀਕਾਰੇ, ਪ੍ਰਚਾਰੇ-ਪ੍ਰਸਾਰੇ ਜਾਂਦੇ ਸਤੱਹੀ ਪੱਧਰ ਦੇ ਸਾਹਿਤ ਤੇ ਲੱਚਰ ਕਿਸਮ ਦੀ ਗੀਤਕਾਰੀ-ਪੇਸ਼ਕਾਰੀ ਦੇ ਬਦਲ ਵਜੋਂ ਨਿੱਗਰ ਸਮਾਜਿਕ ਕਦਰਾਂ-ਕੀਮਤਾਂ ਨਾਲ ਮੋਹ ਰੱਖਣ ਵਾਲੇ ਸਾਹਿਤ ਦੀ ਨਿਸ਼ਾਹਦੇਹੀ ਕਰਕੇ ਇਸ ਨੂੰ ਪੁਰਉਤਸ਼ਾਹਿਤ ਕਰਨਾ ਹੋਵੇਗਾ। ਇਸ ਕੰਮ ਲਈ ਅਜੋਕੇ ਸਮੇਂ ਵਿੱਚ ਸਭ ਤੋਂ ਕਾਰਗਰ ਹਥਿਆਰ, ਸਾਹਿਤਕ ਜਥੇਬੰਦੀ ਦੀ ਮਹੱਤਵਪੂਰਨ ਮੈਕਾਨਿਜ਼ਮ ਦੀ ਸੁਚੱਜੀ ਵਰਤੋਂ ਵੀ ਕਰਨੀ ਪਵੇਗੀ। ਡਾ.ਗੁਰਬਖ਼ਸ਼ ਸਿੰਘ ਫਰੈਂਕ ਨੇ ਸਾਹਿਤਕ ਜਥੇਬੰਦੀ ਨੂੰ ਬੇਹੱਦ ਕਾਰਗਰ ਅੰਸ਼ ਦੀ ਸੰਗਿਆ ਦੇਂਦਿਆਂ ਇਸ ਦੀ ਬਣਤਰ ਤੋਂ ਸੁਚੇਤ ਕਰਦਿਆਂ ਕਿਹਾ ਹੈ ਕਿ -" ਇਹ ਤਿੰਨ ਪੱਧਰਾਂ ਤੇ ਵਿਚਰਦੀ ਹੈ, ਸਰਕਾਰੀ, ਨੀਮ-ਸਰਕਾਰੀ ਤੇ ਗ਼ੈਰ-ਸਰਕਾਰੀ,ਇਹ ਜਥੇਬੰਦੀਆਂ ਸਿੱਧੇ ਤੌਰ ਤੇ ਲੇਖਕ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ, ਤੇ ਸਾਹਿਤ ਰਚਨਾ ਦੇ ਅਮਲ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਪਹਿਲੀਆਂ ਦੋਨੋਂ ਜਥੇਬੰਦੀਆਂ ਲੇਖਕਾਂ ਨੂੰ ਸਿੱਧੀ ਤਰ੍ਹਾਂ ਸਥਾਪਤੀ ਦੇ ਮਗਰ ਲਾਉਂਦੀਆਂ ਹਨ। ਇਹ ਸਾਹਿਤਕਾਰਾਂ ਨੂੰ 'ਸੇਧ ਦੇਣ' ਲਈ ਇਨਾਮਾਂ-ਸਨਮਾਨਾਂ ਦੀ ਵਰਖਾ ਕਰਦੀਆਂ, ਇਹ ਸੰਕੇਤ ਦਿੰਦੀਆਂ ਹਨ ਕਿ ਇਸ ਤਰਾਂ ਦਾ ਸਾਹਿਤਕ ਵਿਹਾਰ ਕਰੋਗੇ ਤਾਂ ਇਨਾਮ ਪਾਓਗੇ। ਨਹੀਂ ਤਾਂ ਸੋਧ ਦਿੱਤੇ ਜਾਓਗੇ।"

ਤੀਜੀ ਤਰਾਂ ਦੀ ਜਥੇਬੰਦੀ ਜਿੱਸ ਨੂੰ ਗੈਰ-ਸਰਕਾਰੀ ਹੋਣ ਦੀ ਸੰਗਿਆ ਪ੍ਰਾਪਤ ਹੈ, ਤੋਂ ਪੰਜਾਬੀ ਭਾਸ਼ਾ ਤੇ ਸਾਹਿਤ-ਸੱਭਿਆਚਾਰ ਦੀ ਸਾਂਭ-ਸੰਭਾਲ ਅਤੇ ਉੱਨਤੀ-ਤਰੱਕੀ ਦੀ ਆਸ ਆਂਸ਼ਕ ਰੂਪ ਵਿੱਚ ਵੀ ਰੱਖੀ ਜਾ ਸਕਦੀ ਹੈ, ਤੇ ਸੰਚਾਲਨਾਂ ਦੇ ਵਿਧੀ-ਵਿਹਾਰ ਦੇ ਅਨੁਕੂਲ ਕਾਫ਼ੀ ਸਾਰੀ ਮਾਤਰਾ ਵਿੱਚ ਵੀ। ਪਰ ਇਸ ਉੱਤੇ ਪੂਰੀ ਦੀ ਪੂਰੀ ਟੇਕ ਰੱਖਣਾ ਇਸ ਲਈ ਉੱਚਿਤ ਨਹੀਂ ਕਿਉਂਕਿ ਇਸ ਅੰਦਰ ਬਹੁਤੀ ਵਾਰ ਅਸਾਹਿਤਕ ਬਿਰਤੀਆਂ ਭਾਰੀ ਹੋ ਜਾਂਦੀਆਂ ਹਨ ਤੇ ਇਹ ਵੀ ਉਹ ਕੁਝ ਕਰ ਸਕਣ ਦੀ ਆਪਣੀ ਸਮੱਰਥਾ ਸੀਮਤ ਲੈਂਦੀ ਹੈ, ਜਿਸ ਦੀ ਇਸ ਤੋਂ ਜਨ-ਲੇਖਕ ਨੂੰ ਆਸ-ਉਮੀਦ ਹੁੰਦੀ ਹੈ। ਉਮੀਦ ਹੈ ਕੇਂਦਰੀ ਲੇਖਕ ਸਭਵਾਂ, ਆਪਣੇ ਆਪ ਨੂੰ ਇਸ ਪੱਖੋਂ ਹੁਣ ਤਾਂ ਦੋਸ਼ ਮੁਕਤ ਕਰ ਹੀ ਲੈਣਗੀਆਂ। **ਆਮੀਨ !!!**

# ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ-ਕੁੱਝ ਨੁਕਤੇ



ਬਲਜੀਤ ਸਿੰਘ ਬਰਾੜ
ਸੰਪਾਦਕ (ਰੋਜ਼ਾਨਾ ਅੱਜ ਦੀ ਆਵਾਜ਼)
+91-94174-00023

ਪੰਜਾਬੀ ਮਾਂ-ਬੋਲੀ ਦੇ ਵਿਕਾਸ ਦੇ ਰਾਹ ਵਿੱਚ ਹਾਲੇ ਵੀ ਵੱਡੀਆਂ ਰੋਕਾਂ ਹਨ। ਪੰਜਾਬੀ ਦੇ ਵਿਕਾਸ ਲਈ ਠੀਕ ਦਿਸ਼ਾ ਵਿੱਚ ਯਤਨ ਨਹੀਂ ਹੋ ਰਹੇ। ਪੰਜਾਬੀ ਭਾਸ਼ਾ ਦੇ ਖੋਜ ਕਾਰਜਾਂ ਵਿੱਚ ਵੀ ਇੱਕ ਤਰ੍ਹਾਂ ਖੜੋਤ ਆਈ ਹੋਈ ਹੈ। ਪੰਜਾਬੀ ਭਾਸ਼ਾ ਵਿੱਚ ਕੰਪਿਊਟਰੀਕਰਨ ਅਧਾਰਿਤ ਸਮੱਗਰੀ ਨੂੰ ਤਿਆਰ ਕਰਨ ਲਈ ਵੀ ਬਹੁਤ ਨਿਗੂਣੇ ਯਤਨ ਹੋ ਰਹੇ ਹਨ। ਭਾਸ਼ਾ ਦੇ ਕੰਪਿਊਟਰੀਰਨ ਦੀ ਪਹਿਲੀ ਲੋੜ ਬੁਨਿਆਦੀ ਸਮੱਗਰੀ ਹੈ। ਜਿਸ ਵਿੱਚ ਮਿਆਰੀ ਤੇ ਵਿਸ਼ਾਲ ਸ਼ਬਦ ਕੋਸ਼, ਸ਼ਬਦ ਭੰਡਾਰ, ਸਮ-ਅਰਥ ਕੋਸ਼, ਉਲਟ ਭਾਵੀ ਕੋਸ਼, ਉਪ-ਭਾਸ਼ਾਈ ਕੋਸ਼, ਤਕਨੀਕੀ ਸ਼ਬਦਾਵਲੀ, ਵਿਸ਼ਵ ਕੋਸ਼ ਅਤੇ ਹੋਰਨਾ ਸਬੰਧਿਤ ਭਾਸ਼ਾਵਾਂ ਦੇ ਕੋਸ਼, ਸ਼ਬਦ ਜੋੜ ਕੋਸ਼ ਅਤੇ ਮਿਆਰੀ ਵਿਆਕਰਨ ਦੀਆਂ ਪੁਸਤਕਾਂ ਸ਼ਾਮਲ ਹਨ। ਇਸ ਪੱਖ ਤੋਂ ਭਾਸ਼ਾ ਦੀ ਸਰਲਤਾ ਵੀ ਇੱਕ ਅਹਿਮ ਮੁੱਦਾ ਹੈ। ਦੁਨੀਆਂ ਦੀਆਂ ਅਰਬੀ, ਚੀਨੀ ਆਦਿ ਭਾਸ਼ਵਾਂ ਉਦੋਂ ਹੀ ਵਿਕਸਿਤ ਹੋ ਸਕੀਆਂ ਹਨ, ਜਦੋਂ ਉਨ੍ਹਾਂ ਨੂੰ ਕੰਪਿਊਟਰ ਦੇ ਲਿਹਾਜ਼ ਨਾਲ ਸਰਲ ਬਣਾਇਆ ਗਿਆ। ਪੰਜਾਬੀ ਨੂੰ ਇੱਕ ਵਿਕਸਿਤ ਭਾਸ਼ਾ ਬਣਾਉਣ ਲਈ ਇਸ ਦਿਸ਼ਾ ਵਿੱਚ ਵੱਡੇ ਯਤਨਾਂ ਦੀ ਜਰੂਰਤ ਹੈ। ਵਿਅਕਤੀਗਤ ਪੱਧਰ ਤੇ ਇਸ ਸਬੰਧ ਵਿੱਚ ਹੋ ਰਹੇ ਯਤਨ ਇਸ ਕਰਕੇ ਪ੍ਰਭਾਵੀ ਨਹੀਂ ਹੋ ਰਹੇ ਕਿਉਂਕਿ ਆਪਸੀ ਤਾਲਮੇਲ ਦੀ ਕਮੀ ਕਾਰਨ ਯੋਗ ਨਤੀਜੇ ਨਹੀਂ ਮਿਲ ਰਹੇ। ਪੰਜਾਬੀ ਭਾਸ਼ਾ ਨੂੰ ਸਰਲ ਅਤੇ ਮਿਆਰੀ ਬਣਾਉਣ ਲਈ ਬੁਨਿਆਦੀ ਸਰੋਤਾਂ ਦੀ ਕਮੀ ਨੂੰ ਪੂਰਾ ਕਰਨ ਲਈ ਯਤਨ ਤੇਜ਼ ਹੋਣੇ ਚਾਹੀਦੇ ਹਨ। ਇਸ ਸੰਬੰਧ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਕਾਰਜ ਲਈ ਕੰਮ ਕਰ ਰਹੀਆਂ ਸਾਰੀਆਂ ਸੰਸਥਾਵਾਂ ਦਰਮਿਆਨ ਤਾਲਮੇਲ ਕਾਇਮ ਕਰਨ ਦੀ ਜ਼ਰੂਰਤ ਹੈ। ਕੰਪਿਊਟਰ ਵਰਤੋਂਕਾਰ ਪੰਜਾਬੀ ਫੌਂਟਾਂ ਅਤੇ ਕੀਬੋਰਡਾਂ ਦੀਆਂ ਸਮੱਸਿਆਵਾਂ ਤੋਂ ਤੰਗ ਹਨ। ਯੂਨੀਕੋਡ ਪ੍ਰਣਾਲੀ ਦੇ ਰੂਪ ਵਿੱਚ ਫੌਂਟਾਂ ਦੇ ਮਿਆਰੀਕਰਨ ਕਰਕੇ ਰਾਹਤ ਮਿਲੀ ਹੈ, ਪ੍ਰੰਤੂ ਅਜੇ ਸੋਹਣੀ ਦਿੱਖ ਵਾਲੇ ਫੌਂਟਾ ਦੀ ਵੱਡੀ ਲੋੜ ਹੈ। ਇਸੇ ਤਰ੍ਹਾਂ ਪੰਜਾਬੀ ਕੀਬੋਰਡਾਂ ਦੇ ਏਕੀਕਰਨ ਦੀ ਤੁਰੰਤ ਜਰੂਰਤ ਹੈ। ਪੰਜਾਬੀ ਇਸ ਸਮੇਂ ਸਾਈਬਰ ਅਤੇ ਮੋਬਾਈਲ ਤਕਨਾਲੋਜੀ ਵਿੱਚ ਪਛੜ




ਗਈ ਹੈ। ਐਂਡਰਾਇਡ ਅਤੇ ਵਿੰਡੋਜ਼ ਆਧਾਰਿਤ ਫੌਂਟਾਂ ਤੋਂ ਬਿਨਾਂ ਹੋਰ ਕਿਸੇ ਵੀ ਸਧਾਰਨ ਫੌਂਟ ਵਿੱਚ ਪੰਜਾਬੀ ਨੂੰ ਲੋੜੀਂਦਾ ਸਮਰਥਨ ਪ੍ਰਾਪਤ ਨਹੀਂ ਹੈ। ਇਸ ਲਈ ਪੰਜਾਬੀ ਦੇ ਵਿਕਾਸ ਲਈ ਨਵੇਂ ਸਾਫਟਵੇਅਰਾਂ ਦੀ ਤੁਰੰਤ ਲੋੜ ਹੈ। ਇਸ ਕਾਰਜ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਡਾ ਫ਼ੰਡ ਮੁਹੱਈਆ ਕਰਵਾਏ। ਆਧੁਨਿਕ ਤਕਨੀਕ ਦੇ ਹਾਣ ਦਾ ਬਣਾਉਣ ਲਈ ਪੰਜਾਬੀ ਭਾਸ਼ਾ ਅਤੇ ਕੰਪਿਊਟਰੀਕਰਨ ਦੇ ਵਿਆਪਕ ਪ੍ਰੋਜੈਕਟ ਵਿਉਂਤਣ ਵਿੱਚ ਪੰਜਾਬ ਸਰਕਾਰ ਨੂੰ ਵਿਸ਼ੇਸ਼ ਦਿਲਚਸਪੀ ਲੈਣੀ ਚਾਹੀਦੀ ਹੈ। ਬੱਚਿਆਂ ਨੂੰ ਪੰਜਾਬੀ ਮਾਂ-ਬੋਲੀ ਨਾਲ ਜੋੜਨ ਹਿੱਤ ਕਾਮਿਕਸ, ਕਾਰਟੂਨ ਫ਼ਿਲਮਾਂ, ਜੀਵੰਤ ਕਹਾਣੀਆਂ ਦੀਆਂ ਸੀ.ਡੀਜ਼ ਦਾ ਵੀ ਵੱਡੇ ਪੱਧਰ ਤੇ ਨਿਰਮਾਣ ਹੋਣਾ ਚਾਹੀਦਾ ਹੈ। ਉਚੇਰੀ ਸਿੱਖਿਆ ਅਤੇ ਕਿੱਤਾਕਾਰੀ ਕੋਰਸਾਂ ਦਾ ਮਾਧਿਅਮ ਪੰਜਾਬੀ ਬਣਾਉਣ ਲਈ ਪਾਠਕ੍ਰਮ ਦੀਆਂ ਕਿਤਾਬਾ ਤਿਆਰ ਕਰਨ ਹਿੱਤ ਵੀ ਵੱਡੇ ਯਤਨ ਹੋਣੇ ਚਾਹੀਦੇ ਹਨ।

ਪੰਜਾਬੀ ਦੀ ਸ਼ਬਦਾਵਲੀ ਖਾਸ ਕਰਕੇ ਤਕਨੀਕੀ ਸ਼ਬਦਾਵਲੀ ਵਿਕਸਤ ਕਰਨ ਦੀ ਵੀ ਜ਼ਰੂਰਤ ਹੈ। ਪੰਜਾਬੀ ਭਾਸ਼ਾ ਨੂੰ ਆਧੁਨਿਕ ਤਕਨਾਲੋਜੀ ਦੇ ਹਾਣ ਦਾ ਬਣਾਉਣ ਲਈ ਭਾਸ਼ਾ ਵਿਗਿਆਨੀ ਅਤੇ ਕੰਪਿਊਟਰ ਮਾਹਿਰ ਬਹੁਤ ਚੰਗਾ ਯੋਗਦਾਨ ਪਾ ਸਕਦੇ ਹਨ। 'ਵਰਲਡ ਵਾਚ ਇੰਸਟੀਚਿਊਟ' ਅਨੁਸਾਰ ਕਿਸੇ ਭਾਸ਼ਾ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਉਣ ਲਈ ਇਸ ਨੂੰ ਬੋਲਣ ਵਾਲੇ ਘੱਟੋ-ਘੱਟ 1,00,000 ਲੋਕਾਂ ਦੀ ਜ਼ਰੂਰਤ ਹੁੰਦੀ ਹੈ। ਇਸ ਅਨੁਸਾਰ ਇਸ ਸਦੀ ਦੇ ਅੰਤ ਤੱਕ ਸੰਸਾਰ ਦੀਆਂ 90 ਫੀਸਦੀ ਭਾਸ਼ਾਵਾਂ ਵਿੱਚੋਂ ਲਗਭਗ ਅੱਧੀਆਂ ਭਾਸ਼ਾਵਾਂ ਉੱਤੇ ਅਲੋਪ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਸੰਸਾਰ ਭਰ 'ਚ ਬੋਲੀਆਂ ਜਾਣ ਵਾਲੀਆਂ 6900 ਭਾਸ਼ਾਵਾਂ 'ਚੋਂ ਲਗਭਗ ਅੱਧੀਆਂ ਭਾਸ਼ਾਵਾਂ ਵਿੱਚ ਬੋਲਣ ਵਾਲਿਆਂ ਦੀ ਗਿਣਤੀ 2500 ਤੋਂ ਵੀ ਘਟ ਗਈ ਹੈ।

ਅਜਿਹੇ ਹਾਲਾਤ ਦਾ ਭਾਵੇਂ ਪੰਜਾਬੀ ਭਾਸ਼ਾ ਨੂੰ ਸ਼ਾਇਦ ਸਾਹਮਣਾ ਨਾ ਕਰਨਾ ਪਵੇ, ਪ੍ਰੰਤੂ ਪੰਜਾਬੀ ਨੂੰ ਸੰਸਾਰ ਦੀ ਇੱਕ ਵੱਡੀ ਅਤੇ ਵਿਕਸਤ ਭਾਸ਼ਾ ਬਣਾਉਣ ਲਈ ਵਿਆਪਕ ਯਤਨਾਂ ਦੀ ਜ਼ਰੂਰਤ ਹੈ। ਇਸ ਸਮੇਂ ਪੰਜਾਬੀ ਕੈਨੇਡਾ, ਯੂ.ਕੇ. ਅਤੇ ਕੁੱਝ ਹੋਰ ਦੇਸ਼ਾਂ ਵਿੱਚ ਵੀ ਆਪਣਾ ਚੰਗਾ ਪ੍ਰਭਾਵ ਬਣਾ ਰਹੀ ਹੈ। ਮਲੇਸ਼ੀਆ 'ਚ ਲਗਭਗ 1,30,000 ਤੋਂ ਵੱਧ ਪੰਜਾਬੀ ਰਹਿੰਦੇ ਹਨ। ਇਸੇ ਤਰ੍ਹਾਂ ਸਿੰਘਾਪੁਰ ਅਤੇ ਅਮਰੀਕਾ 'ਚ ਵੀ ਬਹੁਤ ਵੱਡਾ ਪੰਜਾਬੀ ਸਮਾਜ ਵਸਦਾ ਹੈ। ਕੈਨੇਡਾ ਵਿੱਚ ਇਸ ਸਮੇਂ ਪੰਜਾਬੀ ਭਾਸ਼ਾ ਬੋਲਣ ਵਾਲੇ ਲਗਭਗ 800,000 ਲੋਕ ਰਹਿੰਦੇ ਹਨ। ਅਧਿਐਨ ਤੋਂ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਤੀਜੀ ਪੀੜ੍ਹੀ ਦੇ ਲਗਭਗ 33 ਫੀਸਦੀ ਪੰਜਾਬੀ ਬੱਚਿਆਂ ਨੇ ਮਾਤ ਭਾਸ਼ਾ 'ਤੇ ਪੂਰੀ ਪਕੜ ਹਾਸਲ ਕਰ ਲਈ ਹੈ, ਪਰ ਪੰਜਾਬ ਵਿੱਚ ਸਥਿਤੀ ਥੋੜ੍ਹੀ ਦੁੱਖਦ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵੱਡੇ ਯਤਨ ਪੰਜਾਬ ਤੋਂ ਹੀ ਸ਼ੁਰੂ ਕਰਨੇ ਹੋਣਗੇ।

PAKISTANI & EAST AFRICAN MENU
BEEF RIB, MOGO, MISHKAKI, CHOPS, CHAPPALI KABAB, SEEKH KABAB
Shafi Tandoori Grill
Ask for Chazal or Asad
(780) 462-3556
3444 - 93 Street Edmonton, AB T6E 6A4
Phone: (780) 462-3556 Fax: (780) 462-3575
Toll Free: 1-866-362-3556
Party Hall Available
Catering in Town or Out of Town
Hours
Sun-Mon: 11am - 9 pm
Wed to Sat: 11 am - 9:30 pm
Closed Tuesdays

Birthdays, Wedding Parties etc.
Mulani Paanwala
"Best in the West"
Business Hours
Thursday 2:30 - 6:00 pm
Friday 2:30 - 9:00 pm
Saturday 12:00 - 9:00 pm
Sunday 12:00 - 6:00 pm
East African & Bombay Style Paans
Specialty Mitha Paan, Khara Paan & more...
mulanipaanwala@gmail.com
(780) 901-PAAN (7226)
We take Orders for any Special Occasion!
At Shafi Tandoori Grill 3444-93 St. Edmonton, AB

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 35

# ਤੁਰ ਜਾਵਣਾ ਜੋਗੀ ਨਾਲ ਆ



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਭਾਰਤੀ ਤੇ ਪੰਜਾਬੀ ਜੀਵਨ ਵਿਚ ਜੋਗੀਆਂ ਦਾ ਆਪਣਾ ਥਾਂ ਹੈ। ਪਰ ਇਹ ਵੀ ਸੱਚ ਹੈ ਕਿ ਪੰਜਾਬੀਆਂ ਦੇ ਜੀਵਨ ਨਾਲ ਮੋਹ ਦਾ ਅਤੇ ਜੋਗੀਆਂ ਦੇ ਗ੍ਰਹਿਸਤ ਤਿਆਗ ਦਾ ਮੁੱਢੋਂ ਹੀ ਵਿਰੋਧ ਰਿਹਾ ਹੈ। ਲੋਕ ਸਾਹਿਤ ਵਿਚ ਜੋਗੀ ਲੋਕ ਜੀਵਨ ਨਾਲ ਜੁੜ ਕੇ ਹੀ ਆਉਂਦਾ ਹੈ। ਨਿਰੋਲ ਤਿਆਗੀ ਲਈ ਪੰਜਾਬੀ ਮਨ ਸ਼ਰਧਾ ਭਾਵੇਂ ਰੱਖਦਾ ਹੈ, ਪਰ ਉਸ ਦੇ ਤਿਆਗੀ ਜੀਵਨ ਪ੍ਰਤੀ ਖਿੱਚ ਵਿਰਲੀ ਹੈ। ਗੁਰੂ ਨਾਨਕ-ਕਾਵਿ ਤਾਂ ਵਧੇਰੇ ਜੋਗੀਆਂ ਨਾਲ ਸੰਵਾਦ ਰਚਾਉਂਦਾ ਹੈ। ਦਾਰਸ਼ਨਿਕ ਪੱਧਰ 'ਤੇ ਵੀ ਨੈਤਿਕ ਪੱਧਰ 'ਤੇ ਵੀ।

ਰਾਂਝਾ ਜੋਗ ਲੈ ਕੇ ਸਿਰਫ਼, ਹੀਰ ਪਾਉਣੀ ਚਾਹੁੰਦਾ ਹੈ ਨਹੀਂ ਤਾਂ ਉਹ ਬਾਲਨਾਥ ਦੇ ਟਿੱਲੇ 'ਤੇ ਧਾਰ ਵੀ ਨਹੀਂ ਮਾਰਦਾ। ਲੱਗਦਾ ਇਉਂ ਹੈ ਕਿ ਪੰਜਾਬ ਵਿਚ ਤਾਂਤ੍ਰਿਕਾਂ ਦਾ ਕਦੇ ਬੋਲਬਾਲਾ ਰਿਹਾ ਹੈ, ਜੋ ਆਪਣੀ ਸਾਧਨਾ ਲਈ ਔਰਤਾਂ ਦੀ ਭਾਲ ਵਿਚ ਰਹਿੰਦੇ ਸਨ। ਸ਼ਾਇਦ ਉਨਾਂ ਲਈ ਇਹ ਲੋਕ-ਕਾਵਿ ਕਹਿੰਦਾ ਹੈ, "ਜੋਗੀ ਉਤਰ ਪਹਾੜੋਂ ਆਏ ਚਰਖੇ ਦੀ ਘੂਕ ਸੁਣ ਕੇ।" ਇਨਾਂ ਤਾਂਤ੍ਰਿਕਾਂ ਆਦਿ ਦੀਆਂ ਪ੍ਰੇਮ ਕਥਾਵਾਂ ਲੋਕ-ਮਨ ਦਾ ਹਿੱਸਾ ਰਹੀਆਂ ਹਨ। ਇਨਾਂ ਦਾ ਪ੍ਰਗਟਾਅ ਬਿਰਤਾਂਤਕ ਪੱਧਰ 'ਤੇ ਹੀ ਨਹੀਂ ਹੁੰਦਾ, ਸਗੋਂ ਗੀਤਾਂ ਰਾਹੀਂ ਭਾਵਨਾਤਮਿਕ ਪੱਧਰ 'ਤੇ ਵੀ ਹੁੰਦਾ ਹੈ।

ਜਿਸ ਗੀਤ ਦਾ ਮੈਂ ਜ਼ਿਕਰ ਕਰਨ ਜਾ ਰਿਹਾ ਹਾਂ, ਉਹ ਸਿੱਧਾ ਇਸਤਰੀ-ਪ੍ਰੇਮਿਕਾ ਤੇ ਜੋਗੀ-ਪ੍ਰੇਮੀ ਦੀ ਲਘੂ ਕਥਾ ਬਿਆਨ ਕਰਦਾ ਹੈ। ਇਸ ਦਾ ਆਰੰਭ ਹੀ ਜੋਗੀ ਦੀ ਆਮਦ ਨਾਲ ਹੁੰਦਾ ਹੈ ਜੋ ਭਿੱਖਿਆ ਮੰਗਦਾ ਹੈ।

ਜੋਗੀ ਆ ਗਿਆ ਮਾਏ ਜੋਗੀ ਆ ਗਿਆ
ਨੀ ਜੋਗੀ ਆ ਗਿਆ
ਇਸ ਮੇਰੇ ਜੋਗੀ ਨੂੰ ਭਿਖਿਆ ਪਾ ਦਮੀਂ।

ਧੀ ਆਪਣੀ ਮਾਂ ਨੂੰ ਸੰਬੋਧਿਤ ਹੋ ਰਹੀ ਹੈ। ਜੋਗੀ ਆਉਣ ਦਾ ਦੁਹਰਾ, ਖ਼ਾਸ ਲਗਾਉ ਦੀ ਸੂਚਨਾ ਦਿੰਦਾ ਹੈ। 'ਇਸ ਮੇਰੇ ਜੋਗੀ ਨੂੰ' ਦਾ ਵਾਕੰਸ਼ ਤਾਂ ਸਾਫ਼ ਜੋਗੀ ਪ੍ਰਤੀ ਭਾਵੁਕ ਸਾਂਝ ਨਾਲ ਜਾ ਜੁੜਦਾ ਹੈ।

ਬੁੱਕ ਨਾ ਲੈਂਵਦਾ ਧੀਏ ਲੱਪ ਨਾ ਲੈਂਵਦਾ
ਇਸ ਤੇਰੇ ਜੋਗੀ ਦਾ ਧੀਏ
'ਅਜਬ ਖ਼ਿਆਲ' ਆ।

ਜੋਗੀ ਦਾ 'ਅਜਬ ਖ਼ਿਆਲ' ਇਹ ਹੈ ਕਿ ਉਹ ਕੁੜੀ ਦਾ ਹੱਥ ਮੰਗ ਰਿਹਾ ਹੈ। 'ਇਸ ਤੇਰੇ ਜੋਗੀ' ਤੋਂ ਇਹ ਵੀ ਪਤਾ ਲੱਗਦਾ ਹੈ ਕਿ ਮਾਂ ਨੂੰ ਦੋਨਾਂ ਦੀ ਸਾਂਝ ਦੀ ਭਿਣਕ ਹੈ। ਇਸ ਰਹੱਸ ਤੋਂ ਕੁੜੀ ਛੇਤੀ ਹੀ ਪਰਦਾ ਚੁੱਕ ਦਿੰਦੀ ਹੈ। ਉਹ ਤਾਂ ਜੋਗੀ ਨਾਲ ਜਾਣ ਲਈ ਤਿਆਰ ਬੈਠੀ ਨਜ਼ਰ ਆਉਂਦੀ ਹੈ। ਕਾਵਿਕ-ਬਿਰਤਾਂਤ ਵਧੇਰੇ ਠਰੰਮੇ ਨਾਲ ਨਹੀਂ ਚਲਦਾ ਸਗੋਂ ਇਸ ਵਿਚ ਭਾਵਾਂ ਵਾਲਾ ਵੇਗ ਨਜ਼ਰ ਆਉਂਦਾ ਹੈ। ਇਸੇ ਲਈ ਘਟਨਾ ਤੋਂ ਬਾਅਦ ਘਟਨਾ ਵਾਪਰਦੀ ਚਲੀ ਜਾਂਦੀ ਹੈ। ਘਟਨਾਵਾਂ ਦੇ ਸਥਾਨ ਵੀ ਬਦਲਦੇ ਜਾਂਦੇ ਹਨ ਤੇ ਪਾਤਰ ਵੀ। ਪਾਤਰਾਂ ਦੇ ਵਾਰਤਾਲਾਪ ਹੀ ਕਥਾ ਨੂੰ ਅਗਾਂਹ ਲਈ ਤੁਰੀ ਜਾਂਦੇ ਹਨ।

ਬੰਨੀਆਂ ਪਟਾਰੀਆਂ
ਮਾਏ ਗਹਿਣਿਆਂ ਵਾਲੀਆਂ
ਮੈਂ ਤੁਰ ਜਾਣਾ ਮਾਏ
ਜੋਗੀ ਦੇ ਸਾਥ ਆ
----------
ਬਾਬਲ ਤੇਰਾ ਧੀਏ ਪਿੰਡ ਦਾ ਚੌਧਰੀ
ਵੀਰਾ ਤੇਰਾ ਧੀਏ ਠਾਣੇਦਾਰ ਆ।

ਧੀ ਜੋਗੀ ਨਾਲ ਤੁਰਨ ਲਈ ਤਿਆਰ ਹੈ। ਮਾਂ ਉਸ ਨੂੰ ਰੋਕਣ ਲਈ ਨਾ ਤਾਂ ਸਮਝਾਉਂਦੀ ਹੈ ਤੇ ਨਾ ਹੀ ਇੱਜ਼ਤ ਦਾ ਵਾਸਤਾ ਪਾਉਂਦੀ ਹੈ ਜਿਵੇਂ ਕਿ ਕਿੱਸਿਆਂ ਵਿਚ ਆਮ ਹੁੰਦਾ ਹੈ, ਸਗੋਂ ਚੌਧਰੀ ਪਿਉ ਤੇ ਠਾਣੇਦਾਰ ਵੀਰ ਦਾ ਡਰਾਵਾ ਦਿੰਦੀ ਹੈ। ਸਮਾਜ ਦੀਆਂ ਸਾਰੀਆਂ ਧੀਆਂ ਦੇ ਪਿਉ ਚੌਧਰੀ ਹੋਣ ਜਾਂ ਠਾਣੇਦਾਰ ਹੋਣ ਇਹ ਜ਼ਰੂਰੀ ਨਹੀਂ ਪਰ ਪਿਆਰ ਵਿਚ ਵੱਡੇ ਤੋਂ ਵੱਡੇ ਡਰ ਨੂੰ ਟਿੱਚ ਸਮਝਣ ਦਾ ਭਾਵ ਸਪੱਸ਼ਟ ਹੈ। ਯਥਾਰਥ ਜੀਵਨ ਵਿਚ ਕੁੜੀ ਅਜਿਹਾ ਪੱਖ ਨਹੀਂ ਲੈ ਸਕਦੀ, ਪਰ ਕਾਵਿ-ਕਥਾ ਉਸ ਦੀਆਂ ਭਾਵਨਾਵਾਂ ਨੂੰ ਜ਼ੁਬਾਨ ਦਿੰਦੀ ਹੈ। ਨਾਇਕਾ ਹੀਰ ਤੋਂ ਘੱਟ ਨਹੀਂ, ਜਿਸ ਲਈ ਵਾਰਿਸ ਕਹਿੰਦਾ ਹੈ, "ਜਵਾਨੀ ਕਮਲੀ ਰਾਜ ਹੈ ਚੂਚਕੇ ਦਾ ਅਬੇ ਕਿਸੇ ਦੀ ਕੀ ਪਰਵਾਹ ਮੈਨੂੰ" ਇੱਥੇ ਚੌਧਰੀ ਤੇ ਠਾਣੇਦਾਰ ਦੀ ਛਤਰ-ਛਾਇਆ ਦਾ ਹੰਕਾਰ ਨਹੀ, ਸਗੋਂ ਉਨਾਂ ਤੋਂ ਬਾਗ਼ੀ ਹੋਣ ਦਾ ਭਾਵ ਹੈ।



ਮੈਂ ਕੀ ਜਾਣਦੀ ਮਾਏ ਬਾਬਲ ਚੌਧਰੀ
ਨੀ ਬਾਬਲ ਚੌਧਰੀ
ਮੈਂ ਕੀ ਜਾਣਦੀ ਮਾਏ
ਵੀਰਾ ਠਾਣੇਦਾਰ ਆ
ਇਕ ਚੋਅ ਲੰਘਿਆ ਜੋਗੀ
ਦੂਆ ਚੋਅ ਲੰਘਿਆ
ਵੇ ਦੂਆ ਚੋਅ ਲੰਘਿਆ
ਤੀਏ ਚੋਅ ਮਿਲਿਆ ਜੋਗੀ
ਵੀਰ ਠਾਣੇਦਾਰ ਆ।

ਧੀ ਵੱਲੋਂ ਬਾਗ਼ੀ ਹੋਣ ਅਤੇ ਤਿੰਨ ਚੋਅ ਲੰਘਣ ਤੋਂ ਬਾਅਦ ਠਾਣੇਦਾਰ ਵੀਰ ਦੇ ਮਿਲਣ ਵਿਚਕਾਰ ਇਕ ਚੁੱਪ ਹੈ। ਇਸ ਨੂੰ ਬਿਰਤਾਂਤਕ ਚੁੱਪ ਕਿਹਾ ਜਾ ਸਕਦਾ ਹੈ, ਪਰ ਇਹ ਪੜੀ ਜਾ ਸਕਦੀ ਹੈ। ਇਸ ਚੁੱਪ ਦੌਰਾਨ ਧੀ, ਮਾਂ ਦੀਆਂ ਕਹੀਆਂ ਗੱਲਾਂ ਦੀ ਪ੍ਰਵਾਹ ਨਾ ਕਰਦੀ ਜੋਗੀ ਨੂੰ ਨਾਲ ਲੈ ਕੇ ਤੁਰ ਪੈਂਦੀ ਹੈ। ਬਿਰਤਾਂਤ ਦੇ ਇਸ ਹਿੱਸੇ ਵਿਚ ਜੋਗੀ ਚੁੱਪ ਹੈ। ਧੀ ਆਪਣੀ ਲੜਾਈ ਆਪ ਲੜ ਰਹੀ ਹੈ। ਇੱਥੋਂ ਤੀਕ ਕਿ ਵੀਰ ਠਾਣੇਦਾਰ ਦੇ ਮਿਲਣ 'ਤੇ ਵੀ ਉਹੀ ਜੋਗੀ ਦੀ ਢਾਲ ਬਣਦੀ ਹੈ। 'ਚੋਅ' (ਬਰਸਾਤੀ ਨਦੀ) ਸ਼ਬਦ ਨੇ ਗੀਤ ਉੱਪਰ ਦੁਆਬੀ ਦੀ ਮੋਹਰ ਲਾ ਦਿੱਤੀ ਹੈ। ਚੋਅ, ਜੋ ਖ਼ੁਸ਼ਕ ਹੋਣ 'ਤੇ ਰੇਤ ਨਾਲ ਭਰਿਆ ਲੰਘਣਾ ਔਖਾ ਹੁੰਦਾ ਹੈ ਤੇ ਬਰਸਾਤ ਵਿਚ ਵਗਦਾ ਲੰਘਣਾ ਔਖਾ ਹੁੰਦਾ ਹੈ, ਪਰ ਕੁੜੀ ਜੋਗੀ ਨੂੰ ਲੈ ਕੇ ਇਕੋ ਪੰਗਤੀ ਵਿਚ ਤਿੰਨ-ਤਿੰਨ ਚੋਅ ਲੰਘ ਆਈ ਹੈ। ਅਗਾਂਹ ਵੀਰ ਠਾਣੇਦਾਰ ਨਾਲ ਮੁੱਠਭੇੜ ਹੋ ਗਈ।

ਕਿਥੋਂ ਆਈ ਆਂ ਭੈਣੇ ਕਿੱਥੇ ਚਲੀ ਆਂ
ਨੀ ਕਿੱਥੇ ਚਲੀ ਆਂ
ਕੌਣ ਤੇਰੇ ਨਾਲ ਆ ਭੈਣੇ
ਕੌਣ ਤੇਰੇ ਸਾਥ ਆ
ਪੇਕਿਉਂ ਆਈ ਆਂ
ਵੀਰਾ ਸਹੁਰੇ ਚੱਲੀ ਆਂ
ਵੇ ਸਹੁਰੇ ਚੱਲੀ ਆਂ
ਜੋਗੀ ਮੇਰੇ ਨਾਲ ਆ ਵੀਰਾ
'ਧੁਰ ਦਾ ਸਾਥ' ਆ

ਰਸਮੀ ਪੁੱਛ-ਪੜਤਾਲ ਦਾ ਜਵਾਬ ਕੁੜੀ ਨੇ ਜੋ ਦਿੱਤਾ ਹੈ, ਉਹ ਬੜਾ ਮਹੱਤਵਪੂਰਣ ਹੈ। ਉਹ ਸਵੈ-ਇੱਛਾ ਨਾਲ ਪੇਕਿਉਂ ਤੁਰੀ ਹੈ ਤੇ ਜੋਗੀ ਦੇ ਦੇਸ਼ ਜਾਂ ਸਹੁਰੇ ਘਰ ਜਾ ਰਹੀ ਹੈ। ਸਮਾਜਿਕ ਜੀਵਨ ਵਿਚ ਉਸ ਨੂੰ ਅਜਿਹਾ ਕਰਨ ਦੀ ਕਤਈ ਖੁੱਲ ਨਹੀਂ। ਸਾਰਾ ਬਿਰਤਾਂਤ ਔਰਤਾਂ ਦੀ ਸਿਰਜਣਾ ਹੋਣ ਕਾਰਨ ਉਨਾਂ ਦੀਆਂ ਦੱਬੀਆਂ ਰੀਝਾਂ ਦਾ ਕਾਲਪਨਿਕ ਪ੍ਰਗਟਾਅ ਬਣ ਜਾਂਦਾ ਹੈ। ਵਿਆਹ ਹੋਣ 'ਤੇ ਇਹ ਸਿੱਖਿਆ ਦਿੱਤੀ ਜਾਂਦੀ ਹੈ ਕਿ ਹੁਣ ਉਸ ਦੀ ਅਰਥੀ ਹੀ ਸਹੁਰੇ ਘਰੋਂ ਉੱਠੇਗੀ। ਇਉਂ ਵਿਆਹ ਬੰਧਨ ਨੂੰ ਸਦੀਵੀ ਮੰਨ ਲਿਆ ਜਾਂਦਾ ਹੈ। ਪਰ ਇੱਥੇ ਕੁੜੀ ਹੀਰ ਵਾਂਗ ਜੋਗੀ ਨਾਲ ਧੁਰ ਦਾ ਸਾਥ ਦਰਸਾ ਕੇ ਆਪਣੇ ਆਪ ਨੂੰ ਸਹੀ ਸਾਬਤ ਕਰਨਾ ਚਾਹੁੰਦੀ ਹੈ। ਵਾਰਿਸ ਦੀ ਹੀਰ ਵਿਚ ਹੀਰ ਤਰਕ ਨਾਲ ਜਿੱਤ ਕੇ ਵੀ ਹਾਰਦੀ ਹੈ। ਪਰ ਹਥਲੇ ਗੀਤ ਵਿਚ ਹਾਰਨ ਜਾਂ ਨਾ ਹਾਰਨ ਦੀ ਡੋਰ ਸਿਰਜਕ ਔਰਤ ਦੇ ਹੱਥ ਹੈ। ਉਹ ਕੁੜੀ ਨੂੰ ਭਰਾ ਨਾਲ ਵਾਰਤਾਲਾਪ ਵਿਚ ਵੀ ਤੇ ਕਾਰਜ ਰੂਪ ਵਿਚ ਵੀ ਜੇਤੂ ਬਣਾ ਦਿੰਦੀ ਹੈ।

ਤੈਨੂੰ ਮਾਰਾਂਗਾ ਗੁੱਝੀਆਂ ਛੂਛਕਾਂ
ਵੇ ਗੁੱਝੀਆਂ ਛੂਛਕਾਂ
ਏਸ ਜੋਗੀ ਦੇ ਭੈਣੇ ਟੋਟੇ ਚਾਰ ਆ

ਮੈਨੂੰ ਮਾਰ ਲਾ ਵੀਰਾਂ ਗੁੱਝੀਆਂ ਛੂਛਕਾਂ
ਵੇ ਗੁੱਝੀਆਂ ਛੂਛਕਾਂ
ਇਸ ਮੇਰੇ ਜੋਗੀ ਨੂੰ ਹੱਥ ਨਾ ਲਾਵਣਾ।

ਇਨਾਂ ਪੰਗਤੀਆਂ ਤੋਂ ਬਾਅਦ ਫਿਰ ਇਕ ਚੁੱਪ ਹੈ, ਜਿਸ ਵਿਚ ਭੈਣ ਦੀ ਤਕਰਾਰ ਵਿਚ ਭੈਣ ਜੇਤੂ ਹੁੰਦੀ ਹੈ ਤੇ ਜੋਗੀ ਨਾਲ ਲੰਮਾ ਸਫ਼ਰ ਤੈਅ ਕਰ ਲਿਆ ਜਾਂਦਾ ਹੈ। ਕੁੜੀ ਤੁਰਦਿਆਂ-ਤੁਰਦਿਆਂ ਥੱਕ ਗਈ ਹੈ। ਹੁਣ ਉਹ ਪਹਿਲੀ ਵਾਰ ਜੋਗੀ ਨੂੰ ਸੰਬੋਧਿਤ ਹੁੰਦੀ ਹੈ।

ਤੁਰ ਦਿਆਂ ਜਾਂਦਿਆਂ ਜੋਗੀ ਸ਼ਾਮਾਂ ਪੈ ਗਈਆਂ
ਵੇ ਸ਼ਾਮਾਂ ਪੈ ਗਈਆਂ
ਨਜ਼ਰੀਂ ਨਾ ਆਂਵਦਾ
ਜੋਗੀ ਤੇਰਾ ਦੇਸ ਆ
ਤੁਰਿਆਂ ਜਾਂਦਿਆਂ ਜੋਗੀ ਸ਼ਾਮਾਂ ਪੈ ਗਈਆਂ
ਨੀ ਸ਼ਾਮਾਂ ਪੈ ਗਈਆਂ
ਸਾਹਮਣੇ ਦਿਸਦੀਆਂ ਗੋਰੀਏ
ਸਾਧਾਂ ਦੀਆਂ ਕੁੱਲੀਆਂ।

ਜੋਗੀ ਨੇ ਪਹਿਲੀ ਵਾਰ ਮੂੰਹ ਖੋਲਿਆ ਹੈ ਤੇ ਆਪਣੇ ਦੇਸ ਪਹੁੰਚ ਜਾਣ ਦੀ ਸੂਚਨਾ ਦਿੱਤੀ ਹੈ। ਉਸ ਦੀਆਂ ਕੁੱਲੀਆਂ ਵੀ ਸਾਹਮਣੇ ਹਨ। ਇਹ ਕੁੱਲੀਆਂ ਕੁੜੀ ਲਈ ਬਹੁਤ ਵੱਡਾ ਝਟਕਾ ਹੈ, ਉਹ ਤਾਂ ਸ਼ਾਇਦ ਐਸ਼-ਆਰਾਮ ਦੀ ਜ਼ਿੰਦਗੀ ਦੀ ਕਲਪਨਾ ਕਰੀ ਬੈਠੀ ਸੀ। ਉਹ ਉਸ ਪ੍ਰੇਮਿਕਾ ਵਰਗੀ ਵੀ ਸਾਬਤ ਮਿਲ ਦਿਖਾਈ ਨਹੀਂ ਦਿੰਦੀ ਜੋ ਇਕ ਗੀਤ ਵਿਚ ਹਰ ਤਰਾਂ ਦੇ ਜੰਗਲੀ ਜੀਵਨ ਨੂੰ ਪ੍ਰਵਾਨ ਕਰਦੀ ਹੈ। ਇਸੇ ਲਈ ਉਹ ਜੋਗੀ ਨੂੰ ਮਿਹਣਾ ਦਿੰਦੀ ਹੈ।

ਜੇ ਮੈਂ ਜਾਣਦੀ ਜੋਗੀ
ਸਾਧਾਂ ਦੀਆਂ ਕੁੱਲੀਆਂ
ਵੇ ਸਾਧਾਂ ਦੀਆਂ ਕੁੱਲੀਆਂ
ਕਦੀ ਨਾ ਆਂਵਦੀ ਜੋਗੀ ਤੇਰੇ ਸਾਥ ਆ
ਘਰ ਵੀ ਛੋਡਿਆ ਜੋਗੀ ਦਰ ਵੀ ਛੋਡਿਆ
ਨਾਲੇ ਛੋਡਿਆ ਜੋਗੀ ਸਿੰਘ ਸਰਦਾਰ ਆ।

ਕੁੜੀ ਨੇ ਇਹ ਦੱਸ ਕੇ ਕਿ ਉਹ ਪਹਿਲਾਂ ਵਿਆਹੀ ਹੋਈ ਹੈ, ਇਕ ਨਵਾਂ ਵੇਰਵਾ ਹੀ ਨਹੀਂ ਜੋੜਿਆ, ਸਗੋਂ ਸੌਤੇ ਲਈ ਬੰਬ ਵੀ ਛੱਡਿਆ ਹੈ। ਇਸ ਬੰਬ ਦਾ ਜੁਆਬ ਵੀ 'ਜੋਗੀ' ਬੰਬ ਨਾਲ ਹੀ ਦਿੰਦਾ ਹੈ।

ਤੇਰੇ ਨਾਲੋਂ ਸੁਹਣੀਆਂ ਗੋਰੀਏ
ਤੇਰੇ ਘਰ ਗੋਲੀਆਂ
ਤੇਰੇ ਨਾਲੋਂ ਸੁਹਣੀ
ਹੀਰੇ ਚੰਚਲ ਨਾਰ ਆ।

ਇੱਥੇ ਜੋਗੀ, ਜੋਗੀ ਨਾ ਰਹਿ ਕੇ ਅਤਿ ਦੇ ਭੋਗੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਉਸ ਦਾ ਅਜਿਹਾ ਰੂਪ ਕੁੜੀ ਲਈ ਭ੍ਰਾਂਤੀ ਦੂਰ ਕਰਨ ਵਾਲਾ ਬਣਦਾ ਹੈ। ਇਸ ਪੜਾਅ 'ਤੇ ਆ ਕੇ ਉਹ ਪਿਛਾਂਹ ਪਰਤਣ ਲਈ ਅਹੁਲਦੀ ਹੈ, ਪਰ ਸ਼ਾਇਦ ਅਜਿਹਾ ਸੰਭਵ ਨਹੀਂ।

ਅਸੀਂ ਤੁਰ ਜਾਵਣਾ ਜੋਗੀ
ਅਸੀਂ ਤੁਰ ਜਾਵਣਾ
ਅਸੀਂ ਤੁਰ ਜਾਵਣਾ
ਜੋਗੀ ਆਪਣੇ ਦੇਸ ਆ
------------
ਹੁਣ ਕਿੱਥੇ ਜਾਣ ਆਂ
ਨੀਂ ਹੁਣ ਕਿੱਥੇ ਜਾਣਾ ਆਂ
ਖਾਣੀਆਂ ਪੈਣੀਆਂ ਹੀਰੇ
ਸਾਧਾਂ ਦੀਆਂ ਮੰਨੀਆਂ।

ਇਉਂ ਜੋਗੀ ਦਾ ਅਸਲੀ ਮਰਦ ਚਿਹਰਾ ਸਾਹਮਣੇ ਆ ਜਾਂਦਾ ਹੈ। ਇੱਥੇ ਆ ਕੇ ਕੁੜੀ ਹਾਰ ਜਾਂਦੀ ਹੈ। ਗੀਤ ਸਮਾਪਤ ਹੋ ਜਾਂਦਾ ਹੈ, ਦੁਖਾਂਤ ਵਿਚ।

ਇਹ ਗੀਤ ਮੈਂ ਪਿੰਡ ਮੋਹਰੀ ਚੱਕ ਤੋਂ ਸੁਣਿਆ ਸੀ, ਗੀਤ ਦੀ ਲੈਅ ਬੱਝਵੀਂ ਹੈ, ਪਰ ਤੋਲ-ਤੁਕਾਂਤ ਬਹੁਤਾ ਸੂਤ ਨਹੀਂ ਆਇਆ ਲੱਗਦਾ। ਸ਼ਾਇਦ ਗੀਤ ਆਪਣੀ ਥੋੜੀ ਉਮਰ ਕਾਰਨ, ਸੁਹਜ ਪੱਖੋਂ ਪੂਰਨ ਨਹੀਂ ਹੋ ਸਕਿਆ। ਅਖ਼ੀਰਲੀ ਪੰਗਤੀ 'ਤੇ ਜਾ ਕੇ ਕੁੜੀਆਂ/ਤੀਵੀਆਂ ਦੇ ਸਮੂਹ ਨੇ ਵਿਅੰਗਾਤਮਕ ਹਾਸਾ ਹੱਸਿਆ ਸੀ, ਜੋ ਮੈਨੂੰ ਅਜੇ ਵੀ ਯਾਦ ਹੈ। ਪਰ ਉਹ ਕਿਸੇ 'ਤੇ ਹੱਸ ਰਹੀਆਂ ਸਨ, ਆਪਣੇ 'ਤੇ, ਆਪਣੀ ਵਰਗੀ ਕੁੜੀ ਦੀ ਹੋਣੀ 'ਤੇ ਜਾਂ ਜੋਗੀ ਦੇ ਜਵਾਬ 'ਤੇ, ਇਸ ਦੀ ਮੈਨੂੰ ਅੱਜ ਤੱਕ ਵੀ ਸਮਝ ਨਹੀਂ ਆਈ।

**Vehicle Unlock Specialist**
**Boost Your Car Call 24/7**

**Gurpreet Sohal**

**Tel: 780.935.2990**

gssohal72@yahoo.co.in

If your car is locked or need a boost please call **780.935.2990**





ਨਿਰਮਲ ਦੱਤ
+91-98760-13060
nirmaldatt@yahoo.co.in

ਪੰਜਾਬੀ ਸਾਹਿਤ ਨਾਲ ਜੁੜੇ ਵਿਦਵਾਨਾਂ ਦੁਆਰਾ ਕਿਹਾ ਜਾਂਦਾ ਹੈ ਕਿ ਦੋਹੇ ਵਰਗੀ ਵਿਧਾ ਅੱਜ ਦੇ ਅਧੁਨਿਕ ਦੌਰ ਵਿੱਚ ਆਪਣੀ ਸਾਹਿਤਕ ਅਹਿਮੀਅਤ ਗਵਾ ਚੁੱਕੀ ਹੈ ਪਰ ਨਿਰਮਲ ਦੱਤ ਦੁਆਰਾ ਰਚਿਤ ਦੋਹੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਚੰਗਾ ਸਾਹਿਤ ਪਾਠਕਾਂ ਵੱਲੋਂ ਪੜ੍ਹਿਆ ਜਾਂਦਾ ਹੈ ਭਾਵੇਂ ਉਹ ਕਿਸੇ ਵੀ ਵਿਧਾ ਵਿੱਚ ਹੋਵੇ। ਨਿਰਮਲ ਦੱਤ ਪੰਜਾਬੀ ਦਾ ਅਜਿਹਾ ਸ਼ਾਇਰ ਹੈ ਜਿਸਨੇ ਦੋਹੇ ਲਿਖ ਕੇ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਹੋਰ ਵੀ ਕਈ ਸ਼ਾਇਰ ਹਨ ਜਿਹੜੇ ਇਸ ਵਿਧਾ 'ਤੇ ਹੱਥ ਅਜ਼ਮਾ ਰਹੇ ਹਨ ਪਰ ਇਸ ਵਿਧਾ 'ਚ ਜੋ ਸਫ਼ਲਤਾ ਦੱਤ ਹੋਰਾਂ ਨੇ ਹਾਸਿਲ ਕੀਤੀ ਹੈ ਉਹ ਦੂਜਿਆਂ ਦੇ ਹਿੱਸੇ ਨਹੀਂ ਆਈ। ਇਸਦਾ ਕਾਰਣ ਸ਼ਾਇਦ ਇਹ ਹੈ ਕਿ ਉਹ ਆਧੁਨਿਕ ਜੀਵਨ ਦੀਆਂ ਗੁੰਝਲਾਂ ਨੂੰ ਦੋਹਾ ਕਾਵਿ ਵਿਧਾ ਰਾਹੀਂ ਬਾਖੂਬੀ ਬਿਆਨ ਕਰਨ ਵਿੱਚ ਸਫ਼ਲ ਰਿਹਾ ਹੈ। ਇਸ ਤੋਂ ਇਲਾਵਾ ਉਸਦੀ ਰਚਨਾ ਵਿੱਚ ਭਰਪੂਰ ਸੰਗੀਤ ਹੈ ਰਵਾਨਗੀ ਹੈ ਜੋ ਪਾਠਕ ਨੂੰ ਤਰੋਤਾਜ਼ਾ ਕਰਦੀ ਹੈ। ਆਓ ਇੱਥੇ ਅਸੀਂ ਨਿਰਮਲ ਦੱਤ ਦੀ ਰਚਨਾ ਦਾ ਅਨੰਦ ਮਾਣੀਏ।



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਮੈਂ ਤੇ ਸੂਰਜ ਚੱਲ ਪਏ, ਢੂੰਡਣ ਤੇਰੇ ਰਾਜ਼
ਸ਼ਾਮ ਢਲੀ ਤਾਂ ਛੱਡ ਗਿਆ, ਰਾਹ ਵਿੱਚ ਧੋਖੇਬਾਜ਼।

ਅੰਬਰ ‘ਤੇ ਕਾਲੀ ਘਟਾ, ਧਰਤੀ ਉੱਤੇ ਮੋਰ
ਦਿਲ ਤੋਂ ਦਿਲ ਤੱਕ ਆ ਰਹੀ, ਇੱਕ ਅਣਦਿਸਦੀ ਡੋਰ।

ਮੀਰਾ ਮਨ ਦੀ ਪਿਆਸ ਹੈ, ਤਨ ਦੀ ਪੀੜਾ ਹੀਰ
ਵਾਰਿਸ ਦਿਲ ਦਾ ਗੀਤ ਹੈ, ਰੂਹ ਦਾ ਰਾਗ ਕਬੀਰ।

ਪੂਰੀ ਹੁੰਦੀ ਹੈ ਉਦੋਂ, ਜੀਵਨ ਦੀ ਤਸਵੀਰ
ਜਦ ਮਜਨੂੰ ਦੀ ਪੀੜ ‘ਚੋਂ, ਪੈਦਾ ਹੋਣ ਕਬੀਰ।

ਹੂਰਾਂ ਵਰਗਾ ਰੂਪ ਸੀ, ਪਰੀਆਂ ਵਰਗਾ ਵੇਸ
ਐਸੀ ਮੂਰਤ ਵੇਖ ਕੇ, ਡੋਲ ਗਿਆ ਦਰਵੇਸ।

ਡੋਲ ਗਏ ਦਰਵੇਸ ਨੂੰ, ਸਾਈਂ ਕਰਿਓ ਮਾਫ਼
ਪਤਲੀ ਪਰਤ ਜਹਾਨ ਦੀ, ਰੂਹ ਦਾ ਸ਼ੀਸ਼ਾ ਸਾਫ਼।

.......................................................

ਧਰਤੀ ਤੋਂ ਆਕਾਸ਼ ਤੱਕ, ਇੱਕ ਬੂਹਿਆਂ ਦੀ ਤੰਦ
ਹਰ ਬੂਹੇ ਤੋਂ ਪਾਰ ਹੈ, ਫਿਰ ਇੱਕ ਬੂਹਾ ਬੰਦ।

ਪਤਾ ਨਹੀਂ ਕਿੰਝ ਖੋ ਗਏ, ਵਲੀ,ਔਲੀਏ,ਪੀਰ
ਸ਼ੱਕ ਦੀ ਦੀਮਕ ਖਾ ਗਈ, ਬੋਹੜਾਂ ਜਿਹੇ ਫ਼ਕੀਰ।

ਭਗਵੇਂ ਵਸਤਰ ਪਹਿਨ ਕੇ, ਕਰਨ ਬੇਨਤੀ ਰੁੱਖ
ਰੱਬਾ ਹੁਣ ਤਾਂ ਮੇਟਦੇ, ਧਰਤੀ ਮਾਂ ਦੇ ਦੁੱਖ।

ਭਲੇ-ਬੁਰੇ ਨਾ ਜਨਮਦੇ, ਧਰਤੀ ’ਤੇ ਇਨਸਾਨ
ਪਿਆਰ ਬਣਾਵੇ ਦੇਵਤੇ, ਤੇ ਨਫ਼ਰਤ ਸ਼ੈਤਾਨ।

ਹਰ ਮਨ ਵਿੱਚ ਮੌਜੂਦ ਨੇ, ਇੱਕ ਪਾਗ਼ਲ,ਇੱਕ ਸੰਤ
ਧਰਤੀ ‘ਤੇ ਮਿਲਦੇ ਜਿਵੇਂ ਪੱਤਝੜ ਅਤੇ ਬਸੰਤ।

ਵੱਖਰੇ,ਵੱਖਰੇ ਰੂਪ ਨੇ, ਪੱਤਝੜ ਅਤੇ ਬਸੰਤ
ਪਰ ਅੰਦਰਲੀ ਚੇਤਨਾ, ਨਾ ਪਾਗ਼ਲ, ਨਾ ਸੰਤ।

.......................................................

ਤਾਰੇ ਜਗਦੇ ਰਾਤ ਨੂੰ, ਦਿਨ ਵਿੱਚ ਪੰਛੀ-ਗੀਤ
ਹਰ ਕਾਲਖ ਲਈ ਰੌਸ਼ਨੀ, ਹਰ ਚੁੱਪ ਲਈ ਸੰਗੀਤ।

ਦੁੱਖ ਦੀ ਆਦਤ ਚੰਦਰੀ, ਸੁੱਖ ਸੰਗ ਰੱਖਦਾ ਵੈਰ
ਹਰ ਘਰ ਦੀ ਦੇਹਲੀ ਲਈ, ਜੋਗੀ ਮੰਗਦਾ ਖੈਰ।

ਜਦ ਤੱਕ ਮਨ ਦੀ ਮੈਲ ਹੈ, ਚਹੁੰ ਕੂਟਾਂ ਵਿੱਚ ਰਾਤ
ਮੈਲ ਮਿਟੇ ਤਾਂ ਰਾਤ ਹੀ, ਬਣ ਜਾਂਦੀ ਪਰਭਾਤ।

ਅੰਬਰ ਧਰਤੀ ਨੂੰ ਲਿਖੇ ਇੱਕ ਸਾਦਾ ਸੰਦੇਸ਼
ਲੋੜ ਮਿਟਾਉਣੀ ਜਸ਼ਨ ਹੈ, ਲਾਲਚ ਬਣੇ ਕਲੇਸ਼।

ਬਿਨ ਰਿਸ਼ਤੇ ਕੋਈ ਜ਼ਿਦਗੀ, ਤੇ ਰਿਸ਼ਤੇ ਦਾ ਚਾਅ
ਇਹ ਤਪਦੀ ਮਾਰੂਥਲੀ, ਉਹ ਅੱਗ ਦਾ ਦਰਿਆ।

ਆਦਿ-ਅੰਤ ਤੋਂ ਮੁਕਤ ਹੈ, ਸਾਗਰ ਤੇਰਾ ਨੀਰ
ਬਣਨਾ-ਮਿਟਣਾ ਤਾਂ ਸਦਾ ਲਹਿਰਾਂ ਦੀ ਤਕਦੀਰ।

.......................................................

ਚੀਜ਼ਾਂ ਪਿੱਛੇ ਭਟਕਦੇ, ਕਰ ਲਏ ਵਾਲ ਸਫ਼ੇਦ
ਪਰ ਚੀਜ਼ਾਂ ਦੇ ਸੱਚ ਦਾ, ਕਦੇ ਨਾ ਪਾਇਆ ਭੇਦ।

ਚੀਜ਼ਾਂ ਵਿੱਚੋਂ ਭੁੱਖ ਮਿਟੇ, ਇਹ ਇੱਕ ਵੱਡਾ ਵਹਿਮ
ਭੁੱਖ ਦਾ ਤਿਲਸਮ ਤੋੜਨਾ, ਹੈ ਇੱਕ ਮਸਲਾ ਅਹਿਮ।

ਚੀਜ਼ਾਂ ਵਿੱਚੋਂ ਭੁੱਖ ਵਧੇ, ਚੀਜ਼ਾਂ ਦਾ ਸੰਤਾਪ
ਚੀਜ਼ਾਂ ਪਿੱਛੇ ਦੌੜ ਕੇ, ਲਹੇ ਨਾ ਮਨ ਦਾ ਤਾਪ।

ਬਾਹਰ,ਬਾਹਰ ਢੂੰਡਿਆ, ਅੰਦਰ ਲਿਆ ਵਿਸਾਰ
ਬਾਹਰ ਨੂੰ ਸਮਝਣ ਲਈ, ਅੰਦਰ ਦੀ ਰੱਖ ਸਾਰ।

ਅੰਤਮ ਸੱਚ ਨੂੰ ਪਾਉਣ ਲਈ, ਰੂਹ ਸੰਗ ਛੇੜ ਵਿਚਾਰ
ਪਰ ਮਿੱਟੀ ਦੇ ਜਿਸਮ ਦਾ, ਸਦਾ ਕਰੀਂ ਸਤਿਕਾਰ।

ਓਹੀਓ ਦਰ-ਦਰ ਭਟਕਦੇ, ਜੋ ਮਨ ਤੋਂ ਅਣਜਾਣ
ਮਨ ਹੀ ਤੇਰਾ ਮੈ-ਕਦਾ, ਇਹ ਤੀਰਥ-ਅਸਥਾਨ

.......................................................

ਇੱਕ ਲਾਲਚ ਦੀ ਵੇਦਨਾ, ਇੱਕ ਡਰ ਦਾ ਸੰਚਾਰ
ਇਹੀ ਮੇਰਾ ਬੋਝ ਨੇ, ਇਹ ਮੇਰੀ ਰਫ਼ਤਾਰ।

ਡਰ,ਲਾਲਚ ਦੀ ਉਪਜ ਹੈ, ਡਰ,ਲਾਲਚ ਦੀ ਮਾਰ
ਲਾਲਚ ਤੋਂ ਮੁੱਖ ਮੋੜਿਆਂ, ਡਰ ਨਾ ਕਰੇ ਖ਼ੁਆਰ।

ਇਹ ਮਰਮਰ ਦੀ ਮੂਰਤੀ, ਇਹ ਫੁੱਲਾਂ ਦੇ ਹਾਰ
ਇਹ ਸਭ ਮੋਹ ਦਾ ਰੂਪ ਹੈ, ਜਾਣਾ ਇਸ ਤੋਂ ਪਾਰ।

ਜੋ ਬਣਿਆ ਸੋ ਮਿਟ ਰਿਹਾ, ਮਿਟ ਕੇ ਫੇਰ ਤਿਆਰ
ਬਣਨ-ਮਿਟਣ ਦੀ ਖੇਡ ’ਚੋਂ, ਕਰ ਸੱਚ ਦਾ ਦੀਦਾਰ।

ਲੈਣਾ ਹੀ ਹੈ ਜ਼ਿੰਦਗੀ, ਇਹ ਸਾਹਾਂ ਦਾ ਸਾਰ
ਸੇਵਕ ਲੈਂਦੇ ਸ਼ਾਂਤੀ, ਸੰਤ ਲਵੇ ਸਤਿਕਾਰ।

ਫ਼ਰਕ ਬੜਾ ਹੈ ਲਾਜ਼ਮੀਂ, ਲੈਣ-ਲੈਣ ਵਿਚਕਾਰ
ਖੋਹ ਕੇ ਲੈਣਾ ਲਾਲਸਾ, ਦੇ ਕੇ ਲੈਣਾ ਪਿਆਰ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com
Phone:780 463 2886




C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

**ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।**

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

**Bus: (403) 717 - 0666**
**Cell: (403) 830 - 7007**

## Edmonton

**Bus: (780) 465 - 6900**
**Cell: (780) 906 - 4497**


MILLBOURNE ROAD
MEDICAL CLINIC
WALK-INS WELCOME FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Dr. Farhat Siddiqui (M.D.)
ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੋਪ ਬਨਾਉਣ ਦੇ ਮਾਹਿਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport,
PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


JELD-WEN WINDOWS & DOORS
ALEXANDRIA Moulding
Masonite
Fancy
DOORS & MOULDINGS LTD.
FALL SHOWCASE
CHECK OUT OUR QUALITY SELECTION
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
Bostonian
6-Panel, Pre-Hung
18" x 36"
MDF Jamb, 3 Hinges
Exterior Doors
Fibreglass
"Parliament"
Pre-Hung
(32" or 36" x80")
with 4.5" Jamb
6-Panel Steel Door
with Brick Moulding
Pre-Hung (32" or 36")
with 4.5" Jamb
French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF
Single or Double "Paris" Doors
Pantry Slab
Square Ring with Band
Exterior Wood Doors
Prefinished 32" x 32" x 96"
SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt
$15.00
Passage Knob
$10.99
MOULDING & MILLWORK
HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed
MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed
SAVE ON BATHROOM FIXTURES!
Infinity
4 Piece Bath Set
Robe Hook
Towel Bar
Towel Ring
Paper Holder
Sunglow
4 Piece Bath Set
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer.
Expires
November 31, 2012

## ਫ਼ੋਟੋ ਗੈਲਰੀ







# ਇਹ ਕੇਹੀ ਦਿਵਾਲੀ?

ਦਿਵਾਲੀ 'ਤੇ ਲੋਕ ਇਕ ਦੂਜੇ ਨੂੰ ਤੋਹਫੇ ਦੇਣਾ ਪਸੰਦ ਕਰਦੇ ਹਨ ਉਥੇ ਹੀ ਬੱਚੇ ਤੇ ਨੌਜਵਾਨ ਆਤਿਸ਼ਬਾਜੀ ਚਲਾਉਣਾ ਬੇਹਦ ਪਸੰਦ ਕਰਦੇ ਹਨ ਪਰ ਸ਼ਾਇਦ ਉਨ੍ਹਾਂ ਨੂੰ ਨਹੀਂ ਪਤਾ ਕਿ ਇਹ ਆਤਿਸ਼ਬਾਜੀ (ਪਟਾਕੇ ਆਦਿ) ਉਨ੍ਹਾਂ ਤੀਕ ਬਾਲ ਮਜ਼ਦੂਰਾਂ ਦੀ ਸਖਤ ਮਿਹਨਤ ਤੋਂ ਬਾਅਦ ਹੀ ਪਹੁੰਚਦੀ ਹੈ। ਆਤਿਸ਼ਬਾਜੀ ਨੂੰ ਸਾਡੇ ਤੱਕ ਪਹੁੰਚਾਉਣ ਲਈ ਲਗਾਈ ਜਾ ਰਹੀ ਸਖਤ ਮਿਹਨਤ ਦੌਰਾਨ ਅਚਨਚੇਤ ਵਾਪਰੇ ਹਾਦਸੇ ਕਾਰਨ ਇਹ ਨਿੱਕੇ-ਨਿੱਕੇ ਬੱਚੇ ਕਈ ਵਾਰ ਅੱਖਾਂ ਦੀ ਰੌਸ਼ਨੀ ਅਤੇ ਹੱਥਾਂ-ਪੈਰ੍ਹਾਂ ਤੋਂ ਤਾਂ ਵਾਞੇਂ ਤਾਂ ਹੋ ਹੀ ਜਾਂਦੇ ਹਨ ਤੇ ਕਈ ਵਾਰ ਜਿੰਦਗੀ ਤੋਂ ਵੀ ਹੱਥ ਧੋ ਬੈਠਦੇ ਹਨ। ਉਨ੍ਹਾਂ ਵੱਲੋਂ ਤਿਆਰ ਰੌਸ਼ਨੀ ਬਿਖੇਰਦੇ ਦੀਵਿਆਂ ਅਤੇ ਫੁੱਲਝੜੀਆਂ ਨੂੰ ਜਦ ਉਹ ਆਪਣੀਆਂ ਹਨੇਰੀਆਂ ਜਿੰਦਗੀਆਂ ਦੇ ਕਿਸੇ ਕੋਨੇ ਵਿੱਚੋਂ ਤੱਕਦੇ ਹਨ ਤਾਂ ਉਨ੍ਹਾਂ ਨੂੰ 'ਜਿਸਮਾਨੀ' ਪੀੜ੍ਹ ਨਹੀਂ ਸਗੋਂ 'ਜਿਹਨ' ਦੀ ਡੂੰਘੀ ਪੀੜ ਉਨ੍ਹਾਂ ਦਾ ਮਾਸੂਮ ਦਿਲ ਤਾਰ-ਤਾਰ ਕਰ ਜਾਂਦੀ ਹੈ। ਇਨ੍ਹਾਂ ਮਾਸੂਮ 'ਕਲਾਕਾਰਾਂ' ਦੇ ਦਰਦ ਨੂੰ ਵਡਾਉਂਣ ਦਾ ਕੁਝ ਯਤਨ ਕਰਦੇ ਹੋਏ ਇਹ ਵਿਸ਼ੇਸ਼ ਫ਼ੋਟੋ ਫੀਚਰ ਲੈ ਕੇ 'ਨਵੀਂ ਦੁਨੀਆ' ਦੇ ਪਾਠਕਾਂ ਦੇ ਰੂ-ਬ-ਰੂ ਹੋ ਰਹੇ ਹਾਂ।

ਕਿਰਤਮੀਤ










# Asian Western Grocery Store

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰ੍ਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

# ਹੁਣ ਉਚੇਰੀ ਸਿੱਖਿਆ ਸਰਕਾਰੀ ਸਹਾਇਤਾ ਦੀ ਥਾਂ ਮੁਨਾਫ਼ਾ ਅਧਾਰਿਤ:

## ਪ੍ਰੋ. ਜੈਪਾਲ ਸਿੰਘ



ਪਿਛਲੇ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਪ੍ਰੋ. ਜੈਪਾਲ ਸਿੰਘ ਨੇ ਗੌਰਮਿੰਟ ਕਾਲਜ ਟੀਚਰਜ਼ ਐਸੋਸੀਏਸ਼ਨ ਦੀ ਅਗਵਾਈ ਸੰਭਾਲੀ ਹੋਈ ਹੈ। ਸਰਕਾਰੀ ਕਾਲਜ ਅਧਿਆਪਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੀ ਇਹ ਇਕਲੌਤੀ ਜਥੇਬੰਦੀ ਹੈ। ਪ੍ਰੋ. ਜੈਪਾਲ ਸਿੰਘ ਖਾੜਕੂ ਵਿਦਿਆਰਥੀ ਘੋਲਾਂ ਦਾ ਪਿਛੋਕੜ ਰਖਦੇ ਹਨ ਤੇ ਉਨ੍ਹਾਂ ਦਾ ਪਰਿਵਾਰ ਵੀ ਲੋਕ ਹਿੱਤਾਂ ਦੇ ਸੰਘਰਸ਼ਾਂ ਨੂੰ ਸਮਰਪਿਤ ਰਿਹਾ ਹੈ। ਇਸ ਸਮੇਂ ਉਹ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ ਵਿਖੇ ਭੌਤਿਕ ਵਿਗਿਆਨ ਵਿਸ਼ੇ ਦੇ ਐਸੋਸੀਏਟ ਪ੍ਰੋਫੈਸਰ ਹਨ।

ਉਨ੍ਹਾਂ ਨਾਲ 'ਨਵੀਂ ਦੁਨੀਆ' ਦੇ ਪਾਠਕਾਂ ਲਈ ਇਹ ਮੁਲਾਕਾਤ ਸਾਡੇ ਸਹਿਯੋਗੀ ਪ੍ਰੋ. ਰਾਕੇਸ਼ ਰਮਨ ਨੇ ਕੀਤੀ ਹੈ।

**? ਨੇਤਾ ਬਣਨ ਦਾ ਬੀਜ ਕੀ ਤੁਹਾਡੇ ਬਚਪਨ ਵਿੱਚ ਹੀ ਬੀਜਿਆ ਗਿਆ ਸੀ? ਇਸ ਸੰਦਰਭ ਵਿੱਚ ਤੁਹਾਡੇ ਬਚਪਨ ਦੀਆਂ ਕੁੱਝ ਯਾਦਾਂ।**

ਮਾਫ਼ ਕਰਨਾ ਰਮਨ ਜੀ, ਮੈਂ ਕਦੇ ਵੀ ਆਪਣੇ ਆਪ ਨੂੰ ਨੇਤਾ ਨਹੀਂ ਮੰਨਿਆ, ਹਾਂ ਵਰਕਰ ਜ਼ਰੂਰ ਮੰਨਦਾ ਹਾਂ। ਇਹ ਅਗਵਾਈ ਕਰਨ ਦਾ ਗੁਣ ਸ਼ਾਇਦ ਮੈਨੂੰ ਮੇਰੇ ਦਾਦਾ ਜੀ ਸਰਦਾਰ ਹਜ਼ੂਰਾ ਸਿੰਘ ਮੌਟਰਾਂ ਤੇ ਮੇਰੇ ਬਾਪੂ ਜੀ ਗੁਰਬਖ਼ਸ਼ ਸਿੰਘ ਤੋਂ ਵਿਰਸੇ 'ਚ ਹੀ ਮਿਲਿਆ ਹੈ। ਮੇਰੇ ਦਾਦਾ ਜੀ ਪਰਜਾ-ਮੰਡਲ ਦੇ ਰਿਆਸਤ ਪਟਿਆਲਾ ਦੇ ਮੀਤ ਪ੍ਰਧਾਨ ਰਹੇ ਹਨ। ਉਹਨਾਂ ਰਜਵਾੜਾਸ਼ਾਹੀ ਵਿਰੁੱਧ ਲਹੂ ਵੀਟਵੀਂ ਲੜਾਈ ਲੜੀ ਤੇ ਹਜ਼ਾਰਾਂ ਮੁਜਾਹਿਰਿਆਂ ਨੂੰ ਜ਼ਮੀਨ ਦੇ ਪੱਕੇ ਮਾਲਕ ਬਣਾਉਣ ਲਈ ਘਰੋਂ ਬੇਘਰ ਹੋਏ। ਇੱਕ ਇੰਚ ਵੀ ਜ਼ਮੀਨ ਆਪ ਤਾਂ ਕੀ ਲੈਣੀ ਸੀ ਸਗੋਂ ਤਿੰਨ ਵਾਰ ਘਰ ਦੀ ਕੁਰਕੀ ਕਰਵਾਈ ਤੇ ਸਾਡੇ ਪਿੰਡ ਮੌਟਰਾਂ ਤੋਂ ਉਜੜ ਕੇ ਕਈ ਸਾਲ ਹੋਰ ਪਿੰਡ ਅਸਰਪੁਰ ਵਿਖੇ ਵਸੇ ਰਹੇ।

ਮੇਰੇ ਬਾਪੂ ਜੀ ਵੀ ਸਾਡੇ ਤਿੰਨ ਪਿੰਡਾਂ ਮੌਟਰਾਂ, ਬਾਲਦ ਖੁਰਦ ਤੇ ਨੰਦਗੜ ਦੇ ਸਰਬ ਸੰਮਤੀ ਨਾਲ ਸਰਪੰਚ ਰਹੇ। ਉਹਨਾਂ ਨੇ ਪਰਤਾਪ ਸਿੰਘ ਕੈਰੋਂ ਵੱਲੋਂ ਲਾਏ ਖੁਸ਼-ਹੈਸੀਅਤੀ ਟੈਕਸ ਵਿਰੁੱਧ ਲੱਗੇ ਮੋਰਚੇ 'ਚ ਜੇਲ੍ਹ ਕੱਟੀ ਤੇ ਕਿਸਾਨ ਹਿੱਤਾਂ ਲਈ ਲੜਾਈ ਲੜਦੇ ਰਹੇ।

ਬਚਪਨ ਦੀ ਅਮਿਟ ਯਾਦਾਂ ਵਿੱਚ ਮੇਰੇ ਪਿਤਾ ਜੀ ਦੀ ਬੇਵਕਤੀ ਮੌਤ ਹੈ ਜਿਸ ਨਾਲ ਜਿੱਥੇ ਮੈਨੂੰ ਗਹਿਰਾ ਸਦਮਾ ਪੁੱਜਾ ਉੱਥੇ ਕੁੱਝ ਕਰਨ ਦੀ ਤਮੰਨਾ ਵੀ ਭਾਰੀ ਹੋਈ।

**? ਬਚਪਨ ਵਿੱਚ ਕਿਹੜੇ ਵਿਅਕਤੀਆਂ ਅਤੇ ਕਿਹੜੀਆਂ ਘਟਨਾਵਾਂ ਦਾ ਪ੍ਰਭਾਵ ਕਬੂਲ ਕੀਤਾ।**

ਮੇਰੇ ਦਾਦਾ ਜੀ ਦੇ ਕੁਰਬਾਨੀ ਭਰੇ ਤੇ ਲੋਕਾਂ ਲਈ ਲੜ-ਮਰਨ ਦੇ ਵੱਖ-ਵੱਖ ਲੋਕਾਂ ਤੋਂ ਸੁਣੇ ਕਿੱਸੇ ਮੇਰੀ ਜ਼ਿੰਦਗੀ ਦੀ ਤੋਰ ਨੂੰ ਸੇਧਤ ਕਰਦੇ ਰਹੇ ਹਨ ਤੇ ਹੁਣ ਵੀ ਕਰ ਰਹੇ ਹਨ।

**? ਪੜ੍ਹਾਈ-ਲਿਖਾਈ ਲਈ ਕਿਹੋ ਜਿਹਾ ਮਹੌਲ ਮਿਲਿਆ, ਕਿਨ੍ਹਾਂ ਨੇ ਹੱਲਾਸ਼ੇਰੀਆਂ ਦਿੱਤੀਆਂ ਤੇ ਕਿੱਥੋਂ ਦੁਸ਼ਵਾਰੀਆਂ ਝੱਲਣੀਆਂ ਪਈਆਂ।**

ਪੜ੍ਹਾਈ-ਲਿਖਾਈ ਜਿੱਥੋਂ ਤੱਕ ਸਕੂਲਾਂ ਦੇ ਮਹੌਲ ਦਾ ਸਬੰਧ ਹੈ ਉਸ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਸਾਡੇ ਪਿੰਡ ਨੂੰ ਕੋਈ ਪਬਲਿਕ ਟਰਾਂਸਪੋਰਟ ਦਾ ਸਾਧਨ ਅੱਜ ਤੱਕ ਵੀ ਨਾ ਹੋਣ ਕਰਕੇ, ਉਦੋਂ ਅਧਿਆਪਕ ਸਾਡੇ ਪਿੰਡ ਹੀ ਰਹਿੰਦੇ ਹੁੰਦੇ ਸਨ ਤੇ ਉਨ੍ਹਾਂ ਲਈ ਰੋਟੀ, ਚਾਹ ਆਦਿ ਲਈ ਸਾਡੇ ਸਾਰਿਆਂ ਦੀ ਵਾਰੀ ਲੱਗੀ ਹੁੰਦੀ ਸੀ, ਤੇ ਉਹ ਵੀ ਬੜੀ ਲਗਨ ਤੇ ਤਨਦੇਹੀ ਨਾਲ ਪੜਾਉਂਦੇ ਹੁੰਦੇ ਸਨ। ਫਿਰ ਸਰਕਾਰੀ ਮਿਡਲ ਸਕੂਲ ਬਾਲਦ ਕਲਾਂ ਵੀ ਸਾਰੇ ਅਧਿਆਪਕ ਚੰਗੇ ਮਿਲੇ। ਮੇਰੇ ਲਈ ਆਦਰਸ਼ ਬਣੇ ਅਧਿਆਪਕ ਸਰਦਾਰ ਹਰਕੀਰਤ ਸਿੰਘ ਜੀ, ਜਿਨ੍ਹਾਂ ਨੇ ਪਿਛੇ ਜਿਹੇ ਹੀ ਸਾਨੂੰ ਵਿਛੋੜਾ ਦਿਤਾ ਹੈ। ਇਸੇ ਸਕੂਲ ਵਿੱਚ ਉਹ ਉਦੋਂ ਆਏ ਜਦੋਂ ਮੈਂ ਅੱਠਵੀਂ ਜਮਾਤ ਵਿਚ ਸੀ। ਉਹਨਾਂ ਨੇ ਸਾਨੂੰ ਗਰਮੀਆਂ ਦੀਆਂ ਅੱਧੀਆਂ ਤੋਂ ਵੱਧ ਛੁੱਟੀਆਂ ਵਿੱਚ ਸਕੂਲ ਸੱਦਿਆ ਤੇ ਇੱਕੋ ਵਾਕ ਦੀ ਸਾਰੇ ਕਾਲਾਂ ਵਿੱਚ ਵਰਤੋਂ ਕਰਨੀ, ਉਨ੍ਹਾਂ ਕਰਮਣੀ ਤੋਂ ਕਰਤਰੀ ਅਤੇ ਕਰਤਰੀ ਤੋਂ ਕਰਮਣੀਵਾਚਕ ਬਣਾਉਣਾ ਸਿਖਾਇਆ ਤੇ ਲੇਖ ਤਾਂ ਕਦੇ ਯਾਦ ਹੀ ਨਹੀਂ ਸੀ ਕਰਵਾਉਂਦੇ, ਬਲਕਿ ਆਪ ਲੇਖ ਲਿਖਣ ਲਈ ਉਤਸ਼ਾਹਿਤ ਕਰਦੇ ਸਨ। ਉਹਨਾਂ ਕੋਲ ਪੜ੍ਹੇ ਅੱਜ ਤੱਕ ਵੀ ਉਹਨਾਂ ਦੀ ਸਖ਼ਸ਼ੀਅਤ ਤੋਂ ਪ੍ਰਭਾਵਿਤ ਹਨ।

**ਦੁਸ਼ਵਾਰੀਆਂ-** ਇਹ ਤਾਂ ਜ਼ਿੰਦਗੀ ਦਾ ਹਿੱਸਾ ਹਨ। ਚੰਗੀ-ਮੰਦੀ ਆਰਥਿਕ ਹਾਲਤ ਹੀ ਉਨ੍ਹਾਂ ਦੀ ਜ਼ਿੰਮੇਵਾਰ ਸੀ। ਸਰਕਾਰੀ ਜ਼ਬਰ ਦੇ ਭੰਨੇ ਛੋਟੇ ਕਿਸਾਨ ਦੀ ਮਾਲੀ ਹਾਲਤ ਪਹਿਲਾਂ ਹੀ ਕਮਜ਼ੋਰ ਹੋਵੇ, ਉੱਤੋਂ ਮੇਰੇ ਪਿਤਾ ਜੀ ਦੀ ਮੌਤ ਅਤੇ ਭਰਾ ਨੂੰ ਸ਼ਰਾਬ ਦੀ ਆਦਤ, ਇਹਨਾਂ ਦੁਸ਼ਵਾਰੀਆਂ ਵਿੱਚ ਵਾਧਾ ਹੀ ਕਰਦੀ ਸੀ। ਪਰ ਮੇਰੀ ਬੇਬੇ ਜੀ ਜਿਉਣ ਕੌਰ ਦਾ ਬੁਲੰਦ ਹੌਸਲਾ ਇਹਨਾਂ ਦੁਸ਼ਵਾਰੀਆਂ ਲਈ ਸਭ ਤੋਂ ਵੱਡੀ ਢਾਲ ਸੀ।

**? ਅਕਾਦਮਿਕ ਖੇਤਰ ਵਿੱਚ ਕੀ ਪ੍ਰਾਪਤੀਆਂ ਰਹੀਆਂ।**

ਮੈਂ ਸ਼ੁਰੂ 'ਚ ਹੀ ਪੜ੍ਹਨ ਵਿੱਚ ਹੁਸ਼ਿਆਰ ਸੀ। ਚਾਹੇ ਮੈਂ ਛੋਟਾ ਹੁੰਦਾ ਪੜ੍ਹਾਈ ਦੇ ਨਾਲ-ਨਾਲ ਡੰਗਰ ਚਾਰਨ, ਪੱਠੇ ਵੱਢਣ, ਵਾਢੀ ਕਰਨ, ਰਾਤ ਨੂੰ ਸੂਏ ਦਾ ਪਾਣੀ ਲਾਉਣ ਦਾ ਕੰਮ, ਇੱਥੋਂ ਤੱਕ ਕਿ ਵੱਡੇ ਹੋ ਕੇ ਬਲਦਾਂ ਨਾਲ ਹਲ-ਵਾਹੁਣ ਤੇ ਸਾਰੀ-ਸਾਰੀ ਰਾਤ ਕਣਕ ਦੀ ਕਟਾਈ ਦਾ ਕੰਮ ਵੀ ਕਰਦਾ ਰਿਹਾ ਹਾਂ। ਪਰ ਫਿਰ ਵੀ ਮੈਂ ਪੰਜਵੀਂ, ਅੱਠਵੀਂ ਅਤੇ ਦਸਵੀਂ ਦੇ ਇਮਤਿਹਾਨਾਂ ਵਿੱਚ ਆਪਣੇ ਸਕੂਲ 'ਚੋਂ ਪਹਿਲੇ ਨੰਬਰ 'ਤੇ ਰਿਹਾ। ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿੱਚੋਂ ਵੀ ਪਹਿਲੇ ਸਥਾਨ 'ਤੇ ਰਿਹਾ ਅਤੇ ਬੀ ਐਸ ਸੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚੋਂ ਚੌਥੀ ਪੁਜੀਸ਼ਨ ਹਾਸਲ ਕੀਤੀ।

**? ਆਮ ਕਰਕੇ ਵਿਗਿਆਨ ਵਿਸ਼ਿਆਂ ਦੇ ਕਾਲਜ ਅਧਿਆਪਕ ਵਿੱਤੀ ਪੱਖ ਤੋਂ ਲਾਭਦਾਇਕ ਕੰਮਾਂ ਨੂੰ ਤਰਜੀਹ ਦਿੰਦੇ ਹਨ, ਤੁਸੀਂ ਸ਼ਾਇਦ ਅਜਿਹਾ ਨਹੀਂ ਕੀਤਾ, ਕਿਉਂ।**

ਵਿੱਤੀ ਲਾਭ ਵਾਲੇ ਕੰਮ ਅਤੇ ਅਧਿਆਪਨ ਆਪਸ ਵਿੱਚ ਮੇਲ ਨਹੀਂ ਖਾਂਦੇ। ਜੇਕਰ ਕੋਈ ਵੀ ਅਧਿਆਪਕ ਅਜਿਹਾ ਸੋਚਦਾ ਹੈ ਤਾਂ ਸ਼ਾਇਦ ਉਸਦੇ ਅਧਿਆਪਕ ਹੋਣ 'ਚ ਕੋਈ ਕਸਰ ਹੈ। ਹਾਂ ਮੈਂ ਉਹਨਾਂ ਅਧਿਆਪਕਾਂ ਦੇ ਵਿਰੁੱਧ ਨਹੀਂ ਜੋ ਕਾਲਜ ਵਿੱਚ ਆਪਣੀਆਂ ਅਧਿਆਪਨ ਤੇ ਹੋਰ ਡਿਊਟੀਆਂ ਤਨਦੇਹੀ ਨਾਲ ਨਿਭਾਉਣ ਤੋਂ ਬਾਅਦ ਵੀ ਕੁੱਝ ਟਿਊਸ਼ਨ ਕਰ ਲੈਂਦੇ ਹਨ। ਮੇਰਾ ਟਿਊਸ਼ਨ ਤੋਂ ਲਗਭਗ ਪੂਰੀ ਤਰ੍ਹਾਂ (ਸਿਵਾਏ ਥੋੜਾ ਕੁ ਸਮਾਂ ਉਹ ਵੀ ਖਾਸ ਹਾਲਤਾਂ ਕਾਰਨ) ਨਿਰਲੇਪ ਰਹਿਣ ਦਾ ਕਾਰਨ ਸ਼ਾਇਦ ਇਹ ਵੀ ਹੈ ਕਿ ਮੈਂ ਸਮਾਜਿਕ ਪ੍ਰਤੀਬੱਧਤਾ ਵਿੱਚ ਯਕੀਨ ਰੱਖਦਾ ਹਾਂ ਤੇ ਮੇਰਾ ਮੰਨਣਾ ਹੈ ਕਿ ਗਰੀਬ ਤੇ ਦਬੇ-ਕੁਚਲੇ ਵਰਗਾਂ ਦੇ ਬੱਚੇ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ ਜੇ ਅਮੀਰਾਂ ਦੇ ਬੱਚਿਆਂ ਨੂੰ ਟਿਊਸ਼ਨ ਦਿੱਤੀ ਜਾਵੇ।

**? ਕੀ ਕੋਈ ਪਛਤਾਵਾ ਤਾਂ ਨਹੀਂ, ਭਾਵ ਕੋਚਿੰਗ ਸੈਂਟਰ ਨਾ ਖੋਲ੍ਹਣ ਦਾ।**

ਪਛਤਾਵਾ ਇਸ ਗੱਲ ਦਾ ਨਹੀਂ ਕਿ ਕੋਚਿੰਗ ਸੈਂਟਰ ਕਿਉਂ ਨਹੀਂ ਖੋਲ੍ਹਿਆ ਪਰ ਇਸ ਗੱਲ ਦਾ ਜ਼ਰੂਰ ਹੈ ਕਿ ਉਹ ਸਿਸਟਮ ਜਿਸ ਰਾਹੀਂ ਕੋਚਿੰਗ ਹੀ ਇੱਕੋ-ਇੱਕ ਜ਼ਰੀਆ ਹੈ ਚੰਗੀਆਂ ਸੰਸਥਾਵਾਂ ਵਿੱਚ ਦਾਖ਼ਲ ਹੋਣ ਦਾ, ਵਿਰੁੱਧ ਕਾਰਗਰ ਲੜਾਈ ਨਹੀਂ ਲੜ ਸਕਿਆ।

**? ਟਰੇਡ ਯੂਨੀਅਨ ਵੱਲ ਪਹਿਲਕਦਮੀ ਕਿਵੇਂ ਹੋਈ।**

ਟਰੇਡ ਯੂਨੀਅਨ ਦੀ ਪਹਿਲੀ ਪੇਸ਼ਕਦਮੀ ਵਿਦਿਆਰਥੀ ਯੂਨੀਅਨ ਤੋਂ ਸ਼ੁਰੂ ਕੀਤੀ। ਮੈਂ ਐਸ ਐਫ ਆਈ ਦੇ ਕਾਰਕੁੰਨ ਅਤੇ ਸੂਬਾ ਐਗਜੈਕਟਿਵ ਮੈਂਬਰ ਵਜੋਂ ਐਮਰਜੈਂਸੀ ਦੌਰਾਨ ਵਿਦਿਆਰਥੀ ਮੰਗਾਂ ਲਈ ਅਵਾਜ਼ ਚੁੱਕਦਾ ਰਿਹਾਂ। ਉਦੋਂ ਹੋਰ ਮੰਗਾਂ ਦੇ ਨਾਲ-ਨਾਲ ਇਹ ਉਭਰਵੀਂ ਮੰਗ ਹੁੰਦੀ ਸੀ ਕਿ ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਦੀਆਂ ਫੀਸਾਂ/ ਫੰਡ ਸਰਕਾਰੀ ਸੰਸਥਾਵਾਂ ਦੇ ਬਰਾਬਰ ਕੀਤੀਆਂ ਜਾਣ ਤੇ ਰੁਜ਼ਗਾਰ ਗਰੰਟੀ ਨੂੰ ਸੰਵਿਧਾਨਕ ਹੱਕ ਮੰਨਿਆ ਜਾਵੇ, ਜਿਸ ਵਿੱਚ ਹਰ ਇੱਕ ਲਈ (ਬਿਨਾ ਆਰਥਿਕ, ਜਾਤ, ਨਸਲ ਦੇ ਵਿਤਕਰੇ ਤੋਂ) ਬਰਾਬਰ ਦੇ ਮੌਕੇ ਹੋਣ, ਜੋ ਕਿ ਆਰਥਿਕ ਨਾ-ਬਰਾਬਰੀ ਵਾਲੇ ਸਮਾਜ 'ਚ ਸੰਭਵ ਨਹੀਂ।

**? ਇੱਕ ਪੜ੍ਹੇ-ਲਿਖੇ ਤੇ ਆਰਥਿਕ ਪੱਖੋਂ ਸੰਪੰਨ ਕਾਲਜ ਅਧਿਆਪਕਾਂ ਦੀ ਅਗਵਾਈ ਕਰਨ ਵਿੱਚ ਕੀ ਸੁਵਿਧਾਵਾਂ ਤੇ ਕੀ ਦਿੱਕਤਾਂ ਹਨ।**

**ਸੁਵਿਧਾਵਾਂ** ਤਾਂ ਇਹ ਹਨ ਕਿ ਇੱਕ ਲੋੜੀਂਦੀ ਮਾਤਰਾ ਵਿੱਚ ਓਨੇ ਕੁ ਅਧਿਆਪਕ ਜ਼ਰੂਰ ਮਿਲ ਜਾਂਦੇ ਹਨ ਜੋ ਹਰ ਹਾਲ ਜਥੇਬੰਦੀ ਨਾਲ ਜੁੜੇ ਰਹਿੰਦੇ ਹਨ ਤੇ ਜਥੇਬੰਦੀ ਚੱਲਦੀ ਰਹਿੰਦੀ ਹੈ। ਦਿੱਕਤਾਂ ਇੱਕ ਨਹੀਂ, ਕਈ ਹਨ। ਕੁੱਝ ਹਿੱਸਾ ਅਜਿਹਾ ਹੁੰਦਾ ਹੈ ਜੋ ਛੋਟੀਆਂ ਬੱਚਤਾਂ ਦਾ ਆਦੀ ਹੈ ਤੇ ਜਥੇਬੰਦੀ ਦੀ ਮੈਂਬਰਸ਼ਿਪ ਤੱਕ ਵੀ ਦੇਣਾ ਨਹੀਂ ਚਾਹੁੰਦਾ ਤੇ ਨਾਕਾਰਾਤਮਕ ਅਲੋਚਨਾ ਕਰਦਾ ਹੈ। ਦੂਸਰੀ ਦਿੱਕਤ ਇਹ ਕਿ ਬਹੁਤ ਵੱਡਾ ਹਿੱਸਾ ਆਰਥਿਕਤਾਵਾਦ ਦਾ ਬੁਰੀ ਤਰ੍ਹਾਂ ਸ਼ਿਕਾਰ ਹੈ। ਇਹ ਸੱਚ ਹੈ ਕਿ ਆਰਥਿਕ ਲੜਾਈ ਹੀ ਮੈਂਬਰਾਂ ਨੂੰ ਆਕਰਸ਼ਿਤ ਕਰਦੀ ਹੈ ਪਰ ਸਮਾਜਿਕ ਤੌਰ 'ਤੇ ਚੇਤਨ ਹੋ ਕੇ ਉਹਨਾਂ ਮੁੱਦਿਆਂ 'ਤੇ ਸਮਾਜਿਕ ਅਗਵਾਈ ਦੇਣਾ ਵੀ ਸਾਡਾ ਕੰਮ ਹੈ, ਇਹ ਕੰਮ ਨਾ ਹੋਣ ਦੇ ਬਰਾਬਰ ਹੈ।

**? ਟਰੇਡ ਯੂਨੀਅਨ ਰਾਹੀਂ ਕਾਲਜ ਅਧਿਆਪਕਾਂ ਨੇ ਹੁਣ ਤੱਕ ਕਿਹੜੀਆਂ ਪੜਾਅਵਾਰ ਪ੍ਰਾਪਤੀਆਂ ਕੀਤੀਆਂ ਹਨ।**

ਟਰੇਡ ਯੂਨੀਅਨ ਦੇ ਦਖ਼ਲ ਸਦਕਾ ਹੀ 1968 ਵਿੱਚ ਬਣੇ ਕੋਠਾਰੀ ਕਮਿਸ਼ਨ ਨੇ ਸਿੱਖਿਆ 'ਤੇ ਜੀ ਡੀ ਪੀ ਦਾ 5 ਪ੍ਰਤੀਸ਼ਤ ਖਰਚ ਕਰਨ ਦੀ ਸਿਫਾਰਿਸ਼ ਕੀਤੀ ਸੀ। ਟਰੇਡ ਯੂਨੀਅਨਾਂ ਕਾਰਨ ਹੀ ਕਾਲਜ ਅਧਿਆਪਕਾਂ ਲਈ ਦੇਸ਼ ਭਰ ਵਿੱਚ ਇੱਕਸਾਰ ਪੇ ਸਕੇਲ ਬਣੇ ਹਨ। ਇਹ ਵੱਖਰੀ ਗੱਲ ਹੈ ਕਿ ਕਈ ਰਾਜ ਸਰਕਾਰਾਂ ਨੇ ਮੰਗਣਾ ਘੋਲੀਆਂ ਹਨ। ਇੱਕਸਾਰ ਤਨਖ਼ਾਹ ਸਕੇਲ ਤੇ ਇੱਕਸਾਰ ਸੇਵਾ ਸ਼ਰਤਾਂ (ਸਾਰੇ ਦੇਸ਼ ਦੇ ਕਾਲਜ ਅਤੇ ਯੂਨੀਵਰਸਿਟੀਆਂ ਵਿੱਚ) ਦੇ ਲਾਗੂ ਹੋਣ ਨੂੰ ਸੁਖਾਲਾ ਕਰਨ ਲਈ ਕੇਂਦਰ ਸਰਕਾਰ ਤੋਂ 80 ਪ੍ਰਤੀਸ਼ਤ ਕੇਂਦਰੀ ਸਹਾਇਤਾ ਦਾ ਉਪਬੰਧ ਵੀ ਕਰਵਾਇਆ ਗਿਆ ਹੈ।

**? ਤੁਹਾਡੀ ਅਗਵਾਈ 'ਚ ਕਾਲਜ ਅਧਿਆਪਕਾਂ ਨੂੰ ਕੀ ਹਾਸਿਲ ਹੋਇਆ।**

ਜਦੋਂ ਸੰਨ 2000 ਵਿੱਚ ਸਾਡੀ ਟੀਮ ਨੇ ਸਰਕਾਰੀ ਕਾਲਜ ਅਧਿਆਪਕ ਐਸੋਸੀਏਸ਼ਨ ਦਾ ਕਾਰਜਭਾਰ ਸੰਭਾਲਿਆ, ਉਦੋਂ ਯੂ ਜੀ ਸੀ ਦੀ ਨੋਟੀਫਿਕੇਸ਼ਨ (24-12-98) ਦੀਆਂ ਬਹੁਤ ਸਾਰੀਆਂ ਮੱਦਾਂ 'ਤੇ 12-1-88 ਦੀ ਪੰਜਾਬ ਸਰਕਾਰ ਦੀਆਂ ਨੋਟੀਫਿਕੇਸ਼ਨ ਦੀਆਂ ਮੱਦਾਂ ਲਾਗੂ ਨਹੀਂ ਸਨ, ਉਦਾਹਰਣ ਦੇ ਤੌਰ 'ਤੇ 1-1-86 ਤੋਂ 24-02-89 ਤਕ ਸੇਵਾ ਵਿੱਚ ਆਏ ਅਧਿਆਪਕਾਂ ਨੂੰ ਐਮ ਫਿਲ, ਪੀ ਐਚ ਡੀ ਦੀਆ ਅਗਾਊਂ ਤਰੱਕੀਆਂ ਨਾ ਮਿਲਣਾ, ਪਿਛਲੀ ਕੀਤੀ ਐਡਹਾਕ ਸੇਵਾ ਦਾ ਲਾਭ ਨਾ ਮਿਲਣਾ। ਅੰਤਰ ਡਿਸਪਲਿਨਰੀ ਰਿਫ੍ਰੈਸ਼ਰ ਕੋਰਸਾਂ ਨੂੰ ਮਾਨਤਾ ਨਾ ਦੇਣਾ। ਯੂ ਜੀ ਸੀ ਦੀਆਂ ਚਿੱਠੀਆਂ ਮੁਤਾਬਿਕ ਰਿਫਰੈਸ਼ਰ ਕੋਰਸਾਂ/ ਔਰੀਐਂਟੇਸ਼ਨ ਕੋਰਸਾਂ ਨੂੰ ਪੂਰੇ ਕਰਨ ਦੀ ਮਿਤੀ ਵਿੱਚ ਢਿੱਲ ਨਾ ਦੇਣਾ, ਕੈਰੀਅਰ ਐਡਵਾਂਸਮੈਂਟ ਸਕੀਮ 27-07-98 ਦੀ ਬਿਜਾਏ 12-3-99 ਤੋਂ ਲਾਗੂ ਕਰਨ ਦੀ ਜਿੱਦ ਕਰਨਾ। ਇਹ ਸਭ ਕੁੱਝ ਲੜਾਈ ਲੜ ਕੇ ਲਾਗੂ ਕਰਵਾਇਆ ਗਿਆ। ਟੇਕਨ ਓਵਰ ਕਾਲਜਾਂ ਦੇ ਅਧਿਆਪਕਾਂ ਨੂੰ ਰੈਗੂਲਰ ਕਰਵਾਇਆ ਗਿਆ।

ਮੌਜੂਦਾ ਨੋਟੀਫਿਕੇਸ਼ਨ ਲਈ ਵਿਚਾਰਧਾਰਕ ਅਧਾਰ ਮੁਹੱਈਆ ਕਰਵਾਇਆ ਗਿਆ ਜਿਸ ਦੇ ਸਿੱਟੇ ਵਜੋਂ ਕੇਂਦਰੀ ਸਰਕਾਰ ਨੇ ਸਭ ਲਈ ਬਿਨਾ ਵਿਤਕਰੇ ਤੋਂ ਪੇ-ਬੈਂਡ-4 (37400-67000) ਪਲੱਸ 9000 ਗਰੇਡ ਨੋਟੀਫਾਈ ਕੀਤਾ। ਪੰਜਾਬ ਸਰਕਾਰ ਤੋਂ ਕੇਂਦਰੀ ਸਰਕਾਰ ਦੀ ਨੋਟੀਫਿਕੇਸ਼ਨ ਇੰਨ-ਬਿੰਨ (ਰਿਟਾਇਰਮੈਂਟ ਉਮਰ ਨੂੰ ਛੱਡ ਕੇ) ਲਾਗੂ ਕਰਵਾਈ ਗਈ। ਕੁੱਝ ਅਧਿਆਪਕਾਂ 'ਤੇ ਲਾਗੂ ਕਰਨ ਤੋਂ ਇਨਕਾਰ ਕਰਨ ਖ਼ਿਲਾਫ਼ ਡਟ ਕੇ ਲੜਿਆ ਗਿਆ। ਇਸ ਸਭ ਤੋਂ ਉੱਪਰ ਘੱਟੋ-ਘੱਟ ਸਰਕਾਰੀ ਕਾਲਜਾਂ ਨਾਲ ਡੀਲ ਕਰਦੀਆਂ ਬਰਾਂਚਾਂ ਵਿੱਚ ਪਨਪਦੇ ਭ੍ਰਿਸ਼ਟਾਚਾਰ ਖ਼ਿਲਾਫ਼ ਬੇਕਿਰਕ ਲੜਾਈ ਲੜੀ ਗਈ। ਵੱਖ-ਵੱਖ ਮੰਤਰੀਆਂ ਤੇ ਸਕੱਤਰਾਂ/ਪ੍ਰਿੰਸੀਪਲ ਸਕੱਤਰਾਂ ਨੂੰ ਸਾਡੇ ਨਾਲ ਕੀਤੀਆਂ ਮੀਟਿੰਗਾਂ ਦੀਆਂ ਪਰੋਸੀਡਿੰਗਜ਼ ਦੇਣ ਨੂੰ ਸਹਿਮਤ ਕਰਵਾਇਆ ਗਿਆ। ਚਾਹੇ ਬਹੁਤ ਸਾਰੇ ਨਵੇਂ-ਪੁਰਾਣੇ ਮੁੱਦੇ ਅਜੇ ਵੀ ਪੈਂਡਿੰਗ ਹਨ। ਪਰ ਮੈਨੂੰ ਲੱਗਦਾ ਹੈ ਕਿ ਕਾਲਜ ਅਧਿਆਪਕਾਂ ਦਾ ਐਸੋਸੀਏਟ ਪ੍ਰੋਫੈਸਰ ਬਣਨਾ ਹੋਰ ਵੀ ਵੱਡੀ ਗੱਲ ਹੋਵੇਗੀ। ਇੱਥੋਂ ਤੱਕ ਕਿ ਕੁੱਝ ਤਾਕਤਾਂ ਵੱਲੋਂ ਸਾਡੀ ( ਡੀ ਪੀ ਆਈ ਸੀ ਸੀ ) ਦੀਆਂ ਪੋਸਟਾਂ 'ਤੇ ਆਈ ਏ ਐਸ ਜਾਂ ਪੀ ਸੀ ਐਸ ਲਾਉਣ ਦੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਬਣਾਉਣਾ ਕੋਈ ਨਿੱਕੀ ਗੱਲ ਨਹੀਂ।



ਪ੍ਰੋ. ਜੈਪਾਲ ਸਿੰਘ ਆਪਣੀ ਜੀਵਨ ਸਾਥਣ ਪ੍ਰੋ. ਸੁਰਿੰਦਰ ਕੌਰ ਨਾਲ ।



ਡਾ. ਅਸ਼ੋਕ ਬਰਮਨ (ਜਨਰਲ ਸਕੱਤਰ AIFUCTO) ਨੂੰ ਮੋਮੈਂਟੋ ਦਿੰਦਿਆਂ ਪ੍ਰੋ. ਜੈਪਾਲ, ਡਾ. ਜਗਵੰਤ ਸਿੰਘ ਤੇ ਹੋਰ।




**ਪੰਜਾਬ ਗੌਰਮਿੰਟ ਕਾਲਜ ਟੀਚਰਜ਼ ਐਸੋਸੀਏਸ਼ਨ ਵੱਲੋਂ ਆਯੋਜਿਤ ਮੁਜ਼ਾਹਰੇ 'ਚ ਸ਼ਾਮਿਲ ਅਧਿਆਪਕ**

**? ਸਰਕਾਰੀ ਕਾਲਜ ਅਧਿਆਪਕਾਂ 'ਚ ਟਰੇਡ ਯੂਨੀਅਨ ਦੀ ਕੀ ਸਥਿਤੀ ਹੈ, ਕੀ ਕਾਲਜ ਅਧਿਆਪਕਾਂ ਵਿਚਲਾ ਵਿਅਕਤੀਵਾਦੀ ਤੇ ਕਿੱਤਾ-ਮੁੱਖੀ ਰੁਝਾਨ ਟਰੇਡ ਯੂਨੀਅਨ ਨੂੰ ਕਿਸੇ ਨਾ ਕਿਸੇ ਤਰ੍ਹਾਂ ਢਾਹ ਤਾਂ ਨਹੀਂ ਲਾ ਰਿਹਾ।**

ਸਹੀ ਅਰਥਾਂ ਵਿੱਚ ਟਰੇਡ ਚੇਤਨਾ ਦੀ ਸਾਡੇ ਅਧਿਆਪਕਾਂ ਵਿੱਚ ਵੱਡੀ ਘਾਟ ਹੈ। ਸਾਰੇ ਸਮਾਜ ਵਿੱਚ ਵਿਆਪਕ ਵਿਅਕਤੀਵਾਦੀ ਤੇ ਕਰੀਅਰਪੱਖੀ ਰੁਝਾਨ ਹੋਰ ਖੇਤਰਾਂ ਸਮੇਤ ਅਧਿਆਪਕਾਂ ਵਿੱਚ ਵੀ ਟਰੇਡ ਯੂਨੀਅਨ ਨੂੰ ਢਾਹ ਲਾ ਰਿਹਾ ਹੈ। ਦਰਅਸਲ ਅਸੀਂ ਸਿੱਖਿਆ ਦੀ ਮੁਢਲੀ ਪਰਿਭਾਸ਼ਾ ਤੋਂ ਹੀ ਭਟਕ ਗਏ ਹਾਂ ਜਿਸ ਮੁਤਾਬਕ ਸਿੱਖਿਆ ਦਾ ਮਨੋਰਥ ਵਿਅਕਤੀ ਨੂੰ ਚੇਤਨ ਮਨੁੱਖ ਬਣਾਉਣਾ ਹੈ। ਪਰ ਹੁਣ ਦੇਸ਼ ਭਰ ਵਿੱਚ ਸਾਰਾ ਜ਼ੋਰ ਸਿੱਖਿਆ ਨੂੰ ਖਰੀਦੀ-ਵੇਚੀ ਜਾਣ ਵਾਲੀ ਵਸਤੂ ਦੇ ਤੌਰ 'ਤੇ ਪੇਸ਼ ਕਰਨ ਲਈ ਲੱਗਿਆ ਹੋਇਆ ਹੈ।

**? ਕੀ ਵਿੱਤੀ ਲਾਭਾਂ ਤੋਂ ਬਗੈਰ ਵੀ ਕਾਲਜ ਅਧਿਆਪਕਾਂ ਨਾਲ ਕੋਈ ਸਰੋਕਾਰ ਹੈ।**

ਜੇ ਸਹੀ ਪੁੱਛੋ ਤਾਂ ਮੈਂ ਜਾਤੀ ਤੌਰ 'ਤੇ ਨਿਰੋਲ ਵਿੱਤੀ ਲਾਭਾਂ ਲਈ ਕਾਲਜ ਅਧਿਆਪਕਾਂ ਨਾਲ ਸਰੋਕਾਰ ਨਹੀਂ ਰੱਖਦਾ, ਇਸਦੇ ਨਾਲ ਹੀ ਮੈਂ ਉਮੀਦ ਕਰਦਾ ਹਾਂ ਕਿ ਇੱਕ ਚੰਗਾ-ਖਾਸਾ ਹਿੱਸਾ ਸਮਾਜਿਕ ਸਰੋਕਾਰ ਵੀ ਰੱਖੇ। ਮੈਨੂੰ ਖੁਸ਼ੀ ਹੈ ਕਿ ਸਾਡੇ ਅੰਦਰ ਸਭ ਖਾਮੀਆਂ ਦੇ ਬਾਵਜੂਦ ਅਜੇ ਵੀ ਕੁੱਝ ਲੋਕ ਅਜਿਹੇ ਹਨ (ਚਾਹੇ ਬਹੁਤ ਹੀ ਥੋੜੇ ਆਟੇ 'ਚ ਲੂਣ ਮੁਤਾਬਿਕ) ਜੋ ਨਿੱਜੀ ਲਾਭਾਂ ਤੋਂ ਸਮਾਜਿਕ ਸਰੋਕਾਰਾਂ ਨੂੰ ਤਰਜੀਹ ਦਿੰਦੇ ਹਨ।

**? ਉਚੇਰੀ ਸਿੱਖਿਆ ਦੀ ਮੌਜੂਦਾ ਸਥਿਤੀ ਬਾਰੇ ਤੁਹਾਡੇ ਕੀ ਵਿਚਾਰ ਹਨ, ਇਸਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ।**

ਉਚੇਰੀ ਸਿੱਖਿਆ ਦੀ ਮੌਜੂਦਾ ਸਥਿਤੀ ਬੇਹੱਦ ਤਰਸਯੋਗ ਹੈ। ਸਰਕਾਰੀ ਸਿੱਖਿਆ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਿੱਖਿਆ ਦੀ ਥਾਂ ਮੁਨਾਫ਼ਾ ਅਧਾਰਿਤ, ਨਿਰੋਲ ਨਿੱਜੀ ਸੰਪਤੀ ਵਾਲੀ ਸਿੱਖਿਆ ਲੈ ਰਹੀ ਹੈ। ਇਹ ਨਹੀਂ ਕਿ ਵੱਖ-ਵੱਖ ਸਮੇਂ 'ਤੇ ਬਣੇ ਮੰਤਰੀ ਜਾਂ ਅਧਿਕਾਰੀ ਸਿਰਫ਼ ਖਾਮੋਸ਼ ਹਨ, ਬਲਕਿ ਉਹ ਨਿੱਜੀ ਦਿਲਚਸਪੀ ਲੈ ਕੇ (ਸਿਵਾਏ ਇੱਕ-ਦੋ ਨੂੰ ਛੱਡ ਕੇ) ਇਸ ਸਮੁੱਚੇ ਪ੍ਰਬੰਧ ਨੂੰ ਢਾਅ ਲਾ ਰਹੇ ਹਨ।

**? ਸਰਕਾਰ ਜਨਤਕ ਖੇਤਰ ਦੀ ਉਚੇਰੀ ਸਿੱਖਿਆ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ। ਕਾਲਜ ਅਧਿਆਪਕਾਂ ਦੀ ਯੂਨੀਅਨ ਨੇ ਸਰਕਾਰ ਦੇ ਇਸ ਰਵੱਈਏ ਬਾਰੇ ਕੀ ਨੀਤੀ ਅਪਣਾਈ ਹੈ।**

ਸਾਡੀ ਯੂਨੀਅਨ ਵਾਰ-ਵਾਰ ਇਸ ਬਾਰੇ ਸਰਕਾਰ ਦੇ ਰਵੱਈਏ ਦੀ ਨਿਖੇਧੀ ਕਰਦੀ ਆਈ ਹੈ। ਸਰਕਾਰ ਵੱਲੋਂ ਰੈਸ਼ਨਲਾਈਜੇਸ਼ਨ ਦੇ ਨਾਂ 'ਤੇ ਸਰਕਾਰੀ ਕਾਲਜਾਂ ਦੀ ਗਿਣਤੀ 47 ਤੋਂ 54 ਕਰਨ ਤੇ ਅਧਿਆਪਕਾਂ ਦੀਆਂ ਪੋਸਟਾਂ 2124 ਤੋਂ ਘਟਾ ਕੇ 1873 ਕਰਨ ਦੇ ਖਿਲਾਫ਼ ਅੰਦੋਲਨ ਵੀ ਕੀਤਾ ਅਤੇ ਅਖ਼ੀਰ 'ਚ ਹਾਈ ਕੋਰਟ ਵਿੱਚ ਇਸ ਵਿਰੁੱਧ ਚਾਰਾਜੋਈ ਵੀ ਕੀਤੀ ਗਈ। ਇਸ ਤੋਂ ਇਲਾਵਾ ਗਾਹੇ-ਬਗਾਹੇ ਪ੍ਰੈਸ ਬਿਆਨਾਂ ਰਾਹੀਂ ਤੇ ਜਨਤਕ ਫੰਕਸ਼ਨਾਂ ਵਿੱਚ ਵੀ ਸਰਕਾਰ ਦੀ ਇਸ ਬੇਰੁਖ਼ੀ ਵਿਰੁੱਧ ਜਨਤਕ ਚੇਤਨਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**?ਤੁਸੀਂ ਕਾਲਜ ਅਧਿਆਪਕਾਂ ਦੀ ਸੇਵਾ ਮੁਕਤੀ ਦੀ ਉਮਰ ਦੇ ਵਾਧੇ ਦੀ ਵਕਾਲਤ ਕਰਦੇ ਹੋ ਤੇ ਜ਼ੋਰਦਾਰ ਮੰਗ ਵੀ ਪਰ ਦੂਸਰੇ ਲੋਕ ਇਸਦਾ ਵਿਰੋਧ ਕਰਨਾ ਜਾਰੀ ਰੱਖ ਰਹੇ ਹਨ ਤੇ ਵਿਚਕਾਰ ਸਰਕਾਰ ਤਮਾਬੀਨ ਬਣੀ ਹੋਈ ਹੈ। ਇਸ ਸਥਿਤੀ ਚ ਇਸ ਮੰਗ ਨੂੰ ਛੱਡ ਕਿਉਂ ਨਹੀਂ ਦਿੱਤਾ ਜਾਂਦਾ।**

ਮੈਂ ਇਕੱਲਾ ਨਹੀਂ ਬਲਕਿ ਯੂਨੀਅਨ ਅਧਿਆਪਕਾਂ ਦੀ ਸੇਵਾ-ਮੁਕਤੀ ਦੀ ਉਮਰ ਦੇ ਵਾਧੇ ਦੀ ਮੰਗ ਕਰਦੀ ਹੈ ਕਿਉਂਕਿ ਔਸਤ ਉਮਰ ਵਧੀ ਹੈ। ਕੇਂਦਰੀ ਸਰਕਾਰ ਦੇ ਸਮੁੱਚੇ ਮੁਲਾਜ਼ਮਾਂ ਦੀ ਸੇਵਾ-ਮੁਕਤੀ ਉਮਰ ਸੱਠ ਸਾਲ ਤੇ ਕੇਂਦਰੀ ਯੂਨੀਵਰਸਿਟੀ ਟੀਚਰਜ਼ ਦੀ ਉਮਰ 65 ਸਾਲ ਹੈ। ਵਿਰੋਧ ਕਰਨ ਵਾਲੇ ਮਿੱਤਰਾਂ ਦੀ ਆਪਣੀ ਦਲੀਲ 'ਚ ਵਜ਼ਨ ਹੈ ਕਿ ਇਸ ਨਾਲ ਰੁਜ਼ਗਾਰ ਦੇ ਮੌਕੇ ਘਟਣਗੇ ਮੇਰਾ ਸਿੱਧਾ ਸਵਾਲ ਇਹ ਹੈ ਕਿ ਸਿਰਫ਼ ਰੁਜ਼ਗਾਰ ਦੇ ਮੌਕੇ ਚਾਹੀਦੇ ਹਨ ਜਾਂ ਰੁਜ਼ਗਾਰ। ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਨੇ 1996 ਤੋਂ ਬਾਅਦ ਅਧਿਆਪਕਾਂ ਦਾ ਇੱਕ ਵੀ ਪੂਰਾ ਬੈਚ (ਕੁੱਝ ਚੰਦ ਕੁ ਲੋਕਾਂ ਨੂੰ ਛੱਡ ਕੇ) ਹੁਣ ਤੱਕ ਭਰਤੀ ਨਹੀਂ ਕੀਤਾ ਤੇ ਉਹਨਾਂ ਖਾਲੀ ਹੋਣ ਵਾਲੀਆਂ ਅਸਾਮੀਆਂ ਤੋਂ ਲਗਭਗ 350 ਕਰੋੜ ਸਰਕਾਰ ਨੇ ਬਚਾਏ ਹਨ। ਇਸ ਦੇ ਉਲਟ ਖਾਲੀ ਹੋਣ ਵਾਲੀ ਅਸਾਮੀ 'ਤੇ ਰੱਖੇ ਜਾਣ ਵਾਲੇ ਅਧਿਆਪਕਾਂ ਦਾ ਭਾਰ ਗਰੀਬ ਮਾਪਿਆਂ 'ਤੇ ਪੈ ਰਿਹਾ ਹੈ। ਅਧਿਆਪਕ ਦੀ ਵੀ ਅੰਨੀ ਲੁੱਟ ਕਰੀ ਜਾ ਰਹੀ ਹੈ। ਮੈਂ ਸੇਵਾ-ਮੁਕਤੀ ਦੀ ਉਮਰ ਦਾ ਵਾਧਾ ਅਤੇ ਰੈਗੂਲਰ ਭਰਤੀ ਨੂੰ ਹਮੇਸ਼ਾ ਜੋੜ ਕੇ ਵੇਖਦਾ ਹਾਂ ਤੇ ਅਸੀਂ ਯੂਨੀਅਨ ਦੇ ਪਲੇਟਫਾਰਮ 'ਤੇ ਰੈਗੂਲਰ ਭਰਤੀ ਦੀ ਮੰਗ ਵੀ ਓਨੇ ਹੀ ਜ਼ੋਰਦਾਰ ਢੰਗ ਨਾਲ ਉਠਾਉਂਦੇ ਹਾਂ ਜਿੰਨੇ ਜ਼ੋਰ ਨਾਲ ਸੇਵਾ-ਮੁਕਤੀ ਦੀ ਉਮਰ ਵਿੱਚ ਵਾਧੇ ਦੀ ਮੰਗ।



**ਅਧਿਆਪਕ ਦਿਵਸ ਮੌਕੇ ਹੋਈ ਰੈਲੀ ਦੌਰਾਨ ਕਾਲਜ ਅਧਿਆਪਕਾਂ ਦਾ ਰੋਹ ਭਰਪੂਰ ਅੰਦਾਜ਼**

**? ਆਪਣੀ ਸੇਵਾ-ਮੁਕਤੀ ਮਗਰੋਂ ਜਨਤਕ ਜੀਵਨ ਚ ਹੀ ਰਹਿਣਾ ਪਸੰਦ ਕਰੋਗੇ।**

ਪਹਿਲੀ ਗੱਲ ਕਿ ਮੈਂ ਜਾਤੀ ਤੌਰ 'ਤੇ ਸੇਵਾ-ਮੁਕਤੀ ਨੂੰ ਪਰਲੋ ਨਹੀਂ ਸਮਝਦਾ ਬਲਕਿ ਜ਼ਿੰਦਗੀ ਦੀ ਇੱਕ ਹੋਰ ਵਧੀਆ ਪਾਰੀ ਮੰਨਦਾ ਹਾਂ। ਇਸ ਲਈ ਜਨਤਕ ਜੀਵਨ ਵਿੱਚ ਸਮਾਜਿਕ ਮੁੱਦਿਆਂ 'ਤੇ ਸੰਘਰਸ਼ਸ਼ੀਲ ਰਹਿਣ ਦਾ ਇਰਾਦਾ ਹੈ। ਮੈਂ ਉਚੇਰੀ ਸਿੱਖਿਆ 'ਚ ਭਰਤੀ, ਅਨ ਏਡਿਡ ਕਾਲਜਾਂ/ਪੋਸਟਾਂ 'ਤੇ ਕੰਮ ਕਰਦੇ (ਨਿਗੂਣੀ ਤਨਖਾਹ 'ਤੇ) ਬਾਰੇ ਕੁੱਝ ਸਾਰਥਿਕ ਕਰਨ ਦੀ ਕੋਸ਼ਿਸ਼ ਕਰਾਂਗਾ।

**? ਟਰੇਡ ਯੂਨੀਅਨ ਅਤੇ ਰਾਜਨੀਤੀ ਵਿੱਚ ਵਿਚਰਦਿਆਂ ਕਿਹੋ ਜਿਹੇ ਤਜਰਬੇ ਰਹੇ।**

ਟਰੇਡ ਯੂਨੀਅਨ ਤੇ ਲੋਕ-ਪੱਖੀ ਰਾਜਨੀਤੀ ਇੱਕ ਦੂਜੇ ਦੇ ਪੂਰਕ ਹਨ, ਵਿਰੋਧੀ ਨਹੀਂ। ਇਸ ਲਈ ਚੰਗੇ ਤਜ਼ਰਬੇ ਹੀ ਰਹੇ ਹਨ। ਜਿੱਤਾਂ ਜਾਂ ਹਾਰਾਂ ਤੋਂ ਨਿਰਲੇਪ ਸਿਰਫ਼ ਸੰਘਰਸ਼ ਹੀ ਜ਼ਿੰਦਗੀ ਹੈ।

**? ਕੀ ਟਰੇਡ ਯੂਨੀਅਨ ਵਿੱਤੀ ਲਾਭਾਂ ਤੋਂ ਵੱਧ ਵੀ ਕੋਈ ਪ੍ਰਭਾਵ ਮੁਲਾਜ਼ਮਾਂ ਉੱਪਰ ਪਾਉਂਦੀ ਹੈ, ਕੋਈ ਮਿਸਾਲ।**

ਜੀ ਹਾਂ, ਦਰਅਸਲ ਟਰੇਡ ਯੂਨੀਅਨ ਦਾ ਅਸਲ ਮੰਤਵ ਹੀ ਮੁਲਾਜ਼ਮਾਂ ਨੂੰ ਵਿੱਤੀ ਲਾਭਾਂ ਦੇ ਨਾਲ-ਨਾਲ ਸਮਾਜਿਕ ਸਰੋਕਾਰਾਂ ਨਾਲ ਬਾ-ਵਾਸਤਾ ਕਰਨਾ ਹੈ। ਮਿਸਾਲ ਵਜੋਂ ਚੰਗੇ ਟਰੇਡ ਯੂਨੀਅਨ ਆਗੂ ਵੱਖ-ਵੱਖ ਪਾਰਟੀਆਂ ਵਿੱਚ ਸਰਗਰਮ ਹੋ ਕੇ ਮੁਕਾਬਲਾਤਨ ਚੰਗੀ ਭੂਮਿਕਾ ਨਿਭਾਉਂਦੇ ਹਨ। ਕਈ ਰਾਜਨੀਤਿਕ ਨਾ ਹੋ ਕੇ ਵੀ ਸਮਾਜਿਕ ਮੁੱਦਿਆਂ 'ਤੇ ਲੋਕਾਂ ਨੂੰ ਲਾਮਬੰਦ ਕਰਦੇ ਹਨ। ਬਿਨਾ ਕਿਸੇ ਜਾਤੀ ਲੋਭ-ਲਾਲਚ ਤੋਂ ਲੋਕਾਂ ਦੀ ਬੰਦ-ਖਲਾਸੀ ਲਈ ਉਮਰ ਭਰ ਸੰਘਰਸ਼ਸ਼ੀਲ ਰਹਿੰਦੇ ਹਨ।



**ਅਧਿਆਪਕ ਦਿਵਸ ਮੌਕੇ ਰੈਲੀ ਦੌਰਾਨ ਸ਼ਾਮਿਲ ਆਗੂ**

**? ਟਰੇਡ ਯੂਨੀਅਨ ਦੀਆਂ ਸਰਗਰਮੀਆਂ ਕਾਰਨ ਪਰਿਵਾਰਕ ਜਾਂ ਸਮਾਜਿਕ ਜੀਵਨ ਚ ਦਿੱਕਤਾਂ ਆਈਆਂ ਹੋਣ।**

ਮੈਨੂੰ ਤਾਂ ਅਜਿਹੀਆਂ ਦਿੱਕਤਾਂ ਨਹੀਂ ਆਈਆਂ ਜਾਂ ਇਉਂ ਕਹਿ ਲਵੋ ਕਿ ਮਹਿਸੂਸ ਹੀ ਨਹੀਂ ਕੀਤੀਆਂ, ਪਰ ਇਹ ਤਾਂ ਸੱਚ ਹੀ ਹੈ ਕਿ ਤੁਹਾਡੇ ਪਰਿਵਾਰਕ ਮੈਂਬਰ ਥੋੜ੍ਹਾ-ਬਹੁਤ ਤੁਹਾਡੇ ਵੱਲੋਂ ਤਹਿ ਕੀਤੀਆਂ ਤਰਜੀਹਾਂ ਕਾਰਨ ਕਦੇ-ਕਦਾਈਂ ਤੰਗ ਤਾਂ ਹੁੰਦੇ ਹੀ ਹਨ। ਇੱਕ ਵਾਰ ਮੇਰੀ ਛੋਟੀ ਬੇਟੀ ਨੇ ਮੈਨੂੰ ਕੋਈ ਕੰਮ ਕਿਹਾ ਤੇ ਦੋ ਤਿੰਨ ਦਿਨ ਮੈਂ ਉਹ ਕੰਮ ਨਾ ਕਰ ਸਕਿਆ ਤਾਂ ਅਗਲੇ ਦਿਨ ਕਹਿਣ ਲੱਗੀ," ਪਾਪਾ ਮੇਰਾ ਇਹ ਕੰਮ ਵੀ ਜੀ ਸੀ ਟੀ ਏ ਦਾ ਕੰਮ ਸਮਝ ਕੇ ਕਰ ਦਿਓ।"

**? ਅੱਜ-ਕੱਲ੍ਹ ਵਿਦਿਆਰਥੀਆਂ ਅਤੇ ਕਾਲਜ ਅਧਿਆਪਕਾਂ ਵਿੱਚ ਤਾਲਮੇਲ ਨਜ਼ਰ ਨਹੀਂ ਆਉਂਦਾ, ਦੋਸ਼ ਕਿਸਦਾ ਹੈ।**

ਵੈਸੇ ਤਾਂ ਪੀੜ੍ਹੀ ਪਾੜਾ ਹੋਣ ਕਰਕੇ ਥੋੜ੍ਹਾ ਬਹੁਤ ਫਰਕ ਹੁੰਦਾ ਹੀ ਹੈ ਪਰ ਸੂਚਨਾ ਤਕਨਾਲੋਜੀ ਯੁਗ ਹੋਣ ਕਰਕੇ ਪਾੜਾ ਹੁਣ ਜ਼ਿਆਦਾ ਹੀ ਹੈ ਉੱਤੋਂ ਕਨਜ਼ਿਊਮਰ ਕਲਚਰ ਨੇ ਵੀ ਬਲਦੀ 'ਤੇ ਤੇਲ ਦਾ ਕੰਮ ਕੀਤਾ ਹੈ। ਬੇਗਾਨੀ ਸੱਭਿਅਤਾ, ਰਹਿਣ-ਸਹਿਣ ਤੇ ਬੇਗਾਨੇ ਰਿਸ਼ਤਿਆਂ ਦੀ ਖਿੱਚ ਵੀ ਇਸ ਰਿਸ਼ਤੇ ਨੂੰ ਪੇਤਲਾ ਕਰਦੀ ਹੈ। ਸਵਾਲ ਦੋਸ਼ ਦੇਣ ਦਾ ਨਹੀਂ ਸਗੋਂ ਜ਼ਿੰਮੇਵਾਰੀ ਦਾ ਹੈ। ਮੌਜੂਦਾ ਦੌਰ ਦੇ ਅਧਿਆਪਕਾਂ ਨੂੰ ਹੋਰ ਜ਼ਿੰਮੇਵਾਰੀ ਤੋਂ ਕੰਮ ਲੈਣ ਦੀ ਲੋੜ ਹੈ ਤਾਂ ਕਿ ਉਹ ਫਰੈਂਡ, ਫਿਲਾਸਫਰ ਅਤੇ ਗਾਇਡ ਹੋਣ ਦੀ ਭੂਮਿਕਾ ਨੂੰ ਬਾਖੂਬੀ ਨਿਭਾ ਸਕਣ।

**? ਕਾਲਜ ਅਧਿਆਪਕਾਂ ਵਿੱਚ ਪੜ੍ਹਨ ਦੀ ਰੁਚੀ ਨਹੀਂ। ਸਾਹਿਤ ਪੜ੍ਹਨ ਨੂੰ ਉਹ ਵਰਜਿਤ ਕਾਰਜਾਂ ਵਾਂਗ ਲੈਂਦੇ ਹਨ- ਵਿਦਿਆਰਥੀਆਂ ਨੂੰ ਸਿਰਜਣਾਤਮਕਤਾ ਲਈ ਕਿਵੇਂ ਪ੍ਰੇਰਨਗੇ।**

ਉਂਝ ਤਾਂ ਪੜ੍ਹਨ ਦੀ ਰੁਚੀ ਵੈਸੇ ਵੀ ਖਤਮ ਹੋ ਚੁੱਕੀ ਹੈ, ਇਸ ਬਿਮਾਰੀ ਤੋਂ ਕਾਲਜ ਅਧਿਆਪਕ ਵੀ ਅਣਭਿੱਜ ਨਹੀਂ ਹਨ। ਮੇਰਾ ਇਹ ਪੱਕਾ ਮੰਨਣਾ ਹੈ ਕਿ ਜਿੱਥੇ ਅਧਿਆਪਕਾਂ ਨੇ ਗਿਆਨ 'ਚ ਵਾਧਾ ਕਰਨ ਲਈ ਆਪਣੇ ਵਿਸ਼ੇ ਦੀਆਂ ਕਿਤਾਬਾਂ ਨੂੰ ਪੜ੍ਹਨਾ ਹੁੰਦਾ ਹੈ ਉੱਥੇ ਸਾਹਿਤ ਪੜ੍ਹਨਾ ਉਹਨਾਂ ਦੀ ਜ਼ਿੰਦਗੀ ਨੂੰ ਸਹੀ ਅਰਥ ਪ੍ਰਦਾਨ ਕਰਦਾ ਹੈ। ਸਾਹਿਤ ਸਿਰਜਣਾ, ਸੂਖ਼ਮ ਕਲਾਵਾਂ ਅਤੇ ਸੰਗੀਤ ਮਨੁੱਖ ਦੀਆਂ ਮੁਢਲੀਆਂ ਲੋੜਾਂ ਤੋਂ ਬਾਅਦ ਦੀਆਂ ਪ੍ਰਮੁੱਖ ਲੋੜਾਂ ਹਨ।

**? ਪੰਜਾਬ ਵਿੱਚ ਵਿਗਿਆਨ ਵਿਸ਼ਿਆਂ ਨਾਲ ਸਬੰਧਿਤ ਸਰਗਰਮੀਆਂ ਪ੍ਰਤੀ ਕੋਈ ਉਤਸ਼ਾਹ ਨਹੀਂ ਪਾਇਆ ਜਾ ਰਿਹਾ। ਤੁਹਾਡਾ ਕੀ ਖ਼ਿਆਲ ਹੈ।**

ਅਜਿਹਾ ਨਹੀਂ ਕਿ ਇਹ ਉਤਸ਼ਾਹ ਖਤਮ ਹੀ ਹੋ ਗਿਆ ਹੈ, ਇਸਨੂੰ ਹੋਰ ਪ੍ਰਫੁੱਲਤ ਕਰਨ ਦੀ ਬਹੁਤ ਲੋੜ ਹੈ। ਮੇਰੇ ਕਾਲਜ ਦੇ ਕਿੰਨੇ ਹੀ ਵਿਦਿਆਰਥੀ ਆਮ ਕਿਤਾਬਾਂ ਦੇ ਨਾਲ-ਨਾਲ ਇੰਟਰਨੈਟ, ਆਈ.ਆਈ.ਟੀ. ਦੇ ਨੋਟਸ ਵਗੈਰਾ ਵੀ ਦੇਖਦੇ ਹਨ ਤੇ ਦੁਨੀਆਂ ਭਰ 'ਚ ਹੋ ਰਹੀਆਂ ਖੋਜਾਂ ਨੂੰ ਵੀ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਇਸ ਵਾਸਤੇ ਕਵਿਜ਼ ਮੁਕਾਬਲੇ ਵਰਗੀਆਂ ਸਰਗਰਮੀਆਂ ਸਹਾਈ ਹੋ ਸਕਦੀਆਂ ਹਨ।

**? ਕਾਲਜ ਅਧਿਆਪਕ ਇੱਕ ਕੁਲੀਨ ਵਰਗ ਹੈ ਇਸਦੀ ਸੰਘਰਸ਼ ਸਮਰੱਥਾ ਬਾਰੇ ਕੀ ਰਾਇ ਰੱਖਦੇ ਹੋ।**

ਜਾਤੀ ਤੌਰ 'ਤੇ ਮੈਨੂੰ ਕਾਟਨ ਮਿਲ ਮਜ਼ਦੂਰਾਂ ਦੀ ਅਗਵਾਈ ਕਰਨ ਦਾ ਤਜ਼ਰਬਾ ਹੋਣ ਕਰਕੇ ਮੈਂ ਵਰਗ ਦੇ ਤੌਰ 'ਤੇ ਕਾਲਜ ਅਧਿਆਪਕਾਂ ਤੋਂ ਕੋਈ ਇਨਕਲਾਬੀ ਸੰਘਰਸ਼ਾਂ ਦੀ ਤਵੱਕੋ ਨਹੀਂ ਕਰਦਾ। ਹਾਂ, ਕੁੱਝ ਅਧਿਆਪਕ ਜ਼ਰੂਰ ਅਜਿਹੇ ਹੁੰਦੇ ਹਨ ਜੋ ਸਾਡੇ ਸੰਘਰਸ਼ਾਂ 'ਚ ਹਿੱਸਾ ਲੈਣ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਵੀ ਸੁਚੇਤ ਹੁੰਦੇ ਹਨ ਤੇ ਲੋੜ ਪੈਣ 'ਤੇ ਸਮਾਜਿਕ ਆਰਥਿਕ ਮੁੱਦਿਆਂ 'ਤੇ ਸੰਘਰਸ਼ਸ਼ੀਲ ਹੁੰਦੇ ਹਨ।

**? ਜਦੋਂ ਵਿਗਿਆਨ ਦੇ ਅਧਿਆਪਕ ਹੀ ਅੰਧ ਵਿਸ਼ਵਾਸ ਤੋਂ ਮੁਕਤ ਨਾ ਹੋਣ ਤਾਂ ਵਿਗਿਆਨਕ ਚੇਤਨਾ ਦਾ ਕੀ ਭਵਿੱਖ ਹੈ।**

ਵਿਗਿਆਨ ਨੂੰ ਵਿਸ਼ੇ ਦੇ ਤੌਰ 'ਤੇ ਪੜ੍ਹਨਾ ਤੇ ਵਿਗਿਆਨਕ ਸੋਚ ਦਾ ਧਾਰਨੀ ਹੋਣਾ ਦੋ ਅੱਡ-ਅੱਡ ਗੱਲਾਂ ਹਨ, ਚਾਹੇ ਇਹਨਾਂ ਦਾ ਥੋੜ੍ਹਾ ਬਹੁਤ ਆਪਸੀ ਸਬੰਧ ਹੈ। ਜਦੋਂ ਵਿਗਿਆਨ ਪੜ੍ਹਨ ਵਾਲੇ ਦੀ ਉਹ ਅੱਖ ਖੁੱਲ੍ਹ ਜਾਵੇ ਜੋ ਉਸਨੂੰ ਸਾਰੀਆਂ ਘਟਨਾਵਾਂ ਨੂੰ ਵਿਗਿਆਨਕ ਨਜ਼ਰੀਏ ਤੋਂ ਦੇਖਣ ਦੀ ਆਦੀ ਬਣਾਵੇ, ਫਿਰ ਉਸਦੀ ਪੜ੍ਹਾਈ ਉਸਦੀ ਮਦਦ ਕਰਦੀ ਹੈ। ਨਹੀਂ ਤਾਂ, ਕਿਤਾਬੀ ਗਿਆਨ ਇੱਕ ਪਾਸੇ ਤੇ ਅਮਲ ਰਵਾਇਤੀ। ਇਹ ਉਵੇਂ ਹੀ ਹੈ ਜਿਵੇਂ ਸਾਹਿਤ ਦੇ ਸਾਰੇ ਵਿਦਿਆਰਥੀ ਸਾਹਿਤ ਸਿਰਜਣਾ ਨਹੀਂ ਕਰਦੇ ਤੇ ਸਾਰੀ ਜ਼ਿੰਦਗੀ ਇੱਕ ਵੀ ਅੱਖਰ ਤੱਕ ਨਹੀਂ ਲਿਖਦੇ।

**? ਹੁਣ ਕਿਵੇਂ ਹੈ, ਘਰ-ਪਰਿਵਾਰ, ਬੀਵੀ-ਬੱਚੇ।**

ਮੇਰੇ ਘਰ ਵਾਲੀ ਮੇਰੇ ਜਿੰਨੀ ਹੀ ਕਮਲੀ ਹੈ। ਬੇਟੀਆਂ ਦੋਵੇਂ ਖੁਸ਼ ਹਨ, ਸੈਟ ਹਨ ਤੇ ਮਾਣ ਕਰਦੀਆਂ ਹਨ ਕਿ ਮੈਂ ਸਮਾਜ ਵਿੱਚ ਚੰਗੇ ਪਾਸੇ ਦੀ ਤਬਦੀਲੀ ਦਾ ਹਾਮੀ ਹੀ ਨਹੀਂ, ਬਲਕਿ ਉਸ ਲਈ ਕੁੱਝ ਯੋਗਦਾਨ ਵੀ ਪਾਉਂਦਾ ਹਾਂ, ਚਾਹੇ ਉਹ ਮੇਰੇ ਵਿਦਿਆਰਥੀ ਜੀਵਨ ਦਾ ਹਿੱਸਾ ਸੀ ਚਾਹੇ ਗਿਆਨ ਵਿਗਿਆਨ ਸੰਮਤੀ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਦਾ ਜਾਂ ਫਿਰ ਸੀਟੂ ਰਾਹੀਂ ਮਜ਼ਦੂਰਾਂ ਦੇ ਘੋਲਾਂ ਦਾ ਤੇ ਚਾਹੇ ਜੀ ਸੀ ਟੀ ਏ ਰਾਹੀਂ ਉਚੇਰੀ ਸਿੱਖਿਆ ਨੂੰ ਲੀਹੇ ਪਾਉਣ ਦਾ। ਮੈਂ ਇਸ ਗੱਲੋਂ ਖੁਸ਼ ਹਾਂ।

**ਪ੍ਰੋ. ਜੈਪਾਲ ਸਿੰਘ ਦਾ ਸੰਪਰਕ:**
+91-94174-77954
jaipaltoor@yahoo.co.in

## ਇੱਕ ਹੋਰ .ਗਦਰ ਦਾ ਹੋਕਾ ਦੇ ਗਿਆ

# ਮੇਲਾ .ਗਦਰੀ ਬਾਬਿਆਂ ਦਾ

ਗੁਰਮੀਤ
+91-98149-64455

ਆਜ਼ਾਦੀ ਸੰਗਰਾਮ ਵਿੱਚ ਦੇਸ਼ ਵਿੱਚ ਲਾਮਿਸਾਲ ਕੁਰਬਾਨੀਆਂ ਕਰਨ ਵਾਲੇ ਗ਼ਦਰੀ ਸੂਰਬੀਰਾਂ ਦੀ ਯਾਦ ਵਿਚ ਮਨਾਏ ਜਾਂਦੇ ਮੇਲੇ, ਜੋ ਗ਼ਦਰ ਪਾਰਟੀ ਵੱਲੋਂ ਸ਼ੁਰੂ ਕੀਤੇ ਸੰਘਰਸ਼ ਦੇ 1914-15 ਦੇ ਪਹਿਲੇ ਹੰਭਲੇ ਤੋਂ ਬਾਅਦ ਅਗਲੀਆਂ ਕੜੀਆਂ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ ਅਤੇ ਨੌਜਵਾਨ ਭਾਰਤ ਸਭਾ ਲਹਿਰਾਂ ਦੇ ਗੌਰਵਮਈ ਇਤਿਹਾਸਕ ਸੰਘਰਸ਼ਾਂ ਦੀ ਯਾਦ ਦਿਵਾਉਂਦਿਆਂ 21ਵਾਂ ਮੇਲਾ ਇਸ ਵਾਰ ਆਜ਼ਾਦੀ ਸੰਗਰਾਮ 'ਚ ਆਜ਼ਾਦ ਹਿੰਦ ਫ਼ੌਜ ਦੀ ਭੂਮਿਕਾ ਨੂੰ ਸਮਰਪਤ ਸੀ। ਇਸ ਮੇਲੇ ਨੇ ਹੁਕਮਰਾਨ ਵਰਗ ਦੀਆਂ ਲੋਕ ਵਿਰੋਧੀ ਸਰਕਾਰਾਂ ਅਤੇ ਹਾਕਮ ਰਾਜਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਪਰੋਸੇ ਜਾ ਰਹੇ ਅਸ਼ਲੀਲ, ਖਪਤਵਾਦੀ, ਅਸਮਾਜਿਕ ਤੇ ਸਥਾਪਤੀ-ਪੱਖੀ ਸਭਿਆਚਾਰ ਦੇ ਮੁਕਾਬਲੇ ਵਿੱਚ ਇਕ ਸਿਹਤਮੰਦ, ਅਗਾਂਹਵਧੂ, ਨਰੋਏ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਦਾ ਇਕ ਮੰਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਅੱਗੇ ਲੈ ਕੇ ਚੱਲ ਰਹੀ ਦੇਸ਼ ਭਗਤ ਯਾਦਗਾਰੀ ਕਮੇਟੀ ਦੀ ਸਮਝ ਹੈ ਕਿ ਦੇਸ਼ ਨੂੰ ਦਰਪੇਸ਼ ਮੌਜੂਦਾ ਸੰਕਟ ਵਿੱਚੋਂ ਬਾਹਰ ਕੱਢਣ ਵਾਸਤੇ ਗ਼ਦਰੀ ਬਾਬਿਆਂ ਵੱਲੋਂ ਦਰਸਾਏ ਧਰਮ-ਨਿਰਪੱਖਤਾ, ਦੇਸ਼-ਭਗਤੀ ਅਤੇ ਸਾਂਝੀਵਾਲਤਾ ਦੇ ਉਸ ਸੁਨੇਹੇ ਨੂੰ ਮੁੜ ਆਪਣੇ ਚੇਤਿਆਂ ਵਿੱਚ ਸਮੋਣ ਅਤੇ ਉਸ ਉਪਰ ਅਮਲ ਕਰਨ ਦੀ ਵੱਡੀ ਜ਼ਰੂਰਤ ਹੈ। ਸਾਮਰਾਜੀ ਸ਼ਕਤੀਆਂ ਸਾਡੇ ਹਾਕਮਾਂ ਦੀ ਮਿਲੀ-ਭੁਗਤ ਰਾਹੀਂ ਭਾਰਤੀ ਮੰਡੀ, ਇਸ ਦੇ ਕੁਦਰਤੀ ਖ਼ਜ਼ਾਨਿਆਂ ਅਤੇ ਵਿੱਤੀ ਖੇਤਰ ਉੱਪਰ ਕਬਜ਼ਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ।

ਅੱਜ ਜਦੋਂ ਸੰਸਾਰ ਭਰ ਦੇ ਲੋਕਾਂ ਦੇ ਸਾਂਝੇ ਦੁਸ਼ਮਣ 'ਸਾਮਰਾਜਵਾਦ' ਦੇ ਵਿਰੋਧ ਵਿੱਚ ਪੂੰਜੀਵਾਦੀ ਤੇ ਉਨਤਸ਼ੀਲ ਦੇਸ਼ਾਂ ਅੰਦਰ ਮਿਹਨਤਕਸ਼ ਲੋਕ ਸੜਕਾਂ ਉਤੇ ਨਿਕਲ ਰਹੇ ਹਨ, ਉਦੋਂ ਗ਼ਦਰ ਪਾਰਟੀ ਦੇ ਮਿੱਥੇ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਲਈ ਆਵਾਜ਼ ਬੁਲੰਦ ਕਰਨਾ ਹੋਰ ਵੀ ਜ਼ਰੂਰੀ ਬਣ ਗਿਆ ਹੈ। ਗ਼ਦਰ ਪਾਰਟੀ ਦੀ ਵਿਰਾਸਤ ਇਹ ਮੰਗ ਕਰਦੀ ਹੈ ਕਿ ਅਸੀਂ ਸਮੁੱਚੇ ਸੰਸਾਰ ਤੇ ਸਾਡੇ ਦੇਸ਼ ਵਿਚ ਇਨ੍ਹਾਂ ਖ਼ੂਨ ਪੀਣੀਆਂ ਹਾਕਮ ਜੋਕਾਂ ਨੂੰ ਪਰ੍ਹਾਂ ਵਗਾਹ ਮਾਰੀਏ ਤੇ ਇਨਸਾਫ ਆਧਾਰਤ ਵਿਵਸਥਾ ਦੀ ਸਥਾਪਤੀ ਲਈ ਆਪਣਾ ਬਣਦਾ ਯੋਗਦਾਨ ਪਾਈਏ।

ਸਰਮਾਏਦਾਰੀ ਵਿਕਾਸ ਅਧੀਨ ਨਿੱਜੀ ਮੁਨਾਫ਼ੇ ਦੀ ਹਵਸ ਨੇ ਸਮਾਜ ਵਿਚ ਇਹ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਧਰਤੀ, ਹਵਾ, ਪਾਣੀ ਵਿਚ ਅੱਤ ਦਾ ਪ੍ਰਦੂਸ਼ਣ ਪੈਦਾ ਹੋ ਚੁੱਕਾ ਹੈ। ਧਰਤੀ 'ਤੇ ਜੀਵਨ ਸੁਰੱਖਿਅਤ ਰਹੇਗਾ ਜਾਂ ਨਹੀਂ, ਇਹ ਚਿੰਤਾ ਭਰਿਆ ਵਿਸ਼ਾ ਹੈ। ਸਰਮਾਏਦਾਰ-ਪੱਖੀ ਹਕੂਮਤਾਂ ਅਣਮਨੁੱਖੀ ਵਿਹਾਰ ਤੇ ਮਾਨਵਤਾ ਵਿਰੋਧੀ ਕੰਮ ਕਰ ਰਹੀਆਂ ਹਨ। ਇਕ ਪਾਸੇ ਅਮੀਰ ਤੇ ਗਰੀਬ ਵਿਚ ਵੱਡਾ ਆਰਥਿਕ ਪਾੜਾ ਹੋਣ ਨਾਲ ਗ਼ਰੀਬ ਲੋਕ ਬਹੁਤ ਜ਼ਿਆਦਾ ਹਨ, ਦੂਜੇ ਪਾਸੇ ਖਾਣ-ਪੀਣ ਵਾਲੀਆਂ ਵਸਤਾਂ, ਦਾਲਾਂ, ਸਬਜ਼ੀਆਂ, ਆਟਾ, ਖੰਡ-ਪੱਤੀ, ਦੁੱਧ, ਫ਼ਲ, ਦਵਾਈਆਂ, ਰਸੋਈ ਗੈਸ, ਡੀਜ਼ਲ ਆਦਿ ਦੀਆਂ ਕੀਮਤਾਂ ਕਈ ਗੁਣਾ ਵਧਾ ਦਿੱਤੀਆਂ ਹਨ। ਮਹਿੰਗਾਈ ਨੇ ਗਰੀਬਾਂ ਤੇ ਮੱਧ ਵਰਗ ਲੋਕਾਂ ਦਾ ਕਚੂੰਮਰ ਕੱਢ ਦਿੱਤਾ ਹੈ।

ਆਜ਼ਾਦ ਭਾਰਤ ਲਈ ਗ਼ਦਰੀ ਬਾਬਿਆਂ ਦੀ ਸੋਚ ਸੀ ਕਿ ਆਰਥਿਕ, ਰਾਜਨੀਤਕ ਤੇ ਸਮਾਜਿਕ ਗੁਲਾਮੀ ਨੂੰ ਜੜੋਂ ਖਤਮ ਕਰਕੇ ਬਰਾਬਰਤਾ ਵਾਲਾ ਤੇ ਧਰਮ-ਨਿਰਪੱਖ ਰਾਜ ਪ੍ਰਬੰਧ ਸਥਾਪਤ ਕੀਤਾ ਜਾਵੇਗਾ, ਪਰ ਇਹ ਸੁਪਨੇ ਸਾਕਾਰ ਨਹੀਂ ਹੋਏ। ਬਰਾਬਰਤਾ ਦੀ ਥਾਂ 'ਤੇ ਇਕ ਪਾਸੜ ਸਰਮਾਏਦਾਰੀ-ਪੱਖੀ ਵਿਕਾਸ ਹੋਇਆ ਹੈ, ਜਿਸ ਕਾਰਨ ਅਮੀਰ-ਗਰੀਬ ਵਿਚ ਅੰਤਾਂ ਦਾ ਪਾੜਾ ਵਧ ਗਿਆ ਹੈ। ਦੁਨੀਆਂ ਭਰ ਵਿਚ ਕੁੱਲ ਦੌਲਤ ਦੀ ਵੰਡ ਦੇ ਆਸਵੇਂਪਨ ਦੀ ਰਿਪੋਰਟ ਬਹੁਤ ਗੰਭੀਰਤਾ ਤੇ ਬਰੀਕੀ ਨਾਲ ਵਿਚਾਰਨ ਵਾਲੀ ਹੈ। ''ਜਿਸ ਮਕਸਦ ਲਈ ਸਾਡੇ ਸ਼ਹੀਦਾਂ ਨੇ ਸਭ ਕੁਝ ਵਾਰ ਦਿੱਤਾ, ਸਾਡੇ ਸਾਥੀਆਂ ਨੇ ਜਾਇਦਾਦਾਂ ਜ਼ਬਤ ਕਰਾਈਆਂ ਤੇ ਉਮਰ ਕੈਦਾਂ ਕੱਟੀਆਂ, ਉਹ ਮਕਸਦ ਪੂਰਾ ਨਹੀਂ ਹੋਇਆ। ਮੁਲਕ ਦੇ ਹੁਕਮਰਾਨ ਮੁਲਕ 'ਚੋਂ ਗਰੀਬੀ, ਬੇਕਾਰੀ, ਅਨਪੜ੍ਹਤਾ ਅਤੇ ਭੁੱਖਮਰੀ ਦੂਰ ਕਰਨ ਵਿਚ ਅਸਮਰਥ ਰਹੇ ਹਨ। ਜਦੋਂ ਸਮੇਂ-ਸਮੇਂ ਲੋਕੀਂ ਧਰਨੇ, ਮੁਜ਼ਾਹਰੇ ਕਰਦੇ ਹਨ ਤਾਂ ਇਨ੍ਹਾਂ ਨੂੰ ਜੇਲ੍ਹੀਂ ਡੱਕਿਆ ਜਾਂਦਾ ਹੈ। ਮੁਲਕ ਦੀ ਇਹ ਹਾਲਤ ਦੇਖ ਕੇ ਸਾਨੂੰ ਚੁੱਪ ਨਹੀਂ ਰਹਿਣਾ ਚਾਹੀਦਾ। ਮੁਲਕ ਦੀ ਭਲਾਈ ਲਈ ਸਾਨੂੰ ਠੋਸ ਉਪਰਾਲੇ ਕਰਨੇ ਚਾਹੀਦੇ ਹਨ।''

ਇਹ ਮੇਲਾ 'ਗ਼ਦਰ' ਅਖ਼ਬਾਰ ਦੀ ਵਰ੍ਹੇਗੰਢ ਦੇ ਅਵਸਰ ਉੱਤੇ ਮਨਾਇਆ ਜਾਂਦਾ ਹੈ। ''ਗ਼ਦਰ'' ਦੇ ਪਹਿਲੇ ਸੰਪਾਦਕੀ ਦੇ ਪਹਿਲੇ ਸ਼ਬਦ ਸਨ :''ਅੱਜ ਪਹਿਲੀ ਨਵੰਬਰ, 1913 ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸੰਮਤ ਚੱਲਦਾ ਹੈ, ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦਾ ਹੈ।'' ਇਸ ਮੇਲੇ ਦੀ ਵੀ ਇਹ ਵਿਸ਼ੇਸ਼ਤਾ ਹੈ, ਉਘੜਵੀਂ ਵਿਸ਼ੇਸ਼ਤਾ ਕਿ ਇਸ ਮੇਲੇ ਵਿਚੋਂ ਸਾਡੇ ਆਜ਼ਾਦੀ ਸੰਗਰਾਮ ਦੀ ਕਹਾਣੀ ਅਤੇ ਇਸ ਨੂੰ ਆਪਣੇ ਖ਼ੂਨ-ਇ-ਜਿਗਰ ਨਾਲ ਲਿਖਣ ਵਾਲੇ ਇਸ ਦੇ ਯੋਧੇ ਅਲੋਪ ਜਾਂ ਗ਼ੈਰ-ਹਾਜ਼ਰ ਨਹੀਂ ਹੁੰਦੇ। ਹਰ ਛਿੰਨ ਉਹਨਾਂ ਦੀ ਆਤਮਿਕ ਮੌਜੂਦਗੀ ਸਾਡਾ ਰਾਹ ਰੁਸ਼ਨਾ ਰਹੀ ਹੁੰਦੀ ਹੈ।

... ਅੱਜ ਫੇਰ ਇੱਕ ਗਦਰ ਹੋਰ ਦੀ ਲੋੜ ਹੈ...ਹੁਣ ਫੇਰ ਮੁਲਕ 'ਤੇ ਈਸਟ ਇੰਡੀਆ ਕੰਪਨੀਆਂ ਨੇ ਜਬਰਦਸਤ ਹੱਲਾ ਬੋਲਿਆ ਹੋਇਆ ਹੈ ...ਤੇ ਦੇਸ਼ ਦੇ ਹਾਕਮ ਉਨ੍ਹਾਂ ਦੀਆਂ ਕਠਪੁਤਲੀਆਂ ਬਣ ਕੇ ਦੇਸ਼ ਦੀ ਅਮੁੱਲ ਸੰਪਤੀ ਬਹੁਕੌਮੀ ਕਾਰੋਪੋਰਸ਼ਨਾਂ ਨੂੰ ਲੁਟਾ ਰਹੇ ਹਨ... ਕਿਸਾਨਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ...ਆਦਿ ਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ। ਲੋਕਾਂ ਨੂੰ ਆਪਸੀ ਜੰਗ ਵਿੱਚ ਉਲਝਾਉਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ....ਐਨ ਉਸੇ ਤਰ੍ਹਾਂ ਜਦੋਂ ਅੰਗਰੇਜ਼ ਸਾਮਰਾਜ ਨੇ ਬਾਹਰੋਂ ਆ ਕੇ ਦੇਸ਼ 'ਤੇ ਕਬਜ਼ਾ ਕੀਤਾ। ਅੱਜ ਮੁਲਕ ਦੇ ਅੰਦਰ ਉਨ੍ਹਾਂ ਦੇ ਦਲਾਲ 'ਰੈਡ ਕਾਰਪੱਟ' ਵਿਛਾ ਕੇ ਲੁਟੇਰਿਆਂ ਦਾ ਸੁਆਗਤ ਕਰ ਰਹੇ ਹਨ...।

ਦੇਸ਼ ਨੂੰ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਕਰਾਉਣ ਅਤੇ ਬਰਾਬਰੀ ਵਾਲੇ ਨਿਆਂ ਭਰੇ ਸਮਾਜ ਦੀ ਉਸਾਰੀ ਲਈ ਗਦਰ ਪਾਰਟੀ ਵੱਲੋਂ ਸ਼ੁਰੂ ਕੀਤੇ ਸੰਗਰਾਮ ਨੂੰ ਗਦਰੀਆਂ ਨੇ ਆਪਣੇ ਖ਼ੂਨ ਨਾਲ ਸਿੰਜ ਕੇ ਇੱਕ ਰਾਹ ਵਿਖਾਇਆ ਸੀ... ਉਸੇ ਸੰਗਰਾਮ ਦੀ ਅੱਜ ਫੇਰ ਬਾਤ ਪਾਉਂਦਾ ਚਾਰ ਰੋਜ਼ਾ ਮੇਲਾ ਗਦਰੀ ਬਾਬਿਆਂ ਦਾ ਉਸ ਉਦੇਸ਼ ਦੀ ਪੂਰਤੀ ਲਈ ਇੱਕ ਹੋਰ ਗਦਰ ਦੇ ਹੋਕੇ ਨਾਲ ਸਮਾਪਤ ਹੋਇਆ ਹੈ...!

ਮੇਲੇ 'ਚ ਜਿੱਥੇ ਛੋਟੇ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਨੇ ਗਦਰ ਦੀਆਂ ਗੂੰਜਾਂ ਨੂੰ ਆਪਣੇ ਗੀਤਾਂ ਰਾਹੀਂ ਬੁਲੰਦ ਕੀਤਾ, ਉਥੇ ਆਪਣੀਆਂ ਪੇਂਟਿੰਗਾਂ ਰਾਹੀਂ ਗਦਰੀਆਂ ਦੇ ਸੁਨੇਹੇ ਦੇ ਕੈਨਵੈਸ 'ਤੇ ਰੰਗ ਭਰੇ। ਕੁਇੱਜ਼ ਮੁਕਾਬਲੇ 'ਚ ਆਜ਼ਾਦ ਹਿੰਦ ਫੌਜ ਦੇ ਇਤਿਹਾਸ ਨੂੰ ਫਿਰ ਯਾਦ ਕਰਾਇਆ। ਕਵੀਆਂ ਨੇ ਕਿਰਤੀਆਂ ਦੀਆਂ ਪੀੜਾਂ ਦੀ ਬਾਤ ਪਾਈ, ਉਥੇ ਭਾਸ਼ਣ ਮੁਕਾਬਲਿਆਂ 'ਚ ਮੌਜੂਦਾ ਖਪਤਵਾਦੀ ਸੱਭਿਆਚਾਰ 'ਚ ਪਿਸ ਰਹੀ ਜਵਾਨੀ ਨੇ ਏਸ ਗੁਲਾਮੀ ਵਿਰੁੱਧ ਲੜਾਈ ਦੀ ਆਵਾਜ਼ ਬੁਲੰਦ ਕੀਤੀ।

ਸਾਂਝੀਵਾਲਤਾ ਅਤੇ ਹੱਕ-ਸੱਚ ਲਈ ਜੂਝ-ਮਰਨ ਦਾ ਪੈਗਾਮ ਦਿੰਦਾ ਗਦਰ ਪਾਰਟੀ ਦਾ ਦੋ ਤਲਵਾਰਾਂ ਵਾਲਾ ਤਿਰੰਗਾ ਲਹਿਰਾ ਕੇ ਗਦਰੀਆਂ ਦੀ ਸ਼ੁਰੂ ਕੀਤੀ ਜੰਗ ਨੂੰ ਅੰਜ਼ਾਮ ਤੱਕ ਲੈ ਜਾਣ ਦੇ ਸੁਨੇਹੇ ਨਾਲ ਸ਼ੁਰੂ ਹੋਇਆ ਮੇਲਾ ਆਜ਼ਾਦ ਹਿੰਦ ਫੌਜ ਵੱਲੋਂ ਏਸ ਸੰਗਰਾਮ 'ਚ ਡੋਲ੍ਹੇ ਆਪਣੇ ਖ਼ੂਨ ਦੀ ਮਹਿਕ ਨੂੰ ਤਾਜ਼ਾ ਕਰ ਗਿਆ।

ਬੁੱਧੀਜੀਵੀਆਂ ਨੇ ਸਿਰ ਜੋੜ ਕੇ ਗਦਰ ਲਹਿਰ ਦੀ ਧਰਮ-ਨਿਪੱਖਤਾ ਦੇ ਸਿਧਾਂਤ ਅਤੇ ਸੁਨੇਹੇ ਦੀ ਆਵਾਜ਼ ਨੂੰ ਬੁਲੰਦ ਕੀਤਾ...। ਉਨ੍ਹਾਂ ਨੇ ਗਦਰੀਆਂ ਦੀ ਧਰਮ-ਨਿਰਪੱਖਤਾ ਅਤੇ ਹਾਕਮ ਧਿਰਾਂ ਵੱਲੋਂ ਪ੍ਰਚਾਰੀ ਜਾਂਦੀ ਧਰਮ-ਨਿਰਪੱਖਤਾ ਵਿੱਚ ਬੁਨਿਆਦੀ ਫਰਕ ਨੂੰ ਦੱਸਿਆ ਅਤੇ ਲੋਕ ਮੁਕਤੀ ਹਿੱਤ ਗਦਰ ਦੀ ਲਹਿਰ ਧਰਮ-ਨਿਰਪੱਖਤਾ ਨੂੰ ਅਪਣਾਉਣ ਦਾ ਸੱਦਾ ਦਿੱਤਾ।

ਸਾਰਾ ਦਿਨ ਗੀਤ ਸੰਗੀਤ ਦੇ ਹਰ ਰੰਗ ਵਿੱਚ ਗਦਰ ਦੀ ਗੂੰਜ ਪਈ...।ਸਾਰੀ ਰਾਤ ਨਾਟਕਾਂ ਰਾਹੀਂ ਨੌਜਵਾਨ, ਔਰਤਾਂ ਕਿਰਤੀਆਂ ਤੇ ਕਿਸਾਨਾਂ....ਦੀਆਂ ਪੀੜਾਂ ਨੂੰ ਪੇਸ਼ ਕਰਦਾ ਮੇਲਾ ਗਦਰੀ ਬਾਬਿਆਂ ਹਾਕਮ ਲੋਟੂ ਤਾਕਤਾਂ, ਸਾਮਰਾਜੀ ਏਜੰਟਾਂ ਵਿਰੁੱਧ ਸੰਗਰਾਮ ਲਈ ਇੱਕ ਹੋਰ ਗਦਰ ਦੇ ਹੋਕੇ ਨਾਲ..ਅਗਲੇ ਸਾਲ ਗਦਰ ਪਾਰਟੀ ਦੀ ਸ਼ਤਾਬਦੀ ਤੱਕ ਇੱਕ ਵਿਆਪਕ ਲੋਕ ਲਹਿਰ ਦੀ ਉਸਾਰੀ ਦਾ ਸੱਦਾ ਦੇ ਗਿਆ..।

ਇਸ ਲਈ ਆਓ! ਇਸ ਵਰ੍ਹੇ ਦੇ 20ਵੇਂ ਮੇਲੇ ਤੋਂ ਹੀ ਗ਼ਦਰ ਸਥਾਪਨਾ ਸ਼ਤਾਬਦੀ 2013 ਦੀ ਤਿੰਨ ਵਰ੍ਹਿਆਂ ਦੀ ਮੁਹਿੰਮ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਲਈ ਆਪੋ- ਆਪਣੇ ਹਿੱਸੇ ਦੀ ਭੂਮਿਕਾ ਅਦਾ ਕਰਨ ਲਈ ਅੱਗੇ ਆਈਏ। ਤਿੰਨ ਵਰ੍ਹੇ ਸ਼ਤਾਬਦੀ ਮੁਹਿੰਮ ਨੂੰ ਪਿੰਡਾਂ, ਕਸਬਿਆਂ, ਸ਼ਹਿਰਾਂ, ਵਿਦਿਅਕ ਅਦਾਰਿਆਂ, ਹੋਰ ਕੰਮ ਖੇਤਰਾਂ ਅਤੇ ਦੇਸ਼-ਵਿਦੇਸ਼ ਤੱਕ ਫੈਲਾਉਣ ਲਈ ਮਿਲ ਕੇ ਹੰਭਲਾ ਮਾਰੀਏ। ਧਰਤੀ ਨੂੰ ਅਤੇ ਆਪਣੇ ਮਨਾਂ ਨੂੰ ਰੌਸ਼ਨ ਕਰਨ ਲਈ ਦੀਵਿਆਂ ਦੀ ਅਤੇ ਚੇਤਨਾ ਦੀ ਲੋਅ ਜਗਾਈਏ।











# ਤੇ ਹੁਣ ਪੈਟਰੋਲੀਅਮ ਭੰਡਾਰਾਂ 'ਤੇ ਕਬਜ਼ੇ ਦੀ ਇਕ ਪਾਸੜ ਜੰਗ



ਸਤਨਾਮ ਚਾਨਾ
vichar_manch@yahoo.com

ਮੱਧ ਪੂਰਬ, ਈਰਾਨ ਅਤੇ ਖਾੜੀ ਦੇ ਖਿੱਤੇ ਵਿਚ ਤਣਾਓ ਏਨਾ ਵਧਿਆ ਹੋਇਆ ਕਿ ਸਥਿਤੀ ਧਮਾਕਾਖੇਜ਼ ਬਣ ਗਈ ਹੈ। ਅਜਿਹੀ ਸਥਿਤੀ ਦੇ ਪੈਦਾ ਹੋਣ ਦਾ ਕਾਰਨ ਕੁਝ ਚੋਣਵੇਂ ਦੇਸ਼ਾਂ ਵਿਚ ਅਮਰੀਕਾ ਦੀ ਸਿੱਧੀ ਦਖ਼ਲਅੰਦਾਜ਼ੀ ਹੈ। ਕਿਸੇ ਦੇਸ਼ ਲਈ ਕੋਈ ਬਹਾਨਾ ਬਣਾਇਆ ਗਿਆ ਹੈ ਅਤੇ ਕਿਸੇ ਦੇਸ਼ ਲਈ ਕੋਈ। ਅਸਲ ਮਾਮਲਾ ਇਨ੍ਹਾਂ ਦੇਸ਼ਾਂ ਦੇ ਤੇਲ ਭੰਡਾਰਾਂ ਦੀ ਲੁੱਟ ਜਾਰੀ ਰੱਖਣਾ ਹੈ, ਜਿਨ੍ਹਾਂ ਉਪਰ ਪਾਰ-ਰਾਸ਼ਟਰੀ ਤੇਲ ਕੰਪਨੀਆਂ ਨੇ ਕਬਜ਼ਾ ਜਮਾਇਆ ਹੋਇਆ ਹੈ। ਇਹ ਕੰਪਨੀਆਂ, ਦੁਨੀਆਂ ਦੇ ਹਰ ਖਿੱਤੇ ਵਿਚ ਉਪਲਬਧ ਤੇਲ ਭੰਡਾਰ ਨੂੰ ਆਪਣੀ ਜੱਦੀ ਜਾਇਦਾਦ ਸਮਝ ਕੇ ਚਲਦੀਆਂ ਹਨ ਅਤੇ ਉਨ੍ਹਾਂ ਦੇ ਅਸਲ ਮਾਲਕਾਂ ਨੂੰ ਪੂਰਨ ਤੌਰ 'ਤੇ ਬੇਦਖ਼ਲ ਕਰਨ 'ਤੇ ਉਤਾਰੂ ਹੋ ਚੁੱਕੀਆਂ ਹਨ। ਪ੍ਰਮੁੱਖ ਤੌਰ 'ਤੇ ਇਹ ਸੱਤ ਹੀ ਕੰਪਨੀਆਂ ਹਨ, ਜਿਨ੍ਹਾਂ ਨੂੰ ਸਾਮਰਾਜ ਦੀ ਭਾਸ਼ਾ ਵਿਚ 'ਸੈਵਨ-ਸਿਸਟਰਜ਼' ਕਿਹਾ ਜਾਂਦਾ। ਇਨ੍ਹਾਂ ਸੱਤ ਭੈਣਾਂ ਦੀ ਉਮਰ ਭਾਵੇਂ ਪੌਣੀ ਸਦੀ ਨੂੰ ਵੀ ਟੱਪ ਚੁੱਕੀ ਹੈ ਪਰ ਅਸਲ ਵਿਚ ਇਨ੍ਹਾਂ ਨੇ ਅਜੇ ਜਵਾਨੀ ਵਿਚ ਹੀ ਪੈਰ ਰੱਖਿਆ ਹੈ, ਕਿਉਂਕਿ ਇਨ੍ਹਾਂ ਦੇ ਨਿਗਲਣ ਵਾਸਤੇ ਹੋਰ ਵੀ ਬੇਅੰਤ ਭੰਡਾਰ ਪਏ ਹਨ। ਹੁਣ ਉਹ ਆਪਣੇ ਰਾਹ ਵਿਚ ਕਿਸੇ ਵੀ ਪ੍ਰਕਾਰ ਦਾ ਰੋੜਾ ਸਹਿਣ ਕਰਨ ਨੂੰ ਤਿਆਰ ਨਹੀਂ। ਉਨ੍ਹਾਂ ਦੀ ਪਿੱਠ ਉਤੇ ਦੁਨੀਆਂ ਦੀਆਂ ਸਭ ਤੋਂ ਸ਼ਕਤੀਸ਼ਾਲੀ ਫੌਜਾਂ ਦਾ ਗਿਰੋਹ ਹੈ, ਜਿਸ ਦੀ ਭੂਮਿਕਾ ਅਸਲ ਵਿਚ ਕੌਮਾਂਤਰੀ ਮਾਫ਼ੀਆ ਵਰਗੀ ਹੀ ਹੈ।

ਅਮਰੀਕੀ ਸਾਮਰਾਜ ਅਤੇ ਉਸ ਦੇ ਭਾਈਵਾਲ ਇਹ ਮੰਨ ਕੇ ਚਲਦੇ ਹਨ ਕਿ ਪ੍ਰਕਿਰਤੀ ਨੇ ਉਨ੍ਹਾਂ ਨਾਲ ਵਿਤਕਰਾ ਕੀਤਾ ਹੈ ਅਤੇ ਸਭ ਤੋਂ ਕੀਮਤੀ ਖਣਿਜ ਧਰਤੀ ਦੇ ਹੋਰ ਖਿੱਤਿਆਂ ਤੇ ਦੇਸ਼ਾਂ ਨੂੰ ਦੇ ਦਿੱਤੇ ਹਨ। ਇਸ ਕਰਕੇ ਉਹ ਪ੍ਰਕਿਰਤੀ ਦੀ ਇਸ ਧੱਕੇਸ਼ਾਹੀ ਨੂੰ ਧੱਕੇ ਨਾਲ ਠੀਕ ਕਰਨਾ ਜਾਣਦੇ ਹਨ। ਸਾਮਰਾਜੀਆਂ ਦਾ ਇਹ ਗਿਲਾ ਗੁੱਸੇ ਦਾ ਭਾਂਬੜ ਬਣਿਆ ਹੋਇਆ ਹੈ ਕਿਉਂਕਿ ਕੁਦਰਤ ਨੇ ਪੈਟਰੋਲੀਅਮ ਵਰਗੀ ਨਿਆਮਤ ਧਰਤੀ ਦੇ ਬੇਹੱਦ ਸੀਮਤ ਥਾਵਾਂ 'ਤੇ ਉਪਲਬਧ ਕਰਾਈ ਹੈ, ਜਦੋ ਕੇ ਇਸ ਨੂੰ ਇਸਤੇਮਾਲ ਸਾਰੇ ਸੰਸਾਰ ਨੇ ਕਰਨਾ ਹੈ। ਇਸ ਕਰਕੇ ਹਰ ਹਰਬਾ ਵਰਤਣਾ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਬਣ ਗਿਆ ਹੈ। ਇਸ ਕਰਕੇ ਜਦੋਂ ਅਸੀਂ ਪਿੱਛੇ ਵੱਲ ਨਜ਼ਰ ਮਾਰਦੇ ਹਾਂ ਤਾਂ ਦਿਖਾਈ ਦਿੰਦਾ ਹੈ ਕਿ ਇਨ੍ਹਾਂ ਭੈਣਾਂ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ। ਲੁੱਟ-ਖੋਹ ਤੋਂ ਇਲਾਵਾ, ਸਾਜ਼ਿਸ਼ਾਂ, ਜੰਗਾਂ, ਰਾਜ ਪਲਟਿਆਂ, ਕੌਮਪ੍ਰਸਤ ਆਗੂਆਂ ਦੀਆਂ ਹਤਿਆਵਾਂ ਆਦਿ ਇਨ੍ਹਾਂ ਦੀ ਕਾਰਜ ਸ਼ੈਲੀ ਜਾਂ ਮਰਿਯਾਦਾ ਹੈ। ਮੂਲ ਰੂਪ ਵਿਚ ਇਹ ਕੰਪਨੀਆਂ ਹਨ : ਏਕਸਨ (ਏਸੋ), ਗਲਫ਼ ਆਇਲ, ਟੈਕਸਕੋ, ਮੋਬਾਇਲ (ਚੇਵਰੋਨ) ਸ਼ੈੱਲ ਅਤੇ ਬ੍ਰਿਟਿਸ਼ ਪੈਟਰੋਲੀਅਮ। ਫਰੈਂਚ ਆਇਲ ਕੰਪਨੀ ਨੂੰ ਇਹ ਆਪਣੀ ਕਜ਼ਨ ਸਮਝਦੀਆਂ ਅਤੇ ਬਾਕੀ ਸਭ ਹੁਮਾਂ-ਤੁਮਾਂ ਕੰਪਨੀਆਂ ਇਨ੍ਹਾਂ ਦੀਆਂ ਗੋਲੀਆਂ ਹਨ।

ਅਸਲ ਵਿਚ ਇਹ ਕੰਪਨੀਆਂ ਵਿਸ਼ਵ ਸਰਕਾਰ ਦਾ ਦਰਜਾ ਹਾਸਲ ਕਰ ਚੁੱਕੀਆਂ ਹਨ, ਜਿਸ ਦੀ ਰਾਜਧਾਨੀ ਅਮਰੀਕਾ ਹੈ। ਬਾਕੀ ਦੇਸ਼ਾਂ ਦੀਆਂ ਸਰਕਾਰਾਂ ਦਾ ਦਰਜਾ, ਇਨ੍ਹਾਂ ਦੀ ਨਜ਼ਰ ਵਿਚ ਮਿਊਂਸਪੈਲਟੀਆਂ ਜਾਂ ਨਗਰ ਨਿਗਮਾਂ ਤੋਂ ਵਧੇਰੇ ਨਹੀਂ ਹੈ ਜਾਂ ਫਿਰ ਵੱਧ ਤੋਂ ਵੱਧ ਪ੍ਰਾਂਤਕ ਸਰਕਾਰਾਂ ਜਿੰਨਾ ਹੀ ਹੈ। ਜਿਨ੍ਹਾਂ ਕੌਮਾਂ ਜਾਂ ਦੇਸ਼ਾਂ ਨੂੰ ਪ੍ਰਕਿਰਤੀ ਨੇ ਪੈਟਰੋਲੀਅਮ ਖਣਿਜ ਨਾਲ ਨਿਵਾਜਿਆ ਸੀ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਕੌਮਾਂ ਨੂੰ ਅਮਲੀ ਤੌਰ 'ਤੇ ਇਨ੍ਹਾਂ ਕੰਪਨੀਆਂ ਨੇ ਬੇਦਖ਼ਲ ਹੀ ਕਰ ਦਿੱਤਾ ਹੈ ਅਤੇ ਦੂਜਿਆਂ ਨੂੰ ਕਰਨ ਜਾ ਰਹੀਆਂ ਹਨ। ਬਦਕਿਸਮਤੀ ਨਾਲ ਇਹ ਬੇਦਖ਼ਲ ਹੋਈਆਂ ਕੌਮਾਂ ਬਹੁਤ ਦੇਰ ਨਾਲ ਜਾਗੀਆਂ ਪਰ ਉਨ੍ਹਾਂ ਦੀ ਜਾਗਰੂਕਤਾ ਦਾ ਸਵਾਗਤ ਖ਼ੂਨ-ਖ਼ਰਾਬੇ ਨਾਲ ਹੋਇਆ। ਜਿਸ ਵੀ ਦੇਸ਼ ਨੇ ਆਪਣੇ ਕੁਦਰਤੀ ਸਰੋਤ ਉਪਰ ਆਪਣਾ ਅਧਿਕਾਰ ਜਿਤਾਉਣ ਦਾ ਯਤਨ ਕੀਤਾ ਉਸ ਨੂੰ ਇਨ੍ਹਾਂ ਸੱਤ ਭੈਣਾਂ ਦੇ ਕਰੋਧ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਪਹਿਲਾਂ ਅਜਿਹਾ ਖ਼ਤਰਾ ਮੁੱਲ ਲੈਣ ਵਾਲਾ ਈਰਾਨ ਸੀ।

ਇੰਝ ਪ੍ਰਤੀਤ ਹੁੰਦਾ ਹੈ ਕਿ ਈਰਾਨ ਦੇ ਇਸ ਹੌਸਲੇ ਦਾ ਸਰੋਤ ਸੁਏਜ਼ ਨਹਿਰ ਦੇ ਕੌਮੀਕਰਨ ਉਪਰ ਲੜੀ ਗਈ ਸਫ਼ਲ ਲੜਾਈ ਸੀ। ਇਸ ਲੜਾਈ ਵਿਚ ਸਾਰੇ ਅਰਬ ਜਗਤ ਜਜ਼ਬਾਤੀ ਪੱਧਰ 'ਤੇ ਸ਼ਾਮਲ ਸੀ ਤੇ ਸਾਰਾ ਖਿੱਤਾ ਇਸ ਨੂੰ ਇਕ ਮਹਾਨ ਜਿੱਤ ਸਮਝਦਾ ਸੀ। ਨਾਲ ਦੀ ਨਾਲ ਇਸ ਨੇ ਅਜਿਹੀ ਮਾਨਸਿਕਤਾ ਨੂੰ ਆਧਾਰ ਪ੍ਰਦਾਨ ਕਰ ਦਿੱਤਾ ਸੀ ਕਿ ਹਰ ਕੌਮ ਦਾ ਆਪਣੇ ਸਰੋਤਾਂ 'ਤੇ ਪੂਰਾ ਅਧਿਕਾਰ ਹੈ ਅਤੇ ਅਧਿਕਾਰਾਂ ਦੀ ਲੜਾਈ ਵਿਚ ਜਿੱਤ ਹਾਸਲ ਹੁੰਦੀ ਹੈ। ਈਰਾਨ ਨੇ ਆਪਣੇ ਪੈਟਰੋਲੀਅਮ ਨੂੰ ਕੌਮੀਕਰਨ ਦਾ ਸਾਇਰਨ ਵਜਾ ਦਿੱਤਾ ਅਤੇ ਪਹਿਲੀ ਮਈ 1951 ਨੂੰ ਐਂਗਲੋ-ਈਰਾਨੀ ਕੰਪਨੀ ਤੋਂ ਆਪਣੇ ਤੇਲ ਭੰਡਾਰ ਖੋਹ ਲਏ ਅਤੇ 50 ਸਾਲ ਪੁਰਾਣਾ ਕਬਜ਼ਾ ਖ਼ਤਮ ਕਰ ਦਿੱਤਾ। ਈਰਾਨ ਦੀ ਇਸ ਕਾਰਵਾਈ ਉਪਰ ਹੋਏ ਪ੍ਰਤੀਕਰਮ ਅਤੇ ਮੋੜਵੀਂ ਕਾਰਵਾਈ ਸਾਮਰਾਜ ਦੀ ਆਰਥਕ ਗੁੰਡਾਗਰਦੀ ਅਤੇ ਰਾਜਨੀਤਕ ਮਾਫ਼ੀਆਗਿਰੀ ਨੂੰ ਬੇਨਕਾਬ ਕਰਦੀ ਹੈ।

2 ਮਈ ਦੀ ਸਵੇਰ ਜਦੋਂ ਐਂਗਲੋ-ਈਰਾਨੀ ਕੰਪਨੀ ਦੇ ਬੋਰਡ ਚੇਅਰਮੈਨ ਲੌਰਡ ਸਟਰੈਥਮੋਂਡ ਦੀ ਜਾਗ ਖੁੱਲ੍ਹੀ ਤਾਂ ਕੰਪਨੀ ਦੇ ਕੌਮੀਕਰਨ ਦੀ ਖ਼ਬਰ ਨੇ ਉਸ ਦਾ ਸਵਾਗਤ ਕੀਤਾ। ਉਹ ਕੋਠੇ 'ਤੇ ਚੜ੍ਹ ਕੇ ਪਿੱਟਿਆ,'' ਮਾਰੇ ਗਏ, ਲੁੱਟੇ ਗਏ...'' ''ਰਾਤੋ ਰਾਤ ਖੋਹ ਲਿਆ ਤੇਲ ਭੰਡਾਰਾਂ ਦਾ ਵੱਡਾ ਹਿੱਸਾ... ਯਕੀਨ ਨਹੀਂ ਆਉਂਦਾ...''। ਇਹ ਕਿੰਨਾ ਅਜੀਬ ਅਤੇ ਹੈਰਾਨੀਜਨਕ ਲਗਦਾ ਹੈ ਕਿ ਜਦੋਂ ਕਿਸੇ ਲੁਟੇਰੇ ਤੋਂ ਲੁੱਟ ਦਾ ਮਾਲ ਖੋਹਿਆ ਜਾਏ ਤਾਂ ਉਹ ਬੇਇਨਸਾਫ਼ੀ ਦੀ ਦੁਹਾਈ ਪਾਵੇ। ਪਰ ਸੱਚਾਈ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀ। ਕੰਪਨੀ ਦੇ ਅੱਥਰੂ ਪੂੰਝਣ ਲਈ ਪਹਿਲਾਂ ਬਰਤਾਨਵੀ ਫੌਜ ਅੱਗੇ ਆਈ ਤੇ ਫਿਰ ਸਾਰਾ ਸਾਮਰਾਜ ਹਮਦਰਦੀ ਜਿਤਾਉਣ ਲਈ ਦੌੜਿਆ। ਬਰਤਾਨੀਆਂ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ''ਕੰਪਨੀ ਨਾਲ ਬੇਇਨਸਾਫ਼ੀ ਸਹਿਣ ਨਹੀਂ ਕਰਾਂਗੇ ਅਤੇ ਨਾਲ ਹੀ ਸਰਕਾਰ ਨੇ ਮੈਨੇਜਮੈਂਟ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਕਿ ਉਹ ਈਰਾਨ ਦੀ ਸਰਕਾਰ ਨੂੰ ਸਾਰੀਆਂ ਪੇਮੈਂਟਾਂ ਬੰਦ ਕਰ ਦੇਵੇ। ਈਰਾਨ ਵਿਚ ਟਿਕੇ ਹੋਏ ਬਰਤਾਨਵੀ ਨਾਗਰਿਕਾਂ ਦੀਆਂ ਜਾਨਾਂ ਬਚਾਉਣ ਦੇ ਨਾਮ 'ਤੇ ਆਪਣੇ ਫੌਜੀ ਦਸਤੇ ਸਾਇਪਰਸ ਵਿਚ ਉਤਾਰ ਦਿੱਤੇ ਅਤੇ ਇਰਾਕ ਵਿਚ ਪਹਿਲਾਂ ਤੋਂ ਹੀ ਤਾਇਨਾਤ ਫੌਜ ਨੂੰ ਤਿਆਰ ਰਹਿਣ ਲਈ ਚੌਕਸ ਕਰ ਦਿੱਤਾ। ਨਾਲ ਦੀ ਨਾਲ ਸਮੁੰਦਰੀ ਫੌਜੀ ਬੇੜਾ ਗਲਫ਼ ਵੱਲ ਤੋਰ ਦਿੱਤਾ।

ਇੱਥੇ ਬੇਹੱਦ ਮਹੱਤਵਪੂਰਨ ਇਹ ਹੈ ਕਿ ਦੋ ਧਿਰਾਂ ਵਿਚਕਾਰ ਇਕ ਆਰਥਿਕ ਸਮਝੌਤਾ ਕੀਤਾ ਗਿਆ ਸੀ। ਇਕ ਪਾਸੇ ਇਕ ਨਿੱਜੀ ਕੰਪਨੀ ਸੀ ਅਤੇ ਦੂਜੇ ਪਾਸੇ ਈਰਾਨ ਦੀ ਸਰਕਾਰ ਸੀ। ਸਮਝੌਤੇ ਅਨੁਸਾਰ ਜੇਕਰ ਇਕ ਧਿਰ ਸਮਝੌਤਾ ਤੋੜਦੀ ਹੈ ਤਾਂ ਦੂਜੀ ਮੁਆਵਜ਼ਾ ਮੰਗ ਸਕਦੀ ਸੀ। ਈਰਾਨ ਦੀ ਸਰਕਾਰ ਨੇ ਐਂਗਲੋ-ਈਰਾਨੀਆਨ ਨੂੰ ਮੁਆਵਜ਼ਾ ਦੇਣਾ ਸੀ। ਪਰ, ਅਸਲ ਵਿਚ ਕੰਪਨੀ ਲਈ ਲਿਖਤੀ ਸਮਝੌਤੇ ਦਾ ਕੋਈ ਅਰਥ ਨਹੀਂ ਸੀ। ਸਮਝੌਤਾ ਸਿਰਫ਼ ਈਰਾਨ ਵਿਚ ਪ੍ਰਵੇਸ਼ ਕਰਨ ਦਾ ਬਹਾਨਾ ਸੀ। ਕੀ ਇਹ ਬਹਾਨਾ ਸਿਰਫ਼ ਬਰਤਾਨਵੀ ਸਾਮਰਾਜ ਲਈ ਹੀ ਸੀ? ਨਹੀਂ ਸਗੋਂ ਇਹ ਸਮੁੱਚੇ ਸਾਮਰਾਜ ਦੀ ਨੀਤੀ ਸੀ ਅਤੇ ਉਹ ਇਕਮੁੱਠ ਸਨ। ਤੇਲ ਦੀਆਂ ਉਹ ਕੰਪਨੀਆਂ (ਛੇ ਭੈਣਾਂ) ਜਿਹੜੀਆਂ ਬਰਤਾਨੀਆ ਦੀਆਂ ਵੀ ਨਹੀਂ ਸਨ ਮੈਦਾਨ ਵਿਚ ਆ ਗਈਆਂ। ਉਨ੍ਹਾਂ ਨੇ ਸਾਰੇ ਸੰਸਾਰ ਨੂੰ ਧਮਕੀ ਦੇ ਦਿੱਤੀ ਕਿ ਜਿਹੜੇ ਈਰਾਨ ਦਾ ਕੌਮੀ ਕੀਤਾ ਹੋਇਆ ਤੇਲ ਖਰੀਦਣਗੇ, ਉਨ੍ਹਾਂ ਦਾ ਉਹ ਬਾਈਕਾਟ ਕਰ ਦੇਣਗੀਆਂ। ਤਾਂ ਵੀ ਈਰਾਨ



ਦਾ ਤੇਲ ਸੰਕਟ ਵਿਸ਼ਵ ਆਰਥਕ ਮਸਲੇ ਤੱਕ ਹੀ ਸੀਮਤ ਨਾ ਰਿਹਾ, ਸਗੋਂ ਵਿਸ਼ਵ ਰਾਜਨੀਤਕ ਮਸਲੇ ਵਿਚ ਤਬਦੀਲ ਕਰ ਦਿੱਤਾ ਗਿਆ। ਬਿਨਾ ਦੇਰੀ ਲਗਾਇਆਂ ਅਮਰੀਕੀ ਪ੍ਰਸ਼ਾਸਨ ਵੀ ਆ ਧਮਕਿਆ। ਉਸ ਨੇ ਈਰਾਨ ਦਾ ਤੇਲ ਦਰਾਮਦ ਕਰਨ ਵਾਲੇ ਦੇਸ਼ਾਂ ਨੂੰ ਤੇ ਨੀਮ ਕੰਪਨੀਆਂ ਨੂੰ ਧਮਕੀ ਦੇ ਦਿੱਤੀ ਕਿ ਅਮਰੀਕਾ ਉਨ੍ਹਾਂ ਨੂੰ ਦਿੱਤੀ ਜਾਂਦੀ ਏਡ ਬੰਦ ਕਰ ਦੇਵੇਗਾ। ਇਹ ਘਟਨਾਵਾਂ ਸਾਨੂੰ ਸਾਮਰਾਜ ਦਾ ਚਰਿੱਤਰ ਸਮਝਣ ਵਿਚ ਸਹਾਇਤਾ ਕਰਦੀਆਂ ਹਨ। ਈਰਾਨ ਦੀ ਸਰਕਾਰ ਇਸ ਸੰਕਟ ਵਿਚ ਵੀ ਕਈ ਮਹੀਨੇ ਇਸ ਕਰਕੇ ਜਿਊਂਦੀ ਰਹਿ ਸਕੀ ਕਿ ਉਸ ਦੀ ਆਰਥਿਕਤਾ ਦਾ ਵੱਡਾ ਦਾਰੋਮਦਾਰ ਪੈਟਰੋਲੀਅਮ ਉਪਰ ਨਹੀਂ ਸੀ। ਪਰ ਆਖ਼ਰਕਾਰ ਕੰਪਨੀਆਂ ਅਤੇ ਸਰਕਾਰਾਂ ਨੇ ਈਰਾਨ ਦੀ ਸਰਕਾਰ ਦਾ ਗਲਾ ਦਬਾਅ ਦਿੱਤਾ। ਕਰਮੇਤ ਰੂਜ਼ਵੈਲਟ ਜਿਹੜਾ ਏਜੰਸੀ ਦਾ ਡਾਇਰੈਕਟਰ ਸੀ, ਈਰਾਨ ਵੱਲ ਦੌੜਿਆ। ਤਹਿਰਾਨ ਹਵਾਈ ਅੱਡੇ ਤੋਂ ਉਹ ਕਾਰ ਵਿਚ ਬੈਠਦਿਆਂ ਹੀ ਗਾਇਬ ਹੋ ਗਿਆ। ਉਹ ਆਪਣੀ ਪਹਿਚਾਣ ਲੁਕੋ ਨਹੀਂ ਸਕਦਾ ਸੀ, ਜਿਸ ਕਰਕੇ ਰੂਪੋਸ਼ ਹੋ ਗਿਆ। ਸਾਹਮਣੇ ਆ ਚੁੱਕੀ ਜਾਣਕਾਰੀ ਅਨੁਸਾਰ, ਰੂਜ਼ਵੈਲਟ ਨੇ ਸਰਕਾਰ ਵਿਚਲੇ ਆਪਣੇ ਹਮਾਇਤੀਆਂ ਨਾਲ ਸਾਜ਼ਬਾਜ਼ ਮੁਕੰਮਲ ਕਰਨ ਉਪਰੰਤ 17 ਅਗਸਤ ਨੂੰ ਆਪਣੇ ਖ਼ੁਫੀਆ ਟਿਕਾਣੇ ਤੋਂ ਰਾਜ ਪਲਟੇ ਦਾ ਹੁਕਮ ਦਿੱਤਾ ਅਤੇ ਨਤੀਜੇ ਵਜੋਂ ਬਾਗੀਆਂ ਨੇ ਮੁਸੱਦਕ ਦਾ ਤਖ਼ਤ ਮੂਧਾ ਕਰ ਦਿੱਤਾ। ਇਹ ਕੇਵਲ ਈਰਾਨ ਦੇ ਲੋਕਾਂ ਵਾਸਤੇ ਹੀ ਸਬਕ ਨਹੀਂ ਸੀ, ਸਗੋਂ ਪੂਰੇ ਵਿਸ਼ਵ ਵਾਸਤੇ ਇਕ ਕਰਾਰਾ ਸੰਦੇਸ਼ ਸੀ ਕਿ ਸਾਮਰਾਜ ਨੇ ਵਿਸ਼ਵ ਉਪਰ ਧੱਕੇ ਨਾਲ ਰਾਜ ਕਰਨ ਦੀ ਆਪਣੀ ਯੋਜਨਾ ਤਿਆਗੀ ਨਹੀਂ।

ਦੂਜੀ ਸੰਸਾਰ ਜੰਗ ਵਿਚ ਹੋਈ ਲੱਕ ਤੋੜ ਹਾਰ ਕਾਰਨ ਸਾਮਰਾਜ ਜਿੱਥੇ ਵਧੇਰੇ ਖ਼ੂੰਖਾਰ ਅਤੇ ਕਮੀਨਾ ਹੋ ਗਿਆ ਸੀ ਉਥੇ ਦੱਬੀਆਂ ਕੁਚਲੀਆਂ ਕੌਮਾਂ ਵਧੇਰੇ ਜਾਗਰਤ ਅਤੇ ਉਤਸ਼ਾਹਤ ਹੋ ਗਈਆਂ ਸਨ। ਕੌਮੀ ਅਜ਼ਾਦੀ ਅਤੇ ਸਵੈਨਿਰਭਰਤਾ ਦੀ ਲਹਿਰ ਨੇ ਵੀ ਜ਼ੋਰ ਫੜ ਲਿਆ ਸੀ। ਸੰਕਟ ਵਾਲੇ ਇਸ ਖਿੱਤੇ ਵਿਚ ਜਿੱਥੇ ਸੁਏਜ਼ ਨਹਿਰ ਦੇ ਕੌਮੀਕਰਨ ਦੀ ਜਿੱਤ ਨੇ ਲੋਕਾਂ ਦੇ ਹੌਸਲੇ ਬੁਲੰਦ ਕੀਤੇ ਸਨ, ਉਥੇ ਈਰਾਨੀ ਪੈਟਰੋਲੀਅਮ ਦੇ ਕੌਮੀਕਰਨ ਦੀ ਅਸਫ਼ਲਤਾ ਨੇ ਇਨ੍ਹਾਂ ਕੌਮਾਂ ਨੂੰ ਨਿਰ ਉਤਸ਼ਾਹਤ ਨਹੀਂ ਕੀਤਾ ਸੀ। ਅਗਲੇ ਦੋ ਦਹਾਕੇ ਅਰਬਾਂ ਅੰਦਰ ਵੀ ਕੌਮੀਕਰਨ ਦੀ ਭਾਵਨਾ ਉਛਾਲੇ ਮਾਰਦੀ ਰਹੀ ਸੀ ਅਤੇ ਉਹ ਟਾਵੀਂ-ਟਾਵੀਂ ਕਾਰਵਾਈ ਕਰਦੇ ਹੀ ਰਹੇ ਸਨ। ਇਰਾਕ ਅੰਦਰ ਤੇਲ ਦੇ ਕੌਮੀਕਰਨ ਦੀ ਲੜਾਈ ਨੇ 1958 ਵਿਚ ਹੀ ਜ਼ੋਰ ਫੜ ਲਿਆ ਸੀ, ਜਿਸ ਨੂੰ ਕ੍ਰਾਂਤੀਕਾਰੀ ਅੰਜਾਮ ਭਾਵੇਂ 1972 ਵਿਚ ਦਿੱਤਾ ਗਿਆ ਸੀ। ਪਰ ਇਸ ਤੋਂ ਪਹਿਲਾਂ 1970 ਵਿਚ ਲਿਬੀਆ ਨੇ ਤੇਲ ਕੰਪਨੀਆਂ ਦੀ ਮਾਰਕੀਟਿੰਗ ਫ਼ੈਸਲਿਟੀ ਦਾ ਕੌਮੀਕਰਨ ਕਰ ਲਿਆ ਅਤੇ ਬ੍ਰਿਟਿਸ਼ ਪੈਟਰੋਲੀਅਮ ਦੇ 'ਸਾਰੀ-ਫ਼ੀਲਡ' ਉਦਯੋਗ ਦੇ ਸ਼ੇਅਰ ਕੌਮੀ ਕਰ ਲਏ। ਏਸੇ ਹੀ ਸਾਲ ਅਲਜੀਰੀਆ ਸਰਕਾਰ ਨੇ ਗੈਰ ਫਰਾਂਸੀਸੀ ਤੇਲ ਕੰਪਨੀ ਦੇ ਸ਼ੇਅਰ ਕੌਮੀ ਕਰ ਲਏ ਅਤੇ ਅਗਲੇ ਸਾਲ ਅਥਵਾ 1971 ਵਿਚ ਆਇਲ ਫਰੈਂਚ ਕੰਪਨੀ ਦੇ ਵੀ 51 ਪ੍ਰਤੀਸ਼ਤ ਸ਼ੇਅਰ ਕੌਮੀ ਕਰ ਲਏ। ਸਾਮਰਾਜ ਵਿਰੁੱਧ ਉਠੀ ਪੈਟਰੋਲੀਅਮ ਜੰਗ ਦੇ ਕੌਮਾਂਤਰੀ ਪਸਾਰ ਦਾ ਸਿਹਰਾ ਈਰਾਨ ਦੇ ਸਾਬਕਾ ਪ੍ਰਧਾਨ ਮੰਤਰੀ ਮੁਸੱਦਕ ਨੂੰ ਜਾਂਦਾ। ਉਹ ਬੜਾ ਧੜੱਲੇਦਾਰ ਕੌਮਪ੍ਰਸਤ ਸੀ ਭਾਵੇਂ ਉਸ ਸਮੇਂ 72 ਸਾਲ ਦਾ ਹੋ ਚੁੱਕਾ ਸੀ।

ਈਰਾਨ ਦੀਆਂ ਕੁਦਰਤੀ ਦੌਲਤਾਂ ਵਾਪਸ ਲੈਣ ਦੀ ਉਸ ਦੀ ਦ੍ਰਿੜਤਾ ਦੀ ਉਚਾਈ ਕਿੰਨੀ ਹੋ ਸਕਦੀ ਹੈ, ਇਹ ਸਬੂਤ ਇਸ ਘਟਨਾ ਤੋਂ ਹੀ ਮਿਲ ਜਾਂਦਾ ਹੈ ਕਿ ਜਦੋਂ 28 ਅਪ੍ਰੈਲ 1951 ਨੂੰ ਸ਼ਾਹ ਆਫ਼ ਈਰਾਨ ਨੇ ਉਪਰਲੇ ਸਦਨ ਦੀ ਮਨਜ਼ੂਰੀ ਨਾਲ ਮੁਸੱਦਕ ਦੀ, ਪ੍ਰਧਾਨ ਮੰਤਰੀ ਵਜੋਂ ਨਿਯੁਕਤੀ ਕਰ ਦਿੱਤੀ ਤਾਂ ਮੁਸੱਦਕ ਨੇ ਅਹੁਦਾ ਸੰਭਾਲਣ ਤੋਂ ਨਾਂਹ ਕਰ ਦਿੱਤੀ ਕਿ ਜਿੰਨੀ ਦੇਰ ਦੇਸ਼ ਦੇ ਦੋਵੇਂ ਸਦਨ ਉਸ ਨੂੰ ਪੈਟਰੋਲੀਅਮ ਦੇ ਕੌਮੀਕਰਨ ਦੀ ਸ਼ਕਤੀ ਨਹੀਂ ਦਿੰਦੇ ਓਨੀ ਦੇਰ ਉਹ ਪ੍ਰਧਾਨ ਮੰਤਰੀ ਦਾ ਅਹੁਦਾ ਕਬੂਲ ਨਹੀਂ ਕਰਨਗੇ। ਹੰਗਾਮੀ ਹਾਲਤ ਵਿਚ ਦੋਹਾਂ ਸਦਨਾ ਦਾ ਸਮਾਗਮ ਬੁਲਾਇਆ ਗਿਆ ਅਤੇ ਮੁਸੱਦਕ ਨੂੰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ। ਨਤੀਜੇ ਵਜੋਂ, ਅਗਲੇ ਹੀ ਦਿਨ ਅਥਵਾ ਪਹਿਲੀ ਮਈ ਨੂੰ ਸ਼ਾਹ ਨੇ ਕੌਮੀਕਰਨ ਪ੍ਰਾਜੈਕਟ ਤੇ ਦਸਤਖ਼ਤ ਕੀਤੇ ਅਤੇ ਤੇਲ ਉਪਰੋਂ ਬਰਤਾਨਵੀ ਕੰਪਨੀ ਦਾ 50 ਸਾਲਾ ਕਬਜ਼ਾ ਤੋੜ ਦਿੱਤਾ। ਈਰਾਨੀ ਕੌਮ ਅਤੇ ਸਮੁੱਚੇ ਸਾਮਰਾਜ ਦਰਮਿਆਨ ਇਸ ਜੰਗ ਵਿਚ ਭਾਵੇਂ ਮੁਸੱਦਕ ਸਰਕਾਰ ਦਾ ਬਲੀਦਾਨ ਹੋ ਗਿਆ, ਪਰ ਇਸ ਨੇ ਲੁੱਟੇ ਜਾ ਰਹੇ ਦੇਸ਼ਾਂ ਵਿਚ ਕੌਮਪ੍ਰਸਤੀ ਦੇ ਜਜ਼ਬੇ ਨੂੰ ਹੋਰ ਮਜ਼ਬੂਤ ਕਰ ਦਿੱਤਾ।

ਇਸ ਲਹਿਰ ਦੀ ਅਗਲੀ ਸਿਖ਼ਰ ਪਹਿਲੀ ਜੂਨ 1972 ਨੂੰ ਹੋਈ ਜਦੋਂ ਇਰਾਕ ਦੀ ਸਦਾਮ ਹੁਸੈਨ ਸਰਕਾਰ ਨੇ ਕਿਰਕੁੱਕ ਵਿਚ ਸਥਿਤ ਅਮਰੀਕੀ ਤੇਲ ਰਿਫ਼ਾਇਨਰੀ ਆਪਣੇ ਅਧਿਕਾਰ ਹੇਠ ਲੈ ਲਈ। ਮੁਸੱਦਕ ਨੇ ਸਦਾਮ ਹੁਸੈਨ ਲਈ ਬੜੇ ਸਬਕ ਛੱਡ ਦਿੱਤੇ ਸਨ। ਸਦਾਮ ਨੇ ਖ਼ੂੰਖਾਰ ਸਾਮਰਾਜ ਨੂੰ ਹੱਥ ਪਾਉਣ ਤੋਂ ਪਹਿਲਾਂ ਸਾਰੇ ਲੋੜੀਂਦੇ ਸਮਝੌਤੇ ਸੋਵੀਅਤ ਯੂਨੀਅਨ ਨਾਲ ਸਹੀਬੰਦ ਕਰ ਲਏ ਸਨ। ਪਰ ਤਾਂ ਵੀ ਕਿਰਕੁੱਕ ਦੀ ਰਿਫ਼ਾਇਨਰੀ ਦਾ ਕੌਮੀਕਰਨ ਅਰਬਾਂ ਲਈ ਤਣਾਓ ਤੋਂ ਰਹਿਤ ਨਹੀਂ ਸੀ। ਉਹ ਕਿਸੇ ਵੀ ਪ੍ਰਕਾਰ ਦੀ ਉਥਲ-ਪੁਥਲ ਹੋ ਜਾਣ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕਰਦੇ ਸਨ। ਪਰ ਸਦਾਮ ਹੁਸੈਨ ਖੱਬੀ ਸੋਚ ਰੱਖਣ ਵਾਲਾ ਖ਼ਤਰਿਆਂ ਦਾ ਖਿਡਾਰੀ ਸੀ। ਮੁਸੱਦਕ ਦੀ ਸਰਕਾਰ ਜਿੱਥੇ ਕੁਝ ਹੀ ਮਹੀਨੇ ਜਿਊਂਦੀ ਰਹਿ ਸਕੀ ਸੀ, ਉਥੇ ਜਦੋਂ ਸਦਾਮ ਹੁਸੈਨ ਨੇ ਕੌਮੀਕਰਨ ਦੀ ਪਹਿਲੀ ਬਰਸੀ ਮਨਾਈ ਤਾਂ ਉਸ ਨੇ ਅਤਿਅੰਤ ਸਵੈ ਭਰੋਸੇ ਨਾਲ ਇਸ ਬਰਸੀ ਸਮਾਗਮ ਵਿਚ ਕਿਹਾ, ''ਹੁਣ ਕੌਮੀ ਸਰੋਤਾਂ ਦੇ ਕੌਮੀਕਰਨ ਦੀਆਂ ਗੱਲਾਂ ਆਮ ਹੋਣ ਲੱਗ ਪਈਆਂ ਹਨ, ਕਿਉਂਕਿ ਜਿਹੜਾ ਤਜਰਬਾ ਕੀਤਾ ਗਿਆ ਸੀ ਉਹ ਸਫ਼ਲ ਹੋ ਗਿਆ ਹੈ। ਜਿਸ ਨੇ ਦਰਿਆ ਵਿਚ ਛਲਾਂਗ ਲਗਾਈ ਸੀ ਉਹ ਸਫ਼ਲਤਾ ਨਾਲ ਤਰ ਵੀ ਨਿਕਲਿਆ ਅਤੇ ਸਹੀ ਸਲਾਮਤ ਕਿਨਾਰੇ 'ਤੇ ਵੀ ਲੱਗ ਗਿਆ ਹੈ।'' ਸਦਾਮ ਹੁਸੈਨ ਦਾ ਇਕ ਸਾਲ ਬਾਅਦ ਹੀ ਇਸ ਨਤੀਜੇ 'ਤੇ ਪਹੁੰਚਣਾ ਜਲਦਬਾਜ਼ੀ ਵਾਲਾ ਸਾਬਤ ਹੋਇਆ। ਉਹ ਨਹੀਂ ਸੀ ਜਾਣਦਾ ਕਿ ਅੰਦਰੋਂ-ਅੰਦਰ ਵਿਸ਼ ਘੋਲ ਰਿਹਾ ਅਮਰੀਕਨ ਸਾਮਰਾਜ ਏਨਾ ਵਿਉਲਾ ਤੇ ਜਾਨਲੇਵਾ ਹਮਲਾ ਕਰਨ ਲਈ ਢੁਕਵੇਂ ਮੌਕੇ ਦੀ ਉਡੀਕ ਵਿਚ ਸੀ। ਪੂਰੇ ਤਿੰਨ ਦਹਾਕੇ ਬਾਅਦ ਸਦਾਮ ਹੁਸੈਨ ਦਾ ਅੰਤ ਮੁਸੱਦਕ ਨਾਲੋਂ ਕਈ ਗੁਣਾ ਵਧੇਰੇ ਦੁੱਖਦਾਈ ਢੰਗ ਨਾਲ ਹੋਇਆ। ਤਾਕਤਾਂ ਦਾ ਤੋਲ ਦੋ ਧਰੁਵੀ ਤੋਂ ਇਕ ਧਰੁਵੀ ਹੋ ਚੁੱਕਾ ਸੀ ਅਤੇ ਸੋਵੀਅਤ ਯੂਨੀਅਨ ਵਰਗੀ ਸ਼ਕਤੀ ਮੰਚ ਤੋਂ ਹੀ ਅਲੋਪ ਸੀ। ਸਾਮਰਾਜੀ ਸ਼ਕਤੀ ਲਈ ਹੁਣ ਰਾਹ ਇਕਦਮ ਪੱਧਰਾ ਹੈ।

ਦੂਜੀ ਸੰਸਾਰ ਜੰਗ ਦੇ ਖ਼ਾਤਮੇ ਤੋਂ ਹੀ ਸਾਮਰਾਜ ਨੇ ਆਪਣੀਆਂ ਫੌਜਾਂ ਨੂੰ ਆਰਥਿਕ ਜੰਗ ਜਿੱਤਣ ਦੀ ਮਾਨਸਿਕਤਾ ਨਾਲ ਤਿਆਰ ਕੀਤਾ ਹੋਇਆ ਹੈ। ਦੁਨੀਆ ਦੇ ਤੇਲ ਭੰਡਾਰ ਉਸ ਦੇ ਮੁੱਖ ਏਜੰਡੇ 'ਤੇ ਹਨ, ਕਿਉਂਕਿ ਉਨ੍ਹਾਂ ਦੀ ਸਮੁੱਚੀ ਆਰਥਿਕਤਾ ਦਾ ਅਧਾਰ ਹੀ ਪੈਟਰੋਲੀਅਮ ਬਣ ਗਿਆ ਹੈ। ਅਜਿਹੀਆਂ ਉਦਾਹਰਣਾਂ ਕੁਝ ਮਹੱਤਵਪੂਰਨ ਲਿਖਤਾਂ ਵਿਚ ਉਪਲਬਧ ਹਨ ਜੋ ਦੱਸਦੀਆਂ ਕਿ ਅਮਰੀਕੀ ਫੌਜਾਂ ਆਪਣੀਆਂ ਮਸ਼ਕਾਂ ਦੌਰਾਨ ਤੇਲ ਭੰਡਾਰਾਂ ਉਪਰ ਕਬਜ਼ਾ ਕਰਨ ਦੇ ਜੈਕਾਰੇ ਛੱਡਦੀਆਂ ਰਹੀਆਂ ਹਨ। ਨਿਕਸਨ ਨੇ ਜਦੋਂ ਸਤੰਬਰ 1970 ਵਿਚ ਆਪਣੇ ਛੇਵੇਂ ਸਮੁੰਦਰੀ ਬੇੜੇ ਦਾ ਦੌਰਾ ਕੀਤਾ ਸੀ ਤਾਂ ਉਸ ਨੇ ਐਲਾਨ ਕੀਤਾ ਕਿ ਉਹ ਪੈਟਰੋਲੀਅਮ ਕੰਪਨੀਆਂ ਦੇ ਹਿੱਤਾਂ ਦੀ ਰਾਖੀ ਕਰਨਗੇ। ਇਸੇ ਹੀ ਤਰ੍ਹਾਂ 1974 ਵਿਚ ਐਡਮਿਰਲ ਟਰਨਰ ਨੇ ਆਪਣੇ ਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਮਿਡਲ ਈਸਟ ਤੇ ਹਮਲਾ ਨਹੀਂ ਕਰਨਾ ਚਾਹੁੰਦੇ ਪਰ ਫਿਰ ਵੀ ਸਾਨੂੰ ਹਮਲੇ ਵਾਸਤੇ ਤਿਆਰ ਰਹਿਣਾ ਚਾਹੀਦਾ। ਉਸ ਤੋਂ ਅਗਲੇ ਵਰ੍ਹੇ 13 ਜਨਵਰੀ 1975 ਨੂੰ ਕਸਿੰਜਰ ਨੇ ਅਮਰੀਕੀ ਫੌਜੀ ਨੀਤੀ ਨੂੰ ਹੋਰ ਵੀ ਸਪੱਸ਼ਟ ਕਰ ਦਿੱਤਾ ਜਦੋਂ ਉਸ ਨੇ ਕਿਹਾ ਕਿ, ''ਅਮਰੀਕੀ ਫੌਜੀ ਕਾਰਵਾਈ ਦੀ ਅਰਬ ਦੇਸ਼ਾਂ ਵਿਚ ਲੋੜ ਪੈ ਸਕਦੀ ਹੈ, ਜੇਕਰ ਅਰਬਾਂ ਨੇ ਸਾਡੇ ਉਦਯੋਗਾਂ ਵਾਸਤੇ ਸੱਚਮੁੱਚ ਹੀ ਘੁਟਨ ਪੈਦਾ ਕੀਤੀ।''

ਇੱਥੇ ਸਹਿਜ ਸੁਭਾਅ ਹੀ ਇਹ ਸਵਾਲ ਉਤਪੰਨ ਹੁੰਦਾ ਹੈ ਕਿ ਜਦੋਂ ਅਮਰੀਕੀ ਸਾਮਰਾਜ ਆਪਣੀ ਹਮਲਾਵਰ ਨੀਤੀ ਦਾ ਖਾਕਾ ਉਲੀਕ ਰਿਹਾ ਸੀ ਤਾਂ ਕੀ ਉਸ ਸਮੇਂ ਇਰਾਕ ਦੇ ਕਥਿਤ ਰਸਾਇਣਕ ਹਥਿਆਰਾਂ ਅਤੇ ਈਰਾਨ ਦੇ ਕਥਿਤ ਪ੍ਰਮਾਣੂ ਖ਼ਤਰੇ ਦਾ ਵੀ ਕੋਈ ਮੁਆਮਲਾ ਉਠਿਆ ਹੋਇਆ ਸੀ? ਜੇਕਰ ਨਹੀਂ ਸੀ ਤਾਂ ਫਿਰ ਅਸਲ ਮੁਆਮਲਾ ਕੀ ਹੈ? ਅਸਲ ਮੁਆਮਲਾ ਵੀ ਅਮਰੀਕੀ ਪ੍ਰਸ਼ਾਸਨ ਲੁਕਾ ਕੇ ਨਹੀਂ ਰੱਖਦਾ। ਉਸ ਦੇ ਸਟੇਟ ਅਤੇ ਡਿਫੈਂਸ ਵਿਭਾਗ ਖੁੱਲ੍ਹਮ-ਖੁੱਲ੍ਹਾ ਕਹਿੰਦੇ ਰਹੇ ਹਨ ਕਿ ਅਮਰੀਕੀ ਤੇਲ ਕੰਪਨੀਆਂ ਅਮਰੀਕਾ ਦੇ ਸਮੁੱਚੇ ਆਰਥਿਕ ਉਦੇਸ਼ਾਂ ਦੇ ਚੌਖਟੇ ਵਿਚ ਅਮਰੀਕਾ ਦੀ ਵਿਦੇਸ਼ ਨੀਤੀ ਦੇ ਔਜ਼ਾਰ ਹਨ। ਇਸੇ ਕਰਕੇ ਅਮਰੀਕੀ ਦੂਤਾਵਾਸ, ਅਮਰੀਕੀ ਤੇਲ ਕੰਪਨੀਆਂ ਅਤੇ ਫੌਜੀ ਬੇੜੇ ਰਲ ਕੇ ਕਾਰਵਾਈਆਂ ਕਰਦੇ ਆ ਰਹੇ ਹਨ। ਉਨ੍ਹਾਂ ਦੇ ਦੂਜੇ ਸਾਮਰਾਜੀ ਭਾਈਵਾਲ ਉਨ੍ਹਾਂ ਦੀਆਂ ਬਾਹਾਂ ਵਿਚ ਬਾਹਾਂ ਪਾ ਕੇ ਚੱਲ ਰਹੇ ਹਨ। ਇਥੇ ਅਸੀਂ ਆਇਜ਼ਨ ਹਾਵਰ ਦਾ ਥੀਸਸ ਵੀ ਯਾਦ ਕਰ ਸਕਦੇ ਹਾਂ ਜਿਹੜਾ ਉਸ ਨੇ 1956 ਦੇ ਸਵੇਜ਼ ਨਹਿਰ 'ਤੇ ਕੀਤੇ ਤੀਹਰੇ ਹਮਲੇ ਦੀ ਹਾਰ ਉਪਰੰਤ ਦਿੱਤਾ ਸੀ। ਉਸ ਨੇ ਵਿਸ਼ਵ ਕਮਿਊਨਿਯਮ ਨੂੰ ਹਰਾਉਣ ਦਾ ਸੱਦਾ ਦਿੰਦਿਆਂ ਮੱਧ ਪੂਰਬ ਵਿਚ ਪੈਦਾ ਹੋ ਚੁੱਕੇ ਖਲਾਅ ਨੂੰ ਭਰਨ ਦਾ ਸੱਦਾ ਦਿੱਤਾ ਸੀ। ਇਸ ਕਰਕੇ ਉਦੋਂ ਤੋਂ ਹੀ ਤੇਲ ਕੰਪਨੀਆਂ ਮੱਧ ਪੂਰਬ ਦੇ ਦੇਸ਼ਾਂ ਦੀ ਰਾਜਨੀਤੀ ਵਿਚ ਕੁੰਜੀਵਤ ਭੂਮਿਕਾ ਨਿਭਾਅ ਰਹੀਆਂ। ਉਹ ਸਾਮਰਾਜ ਦੀ ਅਣ ਐਲਾਨੀ ਕੌਮਾਂਤਰੀ ਸਰਕਾਰ ਦਾ ਅੰਗ ਹਨ। ਕਿਸੇ ਵੀ ਵਿਕਾਸਸ਼ੀਲ ਦੇਸ਼ ਦੀ ਸਰਕਾਰ ਨਾਲੋਂ ਇਹ ਕੰਪਨੀਆਂ ਕਿਤੇ ਵਧੇਰੇ ਸ਼ਕਤੀਸ਼ਾਲੀ ਹਨ ਅਤੇ ਇਨ੍ਹਾਂ ਦੀ ਆਮਦਨ ਵੀ ਵੱਡੀਆਂ ਤੋਂ ਵੱਡੀਆਂ ਸਰਕਾਰਾਂ ਨਾਲੋਂ ਜ਼ਿਆਦਾ ਹੈ। ਹੁਣ ਇਹ ਪੈਟਰੋਲੀਅਮ ਦੇ ਨਾਲ-ਨਾਲ ਦਵਾਈਆਂ, ਪ੍ਰਮਾਣੂ ਊਰਜਾ, ਖਾਦਾਂ ਅਤੇ ਕੋਲੇ ਦੇ ਕਾਰੋਬਾਰ ਉਪਰ ਵੀ ਜਕੜ ਬਣਾ ਚੁੱਕੀਆਂ ਹਨ। ਇਨ੍ਹਾਂ ਦੇ ਰਾਜਨੀਤਕ ਇਰਾਦਿਆਂ ਬਾਰੇ ਵਧੇਰੇ ਚੀਰਵਾੜ ਕਰਨ ਦੀ ਜ਼ਰੂਰਤ ਨਹੀਂ ਪੈਣੀ ਚਾਹੀਦੀ।

ਰਾਜਨੀਤਕ ਅਤੇ ਆਰਥਿਕ ਪ੍ਰਸੰਗ ਵਿਚ ਅਮਰੀਕਾ ਕਿਸੇ ਵਿਸ਼ੇਸ਼ ਭੂ-ਖੰਡ ਜਾਂ ਉਥੇ ਵਸਦੇ ਸਮੁੱਚੇ ਲੋਕਾਂ ਦਾ ਨਾਮ ਨਹੀਂ, ਸਗੋਂ ਬਸਤੀਵਾਦੀ ਗੁੱਟ ਦਾ ਨਾਮ ਹੈ ਅਤੇ ਇਹੀ ਪਰਿਭਾਸ਼ਾ ਸਮੁੱਚੇ ਸਾਮਰਾਜ ਦੀ ਹੈ। ਇਸ ਬਸਤੀਵਾਦੀ ਗੁੱਟ ਨੇ ਪਹਿਲਾਂ ਦੋ ਮਹਾਨ ਖਿੱਤੇ ਉਥੋਂ ਦੇ ਆਦਿ ਵਾਸੀਆਂ ਤੋਂ ਖੋਹ ਲਏ ਸਨ, ਜਿਨ੍ਹਾਂ ਨੂੰ ਸੰਸਾਰ ਹੁਣ ਉਤਰੀ ਅਮਰੀਕਾ ਅਤੇ ਆਸਟਰੇਲੀਆ ਦੇ ਨਾਵਾਂ ਨਾਲ ਜਾਣਦਾ ਹੈ। ਹੁਣ ਇਨ੍ਹਾਂ ਦੀਪਾਂ ਜਾਂ ਉਪ ਮਹਾਂਦੀਪਾਂ ਦੇ ਅਸਲ ਵਸਨੀਕ ਕਿੱਥੇ ਹਨ? ਜਿਹੜੇ ਵਸਨੀਕ ਹੁਣ ਇਨ੍ਹਾਂ ਖਿੱਤਿਆਂ ਵਿਚ ਕਾਰਜਸ਼ੀਲ ਵੀ ਹਨ ਉਹ ਅਸਲ ਵਿਚ ਇਨ੍ਹਾਂ ਬਸਤੀਵਾਦੀ ਗੁੱਟਾਂ, ਜਿਹੜੇ ਹੁਣ ਕਾਰਪੋਰੇਟ ਸੈਕਟਰ ਵਜੋਂ ਜਾਣੇ ਜਾ ਰਹੇ ਹਨ, ਦੀ ਉਸਾਰੀ ਦੇ ਵੱਖ-ਵੱਖ ਕਾਮਿਆਂ ਦੀ ਹੀ ਭੂਮਿਕਾ ਨਿਭਾਅ ਰਹੇ ਹਨ, ਉਹ ਭਾਵੇਂ ਧਰਤੀ ਦੇ ਕਿਸੇ ਵੀ ਭਾਗ ਵਿਚੋਂ ਪਰਵਾਸ ਕਰਕੇ ਇਥੇ ਗਏ ਹਨ। ਇਨ੍ਹਾਂ ਦੋ ਧਰਤੀਆਂ ਨੂੰ ਹੜੱਪਣ ਉਪਰੰਤ ਹੁਣ ਇਨ੍ਹਾਂ ਦੇ ਏਜੰਡੇ 'ਤੇ ਦੁਨੀਆਂ ਦੇ ਉਹ ਸਾਰੇ ਖਿੱਤੇ ਹਨ, ਜਿਹੜੇ ਖਣਿਜ ਪਦਾਰਥਾਂ ਨਾਲ ਭਰਪੂਰ ਹਨ। ਇਨ੍ਹਾਂ ਖਿੱਤਿਆਂ ਦੇ ਅਸਲ ਵਸਨੀਕਾਂ ਦਾ ਹਾਲ ਵੀ ਉਸੇ ਸੇਧ ਵਿਚ ਹੀ ਹੋਣ ਵਾਲਾ ਪ੍ਰਤੀਤ ਹੁੰਦਾ ਹੈ, ਜੋ ਹਾਲ ਉਤਰੀ ਅਮਰੀਕਾ ਅਤੇ ਆਸਟਰੇਲੀਆ ਦੇ ਆਦਿ ਵਾਸੀਆਂ ਦਾ ਹੋਇਆ ਹੈ। ਇਸ ਕਰਕੇ ਮੱਧ ਪੂਰਬ, ਈਰਾਨ ਅਤੇ ਖਾੜੀ ਦੇਸ਼ਾਂ ਵਿਚ ਚੱਲ ਰਹੀ ਪੈਟਰੋਲੀਅਮ ਜੰਗ ਦੀ ਹਕੀਕਤ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ।

# ਮੂਲਵਾਸੀਆਂ ਦਾ ਮੁਕੱਦਮਾ

## ਅਸੀਂ ਉੱਠੇ ਹਾਂ ਤਾਂ ਸਰਕਾਰ ਨਾਲ ਬਰਾਬਰੀ ਦੇ ਅਧਾਰ 'ਤੇ ਗੱਲ ਕਰਾਂਗੇ-ਕਰਿਸਟਲ ਲੇਮਮੈਨ




1876 ਵਿੱਚ ਬੀਵਰ ਲੇਕ ਕਰੀ ਦੇ ਪੂਰਵਜ਼ਾਂ ਨੇ ਇੱਕ ਸੰਧੀ-6 ਸਹੀਬੱਧ ਕੀਤੀ, ਇਸ ਅਨੁਸਾਰ ਉਨ੍ਹਾਂ ਨੇ ਆਪਣੇ ਕਬਜ਼ੇ ਹੇਠਲੀ ਭੌਂਇ ਦਾ ਵਪਾਰ ਹੋਰਨਾਂ ਚੀਜ਼ਾਂ ਤੋਂ ਇਲਾਵਾ ਆਪਣੀ ਪਰੰਪਰਿਕ ਭੂਮੀ ਉੱਪਰ ਸ਼ਿਕਾਰ ਖੇਡਣ, ਮੱਛੀਆਂ ਫੜਣ ਅਤੇ ਜਾਲ ਲਗਾਉਣ ਦੇ ਅਧਿਕਾਰ ਬਦਲੇ ਅਣਗਣਿਤ ਪੀੜ੍ਹੀਆਂ ਲਈ ਤਬਦੀਲ ਕਰ ਦਿੱਤਾ। ਇਸਦੇ ਇਵਜ਼ ਵਿੱਚ ਕਨੇਡੀਅਨ ਬਾਦਸ਼ਾਹ ਨੇ ਧਰਤੀ ਨੂੰ ਵਸੋਂ, ਖਾਣਾਂ ਅਤੇ ਕਈ ਹੋਰ ਉਦੇਸਾਂ ਲਈ ਵਰਤਣ ਦਾ ਹੱਕ ਹਾਸਿਲ ਕਰ ਲਿਆ।

ਇਹ ਗੱਲ 'ਆਇਲ ਸੈਂਡਜ਼' ਦੇ ਅਲਬਰਟਾ ਅਤੇ ਕਨੇਡਾ ਦੀ ਆਰਥਿਕਤਾ ਦੇ ਚਾਲਕ ਬਣਨ ਤੋਂ ਬਹੁਤ ਪਹਿਲਾਂ ਦੀ ਹੈ। ਹੁਣ ਬੀਵਰ ਲੇਕ ਕਰੀ ਰਾਸ਼ਟਰ, 900 ਕੌਮੀ ਲੋਕਾਂ ਦਾ ਪਹਿਲਾ ਸਮੂਹ ਜੋ ਲੇਕ ਲਾ ਬਿਚੇ ਦੇ ਬਿਲਕੁਲ ਦੱਖਣ ਵਿੱਚ ਸਥਿਤ ਸੀ, ਕਹਿ ਰਿਹਾ ਹੈ ਕਿ ਉਹਨਾਂ ਦੀ ਪਰੰਪਰਿਕ ਭੌਂਇ ਵਿੱਚ ਸਥਾਪਤ 19000 ਮਨਜ਼ੂਰਸ਼ੁਦਾ ਜਾਂ ਸਥਾਪਤ ਤੇਲ ਤੇ ਗੈਸ ਉਦਯੋਗਿਕ ਇਕਾਈਆਂ ਨੇ ਉਹਨਾਂ ਸੰਧੀ ਤਹਿਤ ਮਿਲੇ ਅਧਿਕਾਰਾਂ ਨੂੰ ਕੁਚਲ ਦਿੱਤਾ ਹੈ। 2008 ਵਿੱਚ ਬੀ ਐਲ ਸੀ ਐਨ ਦੇ ਸਾਬਕਾ ਮੁਖੀ ਅਲ ਲੇਮਮੈਨ ਨੇ ਆਪਣੇ ਸਮੂਹ ਵੱਲੋਂ ਅਲਬਰਟਾ ਅਤੇ ਕਨੇਡਾ ਦੀਆਂ ਸਰਕਾਰਾਂ ਨੂੰ ਕਿਹਾ ਕਿ ਹਜ਼ਾਰਾਂ ਤੇਲ ਤੇ ਗੈਸ ਪ੍ਰਜੈਕਟਾਂ ਨੂੰ ਸਰਕਾਰੀ ਮਨਜ਼ੂਰੀ ਵਾਤਾਵਰਣ ਅਤੇ ਉਸਦੇ ਭਾਈਚਾਰੇ ਨੂੰ ਨੁਕਸਾਨ ਪਹੁੰਚਾ ਰਹੀ ਹੈ। "ਕਾਨੂੰਨ ਬਿਲਕੁਲ ਸਪੱਸਟ ਹੈ ; ਸੰਧੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ।" ਵੈਨਕੂਵਰ ਸਥਿਤ ਕਾਨੂੰਨ ਫਰਮ ' ਵੁਡਵਾਰਡ ਅਤੇ ਕੰਪਨੀ' ਜੋ ਬੀ ਐਲ ਸੀ ਐਨ ਦੀ ਪ੍ਰਤੀਨਿਧਤਾ ਕਰਨ ਵਾਲੀ ਕਾਨੂੰਨੀ ਟੋਲੀ ਦਾ ਹਿੱਸਾ ਹੈ, ਦੇ ਜੈਕ ਵੁਡਵਾਰਡ ਕਹਿੰਦੇ ਹਨ, " ਅਲਬਰਟਾ ਇੰਡੀਅਨ ਭੂਮੀ ਉੱਪਰ ਉਸਰਿਆ ਹੈ, ਇਸ ਵਚਨ ਨਾਲ ਬਣਿਆ ਹੈ ਕਿ ਇੱਥੇ ਸ਼ਿਕਾਰ ਖੇਡਣ, ਮੱਛੀਆਂ ਫੜਨ ਅਤੇ ਜਾਲ ਲਗਾਉਣ ਦਾ ਅਧਿਕਾਰ ਹੋਵੇਗਾ ਅਤੇ ਇਹ ਉਹ ਮਾਮਲਾ ਹੈ ਜਿੱਥੇ ਅਸੀਂ ਦੇਖਾਂਗੇ ਕਿ ਸੰਧੀ ਅਧਿਕਾਰਾਂ ਦੇ ਅਰਥਹੀਣ ਹੋ ਜਾਣ ਦੀ ਸੂਰਤ ਵਿੱਚ ਸਰਕਾਰ ਕਿੰਨਾ ਕੁ ਅੱਗੇ ਜਾ ਸਕਦੀ ਹੈ।

ਜੇਕਰ ਬੀਵਰ ਲੇਕ ਕਰੀ ਜਿੱਤ ਜਾਂਦਾ ਹੈ ਤਾਂ ਇਸਦਾ ਅਰਥ ਅਲਬਰਟਾ ਦੀਆਂ ਭਰਪੂਰ ਆਇਲ ਸੈਂਡਜ਼ ਨੂੰ ਬਰੇਕ ਲਗਉਣਾ ਹੋ ਸਕਦਾ ਹੈ। ਵੁਡਵਰਡ ਕਹਿੰਦਾ ਹੈ ਕਿ ਮੂਲ ਨਿਵਾਸੀ ਸੰਧੀ ਅਧਿਕਾਰ ਸਰਕਾਰ ਅਤੇ ਆਇਲ ਸੈਂਡਜ਼ ਦੇ ਗੈਰਕਾਨੂੰਨੀ ਵਿਕਾਸ ਵਿਚਕਾਰ ਖੜੀ ਇੱਕੋ ਇੱਕ ਅਜਿਹੀ ਚੀਜ਼ ਹੈ ਜਿਸ ਵਿੱਚ ਅਨੇਕਾਂ ਪ੍ਰਮੁੱਖ ਵਾਤਾਵਰਣਕ ਸੁਰੱਖਿਆਵਾਂ ਨੂੰ ਕਮਜ਼ੋਰ ਜਾਂ ਖਤਮ ਕੀਤੇ ਜਾਣ ਦਾ ਹਵਲਾ ਹੈ। "ਸਾਡੇ ਕੋਲ ਓਟਾਵਾ ਵਿੱਚ ਇੱਕ ਅਜਿਹੀ ਸਰਕਾਰ ਹੈ ਜਿਹੜੀ ਸਾਡੇ ਵਾਤਾਵਰਣਕ ਕਾਨੂੰਨਾਂ ਨੂੰ ਨਸ਼ਟ ਕਰ ਰਹੀ ਹੈ।" ਵੁਡਵਾਰਡ ਕਹਿੰਦਾ ਹੈ " ਹੁਣ ਇੱਥੇ ਕੋਈ ਅਸਰਦਾਇਕ ਵਾਤਾਵਰਣਿਕ ਕਾਨੂੰਨ ਨਹੀਂ ਹੈ। ਸੋ, ਬਾਕੀ ਰਹਿ ਕੀ ਗਿਆ ਹੈ? ਅਸੀਂ ਕੋਈ ਕਾਨੂੰਨ ਨਹੀਂ ਰੱਖਦੇ ਪਰ ਇੱਥੇ ਮੂਲਵਾਸੀ ਸੰਧੀ ਅਧਿਕਾਰ ਹਨ- ਬਸ ਇਹੋ ਕੁੱਝ ਹੈ। ਸੋ, ਤੁਸੀਂ ਦੇਖ ਸਕਦੇ ਹੋ ਕਿ ਕਿਉਂ ਅਲਬਰਟਾ ਅਤੇ ਕਨੇਡਾ ਨੇ ਇਸ ਨਾਲ ਕਰੜੀ ਲੜਾਈ ਲੜੀ ਹੈ।

28 ਮਾਰਚ ਨੂੰ ਕਾਨੂੰਨੀ ਕਾਰਵਾਈ ਦੇ ਚਾਰ ਸਾਲ ਮਗਰੋਂ ਬੀਵਰ ਲੇਕ ਨੇ ਅਦਾਲਤ ਵਿੱਚ ਸੁਣਵਾਈ ਦਾ ਮੁਕੱਦਮਾ ਜਿੱਤਿਆ- ਇਸਦੇ ਬਾਵਜੂਦ ਕਨੇਡਾ ਦੀ ਸਰਕਾਰ ਕਹਿ ਰਹੀ ਹੈ, " ਸਮੁੱਚਾ ਦਾਅਵਾ ਇੰਨਾ ਲੰਮਾ ਚੌੜਾ, ਸਧਾਰਣ ਅਤੇ ਅਣਸੰਗਠਿਤ ਹੈ ਕਿ ਇਹ ਫਜ਼ੂਲ, ਅਢੁਕਵਾਂ ਅਤੇ ਕਾਨੂੰਨ ਦਾ ਅਪਮਾਣ ਹੈ।" ਦੋਵਾਂ ਕਨੇਡਾ ਅਤੇ ਅਲਬਰਟਾ ਨੇ 28 ਮਾਰਚ ਦੇ ਫੈਸਲੇ ਵਿਰੁੱਧ ਅਪੀਲ ਦਾਇਰ ਕੀਤੀ ਹੈ। ਕੌਮਾਂਤਰੀ ਵਾਤਾਵਰਣਿਕ ਸਮੂਹਾਂ ਜਿਹੜੇ ਬੀ ਐਲ ਸੀ ਐਨ ਦੀ ਮਹਿੰਗੀ ਕਾਨੂੰਨੀ ਫੀਸ ਤਾਰਨ ਲਈ 400000 ਡਾਲਰ ਤੋਂ ਵੱਧ ਦੀ ਸਹਾਇਤਾ ਦੇ ਚੁੱਕੇ ਹਨ -ਦੁਆਰਾ ਪ੍ਰਯੋਜਿਤ, ਤੇਲ ਵਾਲੇ ਦੇਸ਼ਾਂ ਵਿੱਚ ਵਸਦੇ ਲੋਕਾਂ ਦੇ ਤਜ਼ਰਬੇ ਬਾਰੇ ਗੱਲਬਾਤ ਕਰਨ ਲਈ ਛੋਟੀਆਂ ਮੁਢਲੀਆਂ ਕੌਮਾਂ ਦੇ ਮੈਂਬਰ ਕਰਿਸਟਲ ਲੇਮਮੈਨ ਅਤੇ ਉਸਦੇ ਅੰਕਲ ਅਲ ਦੇ ਸਮੇਤ ਇੰਗਲੈਂਡ ਦੀ ਯਾਤਰਾ ਕਰ ਚੁੱਕੇ ਹਨ।

ਕਰਿਸਟਲ ਜਿਹੜੀ ਯੂਨੀਵਰਸਿਟੀ ਆਫ਼ ਅਲਬਰਟਾ ਦੀਆਂ ਦੋ ਡਿਗਰੀਆਂ ਰੱਖਦੀ ਹੈ ਅਤੇ ਵੱਕਾਰੀ ਵਾਤਾਵਰਣਿਕ ਨੈਟਵਰਕ ਦੀ ਮੈਂਬਰ ਹੈ, ਪਿੱਛੇ ਜਿਹੇ ਬੀ ਐਲ ਸੀ ਐਨ ਵਿੱਚ ਆਪਣੇ ਬਚਪਨ ਦੇ ਘਰ ਵਿੱਚ ਪਰਤੀ ਹੈ, ਕਹਿੰਦੀ ਹੈ ਕਿ ਉਸਦੇ ਲੋਕ ਪਿਛਲੇ ਪੰਦਰ੍ਹਾਂ ਸਾਲਾਂ ਤੋਂ ਆਪਣੇ ਵਿਹੜਿਆਂ ਵਿੱਚ ਤੇਲ ਹੋਣ ਦੀ ਸੰਭਾਵਨਾ ਤੋਂ ਤੇਜ਼ੀ ਨਾਲ ਪ੍ਰਭਾਵਿਤ ਹੋਏ ਹਨ। "ਅਸੀਂ ਆਰਥਿਕ ਬੰਦੀ ਬਣ ਗਏ ਹਾਂ ਖੁਦ ਸਾਡੇ ਲੋਕ ਹੁਣ ਕਹਿੰਦੇ ਹਨ ਕਿ ਸਾਨੂੰ ਇਸ ਉਦਯੋਗ ਦੀ ਲੋੜ ਹੈ ਕਿਉਂਕਿ ਅਸੀਂ ਹੋਰ ਜ਼ਿਆਦਾ ਦੇਰ ਤੱਕ ਜ਼ਮੀਨ 'ਤੇ ਨਹੀਂ ਜਾ ਸਕਦੇ ਅਤੇ ਜਿਉਣ ਲਈ ਜਰੂਰੀ ਵਸਤਾਂ ਹਾਸਲ ਨਹੀਂ ਕਰ ਸਕਦੇ।" ਲੇਮਮੈਨ ਕਹਿੰਦੀ ਹੈ ਕਿ , ਬਸੰਤ ਵਿੱਚ ਅਸੀਂ ਹਰ ਹਫ਼ਤੇ ਇੱਕ ਵਾਰ ਬੱਤਖ ਖਾਂਦੇ ਸੀ, ਬੜਾ ਵਧੀਆ ਸੂਪ ਬਣਾਉਂਦੇ ਸੀ ਪਰ ਹੁਣ ਉਹ ਇੱਥੇ ਆਉਂਦੀਆਂ ਹੀ ਨਹੀਂ ਜਿਵੇਂ ਪਹਿਲਾਂ ਆਉਂਦੀਆਂ ਸਨ ਅਤੇ ਸਸਕਾਤੂਨ ਰੁੱਖ ਜਿਹੜੇ ਬੈਰੀਆਂ ਨਾਲ ਕਾਲੇ ਤੇ ਭਾਰੇ ਹੋ ਜਾਂਦੇ ਸਨ, ਮਸਾਂ ਹੀ ਹੋਰ ਪੈਦਾਵਾਰ ਦਿੰਦੇ ਹਨ।

ਲੇਮਮੈਨ ਅਤੇ ਬੀ ਐਲ ਸੀ ਐਨ ਆਇਲ ਸੈਂਡਜ਼ ਨੂੰ ਬੰਦ ਕਰਨ ਦੀ ਵਕਾਲਤ ਨਹੀਂ ਕਰਦੇ। ਇਸਦੀ ਇਸਦੀ ਥਾਂ ਉਹ ਆਇਲ ਸੈਂਡਜ਼ ਦੇ ਵਿਕਾਸ ਦੇ ਸਰਵਪੱਖੀ ਪ੍ਰਭਾਵਾਂ ਬਾਰੇ ਸਰਕਾਰ ਨਾਲ ਬਿਹਤਰ ਸਲਾਹ-ਮਸ਼ਵਰੇ ਦੇ ਪੱਖ ਵਿੱਚ ਹਨ ਅਤੇ ਜੇਕਰ ਅਦਾਲਤਾਂ ਨੇ ਪਾਇਆ ਕਿ ਇਹ ਸਰਵਪੱਖੀ ਉਨ੍ਹਾਂ ਦੇ ਸੰਧੀ ਅਧਿਕਾਰਾਂ ਦੀ ਵਰਤਣਯੋਗਤਾ ਨੂੰ ਨੁਕਸਾਨ ਪਚਾਉਂਦੇ ਹਨ ਤਾਂ ਬੀਵਰ ਲੇਕ ਕਰੀ ਤੋਂ ਹਰਜਾਨੇ ਦੀ ਪੂਰਤੀ ਬਾਰੇ ਪੁੱਛਿਆ ਜਾਵੇਗਾ। ਕਨੇਡਾ ਅਤੇ ਅਲਬਰਟਾ ਦੋਵੇਂ ਇਹ ਕਹਿੰਦਿਆਂ ਹੋਇਆਂ ਕਿ ਕੁੱਝ ਵੀ ਗ਼ਲਤ ਹੋਣ ਤੋਂ ਇਨਕਾਰੀ ਹਨ ਕਿ ਤੇਲ ਤੇ ਗੈਸ ਉਦਯੋਗ ਬੀਵਰ ਲੇਕ ਕਰੀ ਦੀ ਭੋਜਨ ਖਾਤਰ ਸ਼ਿਕਾਰ ਕਰਨ ਮੱਛੀਆਂ ਫੜਨ ਅਤੇ ਜਾਲ ਲਾਉਣ ਦੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦੇ " ਅਲਬਰਟਾ ਦੀ ਇਸ ਸਥਿਤੀ ਕਾਰਨ ਹੀ ਬੀਵਰ ਲੇਕ ਕਰੀ ਕੌਮਾਂ ਦੇ ਸੰਧੀ ਆਧਿਕਾਰਾਂ ਦੀ ਪਾਲਣਾ ਨਹੀਂ ਹੋਈ।"

ਅਲਬਰਟਾ ਦਾ ਨਿਆਂ ਬੁਲਾਰਾ ਮਿਸ਼ੇਲ ਡੇਵੀਓ ਇੱਕ ਈਮੇਲ ਵਿੱਚ ਲਿਖਦਾ ਹੈ, "ਅਧਿਕਾਰ ਹਾਸਲ ਕਰਨ ਦੀ ਪ੍ਰਕਿਰਿਆ ਅਣਉਚਿਤ ਹੈ ....ਅਲਬਰਟਾ ਨਹੀਂ ਮੰਨਦਾ ਕਿ ਬੀਵਰ ਲੇਕ ਨੂੰ ਹਰਜਾਨੇ ਦੇ ਦਾਅਵੇ ਦੀ ਪੂਰਤੀ ਦਾ ਕੋਈ ਹੱਕ ਮਿਲਿਆ ਹੈ।" ਅਸਲ ਵਿੱਚ ਬੀਵਰ ਲੇਕ ਆਪਣੀ ਪਰੰਪਰਿਕ ਭੌਂਇ ਵਿੱਚ 19000 ਹਜ਼ਾਰ ਤੇਲ ਤੇ ਗੈਸ ਉਦਯੋਗ ਚਹੁੰਦਾ ਸੀ। ਪ੍ਰੰਤੂ ਅਲਬਰਟਾ ਸਰਕਾਰ ਨੇ ਸਫ਼ਲਤਾ ਸਹਿਤ ਮੁਕੱਦਮੇ ਵਿੱਚੋਂ ਤੇਲ ਉਦਯੋਗ ਨੂੰ ਖਾਰਜ ਕਰ ਦਿੱਤਾ। ਜਿਸਦਾ ਅਰਥ ਹੈ ਕਿ ਜੇਕਰ ਬੀ ਐਲ ਸੀ ਐਨ ਆਪਣਾ ਮੁਕੱਦਮਾ ਜਿੱਤ ਵੀ ਲੈਂਦੇ ਹਨ ਉਦਯੋਗ ਜਾਰੀ ਰਹੇਗਾ - ਜਦੋਂ ਤੱਕ ਉਦਯੋਗਾਂ ਨੂੰ ਚੁਣੌਤੀ ਦੇਣ ਵਾਲਾ ਕੋਈ ਵੱਖਰਾ ਕਾਨੂੰਨ ਨਹੀਂ ਆ ਜਾਂਦਾ।

ਇੱਕ ਗੱਲ 'ਤੇ ਦੋਵੇਂ ਧਿਰਾਂ ਸਹਿਮਤ ਹਨ; ਮੁਕੱਦਮਾ ਮਹੱਤਵਪੂਰਨ ਪਹਿਲਕਦਮੀ ਸਾਬਤ ਹੋਵੇਗੀ, ਅਤੇ ਇਹ ਉਹ ਮੁਕੱਦਮਾ ਹੋਵੇਗਾ ਜਿਹੜਾ ਨਬੇੜੇ ਤੋਂ ਪਹਿਲਾਂ ਢੇਰ ਸਮਾਂ ਲਵੇਗਾ। ਕਰਿਸਟਲ ਲੇਮਮੈਨ ਜਿੱਤ ਦੀ ਉਮੀਦ ਰੱਖਦੀ ਹੈ, ਕੇਵਲ ਬੀਵਰ ਲੇਕ ਲਈ ਨਹੀਂ, ਸਗੋਂ ਪ੍ਰਤੀਕਾਤਮਕ ਰੂਪ ਵਿੱਚ ਸਾਰੇ ਮੂਲਵਾਸੀਆਂ ਲਈ।

" ਮੈਂ ਚਹੁੰਦੀ ਹਾਂ ਕਿ ਦੁਨੀਆਭਰ ਦੇ ਅਣਖੀਲੇ ਲੋਕ ਸਾਡੀ ਇੰਡੀਅਨਾਂ ਦੀ ਛੋਟੀ ਜਿਹੀ ਸੰਧੀ ਨੂੰ ਦੇਖਣ ਦੇ ਯੋਗ ਹੋਣ," ਲੇਮਮੈਨ ਕਹਿੰਦੀ ਹੈ "ਅਸੀਂ ਉੱਠੇ ਹਾਂ ਤੇ ਸਰਕਾਰ ਨਾਲ ਬਰਾਬਰੀ ਦੇ ਅਧਾਰ 'ਤੇ ਗੱਲ ਕੀਤੀ ਹੈ।"


Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room
& 10 Hours in Car
Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# 1084ਵੇਂ ਦੀ ਮਾਂ ਪੜ੍ਹਨ ਤੋਂ ਬਾਅਦ ਕੁੱਝ ਗੱਲਾਂ



ਪਰਮਿੰਦਰ ਗਿੱਲ
+91-95019-26200
parminderkkl@gmail.com

ਮਹਾਸ਼ਵੇਤਾ ਦੇਵੀ ਇਨਕਲਾਬੀ ਸਾਹਿਤ ਰਚਣ ਵਿੱਚ ਮੋਹਰੀ ਲੇਖਿਕਾ ਹੈ। ਹੁਣ ਉਹ ਸਿਰਫ਼ ਬੰਗਾਲ ਦੀ ਹੀ ਨਹੀਂ ਸਗੋਂ ਪੂਰੇ ਹਿੰਦੁਸਤਾਨ ਦੀ ਅਵਾਜ਼ ਬਣ ਚੁੱਕੀ ਹੈ। ਪੰਜਾਬੀ ਪਾਠਕ ਮਹਾਸ਼ਵੇਤਾ ਦੇਵੀ ਨੂੰ ਭਾਵੇਂ ਲੇਖਕ ਵਜੋਂ ਜਾਣਦੇ ਹਨ ਪਰ ਪੰਜਾਬੀ ਦੇ ਅਜਿਹੇ ਪਾਠਕ ਬਹੁਤ ਥੋੜੇ ਹਨ ਜਿਨ੍ਹਾਂ ਨੇ ਉਸਦੀਆਂ ਰਚਨਾਵਾਂ ਪੜ੍ਹੀਆਂ ਹਨ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਪਰਮਿੰਦਰ ਗਿੱਲ ਤੋਂ ਉਚੇਚੇ ਤੌਰ 'ਤੇ ਉਹਨਾਂ ਦੀ ਇਸ ਪੁਸਤਕ ਬਾਰੇ ਲਿਖਵਾਇਆ ਹੈ। ਜ਼ਿਕਰਯੋਗ ਹੈ ਕਿ ਇਸ ਨਾਵਲ 'ਤੇ ਫਿਲਮ ਵੀ ਬਣ ਚੁੱਕੀ ਹੈ। - ਸੰਪਾਦਕ




ਪਿਛਲੇ ਸਮੇਂ ਦੌਰਾਨ ਮੈਂ ਜਿਹੜੀਆਂ ਕਿਤਾਬਾਂ ਪੜ੍ਹਦਾ ਰਿਹਾ ਹਾਂ ਉਹਨਾਂ ਵਿੱਚੋਂ ਮੈਨੂੰ ਸਭ ਤੋਂ ਮਹੱਤਪੂਰਨ ਮਹਾਸ਼ਵੇਤਾ ਦੇਵੀ ਦਾ ਬੰਗਾਲੀ ਨਾਵਲ ਲੱਗਿਆ। ਇਹ ਕਿਤਾਬ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਕਿਤਾਬ ਪੜ੍ਹਦਿਆਂ ਜਿੱਥੇ ਅਸੀਂ ਦਬੇ-ਕੁਚਲੇ ਲੋਕਾਂ ਦੇ ਦੁਖਾਂਤ ਬਾਰੇ ਜਾਣਦੇ ਹਾਂ, ਉੱਥੇ ਇਸਦੇ ਅਧਿਐਨ ਨਾਲ ਸਾਡੀ ਰਾਜਸੀ ਚੇਤਨਾ ਵੀ ਤਿੱਖੀ ਹੁੰਦੀ ਹੈ। ਮਹਾਂਸ਼ਵੇਤਾ ਦੇਵੀ ਨੇ ਆਪਣੀ ਇਸ ਰਚਨਾ ਵਿੱਚ ਇਨਕਲਾਬੀ ਵਿਚਾਰਾਂ ਵਾਲੇ ਨੌਜਵਾਨ ਤੇ ਉਸਦੀ ਮਾਂ ਦੇ ਚਰਿੱਤਰ ਨੂੰ ਉਭਾਰਿਆ ਹੈ।

ਕਿਤਾਬ ਪੜ੍ਹਨ ਤੋਂ ਪਹਿਲਾਂ ਪਾਠਕ ਨੂੰ ਕਿਤਾਬ ਦਾ ਨਾਮ '1084ਵੇਂ ਦੀ ਮਾਂ' ਅਜੀਬ ਜਿਹਾ ਲੱਗਦਾ ਹੈ ਪਰ ਜਿਵੇਂ-ਜਿਵੇਂ ਅਸੀਂ ਕਿਤਾਬ ਪੜ੍ਹਦੇ ਜਾਂਦੇ ਹਾਂ, ਸਾਨੂੰ ਸਭ ਕੁੱਝ ਸਪੱਸਟ ਹੁੰਦਾ ਜਾਂਦਾ ਹੈ। ਸੁਜਾਤਾ ਜੋ ਵ੍ਰਤੀ ਦੀ ਮਾਂ ਹੈ ਉਹ 1084ਵੇਂ ਦੀ ਮਾਂ ਕਿਵੇਂ ਬਣੀ ਤੇ ਉਸਨੂੰ ਅਜਿਹਾ ਬਣਾਉਣ ਵਾਲੇ ਲੋਕ ਆਖ਼ਰ ਕੌਣ ਹਨ, ਸਾਡੇ ਸਮਾਜ ਦੇ ਸਵੀਕ੍ਰਿਤ ਗੁੰਡੇ ਜਾਂ ਸਾਡੀ ਰਾਜਨੀਤਿਕ ਵਿਵਸਥਾ, ਜਿਸ ਤੋਂ ਵ੍ਰਤੀ ਵਰਗੇ ਨੌਜਵਾਨਾਂ ਦਾ ਵਿਸ਼ਵਾਸ ਉੱਠ ਗਿਆ ਸੀ। ਇਸ ਨਿਜ਼ਾਮ ਵਿੱਚ ਉਹਨਾਂ ਨੂੰ ਸੁਧਾਰ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ ਇਹੀ ਕਾਰਨ ਹੈ ਕਿ ਉਹ ਇਸ ਨਿਜ਼ਾਮ ਨੂੰ ਬਦਲਣਾ ਚਾਹੁੰਦੇ ਹਨ। ਮਨ ਵਿੱਚ ਵਿਦਰੋਹ ਪੈਦਾ ਹੁੰਦਾ ਹੈ ਤੇ ਉਹ ਇਸ ਰਾਜਨੀਤਿਕ ਪ੍ਰਬੰਧ ਦੇ ਖ਼ਿਲਾਫ ਸਰਗਰਮ ਹੋਣ ਲੱਗਦੇ ਹਨ। ਨਤੀਜਾ ਵ੍ਰਤੀ ਅਤੇ ਉਸਦੇ ਸਾਥੀਆਂ ਨੂੰ ਮਾਰ ਦਿੱਤਾ ਜਾਂਦਾ ਹੈ। ਕਾਤਲਾਂ ਦੀ ਪਿੱਠ 'ਤੇ ਕਿਉਂਕਿ ਸਰਕਾਰ ਦਾ ਹੱਥ ਹੁੰਦਾ ਹੈ ਇਸ ਲਈ ਉਹਨਾਂ ਖ਼ਿਲਾਫ ਕੋਈ ਕਾਰਵਾਈ ਨਹੀਂ ਹੁੰਦੀ, ਕੋਈ ਰਿਪੋਰਟ ਦਰਜ਼ ਨਹੀਂ ਹੁੰਦੀ ਉਹ ਖੁਲ੍ਹੇਆਮ ਘੁੰਮਦੇ ਹਨ। ਵ੍ਰਤੀ ਤੇ ਉਸਦੇ ਸਾਥੀਆਂ ਨੂੰ ਭਟਕੇ ਹੋਏ ਕਰਾਰ ਦਿੱਤਾ ਜਾਂਦਾ ਹੈ। ਮਰਨ ਤੋਂ ਬਾਅਦ ਵੀ ਵ੍ਰਤੀ ਦੀ ਲਾਸ਼ ਉਸਦੀ ਮਾਂ ਨੂੰ ਨਹੀਂ ਦਿੱਤੀ ਜਾਂਦੀ। ਉਸਦਾ ਸਾਰਾ ਸਮਾਨ ਡਾਇਰੀ, ਕਿਤਾਬਾਂ, ਕਵਿਤਾਵਾਂ ਅਤੇ ਕ੍ਰਾਂਤੀਕਾਰੀਆਂ ਦੇ ਪੋਸਟਰ ਪੁਲਿਸ ਜ਼ਬਤ ਕਰ ਲੈਂਦੀ ਹੈ। ਇਹ ਦਿਵਯਨਾਥ (ਵ੍ਰਤੀ ਦਾ ਪਿਤਾ) ਦੇ ਕਾਰਨ ਹੁੰਦਾ ਹੈ ਕਿ ਮਰਨ ਵਾਲਿਆਂ ਵਿੱਚ ਵ੍ਰਤੀ ਦਾ ਨਾਮ ਨਹੀਂ ਹੁੰਦਾ ਕਿਉਂਕਿ ਦਿਵਯਨਾਥ ਨਹੀਂ ਚਾਹੁੰਦਾ ਕਿ ਵ੍ਰਤੀ ਕਾਰਨ ਉਸਦਾ ਅਤੇ ਉਸਦੇ ਖਾਨਦਾਨ ਦਾ ਨਾਮ ਖਰਾਬ ਹੋਵੇ। ਵ੍ਰਤੀ ਦੀ ਲਾਸ਼ ਨੂੰ ਲਾਵਾਰਿਸ਼ ਲਾਸ਼ਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ ਤੇ ਉਸਦੀ ਲਾਸ਼ ਦਾ ਨੰਬਰ ਹੁੰਦਾ ਹੈ ਇੱਕ ਹਜ਼ਾਰ ਚੌਰਾਸੀ।

ਇਹ ਨਾਵਲ ਬੰਗਾਲ ਦੀ ਨਕਸਲਬਾੜੀ ਲਹਿਰ ਨੂੰ ਅਧਾਰ ਬਣਾ ਕੇ ਲਿਖਿਆ ਗਿਆ ਹੈ, ਖ਼ਾਸ ਕਰਕੇ ਕਲਕੱਤੇ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ। ਨਕਸਲਬਾੜੀ ਲਹਿਰ ਭਾਰਤ ਦੇ ਬੰਗਾਲ ਸਟੇਟ ਦੀ ਤਹਿਸੀਲ ਸਿਲੀਗੁੜੀ ਦੇ ਪਿੰਡ ਨਕਸਲਬਾੜੀ ਤੋਂ ਅਰੰਭ ਹੋਈ। ਇਹ ਮੁੱਖ ਰੂਪ ਵਿੱਚ ਮੁਜ਼ਾਰਿਆਂ ਦੀ ਬਗਾਵਤ ਸੀ ਜਿਸਦਾ ਮਨੋਰਥ 'ਜ਼ਮੀਨ ਹੱਲ ਵਾਹਕ ਦੀ' ਦੇ ਨਾਅਰੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਨਾ ਸੀ। ਇਹ ਬਗ਼ਾਵਤ ਹਥਿਆਰਬੰਦ ਸੀ ਜਿਸਦੀ ਅਗਵਾਈ ਕਮਿਊਨਿਸਟ ਪਾਰਟੀ ਆਫ ਇੰਡੀਆ (ਸੀ ਪੀ ਆਈ) ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸੀ) (ਸੀ ਪੀ ਐਮ) ਤੋਂ ਬਾਗ਼ੀ ਹੋਏ ਆਗੂ ਕਰ ਰਹੇ ਸੀ। ਇਹਨਾਂ ਬਾਗ਼ੀ ਅਗੂਆਂ ਦਾ ਮੰਨਣਾ ਸੀ ਕਿ ਸੀ ਪੀ ਆਈ ਅਤੇ ਸੀ ਪੀ ਐਮ ਦੋਵੇਂ ਆਪਣਾ ਇਨਕਲਾਬੀ ਮਕਸਦ ਤਿਆਗ ਚੁੱਕੀਆਂ ਹਨ। ਸਟਾਲਿਨ ਦੀ ਮੌਤ ਤੋਂ ਬਾਅਦ 1956 ਵਿੱਚ ਰੂਸ ਇੱਕ ਸਮਾਜਵਾਦੀ ਮੁਲਕ ਨਾ ਰਹਿ ਕੇ ਸਾਮਰਾਜੀ ਮੁਲਕ ਬਣ ਗਿਆ ਤੇ 1990 ਤੱਕ ਪਹੁੰਚਦਿਆਂ ਰੂਸ ਸਪੱਸਟ ਰੂਪ ਵਿੱਚ ਇੱਕ ਪੂੰਜੀਵਾਦੀ ਦੇਸ਼ ਦੇ ਰੂਪ ਵਿੱਚ ਸਾਹਮਣੇ ਆ ਗਿਆ, ਪਰ ਭਾਰਤ ਅੰਦਰਲੀਆਂ ਸੋਧਵਾਦੀ ਕਮਿਊਨਿਸਟ ਪਾਰਟੀਆਂ ਬਾਅਦ ਵਿੱਚ ਵੀ ਰੂਸ ਨੂੰ ਸਮਾਜਵਾਦੀ ਮੁਲਕ ਵਜੋਂ ਮਾਨਤਾ ਦਿੰਦੀਆਂ ਰਹੀਆਂ। ਨਕਸਲਬਾੜੀ ਲਹਿਰ ਦੇ ਕਾਰਕੁੰਨਾਂ ਦਾ ਇਹਨਾਂ ਪਾਰਟੀਆਂ ਤੋਂ ਵਿਸ਼ਵਾਸ ਉੱਠ ਚੁੱਕਾ ਸੀ। ਇਹ ਨੌਜਵਾਨ ਮਾਉ ਦੇ ਵਿਚਾਰ 'ਇਨਕਲਾਬ ਬਦੂੰਕ ਦੀ ਨਾਲੀ ਵਿੱਚੋਂ ਨਿਕਲਦਾ ਹੈ' ਦਾ ਸਮੱਰਥਨ ਕਰਦੇ ਸੀ ਤੇ ਆਪਣੀ ਵਿਚਾਰਧਾਰਕ ਅਗਵਾਈ ਮਾਰਕਸ, ਲੈਨਿਨ ਤੇ ਮਾਉ ਤੋਂ ਕਬੂਲਦੇ ਸਨ।

ਨਾਵਲ ਸੱਤਵੇਂ ਦਹਾਕੇ (1970-1980) ਵਿੱਚ ਕਲਕੱਤੇ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਬਿਆਨ ਕਰਦਾ ਹੈ ਜਿਸਨੂੰ ਮੁਕਤੀ ਦਾ ਦਹਾਕਾ ਐਲਾਨਿਆ ਗਿਆ ਹੈ। ਜਦੋਂ ਸ਼ਹਿਰ 'ਚ ਹਰ ਨੌਜਵਾਨ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ। ਘਟਨਾਵਾਂ ਨਾਲ ਭਰੇ ਇਸ ਸ਼ਹਿਰ ਵਿੱਚ ਵ੍ਰਤੀ ਤੇ ਉਸਦਾ ਪਰਿਵਾਰ ਵੀ ਰਹਿੰਦਾ ਹੈ। ਇੱਕੋ ਘਰ ਵਿੱਚ ਇੱਕੋ ਸਮੇਂ ਵ੍ਰਤੀ ਤੇ ਦਿਵਯਨਾਥ ਵਰਗੇ ਦੋ ਵੱਖੋ-ਵੱਖਰੀ ਸੋਚ ਵਾਲੇ ਵਿਅਕਤੀ ਰਹਿ ਰਹੇ ਹੁੰਦੇ ਹਨ। ਵ੍ਰਤੀ ਦੀ ਆਪਣੇ ਪਿਤਾ ਨਾਲ ਕੋਈ ਭਾਵਕ ਜਾਂ ਵਿਚਾਰਧਾਰਕ ਸਾਂਝ ਨਹੀਂ, ਪਰ ਉਸਦੀ ਆਪਣੀ ਮਾਂ ਨਾਲ ਬਹੁਤ ਨੇੜਤਾ ਹੈ, ਜਿਸਦੀ ਉਹ ਫ਼ਿਕਰ ਕਰਦਾ ਹੈ। ਮਾਂ ਪੁੱਤ ਦੇ ਭਾਵੁਕ ਰਿਸ਼ਤੇ ਨੂੰ ਨਾਵਲ ਵਿੱਚ ਬਹੁਤ ਹੀ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਨਾਵਲ ਵਿੱਚ ਇੱਕ ਥਾਂ ਸੁਜਾਤਾ ਆਪਣੇ ਪੁੱਤਰ ਨੂੰ ਸ਼ਿਕਾਇਤ ਕਰਦੀ ਹੈ ਕਿ ਉਹ ਬਦਲ ਰਿਹਾ ਹੈ ਤਾਂ ਵ੍ਰਤੀ ਉਸਦੀ ਗੱਲ ਹੱਸ ਕੇ ਟਾਲ ਦਿੰਦਾ ਹੈ। ਸੁਜਾਤਾ ਦੇ ਜ਼ਿਆਦਾ ਜ਼ੋਰ ਪਾਉਣ 'ਤੇ ਉਹ ਦੱਸਦਾ ਹੈ ਕਿ ਉਸਨੇ ਅਤੇ ਉਸਦੀ ਪਾਰਟੀ ਨੇ ਇੱਕ ਸੁਪਨਾ ਦੇਖਿਆ ਹੈ। ਸੋਸ਼ਣ ਰਹਿਤ ਸਮਾਜ ਦਾ ਸੁਪਨਾ। ਵ੍ਰਤੀ ਦੀ ਗੱਲ ਸੁਣ ਕੇ ਸੁਜਾਤਾ ਨੂੰ ਲੱਗਦਾ ਹੈ ਕਿ ਉਹ ਉਸ ਨਾਲ ਮਜ਼ਾਕ ਕਰ ਰਿਹਾ ਹੈ। ਸੁਜਾਤਾ ਕਿਉਂਕਿ ਰਾਜਨੀਤਿਕ ਪੱਖ ਤੋਂ ਅਚੇਤ ਪਾਤਰ ਹੈ, ਇਸ ਲਈ ਉਹ ਨਹੀਂ ਜਾਣਦੀ ਕਿ ਉਸਦਾ ਪੁੱਤਰ ਕਿਹੜੇ ਰਾਹਾਂ 'ਤੇ ਚੱਲ ਰਿਹਾ ਹੈ ਤੇ ਇਹ ਰਾਹ ਕਿੰਨਾ ਕੁ ਠੀਕ ਹੈ ਤੇ ਕਿੰਨਾ ਕੁ ਖ਼ਤਰਨਾਕ ਹੈ, ਪਰ ਵ੍ਰਤੀ ਦੇ ਮਰ ਜਾਣ ਬਾਅਦ ਉਹ ਜਾਨਣਾ ਚਹੁੰਦੀ ਹੈ। ਇਸੇ ਮਕਸਦ ਨਾਲ ਉਹ ਵ੍ਰਤੀ ਦੇ ਦੋਸਤ ਸਮੂ ਦੇ ਪਰਿਵਾਰ ਨੂੰ ਮਿਲਣ ਜਾਂਦੀ ਹੈ ਜੋ ਆਰਥਿਕ ਮੰਦਹਾਲੀ ਕਾਰਨ ਬੇਹੱਦ ਬੁਰੇ ਦਿਨ ਗੁਜ਼ਾਰ ਰਿਹਾ ਹੈ। ਘਰ ਵਿੱਚ ਕੋਈ ਕਮਾਈ ਦਾ ਸਾਧਨ ਨਾ ਹੋਣ ਕਾਰਨ ਜ਼ਿੰਦਗੀ ਉਹਨਾਂ ਲਈ ਪਥਰੀਲੀ ਸੜਕ ਵਾਂਗ ਹੈ। ਸੁਜਾਤਾ ਸਮੂ ਦੀ ਮਾਂ ਨਾਲ ਵ੍ਰਤੀ, ਸਮੂ ਅਤੇ ਉਹਨਾਂ ਦੇ ਦੋਸਤਾਂ ਬਾਰੇ ਗੱਲਾਂ ਕਰਦੀ ਹੈ, ਉਹਨਾਂ ਬਾਰੇ ਗੱਲਾਂ ਕਰਦਿਆਂ ਉਹ ਆਪਣੇ ਆਪ ਨੂੰ ਉਹਨਾਂ ਦੇ ਨੇੜੇ ਮਹਿਸੂਸ ਕਰਦੀ ਹੈ। ਉਸਨੂੰ ਤਾਂ ਪਤਾ ਹੀ ਨਹੀਂ ਸੀ ਕਿ ਉਸਦਾ ਪੁੱਤਰ ਤੇ ਉਸਦੇ ਸਾਥੀ ਕਿਹੋ ਜਿਹੇ ਵਿਚਾਰ, ਸੁਪਨੇ, ਆਦਰਸ਼ ਲੈ ਕੇ ਜਿਉਂ ਰਹੇ ਸਨ ਤੇ ਮਰ ਗਏ। ਉਹ ਤਾਂ ਹਮੇਸ਼ਾ ਦਿਵਯਨਾਥ ਵਰਗੇ ਇਨਸਾਨ ਨਾਲ ਰਹੀ, ਜੋ ਔਰਤ ਨੂੰ ਕੇਵਲ ਬੱਚਾ ਜੰਮਣ ਵਾਲੀ ਮਸ਼ੀਨ ਸਮਝਦਾ ਰਿਹਾ। ਵ੍ਰਤੀ ਅਜਿਹੇ ਲੋਕਾਂ ਨੂੰ ਕਦੇ ਵੀ ਪਸੰਦ ਨਹੀਂ ਕਰਦਾ, ਪਰ ਉਹ ਇੱਕ ਇਕਾਈ ਜਾਂ ਇੱਕ ਵਿਅਕਤੀ ਵਜੋਂ ਉਹਨਾਂ ਨੂੰ ਦੁਸ਼ਮਣ ਨਹੀਂ ਮੰਨਦਾ, ਸਗੋਂ ਜੋ ਵਿਚਾਰਧਾਰਾ ਉਹ ਪਾਲ਼ ਰਹੇ ਹਨ, ਉਸ ਪ੍ਰਤੀ ਵ੍ਰਤੀ ਦਾ ਰਵੱਈਆ ਵਿਦਰੋਹੀ ਹੈ।

ਸੁਜਾਤਾ ਵ੍ਰਤੀ ਦੀ ਦੋਸਤ ਨੰਦਿਨੀ ਨੂੰ ਵੀ ਮਿਲਣ ਜਾਂਦੀ ਹੈ, ਜਿਸਨੂੰ ਪੁਲਿਸ ਦੁਆਰਾ ਬਹੁਤ ਟੌਰਚਰ ਕੀਤਾ ਗਿਆ ਸੀ। ਨੰਦਿਨੀ ਉਸਨੂੰ ਅਨਿੰਧਯ ਬਾਰੇ ਦੱਸਦੀ ਹੈ ਜਿਸਦੇ ਧੋਖੇ ਕਾਰਨ ਉਸਦੇ ਸਾਥੀ ਮਾਰੇ ਗਏ ਤੇ ਉਹ ਗ੍ਰਿਫ਼ਤਾਰ ਹੋ ਗਈ। ਵ੍ਰਤੀ ਦਾ ਦੂਜਿਆਂ 'ਤੇ ਅਸਾਨੀ ਨਾਲ ਵਿਸ਼ਵਾਸ ਕਰ ਲੈਣਾ ਹੀ ਉਹਨਾਂ ਦੀ ਤਬਾਹੀ ਦਾ ਕਾਰਨ ਬਣਿਆ। ਸੁਜਾਤਾ ਜਦੋਂ ਕਹਿੰਦੀ ਹੈ ਕਿ ਉਸਨੂੰ ਇਸ ਸਭ ਕਾਸੇ ਬਾਰੇ ਕੁੱਝ ਪਤਾ ਨਹੀਂ ਸੀ ਤਾਂ ਨੰਦਿਨੀ ਉਸ 'ਤੇ ਅਤੇ ਉਸਦੀ ਪੀੜ੍ਹੀ 'ਤੇ ਗਿਲਾ ਕਰਦੀ ਹੈ ਕਿ ਤੁਸੀਂ ਕਦੇ ਕੋਸ਼ਿਸ਼ ਕੀਤੀ ਇਸ ਸਭ ਨੂੰ ਸਮਝਣ ਦੀ। ਘਟਨਾਵਾਂ ਘਟ ਜਾਂਦੀਆਂ ਹਨ, ਲੋਕ ਮਾਰੇ ਜਾਂਦੇ ਹਨ, ਗ੍ਰਿਫ਼ਤਾਰੀਆਂ ਹੋ ਜਾਂਦੀਆਂ ਹਨ ਤੇ ਫੇਰ ਕੁੱਝ ਸਮੇਂ ਲਈ ਸਾਂਤੀ, ਜੋ ਜੇਲ੍ਹ ਦੇ ਮੁਰਦਾ ਘਰ ਵਰਗੀ ਸਾਂਤੀ ਹੁੰਦੀ ਹੈ ਜਾਂ ਲਾਸ਼ 'ਤੇ ਪਾਏ ਰੇਸ਼ਮੀ ਕੱਪੜੇ ਵਰਗੀ। ਇੰਨਾ ਕੁੱਝ ਵਾਪਰ ਜਾਣ ਬਾਅਦ ਇਹ ਸਹਿਜ ਸਾਂਤੀ ਨੰਦਿਨੀ ਤੇ ਉਸ ਵਰਗਿਆਂ ਨੂੰ ਅਸਹਿਜ ਕਰਦੀ ਹੈ।

ਨੰਦਿਨੀ ਨਾਲ ਸਮੂ ਦੀ ਮਾਂ ਨਾਲ ਵ੍ਰਤੀ ਤੇ ਉਸਦੇ ਸਾਥੀਆਂ ਬਾਰੇ ਗੱਲਾਂ ਕਰਦਿਆਂ ਸੁਜਾਤਾ ਦੀ ਸੂਝ ਮਘਣ ਲੱਗਦੀ ਹੈ। ਹੁਣ ਉਸਨੂੰ ਦਿਵਯਨਾਥ ਤੇ ਉਸਦੀਆਂ ਕਦਰਾਂ-ਕੀਮਤਾਂ ਬਨਾਵਟੀ ਨਜ਼ਰ ਆਉਣ ਲੱਗਦੀਆਂ ਹਨ। ਆਪਣੀ ਬੇਟੀ ਤੁਲੀ ਦੀ ਮੰਗਣੀ ਵੇਲੇ ਸੁਜਾਤਾ ਦੇਖਦੀ ਹੈ ਕਿ ਕੋਈ ਸੰਗੀਤ 'ਚ ਮਸਤ ਹੈ, ਕੋਈ ਸਵਾਮੀ ਦੇ ਪ੍ਰਵਚਨਾਂ ਦਾ ਗੁਣਗਾਣ ਕਰ ਰਿਹਾ ਹੈ। ਦਿਵਯਨਾਥ, ਵ੍ਰਤੀ ਤੇ ਉਸਦੇ ਸਾਥੀਆਂ ਨੂੰ ਕੁਰਾਹੇ ਪਏ ਕਹਿ ਰਿਹਾ ਹੁੰਦਾ ਹੈ। ਅਜਿਹੇ ਹੀ ਵੇਲੇ ਉਸ ਪੁਲਿਸ ਅਧਿਕਾਰੀ ਨੂੰ ਮਠਿਆਈ ਦਿੱਤੀ ਜਾਂਦੀ ਹੈ, ਜਿਸਨੇ ਵ੍ਰਤੀ ਲਾਸ਼ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

ਸੁਜਾਤਾ ਅਜਿਹੇ ਲੋਕਾਂ 'ਚ ਫਿਰਦਿਆਂ ਇੱਕ ਦਰਦ ਮਹਿਸੂਸ ਕਰਦੀ ਹੈ, ਜਿਨ੍ਹਾਂ ਲਈ ਵ੍ਰਤੀ ਜਿਹੇ ਲੋਕ ਕੁਰਾਹੇ ਪਏ ਤੇ ਭਟਕੇ ਹੋਏ ਹਨ। ਉਹ ਇਹ ਸਭ ਬਰਦਾਸ਼ਤ ਨਹੀਂ ਕਰ ਪਾਉਂਦੀ। ਉਸਦੇ ਇਕਦਮ ਤੇਜ਼ ਦਰਦ ਉਠਦਾ ਹੈ ਤੇ ਉਹ ਚੀਕ ਮਾਰਦੀ ਹੈ।

ਇਹ ਚੀਕ ਹੁੰਦੀ ਹੈ, ਇੱਕ ਉੱਚੇ ਆਦਰਸ਼ ਨੂੰ ਲੈ ਕੇ ਜੀਉਣ ਵਾਲੇ ਤੇ ਆਪਾ ਕੁਰਬਾਨ ਕਰ ਦੇਣ ਵਾਲੇ ਪੁੱਤ ਦੇ ਮਾਂ ਦੀ ਚੀਕ। ਇਹ ਚੀਕ ਹੁੰਦੀ ਹੈ 1084ਵੇਂ ਦੀ ਮਾਂ ਦੀ ਚੀਕ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ
ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

# ਏਡਜ਼ ਤੋਂ ਵੀ ਖ਼ਤਰਨਾਕ ਹੈਪੇਟਾਇਟਿਸ



ਡਾ.ਰਿਪੁਦਮਨ ਸਿੰਘ
+91-98152-00134

ਹੈਪੇਟਾਈਟਸ ਨੂੰ ਲੈ ਕੇ ਭਾਵੇਂ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵੱਲੋਂ ਉਸ ਤਰ੍ਹਾਂ ਦੀ ਜਾਗਰੂਕਤਾ ਮੁਹਿੰਮ ਨਹੀਂ ਵਿੱਢੀ ਗਈ ਜਿਸ ਤਰ੍ਹਾਂ ਦੀ ਮੁਹਿੰਮ ਏਡਜ਼ ਨੂੰ ਲੈ ਕੇ ਚਲਾਈ ਜਾ ਰਹੀ ਹੈ ਤੇ ਨਾ ਹੀ ਭਾਰਤੀ ਡਾਕਟਰ ਵਰਗ ਇਸ ਨੂੰ ਲੈ ਕੇ ਬਹੁਤਾ ਸੁਚੇਤ ਹੈ ਪਰ ਇਕ ਗੱਲ ਸਾਫ਼ ਹੈ ਕਿ ਜਦ ਇਹ ਬੀਮਾਰੀ ਕਿਸੇ ਨੂੰ ਲੱਗ ਜਾਂਦੀ ਹੈ ਸਿੱਟੇ ਏਡਜ਼ ਤੋਂ ਵੀ ਵੱਧ ਖ਼ਤਰਨਾਕ ਨਿਕਲਦੇ ਹਨ।

ਦੇਸ਼ ਦੁਨੀਆ ਵਿੱਚ ਹੈਪੇਟਾਇਟਿਸ ਨੂੰ ਲੈ ਕੇ ਸੁਚੇਤਤਾ ਭਲੇ ਹੀ ਘੱਟ ਹੋਵੇ ਲੇਕਿਨ ਇਹ ਵੀ ਸੱਚ ਹੈ ਕਿ ਇਹ ਬੇਹੱਦ ਤੇਜੀ ਨਾਲ ਫੈਲਣ ਵਾਲੀਆਂ ਬੀਮਾਰੀਆਂ ਵਿੱਚੋਂ ਇੱਕ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਦੁਨੀਆਂ ਵਿੱਚੋਂ ਹਰ 10 ਵਿੱਚੋਂ ਇਕ ਆਦਮੀ ਹੈਪੇਟਾਇਟਿਸ ਦਾ ਪਾਜ਼ੇਟਿਵ ਮਰੀਜ਼ ਹੈ। ਆਮ ਤੌਰ 'ਤੇ ਸਮਾਜ ਇਸਨੂੰ ਪੀਲੀਏ ਦਾ ਰੋਗ ਕਹਿ ਕਿ ਨਿਸਚਿੰਤ ਹੋ ਜਾਂਦਾ ਹੈ। ਏਸ਼ੀਆ ਦੇ ਲੋਕ ਇਸ ਬਿਮਾਰੀ ਨਾਲ ਗ੍ਰਸਤ ਹੋਣ ਤੋਂ ਦਵਾਈ ਲੈਣ ਦੀ ਬਿਜਾਏ ਸਾਧ-ਸੰਤ ਤੋਂ ਗਲ ਵਿੱਚ ਧਾਗਾ ਪਵਾਉਣਾ ਬਿਹਤਰ ਸਮਝਦੇ ਹਨ ਅਤੇ ਇਹ ਵੀ ਭਰਮ ਹੈ ਕਿ ਇਹ ਬਿਮਾਰੀ ਆਪੇ ਸਵਾ ਮਹੀਨੇ ਵਿੱਚ ਠੀਕ ਹੋ ਜਾਂਦੀ ਹੈ। ਮੈਂ ਦੱਸਣਾ ਚਹੁੰਦਾ ਹਾਂ ਕਿ ਇਹ ਵਿਚਾਰਧਾਰਾ ਬਹੁਤ ਘਾਤਕ ਹੈ। ਲੋਕਾਂ ਵਿੱਚ ਇਸ ਨੂੰ ਲੈ ਕੇ ਜਾਗਰੂਕਤਾ ਫੈਲਾਉਣ ਲਈ ਡਬਲਿਊ.ਐਚ.ਓ. ਹਰ ਸਾਲ ਹੈਪੇਟਾਇਟਿਸ ਦੀ ਖੋਜ ਕਰਨ ਵਾਲੇ ਪ੍ਰੋਫੈਸਰ ਬਰੂਚ ਬਲੂਮਬਰਗ ਦੇ ਜਨਮ ਵਾਲੇ ਦਿਨ ਯਾਨੀ 28 ਜੁਲਾਈ ਨੂੰ ਹੈਪੇਟਾਇਟਿਸ ਡੇਅ ਮਨਾਉਂਦਾ ਹੈ।

## ਕੀ ਹੈ ਹੈਪੇਟਾਇਟਿਸ

ਹੈਪੇਟਾਇਟਿਸ ਬੈਕਟੀਰੀਆ ਤੋਂ ਫੈਲਣ ਵਾਲੀ ਇਨਫੈਕਸ਼ਨ ਹੈ ਜੋ ਸਿੱਧੇ ਤੌਰ 'ਤੇ ਜਿਗਰ 'ਤੇ ਹਮਲਾ ਕਰਦਾ ਹੈ। ਆਮ ਤੌਰ 'ਤੇ ਇਹ ਪੰਜ ਟਾਇਪ ਦੀ ਹੁੰਦਾ ਹੈ ਜਿਨ੍ਹਾਂ ਨੂੰ 'ਏ', 'ਬੀ', 'ਸੀ', 'ਡੀ' ਅਤੇ 'ਈ' ਕਿਹਾ ਜਾਂਦਾ ਹੈ। ਫਿਲਹਾਲ ਦੁਨੀਆਂ ਵਿੱਚ ਸਭ ਤੋਂ ਜਿਆਦਾ ਲੋਕ ਹੈਪੇਟਾਇਟਿਸ-ਬੀ ਅਤੇ ਹੈਪੇਟਾਇਟਿਸ-ਸੀ ਦੇ ਸ਼ਿਕਾਰ ਹਨ। ਡਬਲਿਊ.ਓ.ਐਚ. ਦੀ ਇੱਕ ਰਿਪੋਰਟ ਦੇ ਮੁਤਾਬਿਕ ਪੂਰੀ ਦੁਨੀਆਂ ਵਿੱਚ ਕਰੀਬ ਦੋ ਅਰਬ ਲੋਕ ਹੈਪੇਟਾਇਟਿਸ-ਬੀ ਦੇ ਸ਼ਿਕਾਰ ਹਨ ਜਦਕਿ ਇਨ੍ਹਾਂ ਵਿੱਚੋਂ 36 ਕਰੋੜ ਲੋਕਾਂ ਵਿਚ ਇਹ ਬਿਮਾਰੀ ਖ਼ਤਰਨਾਕ ਪੱਧਰ 'ਤੇ ਹੈ। ਹਰ ਸਾਲ ਲਗਭਗ ਛੇ ਲੱਖ ਲੋਕ ਹੈਪੇਟਾਇਟਿਸ-ਬੀ ਦੇ ਕਾਰਨ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਜੇਕਰ ਹੈਪੇਟਾਇਟਿਸ-ਸੀ ਦੀ ਗੱਲ ਕਰੀਏ ਤਾਂ ਦੁਨੀਆਂ ਭਰ ਵਿੱਚ 13-17 ਕਰੋੜ ਲੋਕ ਇਸ ਤੋਂ ਗ੍ਰਸਤ ਹਨ। ਇਹੀ ਨਹੀਂ ਹਰ ਸਾਲ 30-40 ਲੱਖ ਲੋਕ ਇਸ ਦੀ ਚਪੇਟ ਵਿੱਚ ਆ ਜਾਂਦੇ ਹਨ ਅਤੇ ਕਰੀਬ 3.5 ਲੋਕਾਂ ਦੀ ਮੌਤ ਹੋ ਜਾਂਦੀ ਹੈ। ਭਾਵੇਂ ਹੈਪੇਟਾਇਟਿਸ-ਬੀ ਅਤੇ ਐਚ.ਆਈ.ਵੀ. ਦੇ ਬੈਕਟੀਰੀਆ ਦੇ ਫੈਲਣ ਦਾ ਪੈਟਰਨ ਇੱਕੋ ਜਿਹਾ ਹੀ ਹੈ, ਪਰ ਹੈਪੇਟਾਇਟਿਸ-ਬੀ ਦੀ ਬਿਮਾਰੀ ਐਚ.ਆਈ.ਵੀ. ਦੇ ਮੁਕਾਬਲੇ 50 ਗੁਣਾਂ ਜਿਆਦਾ ਖ਼ਤਰਨਾਕ ਹੈ। ਅਜਿਹਾ ਇਸ ਲਈ ਹੈ ਕਿਉਂਕਿ ਹੈਪੇਟਾਇਟਿਸ-ਬੀ ਦਾ ਬੈਕਟੀਰੀਆ ਸਾਡੇ ਸ਼ਰੀਰ ਦੇ ਬਾਹਰ ਵੀ ਘੱਟ ਤੋਂ ਘੱਟ ਸੱਤ ਦਿਨ ਜਿਉਂਦਾ ਰਹਿ ਕੇ ਕਿਸੇ ਤੰਦਰੁਸਤ ਬੰਦੇ ਨੂੰ ਬਿਮਾਰ ਕਰ ਸਕਦਾ ਹੈ।




## ਕਿਵੇਂ ਫੈਲਦਾ ਹੈ ਇਹ ਰੋਗ

ਹਰ ਇੱਕ ਬੈਕਟੀਰੀਆ ਦੇ ਫੈਲਣ ਦਾ ਤਰੀਕਾ ਤਕਰੀਬਨ ਇੱਕੋ ਜਿਹਾ ਹੁੰਦਾ ਹੈ। ਪਰ ਅਜਿਹਾ ਜਰੂਰੀ ਨਹੀਂ ਹੈ ਕਿ ਇੱਕ ਦੇ ਫੈਲਣ ਦਾ ਤਰੀਕਾ ਦੂਜੇ ਦੇ ਮਾਮਲੇ ਵਿੱਚ ਓਨਾ ਹੀ ਕਾਰਗਰ ਹੋਵੇ। ਹੈਪੇਟਾਈਟਿਸ-ਏ ਅਤੇ ਈ ਦੂਸ਼ਿਤ ਭੋਜਨ ਅਤੇ ਪਾਣੀ ਦੇ ਇਸਤੇਮਾਲ ਤੋਂ ਫੈਲਦਾ ਹੈ, ਜਦੋਂ ਕਿ ਹੈਪੇਟਾਇਟਿਸ-ਬੀ, ਸੀ ਅਤੇ ਡੀ ਇਨ੍ਹਾਂ ਨਾਲ ਦੂਸ਼ਿਤ ਮਰੀਜ਼ਾਂ ਦੇ ਸ਼ਰੀਰ ਵਿੱਚੋਂ ਨਿਕਲੇ ਖ਼ੂਨ, ਰੇਜ਼ਰ, ਮੈਡੀਕਲ ਅਤੇ ਸਰਜੀਕਲ ਸਮੱਗਰੀ ਆਦਿ ਦੇ ਸੰਪਰਕ ਵਿਚ ਆਉਣ ਤੋਂ ਫੈਲਦਾ ਹੈ। ਇਸ ਤੋਂ ਇਲਾਵਾ ਸੈਕਸੂਅਲ ਰਿਲੇਸ਼ਨ ਅਤੇ ਮਾਂ ਤੋਂ ਬੱਚੇ ਵਿੱਚ (ਖਾਸ ਕਰਕੇ ਹੈਪੇਟਾਇਟਿਸ-ਬੀ) ਫੈਲਦਾ ਹੈ।

## ਕੀ ਹਨ ਲੱਛਣ

ਹੈਪੇਟਾਇਟਿਸ ਬੀਮਾਰੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਸਦਾ ਸੰਕਰਮਣ ਹੋਣ ਦੇ ਬਾਵਜੂਦ ਇਸ ਦੇ ਲੱਛਣ ਨਜ਼ਰ ਨਹੀਂ ਆਉਂਦੇ। ਹਾਲਾਂਕਿ ਪੀਲੀਆ ( ਸਰੀਰ ਅਤੇ ਅੱਖਾਂ ਵਿੱਚ ਪਿਲੱਤਣ), ਪਿਸ਼ਾਬ ਦਾ ਰੰਗ ਪੀਲਾ ਹੋਣਾ, ਥਕਾਵਟ, ਭੁੱਖ ਨਾ ਲੱਗਣਾ, ਜੀਅ ਕੱਚਾ ਹੋਣਾ, ਉਲਟੀ ਅਤੇ ਢਿੱਡ ਦਰਦ ਅਤੇ ਬਹੁਤ ਵਾਰੀ ਬੀਮਾਰੀ ਦੇ ਵਧਣ 'ਤੇ ਕਿਸੇ ਇੱਕ ਖਾਣ ਦੀ ਵਸਤੂ ਨੂੰ ਵੇਖਣ, ਖਾਣ ਜਾਂ ਨਾਮ ਹੀ ਸੁਣਨ 'ਤੇ ਜੀਅ ਕੱਚਾ ਹੋਣਾ ਤੇ ਉਲਟੀ ਆਉਣਾ ਆਦਿ ਹੈਪੇਟਾਇਟਿਸ ਦੇ ਲੱਛਣ ਮੰਨਿਆ ਜਾਂਦੇ ਹਨ।

## ਕਿਵੇਂ ਬਚੀਏ ਹੈਪੇਟਾਇਟਿਸ ਏ ਅਤੇ ਈ ਤੋਂ

* ਟੱਟੀ ਪਿਸ਼ਾਬ ਕਰਨ ਤੋਂ ਬਾਅਦ ਹੱਥ ਚੰਗੀ ਤਰ੍ਹਾਂ ਧੋਵੋ।
* ਆਪਣੇ ਖਾਣ ਪੀਣ ਦਾ ਧਿਆਨ ਰੱਖੋ ਅਤੇ ਤਾਜ਼ਾ ਬਣਿਆ ਖਾਣਾ ਹੀ ਖਾਵੋ।
* ਸਾਫ ਪਾਣੀ ਪੀਓ।
* ਜੇਕਰ ਤੁਹਾਨੂੰ ਖ਼ਤਰਾ ਮਹਿਸੂਸ ਹੋਵੇ ਤਾਂ ਹੈਪੇਟਾਇਟਿਸ- ਏ ਦਾ ਟੀਕਾ ਲਗਵਾਓ। ਹਾਲਾਂਕਿ ਹੈਪੇਟਾਇਟਿਸ-ਈ ਲਈ ਕੋਈ ਖਾਸ ਕਾਰਗਰ ਇੰਜੈਕਸ਼ਨ ਨਹੀਂ ਹੈ।

ਇਵੇਂ ਹੀ ਹੈਪੇਟਾਇਟਿਸ ਬੀ, ਸੀ ਅਤੇ ਡੀ ਤੋਂ ਬਚਿਆ ਜਾਵੇ।

* ਸੁਰੱਖਿਅਤ ਸੈਕਸੂਅਲ ਸਬੰਧ ਬਣਾਓ।
* ਕਿਸੇ ਦੂਸਰੇ ਦੀ ਸੂਈ, ਰੇਜ਼ਰ, ਟੁੱਥ ਬਰੱਸ਼ ਆਦਿ ਸਾਂਝਾ ਨਾ ਕਰੋ ਜਿਨ੍ਹਾਂ ਵਿੱਚ ਇਨਫੈਕਸ਼ਨ ਵਾਲਾ ਬਲੱਡ ਹੋ ਸਕਦਾ ਹੈ।

*ਹੈਪੇਟਾਇਟਿਸ-ਬੀ ਅਤੇ ਸੀ ਦੂਸ਼ਿਤ ਖਾਣਾ, ਪਾਣੀ ਜਾਂ ਇਨਫੈਕਸ਼ਨ ਮਰੀਜ਼ ਨੂੰ ਜੱਫੀ ਪਾ ਕੇ ਮਿਲਣ ਤੋਂ, ਚੁੰਮਣ ਅਤੇ ਨਾਲ ਖਾਣ-ਪੀਣ ਤੋਂ ਨਹੀਂ ਫੈਲਦਾ।




* ਜੇਕਰ ਤੁਹਾਨੂੰ ਖ਼ਤਰਾ ਮਹਿਸੂਸ ਹੋ ਰਿਹਾ ਹੈ ਤਾਂ ਹੈਪੇਟਾਇਟਿਸ-ਬੀ ਸੀਰੀਜ਼ ਦਾ ਇੰਜੈਕਸ਼ਨ ਲਗਵਾਓ। ਲੇਕਿਨ ਹੈਪੇਟਾਇਟਿਸ-ਸੀ ਦਾ ਕੋਈ ਟੀਕਾ ਨਹੀਂ ਹੈ।
* ਕੋਈ ਵੀ ਟੀਕਾ ਲਗਵਾਉਣ ਸਮੇਂ ਇਸ ਗੱਲ ਦਾ ਧਿਆਨ ਰੱਖੋ ਕਿ ਉਸ ਲਈ ਨਵੀਂ ਸੂਈ ਅਤੇ ਸਰਿੰਜ ਦਾ ਇਸਤੇਮਾਲ ਹੋਵੇ।
* ਹੈਪੇਟਾਇਟਿਸ-ਡੀ ਬੈਕਟੀਰੀਆ ਹੈਪੇਟਾਇਟਿਸ-ਬੀ ਬੈਕਟੀਰੀਆ ਦੇ ਗੈਰ-ਮੌਜੂਦਗੀ ਵਿਚ ਇਨਫੈਕਸ਼ਨ ਨਹੀਂ ਫੈਲ ਸਕਦਾ। ਇਸ ਲਈ ਇਸ ਤੋਂ ਬਚਣ ਲਈ ਹੈਪੇਟਾਇਟਿਸ-ਬੀ ਲਈ ਸੁਝਾਏ ਗਏ ਤਰੀਕੇ ਅਪਣਾਓ।

ਬੀਮਾਰੀ ਕੋਈ ਵੀ ਹੋਵੇ, ਹਰ ਇੱਕ ਖ਼ਤਰਨਾਕ ਹੁੰਦੀ ਹੈ। ਦਵਾਈਆਂ ਜਾਂ ਹਸਪਤਾਲ ਤੋਂ ਬਚਣ ਲਈ ਬੀਮਾਰੀ ਤੋਂ ਬਚਾਅ ਜਾਂ ਪਰਹੇਜ਼ ਹੀ ਬਿਹਤਰ ਰਹਿੰਦਾ ਹੈ। ਧਾਗੇ-ਤਵੀਤਾਂ ਤੋਂ ਰੋਗ ਦਾ ਨਿਦਾਨ ਨਹੀਂ ਹੁੰਦਾ।




# ਸਿਗਰਟਨੋਸ਼ੀ ਨਾਲ ਇਸ ਸਦੀ ਵਿੱਚ ਹੋਣਗੀਆਂ ਸੌ ਕਰੋੜ ਮੌਤਾਂ

ਲੰਡਨ,(ਨਦਬ)- ਕਿਸੇ ਵੀ ਵੱਡੇ ਤੋਂ ਵੱਡੇ ਅੱਤਵਾਦੀ ਹਮਲੇ ਅਤੇ ਸੰਗਠਨ ਨਾਲੋਂ ਜ਼ਿਆਦਾ ਖ਼ਤਰਨਾਕ ਹੈ 50 ਹਜ਼ਾਰ ਕਰੋੜ ਡਾਲਰ ਦਾ ਤੰਬਾਕੂ ਵਪਾਰ। ਇਸਦੇ ਹਲਕੇ ਹਮਲੇ ਨਾਲ 21ਵੀਂ ਸਦੀ ਵਿੱਚ ਪੂਰੀ ਦੁਨੀਆ ਵਿੱਚ ਇੱਕ ਅਰਬ, ਯਾਨੀ ਕਿ ਇੱਕ ਸੌ ਕਰੋੜ, ਜ਼ਿੰਦਗੀਆਂ ਧੂੰਆਂ ਹੋ ਜਾਣਗੀਆਂ। ਜੇ ਪੂਰੀ ਦੁਨੀਆ ਦੀਆਂ ਸਰਕਾਰਾਂ ਇਸ ਨਾਲ ਨਿਪਟਣ ਦੀ ਪੂਰੀ ਤਿਆਰੀ ਨਹੀਂ ਕਰਦੀਆਂ, ਤਾਂ ਸਿਗਰਟਨੋਸ਼ੀ ਨਾਲ ਇੱਕ ਅਰਬ ਲੋਕਾਂ ਦੀ ਮੌਤ ਹੋਣੀ ਤੈਅ ਹੈ। ਸਿਗਰਟਨੋਸ਼ੀ ਆਪਣੇ ਸ਼ੌਕੀਨਾਂ ਵਿੱਚੋਂ ਅੱਧੇ ਲੋਕਾਂ ਦੀ ਜਾਨ ਲੈ ਲੈਂਦੀ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਕੈਂਸਰ ਦੇ ਸ਼ਿਕਾਰ ਬਣਦੇ ਹਨ। ਲਿਹਾਜ਼ਾ, ਦੁਨੀਆ ਦੇ ਇਤਿਹਾਸ ਵਿੱਚ ਸਿਗਰਟਨੋਸ਼ੀ ਨੂੰ ਸਭ ਤੋਂ ਵੱਡੀ ਜਨ ਤ੍ਰਾਸਦੀ ਦੇ ਤੌਰ 'ਤੇ ਦੱਸਿਆ ਗਿਆ ਹੈ। ਸਵਿਸ ਰਿਜ਼ੋਰਟ ਆਫ



ਲੁਗਾਨੋ ਵਿੱਚ ਲੱਗੇ ਦੁਨੀਆ ਭਰ ਦੇ 100 ਕੈਂਸਰ ਮਾਹਰਾਂ ਦੀ ਉਚ ਪੱਧਰੀ ਫੋਰਮ ਵਿੱਚ ਅਮਰੀਕੀ ਕੈਂਸਰ ਸੁਸਾਇਟੀ ਦੇ ਮੁੱਖ ਕਾਰਜਕਾਰੀ ਜਾਨ ਸ਼ੇਫ੍ਰਾਨ ਨੇ ਦੁਨੀਆ ਦੀਆਂ ਸਾਰੀਆਂ ਸਰਕਾਰਾਂ ਨੂੰ ਸਿਗਰਟਨੋਸ਼ੀ 'ਤੇ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ।

ਉਨ੍ਹਾਂ ਨੇ ਸੁਝਾਅ ਦੇ ਤੌਰ 'ਤੇ ਕਿਹਾ, 'ਜਾਂ ਤਾਂ ਸਿਗਰਟ ਦੀਆਂ ਕੀਮਤਾਂ ਵਧਾ ਦਿੱਤੀਆਂ ਜਾਣ ਜਾਂ ਇਸ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਜਾਵੇ ਜਾਂ ਕੰਪਨੀਆਂ 'ਤੇ ਭਾਰੀ ਟੈਕਸ ਲਗਾ ਦਿੱਤਾ ਜਾਵੇ।' ਵਿਗਿਆਨੀਆਂ ਮੁਤਾਬਕ ਇਹ ਇਕੱਲੀ ਅਜਿਹੀ ਸਭ ਤੋਂ ਵੱਡੀ ਸਮੱਸਿਆ ਹੈ, ਜਿਸ ਦੇ ਕਾਰਨ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਨੂੰ ਕੁਝ ਠੋਸ ਕਦਮ ਚੁੱਕ ਕੇ ਟਾਲਿਆ ਜਾ ਸਕਦਾ ਹੈ। ਅੰਕੜਿਆਂ ਮੁਤਾਬਕ ਹਰ ਸਾਲ ਤਿੰਨ ਕਰੋੜ ਲੋਕ ਸਿਗਰਟ ਪੀਂਦੇ ਹਨ। ਜੇਕਰ ਸਿਗਰਟ ਕੰਪਨੀਆਂ ਵੱਲੋਂ ਵਿਕਾਸਸ਼ੀਲ ਦੇਸ਼ਾਂ ਦੇ ਸਿਗਰਟ ਦੀ ਵਰਤੋਂ ਨਾ ਕਰਨ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਸਿਲਸਿਲਾ ਜਾਰੀ ਰਿਹਾ, ਤਾਂ 2050-2100 ਤੱਕ ਕਰੋੜਾਂ ਲੋਕਾਂ ਦੀ ਸਮੇਂ ਤੋਂ ਪਹਿਲਾਂ ਮੌਤ ਤੈਅ ਹੈ। ਮਾਹਰਾਂ ਨੇ ਸਿਗਰਟ ਅਤੇ ਤੰਬਾਕੂ ਵਪਾਰ 'ਤੇ ਅੱਤਵਾਦੀ ਮੁਹਿੰਮ ਦੀ ਤਰ੍ਹਾਂ ਹਮਲਾ ਕਰ ਕੇ ਪਾਬੰਦੀ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਦਾ ਤਰਕ ਹੈ ਕਿ ਤੰਬਾਕੂ ਕੰਪਨੀਆਂ ਜਾਣਦੀਆਂ ਹਨ ਕਿ ਜੇ ਸਿਗਰਟ ਦੀ ਲਤ ਲੱਗ ਜਾਏ, ਤਾਂ ਇਹ ਸ਼ੌਕ ਮੌਤ ਵਿੱਚ ਤਬਦੀਲ ਹੋ ਜਾਂਦਾ ਹੈ, ਬਾਵਜੂਦ ਇਸਦੇ ਇਹ ਕੰਪਨੀਆਂ ਨਵੇਂ ਬਾਜ਼ਾਰਾਂ ਦੀ ਤਲਾਸ਼ ਵਿੱਚ ਲੱਗੀਆਂ ਰਹਿੰਦੀਆਂ ਹਨ। ਕੰਪਨੀਆਂ ਦਾ ਇਹ ਰਵੱਈਆ ਕਿਸੇ ਅੱਤਵਾਦੀ ਸੰਗਠਨ ਦੀ ਯੋਜਨਾ ਤੋਂ ਘੱਟ ਨਹੀਂ ਹੈ। ਹਰ ਸਾਲ ਕੈਂਸਰ ਨਾਲ ਮਰਨ ਵਾਲੇ ਲੋਕਾਂ ਵਿੱਚ 22 ਫੀਸਦੀ ਸਿਗਰਟ ਦੀ ਵਰਤੋਂ ਦੇ ਕਾਰਨ ਸ਼ਿਕਾਰ ਬਣਦੇ ਹਨ।

# Watch out

Ethnic Synergy Association

Presents

First time in the History of Edmonton

# "Ethnic Synergy"

## Bangla Newspaper

To be Launached by

# Hon. Gene Zwozdesky

**Speaker, Alberta Legislative Assembly**

On

## Friday December 7, 2012 @ 5 pm

At

**Bliss** **Family Restaurant, 9332 34 Ave Edmonton AB**

Ethnic Synergy as distributed in Edmonton and Calgary will be reaching out to an estimated 10,000 readers in its print and electronic versions. Bangla is the sixth most spoken language in the world, as per Wikipedia and is the major language in the province of Bengal in India and Bangladesh. Bangla has a rich literature and heritage. The national anthem of India was written by the Nobel Prize winner Bangla writer and poet, **Rabindranath Tagore**.

***Due to limited seating please register on first-come –first –served basis.***

**For more information and to register call** *Lipika Choudhury @780-901-2966.*

---

Legislative Assembly

Of Alberta

# Naresh Bhardwaj

## MLA Edmonton Ellerslie



**I am honoured to extend my wishes for a happy Diwali to you and your families, as you celebrate the Festival of Lights. Diwali is an important celebration for all people of East Indian background, and I am pleased to be able to share it with you today. Regardless of your religious background, Diwali gives us an opportunity to be thankful for what we have and to look forward to the light of the new Year.**

The Government of Alberta is currently in the Fall sitting of the 28th Legislature. Your government is working hard to introduce Legislation that benefits Albertans. Presently, there are 13 bills being debated in the House. They are:

| | |
|---|---|
| **Bill 1** | **Workers' Compensation Amendment Act, 2012** |
| **Bill 2** | **Responsible Energy Development Act** |
| **Bill 3** | **Education Act** |
| **Bill 4** | **Public Interest Disclosure (Whistleblower Protection) Act** |
| **Bill 5** | **New Home Buyer Protection Act** |
| **Bill 6** | **Protection and Compliance Statutes Amendment Act, 2012** |
| **Bill 8** | **Electric Utilities Amendment Act, 2012** |
| **Bill 9** | **Alberta Corporate Tax Amendment Act, 2012** |
| **Bill 10** | **Employment Pension Plans Act** |
| **Bill 201** | **Scrap Metal Dealers and Recyclers Identification Act** |
| **Bill 202** | **Public Lands (Grasslands Preservation) Amendment Act, 2012** |
| **Bill 203** | **Employment Standards (Compassionate Care Leave) Amendment Act, 2012** |

Go to www.assembly.ab.ca to watch your MLAs debate these Bills

***Constituency Office***
5732 19A Avenue
Edmonton, AB
Canada T6L 1L8
Phone: (780) 414-2000
Fax: (780) 414-6383
edmonton.ellerslie@assembly.ab.ca

***Legislature Office***
#503F Legislature
10800 - 97 Avenue
Edmonton, AB
Canada T5K 2B6
Phone: (780) 644-3845
Fax: (780) 422-1671

# ਦੋ ਪੰਜਾਬੀ ਕਲਾਕਾਰਾਂ ਦਾ ਵਿਛੋੜਾ



## ਮਹਿਜ਼ ਕਲਾਕਾਰ ਨਹੀਂ ਸੀ ਜਸਪਾਲ ਭੱਟੀ

ਜਿਨ੍ਹਾਂ ਲੋਕਾਂ ਲਈ ਮਸ਼ਹੂਰ ਹੋਵੇ ਕਿ ਉਹ ਮੌਤ ਨੂੰ ਮਖੌਲਾਂ ਕਰਨ ਵਾਲੇ ਹਨ, ਉਹਨਾਂ ਨੂੰ ਹਾਸਾ-ਠੱਠਾ ਸੁਭਾਵਿਕ ਹੀ ਬਹੁਤ ਪਸੰਦ ਹੁੰਦਾ ਹੈ। ਪੰਜਾਬੀਆਂ ਉੱਪਰ ਇਹ ਧਾਰਨਾ ਇੰਨ-ਬਿੰਨ ਲਾਗੂ ਹੁੰਦੀ ਹੈ। ਹੱਸਣਾ-ਖੇਡਣਾ ਇਹਨਾਂ ਦੀ ਜੀਵਨ-ਸ਼ੈਲੀ ਦਾ ਇੱਕ ਸਹਿਜ ਅੰਗ ਹੈ। ਆਪਣੇ ਇਸੇ ਸੁਭਾਅ ਸਦਕਾ ਇਹ ਵੱਡੀਆਂ-ਵੱਡੀਆਂ ਮੁਸੀਬਤਾਂ ਨੂੰ ਵੀ ਹੱਸ ਕੇ ਸਹਾਰ ਲੈਂਦੇ ਹਨ। ਕੋਈ ਅਤਿਕਥਨੀ ਨਹੀਂ ਹੋਵੇਗੀ ਜੇਕਰ ਕਿਹਾ ਜਾਵੇ ਕਿ ਨਿਹੰਗਾਂ ਦੇ 'ਬੋਲੇ' ਵੀ ਪੰਜਾਬੀਆਂ ਦੇ ਇਸੇ ਸੁਭਾਅ ਵਿੱਚੋਂ ਹੀ ਪੈਦਾ ਹੋਏ ਹਨ। ਪੰਜਾਬੀਆਂ ਦੀ ਇਸੇ ਪ੍ਰਵਿਰਤੀ ਕਾਰਨ ਪੰਜਾਬ ਵਿੱਚ ਹਾਸਰਸ ਕਲਾਕਾਰਾਂ ਨੂੰ ਵਿਆਪਕ ਪ੍ਰਵਾਨਗੀ ਮਿਲੀ। ਹਾਸੇ ਦੇ ਸ਼ੁਦਾਈ ਪੰਜਾਬੀਆਂ ਨੇ ਤਾਂ ਨਕਲੀਆਂ-ਭੰਡਾਂ ਦੀ ਮਰਦੀ ਜਾ ਰਹੀ ਹਾਸਰਸ ਨਾਟ-ਸ਼ੈਲੀ ਨੂੰ ਵੀ ਮੁੜ ਸੁਰਜੀਤ ਕਰ ਲਿਆ ਅਤੇ ਹੁਣ ਇਹ ਬੇਹੱਦ ਹਰਮਨਪਿਆਰੀ ਹੋ ਗਈ ਹੈ। ਪੰਜਾਬੀ ਹਾਸਰਸ ਕਲਾਕਾਰਾਂ ਨੂੰ ਪੰਜਾਬੀਆਂ ਦੇ ਹੁੰਗਾਰੇ ਕਾਰਨ ਮਿਲ ਰਹੀ ਬੇਮਿਸਾਲ ਸਫ਼ਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਇਸ ਸਮੇਂ ਪੰਜਾਬੀ ਕਮੇਡੀ ਕਲਾਕਾਰ ਸਮੁੱਚੀ ਪੰਜਾਬੀ ਮੰਨੋਰੰਜਨ ਸਨਅਤ ਉੱਪਰ ਛਾਏ ਹੋਏ ਹਨ। ਰਾਣਾ ਰਣਵੀਰ, ਭਗਵੰਤ ਮਾਨ, ਜਸਵਿੰਦਰ ਭੱਲਾ, ਗੁਰਪ੍ਰੀਤ ਘੁੱਗੀ, ਸੁਦੇਸ਼ ਲਹਿਰੀ ਅਤੇ ਭੋਟੂ ਸ਼ਾਹ ਆਦਿ ਅਨੇਕਾਂ ਹਾਸ ਕਲਾਕਾਰ ਦੇਸ਼-ਵਿਦੇਸ਼ ਵਿੱਚ ਪੰਜਾਬੀਆਂ ਲਈ ਹਾਸਿਆਂ ਦੇ ਪਿੜ ਬੰਨ ਰਹੇ ਹਨ। ਇਹਨਾਂ ਕਲਾਕਾਰਾਂ ਵਿੱਚ ਨਾਮ-ਸ਼ੁਮਾਰ ਹੁੰਦਾ ਸੀ ਜਸਪਾਲ ਭੱਟੀ ਦਾ, ਜੋ ਪਿਛਲੇ ਦਿਨੀਂ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਵਿਛੋੜਾ ਦੇ ਗਏ। ਉਹ ਮਹਿਜ਼ ਇੱਕ ਹਾਸਰਸ ਕਲਾਕਾਰ ਨਹੀਂ ਸਨ ਸਗੋਂ ਕਮੇਡੀ ਉਹਨਾਂ ਲਈ ਸਮਾਜਿਕ ਬੁਰਾਈਆਂ, ਰਾਜਨੀਤਿਕ ਤੇ ਪ੍ਰਸ਼ਾਸਨਿਕ ਨਿਘਾਰ ਉੱਪਰ ਚੋਟ ਲਾਉਣ ਦਾ ਇੱਕ ਸ਼ਕਤੀਸ਼ਾਲੀ ਹਥਿਆਰ ਸੀ। ਜਸਪਾਲ ਭੱਟੀ ਦੀ ਨਵੀਂ ਪੰਜਾਬੀ ਫਿਲਮ 'ਪਾਵਰ ਕੱਟ' ਰਿਲੀਜ਼ ਹੋਣ ਜਾ ਰਹੀ ਸੀ। ਫਿਲਮ ਦੇ ਰਿਲੀਜ਼ ਹੋਣ ਤੋਂ ਕੇਵਲ ਇੱਕ ਦਿਨ ਪਹਿਲਾਂ ਹੀ ਉਹਨਾਂ ਦਾ ਦਿਹਾਂਤ ਹੋ ਗਿਆ ਤੇ ਪੰਜਾਬ, ਪੰਜਾਬੀ ਸਮਾਜ ਦੇ ਮੁੱਦੇ ਉਭਾਰਨ ਵਾਲੀ ਇੱਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੋਂ ਵਾਂਝਾ ਹੋ ਗਿਆ। ਜਸਪਾਲ ਭੱਟੀ ਦੀ ਅਚਾਨਕ ਹੋਈ ਮੌਤ ਨਾਲ ਪੰਜਾਬ ਦੀ ਮੰਨੋਰੰਜਨ ਸਨਅਤ ਵਿੱਚ ਸੋਗ ਦੀ ਲਹਿਰ ਦੌੜ ਗਈ।

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ 3 ਮਾਰਚ 1955 ਨੂੰ ਜਨਮੇ ਜਸਪਾਲ ਭੱਟੀ ਨੇ ਇੰਜਨੀਅਰਿੰਗ ਦੀ ਪੜ੍ਹਾਈ ਕਰਕੇ ਕੁੱਝ ਸਮਾਂ ਬਿਜਲੀ ਬੋਰਡ ਵਿੱਚ ਨੌਕਰੀ ਕੀਤੀ, ਪਰ ਛੇਤੀ ਹੀ ਉਹਨਾਂ ਆਪਣਾ ਕੈਰੀਅਰ ਕਾਰਟੂਨਿਸਟ ਵਜੋਂ ਸ਼ੁਰੂ ਕਰ ਲਿਆ, ਇਹ ਇੱਕ ਵਿਅੰਗ ਕਲਾਕਾਰ ਵਜੋਂ ਉਹਨਾਂ ਦੇ ਕੈਰੀਅਰ ਦੀ ਸ਼ੁਰੂਆਤ ਸੀ। ਉਹ 'ਦ ਟ੍ਰਿਬਿਊਨ' ਲਈ ਕਾਰਟੂਨ ਬਣਾਇਆ ਕਰਦੇ ਸਨ। ਇਸ ਤੋਂ ਮਗਰੋਂ ਉਹਨਾਂ ਨੇ ਲਗਾਤਾਰ ਟੀ ਵੀ ਚੈਨਲ 'ਚ ਕੰਮ ਕੀਤਾ। ਜਸਪਾਲ ਭੱਟੀ ਨੇ ਆਪਣੇ ਲੜੀਵਾਰ 'ਉਲਟਾ ਪੁਲਟਾ', 'ਫਲਾਪ ਸ਼ੋਅ' ਅਤੇ 'ਰੰਗ 'ਚ ਭੰਗ' ਰਾਹੀਂ ਚੰਗਾ ਨਾਮਣਾ ਖੱਟਿਆ।

ਜਸਪਾਲ ਭੱਟੀ ਕੋਲ ਮਾਧਿਅਮ ਨੂੰ ਆਪਣੇ ਸਿਰਜਣਾਤਮਿਕ ਮਨੋਰਥ ਲਈ ਵਰਤਣ ਦੀ ਮੁਹਾਰਤ ਨਾ ਕੇਵਲ ਕਮਾਲ ਦੀ ਸੀ ਸਗੋਂ ਬਹੁਪੱਖੀ ਵੀ ਸੀ। ਉਹ ਜਿੱਥੇ ਖੜ੍ਹਦੇ ਉੱਥੇ ਹੀ ਪੇਸ਼ਕਾਰੀ ਲਈ ਮਹੌਲ ਠੀਕ-ਠਾਕ ਹੋ ਜਾਂਦਾ ਤੇ ਦਰਸ਼ਕ ਆਪ ਮੁਹਾਰੇ ਤੁਰੇ ਆਉਂਦੇ। ਜਦੋਂ ਵੀ ਕੋਈ ਮੁੱਦਾ ਭਖਦਾ ਜਸਪਾਲ ਭੱਟੀ ਆਪਣੇ ਪਰਿਵਾਰ ਸਮੇਤ ਚੰਡੀਗੜ੍ਹ ਦੇ ਸੈਕਟਰ 17 ਵਿੱਚ ਜਾ ਢੋਲ ਖੜਕਾਉਂਦਾ ਤੇ ਉੱਥੇ ਇੱਕ ਚੰਗਾ ਖਾਸਾ ਸ਼ੋਅ ਆਯੋਜਿਤ ਹੋ ਜਾਂਦਾ। ਉਸਨੂੰ ਵਰਤਮਾਨ ਮੀਡੀਆ ਅਤੇ ਤਕਨੀਕ ਦੀ ਚੰਗੀ ਜਾਣਕਾਰੀ ਸੀ, ਇਸ ਲਈ ਉਸਨੇ ਟੀ ਵੀ ਚੈਨਲਾਂ ਨੂੰ ਆਪਣੀ ਗੱਲ ਕਹਿਣ ਲਈ ਖ਼ੂਬ ਵਰਤਿਆ। ਉਸਦੀ 'ਨਾਨਸੈਂਸ ਕਲੱਬ' ਸਮਾਜਿਕ ਬੁਰਾਈਆਂ ਖ਼ਿਲਾਫ਼ ਲਗਾਤਾਰ ਅਵਾਜ਼ ਉਠਾਉਂਦੀ ਰਹੀ। ਸਮਾਜਿਕ ਬੁਰਾਈਆਂ ਵਿਰੁੱਧ ਵਿਅੰਗ-ਬਾਣਾਂ ਨਾਲ ਲੜਾਈ ਲੜਨ ਵਾਲਾ ਜਸਪਾਲ ਭੱਟੀ ਮਹਿਜ਼ ਇੱਕ ਕਮੇਡੀ ਕਲਾਕਾਰ ਨਹੀਂ ਸੀ, ਸਗੋਂ ਇੱਕ ਜਾਗਰੂਕ ਇਨਸਾਨ ਸੀ ਜਿਹੜਾ ਇੱਕ ਚੰਗੇਰੇ ਸਮਾਜ ਦੇ ਨਿਰਮਾਣ ਲਈ ਆਪਣੇ ਹੀ ਢੰਗ ਨਾਲ ਜਦੋ-ਜਹਿਦ ਕਰ ਰਿਹਾ ਸੀ। ਪੰਜਾਬੀ ਫਿਲਮਾਂ ਵਿੱਚ ਵੀ ਉਸਦਾ ਅਹਿਮ ਯੋਗਦਾਨ ਰਿਹਾ। ਨਵੀਂਆਂ ਫਿਲਮਾਂ ਕਰਕੇ ਉਸਨੇ ਪੰਜਾਬੀ ਫਿਲਮ ਕਮੇਡੀ ਨੂੰ ਮਿਹਰ ਮਿੱਤਲ ਦੇ ਦੌਰ 'ਚੋਂ ਬਾਹਰ ਕੱਢਿਆ ਤੇ ਹੋਛੀ ਕਿਸਮ ਦੀ ਫਿਲਮ ਕਮੇਡੀ ਤੋਂ ਪੰਜਾਬੀ ਫਿਲਮ ਸਨਅਤ ਨੂੰ ਨਿਜਾਤ ਦੁਆਈ। 'ਜੀਜਾ ਜੀ' ਅਤੇ 'ਮਹੌਲ ਠੀਕ ਹੈ' ਵਰਗੀਆਂ ਉਸਦੀਆਂ ਕਮੇਡੀ ਫਿਲਮਾਂ ਪੰਜਾਬੀ ਕਮੇਡੀ ਫਿਲਮ ਵਿੱਚ ਨਵੇਂ ਦੌਰ ਦੀ ਸ਼ੁਰੂਆਤ ਕਰਦੀਆਂ ਹਨ ਤੇ ਕਮੇਡੀ ਦੇ ਨਵੇਂ ਆਯਾਮ ਵੀ ਸਿਰਜਦੀਆਂ ਹਨ। ਜਸਪਾਲ ਭੱਟੀ ਨੇ ਪੰਜਾਬੀ ਸੱਭਿਆਚਾਰਕ ਜਗਤ ਵਿੱਚ ਕਮੇਡੀ ਦਾ ਇੱਕ ਅਜਿਹਾ ਕਲਚਰ ਪੈਦਾ ਕੀਤਾ ਜੋ ਲੰਮੇ ਸਮੇਂ ਤੱਕ ਪੰਜਾਬੀਆਂ ਦੀ ਤਰਜ਼-ਏ-ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਰਹੇਗਾ।

ਜਸਪਾਲ ਭੱਟੀ ਦੀਆਂ ਗਤੀਵਿਧੀਆਂ ਨੇ ਕਾਰਟੂਨਾਂ, ਲੜੀਵਾਰਾਂ, ਨਾਟਕਾਂ, ਫਿਲਮਾਂ ਅਤੇ ਨੁੱਕੜ ਪੇਸ਼ਕਾਰੀਆਂ ਦੇ ਰੂਪ ਵਿੱਚ ਅਨੇਕਾਂ ਤਨਜ਼ੀਆਂ ਆਇਟਮਾਂ ਹੀ ਪੇਸ਼ ਨਹੀਂ ਕੀਤੀਆਂ, ਸਗੋਂ ਉਸਨੇ ਆਪਣੇ ਥੀਏਟਰ ਗਰੁੱਪ ਰਾਹੀਂ ਅਨੇਕਾਂ ਕਲਾਕਾਰ ਵੀ ਪੈਦਾ ਕੀਤੇ। ਇਹ ਕਲਾਕਾਰ ਪੰਜਾਬੀ ਮੰਨੋਰੰਜ਼ਨ ਸਨਅਤ ਵਿੱਚ ਚੰਗੀਆਂ ਮੱਲਾਂ ਮਾਰ ਰਹੇ ਹਨ। ਉਸਦੀ ਧਰਮ ਪਤਨੀ ਸੁਨੀਤਾ ਭੱਟੀ ਵੀ ਉਸਦੇ ਸਾਥ ਵਿੱਚ ਉੱਘੀ ਪਛਾਣ ਬਣਾ ਚੁੱਕੀ ਹੈ। ਸਿਰਫ਼ ਸਤਵੰਜਾ ਸਾਲ ਦੀ ਉਮਰ ਵਿੱਚ ਜਸਪਾਲ ਭੱਟੀ ਦਾ ਸਦੀਵੀ ਵਿਛੋੜਾ ਸਮੁੱਚੀ ਪੰਜਾਬੀ ਮੰਨੋਰੰਜਨ ਸਨਅਤ ਲਈ ਸਹੀ ਅਰਥਾਂ ਵਿੱਚ ਇੱਕ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਇਸ ਪ੍ਰਤਿਭਾਸ਼ਾਲੀ ਕਲਾਕਾਰ ਪਾਸੋਂ ਅਜੇ ਹੋਰ ਬਹੁਤ ਉਮੀਦਾਂ ਸਨ। ਉਸਦੀ ਖੁੱਲ੍ਹੀ-ਡੁੱਲ੍ਹੀ ਉਡ-ਉਡ ਪੈਂਦੀ ਸ਼ਖ਼ਸੀਅਤ ਵਿੱਚ ਹਾਸੇ ਲਈ ਵੀ ਤੇ ਤਮਾਸ਼ੇ ਲਈ ਵੀ ਅਜੇ ਬਹੁਤ ਕੁੱਝ ਹੋਰ ਸੀ। ਉਹ ਆਪ ਬਹੁਤ ਘੱਟ ਹੱਸਦਾ ਸੀ ਤੇ ਉਸਦੇ ਮੱਥੇ 'ਤੇ ਸੰਜੀਦਗੀ ਦੀ ਗਹਿਰੀ ਲਕੀਰ ਵੀ ਹਮੇਸ਼ਾ ਹੁੰਦੀ ਸੀ। ਇਹੋ ਸੰਜੀਦਗੀ ਹੀ ਉਸਨੂੰ ਸ਼ਾਇਦ ਬਾਕੀ ਦੇ ਕਲਾਕਾਰਾਂ ਨਾਲੋਂ ਵਖਰਿਆਉਂਦੀ ਸੀ। ਜਸਪਾਲ ਭੱਟੀ ਦੀ ਦੁਖਦਾਇਕ ਮੌਤ 'ਤੇ ਉਸਦੇ ਪ੍ਰਸ਼ੰਸਕਾਂ ਵਿੱਚੋਂ ਬਹੁਤਿਆਂ ਦੀ ਰਾਇ ਇਹੀ ਸੀ ਕਿ 'ਜਸਪਾਲ ਭੱਟੀ ਨਿੱਤ-ਨਿੱਤ ਨਹੀਂ ਜੰਮਦੇ।'

### ਪਾਵਰ ਕੱਟ ਬਨਾਮ ਜ਼ਿੰਦਗੀ ਕੱਟ




ਨਦਬ

## ਰੁਮਾਂਟਿਕ ਫਿਲਮਾਂ ਦਾ ਬੇਤਾਜ ਬਾਦਸ਼ਾਹ : ਯਸ਼ ਚੋਪੜਾ






ਪੰਜਾਬੀ ਪਿਛੋਕੜ ਵਾਲਾ ਉੱਘਾ ਫਿਲਮਸਾਜ਼ ਯਸ਼ ਚੋਪੜਾ ਚਲ ਵਸਿਆ ਹੈ। ਇੱਕ ਤੋਂ ਬਾਅਦ ਇੱਕ ਸਫ਼ਲ ਫਿਲਮ ਬਣਾਉਣ ਕਾਰਨ ਯਸ਼ ਚੋਪੜਾ ਅਤੇ ਸਫ਼ਲਤਾ ਦੋਵੇਂ ਇੱਕ ਦੂਜੇ ਦੇ ਸਮਾਨਅਰਥੀ ਹੋ ਗਏ। ਉਸਨੇ ਪ੍ਰਮੁੱਖ ਰੂਪ ਵਿੱਚ ਰੁਮਾਂਟਿਕ ਫਿਲਮਾਂ ਦਾ ਨਿਰਮਾਣ ਕੀਤਾ। ਪਰ ਉਸਦੀਆਂ ਫਿਲਮਾਂ ਸਮਾਜਿਕ ਪ੍ਰਸੰਗਤਾ ਵਾਲੀਆਂ ਹੁੰਦੀਆਂ ਸਨ। ਇਹ ਆਮ ਕਰਕੇ ਔਰਤ ਉੱਪਰ ਕੇਂਦਰਿਤ ਰਹਿੰਦੀਆਂ ਸਨ ਅਤੇ ਸਥਾਪਿਤ ਪਰੰਪਰਾ ਅਤੇ ਪ੍ਰਬੰਧ ਵਿੱਚ ਨਾਰੀ ਦੀ ਪ੍ਰਵਾਨਗੀ ਵਿੱਚ ਹੀ ਉਸਦੀ ਹੋਂਦ ਦੀ ਸਾਰਥਿਕਤਾ ਦੇਖਦੀਆਂ ਸਨ। ਤਿਕੋਣੇ ਸਬੰਧਾਂ ਵਿੱਚ ਸਤੁੰਲਨ ਕਾਇਮ ਕਰਨਾ ਤੇ ਇਹਨਾਂ ਸਬੰਧਾਂ ਨੂੰ ਇੱਕ ਸੁਖਦ ਅੰਜ਼ਾਮ 'ਤੇ ਪਹੁੰਚਾਉਣਾ ਯਸ਼ ਰਾਜ ਚੋਪੜਾ ਨੂੰ ਖ਼ੂਬ ਆਉਂਦਾ ਸੀ। ਯਸ਼ ਚੋਪੜਾ ਨੇ ਫਿਲਮ ਨਿਰਮਾਣ ਦਾ ਕਾਰਜ ਆਪਣੇ ਭਰਾ ਬੀ ਆਰ ਚੋਪੜਾ ਨਾਲ ਮਿਲ ਕੇ ਅਰੰਭ ਕੀਤਾ। ਉਸਨੇ 'ਧੂਲ ਕਾ ਫੂਲ', 'ਵਕਤ' ਅਤੇ 'ਇਤਫ਼ਾਕ' ਵਰਗੀਆਂ ਸਮਾਜਿਕ ਫਿਲਮਾਂ ਦਾ ਨਿਰਮਾਣ ਕੀਤਾ। ਇਹਨਾਂ ਤਿੰਨਾਂ ਫਿਲਮਾਂ ਨੇ ਬਾਕਸ ਆਫਿਸ 'ਤੇ ਰਿਕਾਰਡ ਤੋੜ ਸਫ਼ਲਤਾ ਹਾਸਲ ਕੀਤੀ। ਯਸ਼ ਚੋਪੜਾ ਦਰਸ਼ਕਾਂ ਦੀ ਨਬਜ਼ ਪਛਾਨਣ ਵਾਲਾ ਨਿਰਦੇਸ਼ਕ ਸੀ। ਉਹ ਮੱਧਵਰਗੀ ਦਰਸ਼ਕਾਂ ਦੀ ਰੁਮਾਂਸ ਬਿਰਤੀ ਦਾ ਜਾਣੂ ਸੀ। ਇਸ ਲਈ ਉਸਦੀ ਫਿਲਮ ਵਿੱਚ ਰੁਮਾਂਸ ਕਾਫ਼ੀ ਨਜ਼ਰ ਆਉਂਦਾ ਹੈ। ਉਸਨੂੰ ਰੁਮਾਂਟਿਕ ਫਿਲਮਾਂ ਦਾ ਬੇਤਾਜ ਬਾਦਸ਼ਾਹ ਕਿਹਾ ਜਾਂਦਾ ਹੈ। ਰੁਮਾਂਸ ਅਤੇ ਫਿਲਮ ਮਾਧਿਅਮ ਵਿੱਚ ਵਰਤੀਆਂ ਜਾ ਸਕਣ ਵਾਲੀਆਂ ਤਕਨੀਕਾਂ ਦਾ ਵੀ ਉਹ ਉਸਤਾਦ ਸੀ। ਫੋਟੋਗਰਾਫ਼ੀ, ਸੰਵਾਦ, ਲਿਬਾਸ, ਸ਼ਾਇਰੀ, ਸੰਗੀਤ, ਪਟਕਥਾ, ਅਦਾਕਾਰੀ, ਸਕਰੀਨ-ਪਲੇਅ ਅਤੇ ਸਥਿਤੀਆਂ ਦਾ ਜੇਕਰ ਖ਼ੂਬਸੂਰਤ ਸੁਮੇਲ ਦੇਖਣਾ ਹੋਵੇ ਤਾਂ ਇਹ ਯਸ਼ ਚੋਪੜਾ ਦੀਆਂ ਫਿਲਮਾਂ ਵਿੱਚ ਭਲੀਭਾਂਤ ਦੇਖਿਆ ਜਾ ਸਕਦਾ ਹੈ। ਦਰਅਸਲ ਇਸੇ ਸੁਮੇਲ ਵਿੱਚ ਹੀ ਯਸ਼ ਚੋਪੜਾ ਦੀ ਸਫ਼ਲਤਾ ਦਾ ਰਾਜ਼ ਛੁਪਿਆ ਹੋਇਆ ਹੈ।

ਸੁਤੰਤਰ ਨਿਰਮਾਤਾ ਵਜੋਂ ਤਹਿਲਕਾ ਮਚਾਉਣ ਵਾਲੀ 'ਦਾਗ਼' ਉਸਦੀ ਪਹਿਲੀ ਫਿਲਮ ਸੀ। ਅਮਿਤਾਭ ਬੱਚਨ ਦੀ ਐਂਗਰੀ ਯੰਗਮੈਨ ਦੀ ਦਿੱਖ ਨੂੰ ਉਸਨੇ ਆਪਣੀ ਚਰਚਿਤ ਫਿਲਮ 'ਦੀਵਾਰ' ਵਿੱਚ ਖ਼ੂਬ ਇਸਤਮਾਲ ਕੀਤਾ। ਯਸ਼ ਚੋਪੜਾ ਦਾ ਸਿਨੇਮਾ ਮੁੱਖ ਤੌਰ 'ਤੇ ਮੰਨੋਰੰਜਨ ਦਾ ਹੀ ਸਿਨੇਮਾ ਹੈ, ਪਰ ਇਸ ਵਿੱਚ ਉਹ ਅਨੇਕਾਂ ਮਾਨਵੀ ਮੁੱਲਾਂ ਨੂੰ ਸਹਿਜਤਾ ਨਾਲ ਪੇਸ਼ ਕਰ ਦਿੰਦਾ ਹੈ। 'ਧੂਲ ਕਾ ਫੂਲ' ਅਤੇ 'ਧਰਮਪੁੱਤਰਾ' ਵਿੱਚ ਉਹ ਫਿਰਕੂ ਸਦਭਾਵਨਾ ਦਾ ਵਿਚਾਰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਉਸਦੀਆਂ ਫਿਲਮਾਂ 'ਆਦਮੀ ਔਰ ਇਨਸਾਨ', 'ਤ੍ਰਿਸ਼ੂਲ', 'ਕਾਲਾ ਪੱਥਰ', 'ਮਸ਼ਾਲ', ਆਦਿ ਫਿਲਮਾਂ ਵਿੱਚ ਵੀ ਮਾਨਵੀ ਮੁੱਲਾਂ ਦੀ ਝਲਕ ਦੇਖੀ ਜਾ ਸਕਦੀ ਹੈ। ਉਸਦੀਆਂ ਫਿਲਮਾਂ ਵਿੱਚ ਔਰਤਾਂ ਦੀਆਂ ਭੂਮਿਕਾਵਾਂ ਹਮੇਸ਼ਾ ਹੀ ਮਹੱਤਵਪੂਰਨ ਰਹੀਆਂ ਹਨ। ਉਹ ਕੇਵਲ ਖੜਮਸਤੀ ਕਰਨ ਵਾਲੀਆਂ ਛੋਹਰੀਆਂ ਨਹੀਂ ਹਨ, ਸਗੋਂ ਆਪਣੇ ਭਰਪੂਰ ਨਾਰੀ ਸੌਂਦਰਯ ਸਮੇਤ ਪ੍ਰਭਾਵਸ਼ਾਲੀ ਅਤੇ ਜੀਵਨ ਮੁੱਲਾਂ ਨੂੰ ਪ੍ਰਣਾਈਆਂ ਹੋਈਆਂ ਔਰਤਾਂ ਹਨ। 'ਧੂਲ ਕਾ ਫੂਲ' ਵਿੱਚ ਮਾਲਾ ਸਿਨਹਾ, 'ਦਾਗ਼' ਵਿੱਚ ਰਾਖੀ, 'ਵੀਰ ਜ਼ਾਰਾ' ਵਿੱਚ ਪ੍ਰੀਟੀ ਜ਼ਿੰਟਾ, 'ਲਮਹੇ' ਵਿੱਚ ਸ੍ਰੀ ਦੇਵੀ ਆਦਿ ਦੀਆਂ ਭੂਮਿਕਾਵਾਂ ਔਰਤ ਦੇ ਮਜ਼ਬੂਤ ਅਤੇ ਠੋਸ ਕਿਰਦਾਰ ਕਾਰਨ ਹੀ ਯਾਦਗਾਰੀ ਹੋ ਨਿਬੜੀਆਂ ਹਨ।

ਯਸ਼ ਚੋਪੜਾ ਨੇ ਹਿੰਦੀ ਸਿਨੇਮਾ ਵਿੱਚ ਨਵੇਂ ਪ੍ਰਯੋਗ ਵੀ ਕੀਤੇ। ਰੂਪ ਅਤੇ ਵਿਸ਼ੇ ਦੋਹਾਂ ਪੱਖਾਂ ਤੋਂ ਹੀ ਇਹ ਪ੍ਰਯੋਗ ਕਾਮਯਾਬ ਰਹੇ। 'ਦਿਲ ਵਾਲੇ ਦੁਲਹਨਿਆ ਲੇ ਜਾਏਂਗੇ', 'ਦਿਲ ਤੋ ਪਾਗਲ ਹੈ', 'ਮੁਹੱਬਤੇਂ' ਆਦਿ ਫਿਲਮਾਂ ਰਾਹੀਂ ਉਸਨੇ ਨਾ ਕੇਵਲ ਸਮਾਜ ਦੇ ਨਵੇਂ ਸਮਾਜਿਕ ਰੁਝਾਨਾਂ ਦੀ ਨਿਸ਼ਾਨਦੇਹੀ ਕੀਤੀ ਸਗੋਂ ਨਵੇਂ ਅਦਾਕਾਰਾਂ ਨੂੰ ਵੀ ਬਾਲੀਵੁੱਡ ਵਿੱਚ ਨਾਂ ਚਮਕਾਉਣ ਦਾ ਮੌਕਾ ਵੀ ਪ੍ਰਦਾਨ ਕੀਤਾ।

ਯਸ਼ ਚੋਪੜਾ ਆਪਣੀ ਵਿਲੱਖਣ ਕਲਾ ਪ੍ਰਤਿਭਾ ਸਦਕਾ ਦਹਾਕਿਆਂ ਤੱਕ ਹਿੰਦੀ ਸਿਨੇਮਾ 'ਤੇ ਛਾਇਆ ਰਿਹਾ। ਹਿੰਦੀ ਸਿਨੇਮਾ ਉੱਪਰ ਉਸਦੇ ਵਿਅਕਤੀਤਵ ਦੀ ਅਮਿਟ ਛਾਪ ਹੈ। ਆਪਣੇ ਆਖ਼ਰੀ ਸਾਹਾਂ ਤੱਕ ਉਹ ਫਿਲਮ ਨਿਰਮਾਣ ਦੇ ਕਾਰਜ ਨਾਲ ਜੁੜਿਆ ਰਿਹਾ। ਉਹ ਹਿੰਦੀ ਫਿਲਮ ਉਦਯੋਗ ਦੀਆਂ ਅਤਿ ਸਨਮਾਨਯੋਗ ਹਸਤੀਆਂ ਵਿੱਚੋਂ ਸੀ ਤੇ ਅਨੇਕਾਂ ਮਾਣ-ਸਨਮਾਨ ਉਸਦੀ ਝੋਲੀ ਵਿੱਚ ਪੈ ਚੁੱਕੇ ਸਨ, ਆਪਣੀ ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ 'ਜਬ ਤਕ ਹੈ ਜਾਨ' ਦੇ ਪ੍ਰਤੀ ਦਰਸ਼ਕਾਂ ਦਾ ਹੁੰਗਾਰਾ ਸੁਣਨ ਤੋਂ ਪਹਿਲਾਂ ਯਸ਼ ਚੋਪੜਾ ਸੰਸਾਰ ਨੂੰ ਆਖ਼ਰੀ ਸਲਾਮ ਕਹਿ ਗਿਆ।



# It's coming!!!

## Be Road Ready with Millwoods Suzuki's Pre-Winter Sale!!! Apply @ MWSCREDIT.CA

The Millwoods Sukui Guarantee - All Vehicles are Certified & Carproof Verified

TOP $$$ FOR YOUR TRADES!!!

Rates as low as 0.9%

2012 Jeep Liberty Sport #12160-0 $22,995 2 TO CHOOSE FROM

2012 Nissan Pathfinder 7 Passenger #12143-0 $30,995 2 TO CHOOSE FROM

2012 Suzuki Grand Vitara JX 4x4 #12150-0 $22,995 7 TO CHOOSE FROM

2012 Ford Escape LTD 4WD #12089-0 $27,995 Leather & Sunroof

2012 Ford F-150 Crew Cab 4x4 #12186-0 $30,995

2012 GMC Yukon 7 Passenger 4x4 #12178-0 $37,995

2012 Suzuki SX4 JX AWD #12C164-0 $20,995 DEMO

2012 Suzuki Grand Vitara JLX #12T358-0 $25,995 Sunroof

2011 Suzuki SX4 JLX AWD #12106-0 $19,995

2011 Suzuki SX4 JX AWD #12T425-1 $18,995

2012 Nissan Rogue SL AWD #12154-0 $25,995

2010 Toyota Tacoma Access Cab 4x4 #12C231-1 $30,995

2009 Dodge Ram 2500 Quad Cab 4x4 #12129-0 $24,995 HEMI

2009 Porsche Cayenne AWD #12108-0 $39,995

2008 Acura MDX 7 Passenger #11796-0 $28,995 Fully Loaded

2008 Nissan Xterra 4 Door, 4x4 #13T477-1 $18,995 Remote Start

2007 Pontiac Torrent 4 Door AWD #13T472-1 $10,995

2006 Ford F-350 Crew Cab 4x4 #C301169-1 $18,995 DIESEL

## Open 24/7 @ MILLWOODSSUZUKI.COM

15% OFF REPAIRS OVER $200 with this coupon

GARAGE SALE ON ALL DISCONTINUED PARTS & ACCESSORIES

WE SERVICE ALL MAKES & MODELS


LANA JEFFREY Service Department Manager
NAND BHASIN Used Vehicle Manager

780-450-4500

34th AVE AUTO ROW | 3403-93 ST. | SPECIAL TOLL FREE 1-866-897-4500

BBB ACCREDITED BUSINESS

Alberta Motor Vehicle Industry Council

VEHICLES MAY NOT BE EXACTLY AS ILLUSTRATED. 0.9% FINANCE RATE AVAILABLE OAC.



# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph. : (780)-708-1436, Fax : (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ



# Moga Painting Company

Serving Since 1985

Experts in Interior & Exterior Paint



Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070





Sales Representative

Harinder Hundal
M.Sc. Eco, M.B.A

Residential | Commercial | Investment Properties

Home Life/United Realty Inc. Brokerage
Independently Owned & Operated.

Higher Standards Agents... Higher Results™

Cell: 647 818 6880
Bus: 905 672 1234
FAX: 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

MULTIPLE LISTING SERVICE® REALTOR®

50 SunnyVale Gate, Unit # 7, Brampton, ON L6S 0C4



# ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com

*Best Wishes to you and your family on the occasion of the Festival of Lights – Diwali.*

*May the year be filled with good health, happiness and success.*

**Rob Anderson**

MLA Airdrie
Wildrose Official Opposition House Leader &
Critic for Finance & Treasury Board

Phone: (403) 948-8741
Email: airdrie@assembly.ab.ca



**Bruce McAllister**

MLA Chestermere-Rockyview
Wildrose Official Opposition Deputy Whip &
Critic for Education

Phone: (403) 207-9889
Email: chestermere.rockyview@assembly.ab.ca



*Wishing You Happy Diwali*

*May the Festival of Lights bring joy, health and happiness to you!*



Global Market Development Corp.
We build strategies

Website: www.gmdcorporation.com
Email: gmdcorporation@gmail.com
Phone: 780-901-2966, +44 791-242-5872

**"Looking Out For Your Best Interest"**

CENTUM
CENTUM HOME LOAN INC

**Best RATES from major Banks**
**Ph: 403 473 3493**

- First time Buyer / New to Canada
- Re-Finance
- Line of Credit
- Business Buyer
- A Wide variety of Mortgage & Financing Solutions
- Finding the Best Mortgage at the Best Rate
- No down payment Mortgage

Call today for Pre-Approval and hedge against Rate Increase



**Avijit Ghatak**
Broker/Owner
avijit_ghatak@centum.ca
4805 Westwinds Dr NE Calgary AB T3J 4L4
Ph: 403 473 3493
Fax: 1 877 733 3148

# ਵਿਜ਼ਨ 2020 ਦਾ ਨੀਂਹ ਪੱਥਰ ਰੱਖਿਆ

(1) ਪੰਜਾਬ ਯੂਨਾਈਟਡ ਸਪੋਰਟਸ ਐਂਡ ਹੈਰੀਟੇਜ਼ ਐਸੋਸੀਏਸ਼ਨ ਆਫ਼ ਐਡਮਿੰਟਨ (ਪੂਸ਼ਾ) ਵੱਲੋਂ ਵਿਜ਼ਨ 2020 ਦਾ ਨੀਂਹ ਪੱਥਰ ਰੱਖਣ ਸਮੇਂ ਸਪੀਕਰ ਜੀਨ ਜਵਸਡੈਸਕੀ, ਮੇਅਰ ਮੈਂਡਲ, ਕੌਂਸਲਰ ਅਮਰਜੀਤ ਸੋਹੀ, ਐਮ ਐਲ ਏ ਨਰੇਸ਼ ਭਾਰਦਵਾਜ, ਸੁਹੇਲ ਕਾਦਰੀ, ਪੀਟਰ ਸੰਧੂ, ਪੂਸ਼ਾ ਵੱਲੋਂ ਇਕਬਾਲ ਮਾਹਲ, ਬਖ਼ਸ਼ ਸੰਘਾ, ਦਲਬੀਰ ਸਾਂਗਿਆਣ ਅਤੇ ਹੋਰ। (2) ਅਕਤੂਬਰ 12 ਨੂੰ ਮੈਰੀਡੀਅਨ ਬੈਂਕਟ ਹਾਲ ਵਿੱਖੇ ਤੀਸਰੇ ਫ਼ੰਡ ਰੇਜ਼ਿੰਗ ਡਿਨਰ ਦੌਰਾਨ ਪੰਜਾਬ ਯੂਨਾਈਟਡ ਸਪੋਰਟਸ ਐਂਡ ਹੈਰੀਟੇਜ਼ ਐਸੋਸੀਏਸ਼ਨ ਆਫ਼ ਐਡਮਿੰਟਨ ਦੀ ਟੀਮ ਦੇ ਨਾਲ ਐਮ ਐਲ ਏ ਡਾ.ਰਾਜ ਸ਼ਰਮਨ, ਸੁਹੇਲ ਕਾਦਰੀ, ਕੌਂਸਲਰ ਅਮਰਜੀਤ ਸੋਹੀ।

(1)



(2)




DASHMESH TIRE & LUBE
All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
Call: Manjit S.Khosa, Garry Dhaliwal
Ph: 780-298-1114, 780-993-4441
6609 34 St, Edmonton, Alberta.
Enough Parking Space

HARRY'S EXCAVATING
Ph 780-918-2252
Specialist in : Digging Basements & All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

WILDROSE MASONARY & STONE WORKS
Commertial & Residential
Ph: 780 340 1400
Off: 780 450 1413
Fax: 780 490 4888
Dave Johal
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ

# ਛੋਟੀ ਉਮਰ ਦਾ ਵੱਡਾ ਇਨਕਲਾਬੀ ਕਰਤਾਰ ਸਿੰਘ ਸਰਾਭਾ



ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com

**ਅਸੀਂ .ਗਦਰ ਲਹਿਰ ਦੀ ਸ਼ਤਾਬਦੀ ਮਨਾਉਣ ਵੱਲ ਵਧ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਹੀ .ਗਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ ਜਾਣਕਾਰੀ 'ਨਵੀਂ ਦੁਨੀਆ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡਾ. ਤੇਜਿੰਦਰ ਵਿਰਲੀ ਦਾ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ। ਸੰਪਾਦਕ**

ਸ਼ਹੀਦ- ਏ- ਆਜ਼ਮ ਸ.ਭਗਤ ਸਿੰਘ ਆਪਣੇ ਕੋਲ ਹਰ ਵਕਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਰੱਖਦੇ ਸਨ। ਇਕ ਵਾਰ ਜੇਲ੍ਹ ਵਿਚ ਮਿਲਣ ਆਈ ਆਪਣੀ ਮਾਂ ਨੂੰ ਜੇਬ ਵਿੱਚੋਂ ਫੋਟੋ ਕੱਢ ਕੇ ਦਿਖਾਉਦਿਆਂ ਉਹ ਬੋਲੇ "ਬੇਬੇ ਜੀ ਇਹ ਜੇ ਮੇਰਾ ਗੁਰੂ ਮੇਰਾ ਸਾਥੀ ਤੇ ਮੇਰਾ ਭਰਾ'' ਇਨਕਾਲਬੀ ਮਾਰਗ 'ਤੇ ਤੁਰਨ ਦੀ ਪ੍ਰੇਰਨਾ ਭਗਤ ਸਿੰਘ ਨੂੰ ਸਰਾਭਾ ਦੀ ਕੁਰਬਾਨੀ ਤੋਂ ਹੀ ਮਿਲੀ ਸੀ। ਬਾਬਾ ਭਕਨਾ ਜੀ ਵੀ ਦੱਸਦੇ ਹਨ ਕਿ ਸਰਾਭਾ ਨੇ ਆਪਣੀ ਕਾਲ ਕੋਠੜੀ ਦੀ ਕੰਧ ਉਪਰ ਲਿਖਿਆ ਹੋਇਆ ਸੀ "ਸ਼ਹੀਦੋਂ ਕਾ ਖ਼ੂਨ ਕਭੀ ਖਾਲੀ ਨਹੀਂ ਜਾਤਾ'' ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਹਥਿਆਰਬੰਦ ਘੋਲ਼ ਕਰਨ ਵਾਲਿਆਂ ਲਈ ਪ੍ਰੇਰਨਾ ਦਾ ਸਰੋਤ ਬਣਨ ਵਾਲਿਆਂ ਵਿਚ ਸਰਾਭੇ ਦੀ ਕੁਰਬਾਨੀ ਅਹਿਮ ਸੀ।

ਸੰਨ 1896 ਵਿਚ ਬੀਬੀ ਸਾਹਿਬ ਕੌਰ ਦੀ ਕੁੱਖੋ ਸਰਦਾਰ ਮੰਗਲ ਸਿੰਘ ਦੇ ਘਰ ਲੁਧਿਆਣਾ ਜ਼ਿਲੇ ਦੇ ਪਿੰਡ ਸਰਾਭਾ ਵਿਚ 'ਕਰਤਾਰ' ਦਾ ਜਨਮ ਹੋਇਆ। ਕਰਤਾਰ ਮਾਪਿਆਂ ਦੀ ਇਕਲੌਤੀ ਔਲਾਦ ਸੀ। ਬਾਲੜੀ ਉਮਰ ਵਿਚ ਹੀ ਪਿਤਾ ਜੀ ਦੀ ਮੌਤ ਹੋ ਗਈ ਤੇ ਛੇਤੀ ਮਗਰੋਂ ਮਾਂ ਵੀ ਕਰਤਾਰ ਨੂੰ ਇਕੱਲਿਆਂ ਛੱਡ ਸਵਰਗ ਸੁਧਾਰ ਗਈ। ਦਾਦਾ ਬਦਨ ਸਿੰਘ ਜੀ ਨੇ ਬੜੇ ਯਤਨਾਂ ਨਾਲ ਆਪ ਜੀ ਨੂੰ ਪਾਲਿਆ। ਆਪ ਦੇ ਇਕ ਚਾਚਾ ਸੰਯੁਕਤ-ਪ੍ਰਾਂਤ ਵਿਚ ਪੁਲਿਸ ਸਬ-ਇੰਸਪੈਕਟਰ ਸਨ ਅਤੇ ਦੂਜੇ ਉੜੀਸਾ ਦੇ ਜੰਗਲਾਤ ਮਹਿਕਮੇ ਵਿਚ ਕੰਮ ਕਰਦੇ ਸਨ। ਕਰਤਾਰ ਸਿੰਘ ਪਹਿਲਾਂ ਤਾਂ ਆਪਣੇ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਰਹੇ ਬਾਅਦ ਵਿੱਚ ਲੁਧਿਆਣਾ ਦੇ ਖਾਲਸਾ ਹਾਈ ਸਕੂਲ ਵਿੱਚ ਨੌਵੀਂ ਜਮਾਤ ਤੱਕ ਪੜ੍ਹ ਕੇ ਆਪਣੇ ਚਾਚਾ ਸ. ਬਖਸ਼ੀਸ਼ ਸਿੰਘ ਜੀ ਕੋਲ ਉੜੀਸਾ ਚਲੇ ਗਏ। ਉੱਥੇ ਜਾ ਕੇ ਦਸਵੀਂ ਕੀਤੀ ਤੇ ਉਚੇਰੀ ਵਿੱਦਿਆ ਲਈ ਕਾਲਜ ਵਿਚ ਪੜ੍ਹਨ ਲੱਗੇ। ਇਹ 1910-11 ਦੇ ਦਿਨ ਸਨ ਜਦੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਆਜ਼ਾਦੀ ਲਈ ਅੰਦੋਲਨ ਹੋ ਰਹੇ ਸਨ। ਉਸ ਸਮੇਂ ਪੰਜਾਬੀਆਂ ਵਿਚ ਬਦੇਸ਼ਾਂ ਨੂੰ ਜਾਣ ਦਾ ਰੁਝਾਨ ਵੀ ਪੈਦਾ ਹੋ ਚੁੱਕਾ ਸੀ। ਕਰਤਾਰ ਸਿੰਘ ਨੇ ਵੀ ਆਪਣੇ ਪਰਿਵਾਰ ਕੋਲ ਅਗਲੇਰੀ ਪੜ੍ਹਾਈ ਲਈ ਅਮਰੀਕਾ ਜਾਣ ਦੀ ਇੱਛਾ ਜ਼ਾਹਰ ਕੀਤੀ। ਘਰ ਵਾਲਿਆਂ ਨੇ ਕਰਾਤਰ ਦੀ ਇਸ ਮੰਗ ਨੂੰ ਖੁਸ਼ੀ-ਖੁਸ਼ੀ ਮੰਨ ਲਿਆ ਤੇ ਮਨ ਵਿਚ ਹਜ਼ਾਰਾਂ ਸੁਪਨੇ ਲੈ ਕੇ ਸਧਰਾਂ ਨਾਲ ਪਾਲੇ ਬਾਲ ਨੂੰ ਘਰੋਂ ਅਮਰੀਕਾ ਲਈ ਵਿਦਾ ਕਰ ਦਿੱਤਾ। ਉਸ ਸਮੇਂ ਸਰਾਭਾ ਪਿੰਡ ਦਾ ਇਕ ਵਿਅਕਤੀ ਰੁਲੀਆ ਸਿੰਘ ਅਮਰੀਕਾ ਵਿਚ ਰਹਿ ਰਿਹਾ ਸੀ। ਬਾਬਾ ਜੀ ਨੇ ਰੁਲੀਆ ਸਿੰਘ ਨੂੰ ਪੱਤਰ ਲਿਖ ਕੇ ਕਰਤਾਰ ਦੀ ਮਦਦ ਕਰਨ ਲਈ ਕਹਿ ਦਿੱਤਾ ਸੀ। ਸੰਨ 1912 ਵਿਚ ਆਪ ਸਾਨਫਰਾਂਸਿਸਕੋ ਬੰਦਰਗਾਹ 'ਤੇ ਉੱਤਰੇ। ਇਮੀਗ੍ਰੇਸ਼ਨ ਵਾਲਿਆਂ ਨੇ ਵਿਸ਼ੇਸ਼ ਪੁੱਛ-ਗਿੱਛ ਲਈ ਰੋਕ ਲਿਆ। ਸ਼ਹੀਦ ਭਗਤ ਸਿੰਘ ਆਪਣੇ ਲੇਖ ਵਿਚ ਇਸ ਗੱਲ ਬਾਤ ਬਾਰੇ ਲਿਖਦੇ ਹਨ, (ਇਹ ਲੇਖ ਬਲਵੰਤ ਸਿੰਘ ਦੇ ਫਰਜੀ ਨਾਮ ਹੇਠ ਛਪਿਆ ਸੀ)

ਅਫ਼ਸਰ ਦੇ ਪੁੱਛਣ ਤੇ ਆਪ ਨੇ ਕਿਹਾ- ਇੱਥੇ ਪੜ੍ਹਨ ਵਾਸਤੇ ਆਇਆ ਹਾਂ।

ਅਫ਼ਸਰ ਨੇ ਕਿਹਾ- ਕੀ ਤੈਨੂੰ ਹਿੰਦੁਸਤਾਨ ਵਿਚ ਪੜ੍ਹਨ ਨੂੰ ਥਾਂ ਕੋਈ ਨਹੀਂ ਮਿਲੀ?

ਜਵਾਬ ਦਿੱਤਾ- ਮੈਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਸਤੇ ਹੀ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਦਾਖ਼ਲ ਹੋਣ ਦੇ ਵਿਚਾਰ ਨਾਲ ਆਇਆ ਹਾਂ।

'ਜੇ ਤੈਨੂੰ ਅਮਰੀਕਾ ਵਿਚ ਨਾ ਉੱਤਰਨ ਦਿੱਤਾ ਜਾਵੇ ਤਾਂ ਫੇਰ?'

ਇਸ ਸਵਾਲ ਦਾ ਜਵਾਬ ਕਰਤਾਰ ਸਿੰਘ ਨੇ ਬੜਾ ਸੋਹਣਾ ਦਿੱਤਾ- 'ਤਾਂ ਮੈਂ ਸਮਝਾਂਗਾ ਕਿ ਬੜੀ ਭਾਰੀ ਬੇਇਨਸਾਫ਼ੀ ਹੋਈ ਹੈ। ਵਿਦਿਆਰਥੀਆਂ ਦੇ ਰਾਹਾਂ ਵਿਚ ਅਜਿਹੇ ਅੜਿੱਕੇ ਪਾਉਣ ਨਾਲ ਤਾਂ ਦੁਨੀਆਂ ਦੀ ਤਰੱਕੀ ਰੁਕ ਜਾਵੇਗੀ। ਕੌਣ ਜਾਣਦਾ ਹੈ ਕਿ ਮੈਂ ਇੱਥੇ ਵਿੱਦਿਆ ਹਾਸਲ ਕਰਕੇ ਸੰਸਾਰ ਵਿਚ ਭਲਾਈ ਦਾ ਕੋਈ ਵੱਡਾ ਕੰਮ ਕਰਨ ਵਿਚ ਸਮਰੱਥ ਹੋ ਜਾਵਾਂ ਅਤੇ ਉੱਤਰਨ ਦੀ ਇਜਾਜ਼ਤ ਨਾ ਮਿਲਣ ਤੇ ਸੰਸਾਰ ਇਸ ਤੋਂ ਵਾਂਝਾ ਹੀ ਰਹਿ ਜਾਵੇ।'

ਅਫ਼ਸਰ ਨੇ ਇਜਾਜ਼ਤ ਦੇ ਦਿੱਤੀ।

ਪਿੰਡ ਦਾ ਰੁਲੀਆ ਸਿੰਘ ਕਰਤਾਰ ਨੂੰ ਆਪਣੇ ਕੋਲ ਲੈ ਗਿਆ। ਉਸ ਨੇ ਛੇਤੀ ਹੀ ਕਰਤਾਰ ਲਈ ਵਧੀਆ ਰਹਾਇਸ਼ ਦਾ ਪ੍ਰਬੰਧ ਕਰ ਦਿੱਤਾ। ਇਤਿਹਾਸ ਦਾ ਇਹ ਕੈਸਾ ਦਸਤੂਰ ਹੈ ਕਿ ਕਰਤਾਰ ਲਈ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿਣ ਦਾ ਪ੍ਰਬੰਧ ਕਰਨ ਵਾਲਾ ਰੁਲੀਆ ਸਿੰਘ ਵੀ ਕਰਤਾਰ ਦੀ ਕਰਤਾਰੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਣੋ ਨਾ ਰਹਿ ਸਕਿਆ। ਉਹ ਵੀ ਕਰਤਾਰ ਦੇ ਰੰਗ ਵਿਚ ਰੰਗਿਆ ਗਿਆ ਤੇ ਕਰਤਾਰ ਦੇ ਨਾਲ ਹੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਾਰਤ ਆ ਗਿਆ। ਜਿਸ ਕੇਸ ਵਿਚ ਸਰਾਭੇ ਨੂੰ ਫ਼ਾਂਸੀ ਦੀ ਸਜ਼ਾ ਹੋਈ ਉਸੇ ਕੇਸ ਵਿੱਚ ਰੁਲੀਆ ਸਿੰਘ ਨੂੰ ਵੀ ਕਾਲੇ ਪਾਣੀ ਦੀ ਕੈਦ ਹੋਈ ਜੋ ਉਸ ਸਮੇਂ ਮੌਤ ਦੀ ਸਜ਼ਾ ਤੋਂ ਵੱਧ ਖਤਰਨਾਕ ਸਮਝੀ ਜਾਂਦੀ ਸੀ। ਕਾਲੇ ਪਾਣੀ ਦੀ ਜੇਲ੍ਹ ਦੇ ਅਣਮਨੁੱਖੀ ਵਿਹਾਰ ਨੂੰ ਰੁਲੀਆ ਬਰਦਾਸ਼ਤ ਨਾ ਕਰ ਸਕਿਆ ਤੇ ਜੇਲ੍ਹ ਵਿਚ ਹੀ ਸ਼ਹਾਦਤ ਦਾ ਜਾਮ ਪੀ ਗਿਆ। ਕਰਤਾਰ ਬਾਰੇ ਇਹ ਗੱਲ ਤਾਂ ਪ੍ਰਸਿੱਧ ਸੀ ਕਿ ਜਿਹੜਾ ਵੀ ਕਰਤਾਰ ਦੇ ਸੰਪਰਕ ਵਿੱਚ ਆਇਆ ਉਹ ਕਰਤਾਰ ਦਾ ਯੁੱਧ ਸਾਥੀ ਬਣ ਗਿਆ।

ਅਮਰੀਕਾ ਜਾ ਕੇ ਸਰਾਭਾ ਜਿਸ ਘਰ ਵਿੱਚ ਕਰਾਏ 'ਤੇ ਰਿਹਾ ਉਸ ਘਰ ਦੀ ਔਰਤ ਨੇ ਅਮਰੀਕਾ ਦੀ ਆਜ਼ਾਦੀ ਵਾਲੇ ਦਿਨ ਕਰਤਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਵਾਸਤੇ ਅੱਜ ਦਾ ਦਿਨ ਸਭ ਦਿਨਾਂ ਨਾਲੋਂ ਖ਼ਾਸ ਹੈ ਇਸ ਦਿਨ ਸਾਡਾ ਦੇਸ਼ ਆਜ਼ਾਦ ਹੋਇਆ ਸੀ ਆਜ਼ਾਦ ਮੁਲਕ ਵਿਚ ਜਾ ਕੇ ਕਦਮ-ਕਦਮ 'ਤੇ ਕਰਤਾਰ ਦੇ ਕੋਮਲ ਹਿਰਦੇ 'ਤੇ ਸੱਟਾਂ ਵੱਜੀਆਂ। 'ਡੈਮ ਹਿੰਦੂ' ਅਤੇ 'ਬਲੈਕ ਕੁਲੀ' ਵਰਗੇ ਸ਼ਬਦ ਉਨ੍ਹਾਂ ਭੂਸਰੇ ਹੋਏ ਗੋਰੇ ਅਮਰੀਕਨਾਂ ਦੇ ਮੂੰਹੋਂ ਸੁਣਦੇ ਹੀ ਉਹ ਪਾਗਲ ਹੋਣ ਲੱਗਾ। ਉਹ ਆਜ਼ਾਦ ਭਾਰਤ ਦੇ ਸੁਪਨੇ ਦੇਖਣ ਲੱਗਾ। ਦਿਨ ਰਾਤ ਆਜ਼ਾਦੀ ਬਾਰੇ ਸੋਚਣ ਲੱਗਾ। ਆਜ਼ਾਦ ਦੇਸ਼ ਵਿਚ ਰਹਿੰਦਿਆਂ ਗੁਲਾਮ ਦੇਸ਼ ਵਿਚਲਾ ਘਰ ਯਾਦ ਆਉਣ ਲੱਗਾ। ਹੁਣ ਉਸ ਦੀ ਚਿੰਤਾ ਦਾ ਵਿਸ਼ਾ ਦੇਸ਼ ਬਣ ਗਿਆ ਸੀ। . .



ਇਸੇ ਸਾਲ ਮਈ, 1912 ਵਿੱਚ ਹਿੰਦੋਸਤਾਨੀ ਲੋਕਾਂ ਦੀਆਂ ਸਭਾਵਾਂ ਹੋਣ ਲੱਗ ਪਈਆਂ ਸਨ। ਦੇਸ਼ ਤੋਂ ਤਨ-ਮਨ-ਧਨ ਵਾਰਨ ਦੀ ਕਸਮਾਂ ਖਾਧੀਆਂ ਜਾ ਰਹੀਆਂ ਸਨ। ਇਸੇ ਸਮੇਂ ਪੰਜਾਬ ਦੇ ਜਲਾਵਤਨ ਦੇਸ਼ ਭਗਤ ਵੀ ਅਮਰੀਕਾ ਪਹੁੰਚ ਰਹੇ ਸਨ। ਗ਼ਦਰ ਪਾਰਟੀ ਦੇ ਜਨਮ ਦੀਆਂ ਸਥਿਤੀਆਂ ਬਣ ਰਹੀਆਂ ਸਨ। ਕਰਤਾਰ ਵੀ ਇਸ ਸਾਰੇ ਕੁੱਝ ਵਿੱਚ ਸ਼ਾਮਲ ਹੋ ਚੁੱਕਾ ਸੀ। ਬਰਕਲੇ ਯੁਨੀਵਰਸਿਟੀ ਵਿਚ ਪੜ੍ਹਦਿਆਂ ਕਰਤਾਰ ਦਾ ਵਾਹ ਲਾਲਾ ਹਰਦਿਆਲ ਤੇ ਭਾਈ ਪਰਮਾਨੰਦ ਜੀ ਨਾਲ ਵੀ ਪੈ ਗਿਆ ਸੀ। ਦੇਸ਼ਾਂ-ਬਦੇਸ਼ਾਂ ਵਿਚ ਕੰਮ ਕਰਦੇ ਦੇਸ਼ ਭਗਤਾਂ ਨੂੰ ਵਿਚਾਰਧਾਰਕ ਤੌਰ ਉੱਪਰ ਲੈਸ ਕਰਨ ਲਈ ਇਕ ਅਖ਼ਬਾਰ ਪ੍ਰਕਾਸ਼ਤ ਕਰਨ ਦੀ ਲੋੜ ਮਹਿਸੂਸ ਹੋ ਰਹੀ ਸੀ

ਜਿਸ ਦੇ ਸਿੱਟੇ ਵਜ਼ੋਂ ਹੀ 'ਗ਼ਦਰ' ਨਾਂ ਦਾ ਅਖ਼ਬਾਰ ਕੱਢਿਆ ਗਿਆ। ਉਸ ਦਾ ਪਹਿਲਾ ਅੰਕ ਪਹਿਲੀ ਨਵੰਬਰ 1913 ਨੂੰ ਪ੍ਰਕਾਸ਼ਿਤ ਕੀਤਾ ਗਿਆ। ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ ਪਹਿਲੇ ਦਿਨ ਤੋਂ ਕਰਤਾਰ ਅਖ਼ਬਾਰ ਦੇ ਸੰਪਾਦਕੀ ਵਿਭਾਗ ਵਿੱਚ ਅਹਿਮ ਕੜੀ ਵਜੋਂ ਕਾਰਜਸ਼ੀਲ ਸੀ। ਕਰਤਾਰ ਸਿੰਘ ਤੇ ਰਘਬੀਰ ਦਿਆਲ (ਯੂ.ਪੀ.) ਦੀ ਮਦਦ ਤੋਂ ਬਿਨ੍ਹਾਂ ਅਖਬਾਰ ਕੱਢਿਆ ਹੀ ਨਹੀਂ ਸੀ ਜਾ ਸਕਦਾ। ਉਸ ਸਮੇਂ ਗ਼ਦਰ ਅਖ਼ਬਾਰ ਹੈਂਡ-ਪ੍ਰੈੱਸ ਤੇ ਛਪਦਾ ਸੀ। ਕਰਤਾਰ ਸਿੰਘ ਤੇ ਰਘਬੀਰ ਦਿਆਲ ਦੋਵੇ 17 -18 ਸਾਲਾਂ ਦੇ ਨੌਜਵਾਨ ਹੈਂਡ-ਪ੍ਰੈੱਸ ਚਲਾਉਂਦੇ ਸਨ। ਬਾਬਾ ਭਕਨਾ ਇਹ ਵੀ ਲਿਖਦੇ ਹਨ ਕਿ ਲਾਲਾ ਹਰਦਿਆਲ ਉਰਦੂ ਵਿਚ ਲਿਖਦੇ ਤੇ ਕਰਤਾਰ ਉਸ ਦਾ ਅਨੁਵਾਦ ਕਰਕੇ ਪੰਜਾਬੀ ਵਿਚ ਛਾਪਦੇ ਸਨ। ਇਸ ਕਰਕੇ ਉਨ੍ਹਾਂ ਨੂੰ ਪਾਰਟੀ ਲਈ ਸ਼ੁਰੂ ਤੋਂ ਹੀ ਬੜੀ ਕਠਨ ਮਿਹਨਤ ਕਰਨੀ ਪਈ ਸੀ, ਪਰ ਉਹ ਇਸ ਕਠਨ ਕਾਰਜ ਨੂੰ ਬੜੀ ਖੁਸ਼ੀ ਨਾਲ ਕਰਿਆ ਕਰਦੇ ਸਨ ਤੇ ਨਾਲ ਦੀ ਨਾਲ ਗਾਇਆ ਕਰਦੇ;

**ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।**
**ਜਿਨ੍ਹਾਂ ਇਸ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।**

ਇਸੇ ਦੌਰਾਨ ਕਰਤਾਰ ਤੇ ਉਧਮ ਸਿੰਘ ਕਸੇਲ ਨੂੰ ਨਿਊਯਾਰਕ ਦੀ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਭਰਤੀ ਕਰਵਾ ਦਿੱਤਾ ਗਿਆ, ਜਿੱਥੇ ਉਨ੍ਹਾਂ ਹਵਾਈ ਜਹਾਜ਼ ਚਲਾਉਣਾ ਤੇ ਬਣਾਉਣਾ ਸਿੱਖ ਲਿਆ ਸੀ। ਸਤੰਬਰ, 1914 ਵਿਚ ਜਦੋਂ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਵਾਪਰੀ ਉਦੋਂ ਕਰਤਾਰ ਸਿੰਘ, ਇਕ ਹੋਰ ਗ਼ਦਰੀ ਗੁਪਤਾ ਜੀ ਅਤੇ ਇਕ ਅਮਰੀਕੀ ਦੋਸਤ 'ਜੈਕ' ਨੂੰ ਨਾਲ ਲੈ ਕੇ ਹਵਾਈ ਜਹਾਜ਼ 'ਤੇ ਜਾਪਾਨ ਗਏ ਸਨ ਅਤੇ ਬਾਬਾ ਗੁਰਦਿੱਤ ਸਿੰਘ ਜੀ ਨੂੰ ਮਿਲ ਕੇ ਸਾਰੀ ਗੱਲਬਾਤ ਕੀਤੀ ਤੇ ਗਦਰ ਦਾ ਪ੍ਰੋਗਰਾਮ ਸਮਝਾਇਆ ਸੀ।

ਕਰਤਾਰ ਪਾਰਟੀ ਦੀ ਰੂਹ ਸੀ। ਪਾਰਟੀ ਦੇ ਹਰ ਗੁਪਤ ਕੰਮ ਵਿਚ ਉਸ ਦੀ ਸਲਾਹ ਹੁੰਦੀ ਸੀ। ਬਾਬਾ ਭਕਨਾ ਉਸ ਨੂੰ ਆਪਣਾ ਜਰਨੈਲ ਆਖ ਕੇ ਬਲਾਉਂਦੇ। ਗਦਰ ਪਾਰਟੀ ਦਾ ਦੋ ਤਲਵਾਰਾਂ ਵਾਲਾ ਤਰੰਗਾ ਝੰਡਾ ਕਰਤਾਰ ਸਿੰਘ ਦਾ ਹੀ ਡਿਜ਼ਾਇਨ ਕੀਤਾ ਹੋਇਆ ਹੈ।

ਕਰਤਾਰ ਦੇਸ਼ ਨੂੰ ਪਰਤਣ ਦਾ ਪ੍ਰਚਾਰ ਕਰਨ ਤੋਂ ਬਾਦ ਖੁਦ ਵੀ 'ਨਿਪਨਮਾਰੂ' ਜਹਾਜ਼ ਰਾਹੀਂ ਅਮਰੀਕਾ ਤੋਂ ਚੱਲ ਪਿਆ ਅਤੇ 15-16 ਸਤੰਬਰ, 1914 ਨੂੰ ਕੋਲੰਬੋ ਪਹੁੰਚ ਗਿਆ। ਉਨ੍ਹਾਂ ਦਿਨਾਂ ਵਿਚ ਅਮਰੀਕਾ ਤੋਂ ਆਉਣ ਵਾਲੇ ਭਾਰਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਪਰ ਕਰਤਾਰ ਸਿੰਘ ਵਾਲੇ ਜ਼ਹਾਜ ਦੇ ਸਾਥੀ ਸਹੀ ਸਲਾਮਤ ਪੰਜਾਬ ਆ ਪਹੁੰਚੇ ਸਨ। ਉਨ੍ਹਾਂ ਨੇ ਪੰਜਾਬ ਆ ਕੇ ਪੂਰੇ ਜ਼ੋਰ ਨਾਲ ਪਾਰਟੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਸ ਸਮੇਂ ਭਾਰਤ ਵਿਚ ਸੰਗਠਨ ਦੀ ਕਮੀ ਸੀ। ਦਸੰਬਰ, 1914 ਵਿਚ ਮਰਾਠਾ ਵੀਰ ਪਿੰਗਲੇ ਵੀ ਪੰਜਾਬ ਆ ਗਿਆ। ਉਸੇ ਦੀ ਕੋਸ਼ਿਸ਼ ਨਾਲ ਬਨਾਰਸ ਸਾਜ਼ਿਸ਼ ਦੇ ਨਾਇਕ ਸ਼੍ਰੀ ਸ਼ਚਿੰਦਰਨਾਥ ਸਾਨਿਆਲ ਅਤੇ ਰਾਸ ਬਿਹਾਰੀ ਪੰਜਾਬ ਵਿੱਚ ਆਏ। ਹਥਿਆਰ ਇਕੱਠੇ ਕੀਤੇ ਜਾਣ ਲੱਗੇ। ਵੱਖ ਵੱਖ ਛਾਉਣੀਆਂ ਦੇ ਸਿਪਾਹੀਆਂ ਨਾਲ ਸੰਪਰਕ ਹੋਣ ਲੱਗਾ। ਕਰਤਾਰ ਇਸ ਕੰਮ ਨੂੰ ਖੁਦ ਦੇਖ ਰਿਹਾ ਸੀ ਕਿਉਂਕਿ ਵੱਡੇ ਗ਼ਦਰੀ ਜੇਲ੍ਹਾਂ ਵਿਚ ਕੈਦ ਹੋ ਚੁੱਕੇ ਸਨ। ਇਸ ਲਈ ਕਰਤਾਰ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਸੀ।

ਗ਼ਦਰ ਦੀ ਤਿਆਰੀ ਲਈ ਹਥਿਆਰਾਂ ਦੀ ਲੋੜ ਸੀ ਤੇ ਹਥਿਆਰਾਂ ਲਈ ਪੈਸੇ ਦੀ ਕਮੀ ਸੀ ਇਸ ਕੰਮ ਲਈ ਅਮੀਰ ਘਰਾਂ ਵਿਚ ਡਾਕੇ ਮਾਰਨ ਦੀ ਵਿਉਂਤ ਬਣਾਈ ਗਈ। ਇਸੇ ਨੀਤੀ ਦੇ ਤਹਿਤ ਇੱਕ ਦਿਨ ਕੁੱਝ ਸਾਥੀਆਂ ਨੂੰ ਨਾਲ ਲੈ ਕੇ ਸਰਾਭਾ ਡਕੈਤੀ ਵਾਸਤੇ ਰੱਬੋਂ ਨਾਮਕ ਪਿੰਡ ਵਿਚ ਗਿਆ। ਘਰ ਵਿਚ ਇੱਕ ਮੁਟਿਆਰ ਕੁੜੀ ਸੀ। ਉਸ ਨੂੰ ਦੇਖ ਕੇ ਇਕ ਪਾਪੀ ਦਾ ਮਨ ਫਿਰ ਗਿਆ। ਉਸ ਨੇ ਕੁੜੀ ਦਾ ਹੱਥ ਫੜ ਲਿਆ। ਉਸ ਕਾਮੀ ਨਰ ਪਸ਼ੂ ਦਾ ਰੰਗ-ਢੰਗ ਦੇਖ ਕੇ ਕੁੜੀ ਘਬਰਾ ਗਈ ਅਤੇ ਉਸ ਨੇ ਜ਼ੋਰ ਦੀ ਚੀਕ ਮਾਰੀ। ਫੌਰਨ ਨੌਜਵਾਨ ਕਰਤਾਰ ਰਿਵਾਲਵਰ ਤਾਣ ਕੇ ਉਸੇ ਥਾਂ ਪਹੁੰਚ ਗਏ। ਉਸ ਬੰਦੇ ਦੇ ਮੱਥੇ ਤੇ ਪਿਸਤੌਲ ਰੱਖ ਕੇ ਉਸ ਦਾ ਹਥਿਆਰ ਲੈ ਲਿਆ ਅਤੇ ਫੇਰ ਗੁੱਸੇ ਹੋਏ ਸ਼ੇਰ ਵਾਂਗ ਗਰਜ ਕੇ ਬੋਲੇ- 'ਪਾਮਰ! ਤੇਰਾ ਗੁਨਾਹ ਬੜਾ ਭਿਅੰਕਰ ਹੈ। ਇਸ ਵੇਲੇ ਤੂੰ ਮੌਤ ਦਾ ਹੱਕਦਾਰ ਹੈਂ। ਪਰ ਖ਼ਾਸ ਹਾਲਾਤ ਕਾਰਨ ਤੈਨੂੰ ਮਾਫ਼ ਕਰਨ ਲਈ ਮਜਬੂਰ ਹਾਂ। ਅਗਲੇ ਪਲ ਉਹ ਪਾਪੀ ਕੁੜੀ ਦੇ ਪੈਰਾਂ ਵਿਚ ਸਿਰ ਰੱਖ ਕੇ ਮੁਆਫੀ ਮੰਗ ਰਿਹਾ ਸੀ। ਕਰਤਾਰ ਨੇ ਕੁੜੀ ਦੀ ਮਾਂ ਨੂੰ ਕਿਹਾ "ਮੈਂ ਇਸ ਨੀਚਤਾ ਵਾਸਤੇ ਮਾਫ਼ੀ ਚਾਹੁੰਦਾ ਹਾਂ ਜੇ ਮਾਂ ਤੂੰ ਇਸ ਨੂੰ ਮਾਫ਼ ਕਰ ਦਏਂ ਤਾਂ ਜਿਊਂਦਾ ਛੱਡਾਂਗਾ ਨਹੀਂ ਤਾਂ ਹੁਣੇ ਗੋਲੀ ਮਾਰ ਦਿਆਂਗਾ।' ਇਹ ਦੇਖ ਕੇ ਦੋਹਾਂ ਮਾਂਵਾਂ ਧੀਆਂ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਪਿਆਰ ਨਾਲ ਸੰਬੋਧਨ ਕੀਤਾ-'ਬੇਟਾ! ਅਜਿਹੇ ਧਰਮਾਤਮਾ ਅਤੇ ਸਾਊ ਨੌਜਵਾਨ ਹੋ ਕੇ ਤੁਸੀਂ ਇਸ ਭਿਆਨਕ ਕੰਮ ਵਿਚ ਕਿਵੇਂ ਸ਼ਾਮਲ ਹੋਏ ਹੋ?' ਕਰਤਾਰ ਨੇ ਕਿਹਾ-'ਮਾਂ! ਆਪਣਾ ਸਭ ਕੁੱਝ ਵਾਰ ਕੇ ਹੀ ਡਾਕੇ ਮਾਰਨ ਚੱਲੇ ਸੀ। ਅਸੀਂ ਅੰਗਰੇਜ਼ ਸਰਕਾਰ ਦੇ ਖਿਲਾਫ਼ ਗ਼ਦਰ ਦੀ ਤਿਆਰੀ ਕਰ ਰਹੇ ਹਾਂ। ਹਥਿਆਰ ਆਦਿ ਖਰੀਦਣ ਵਾਸਤੇ ਪੈਸੇ ਚਾਹੀਦੇ ਹਨ। ਮਾਂ! ਉਸ ਮਹਾਨ ਕੰਮ ਵਾਸਤੇ ਅੱਜ ਇਹ ਨੀਚ ਕੰਮ ਕਰਨ ਲਈ ਮਜਬੂਰ ਹੋਏ ਹਾਂ।'

ਮਾਂ ਨੇ ਫੇਰ ਕਿਹਾ-'ਇਸ ਕੁੜੀ ਦਾ ਵਿਆਹ ਕਰਨਾ ਹੈ। ਉਸ ਵਾਸਤੇ ਰੁਪਏ ਚਾਹੀਦੇ ਹਨ। ਕੁੱਝ ਦਿੰਦੇ ਜਾਉ ਤਾਂ ਚੰਗਾ ਹੈ।' ਸਾਰਾ ਧਨ ਉਸ ਦੇ ਸਾਹਮਣੇ ਰੱਖ ਕੇ ਕਰਤਾਰ ਨੇ ਕਿਹਾ, 'ਜਿੰਨਾਂ ਚਾਹੀਦਾ ਹੈ ਲੈ ਲਉ!' ਮਾਂ ਨੇ ਕੁਝ ਧਨ ਲੈ ਕੇ ਬਾਕੀ ਸਾਰਾ ਖੁਸ਼ੀ ਨਾਲ ਕਰਤਾਰ ਦੀ ਝੋਲੀ ਵਿਚ ਪਾ ਦਿੱਤਾ ਅਤੇ ਆਸ਼ੀਰਵਾਦ ਦਿੱਤਾ ਕਿ ਜਾਓ ਬੇਟਾ, ਤੁਹਾਨੂੰ ਕਾਮਯਾਬੀ ਮਿਲੇ!

ਸਚਿੰਦਰ ਨਾਥ ਸਾਨਿਆਲ 'ਬੰਦੀ ਜੀਵਨ' ਵਿਚ ਲਿਖਦੇ ਹਨ-: ਅਮਰੀਕਾ ਤੋਂ ਕਰਤਾਰ ਸਿੰਘ ਨੇ ਆ ਕੇ ਬੰਗਾਲ ਦੇ ਕਿਸੇ ਜਾਣੇ ਪਛਾਣੇ ਉੱਘੇ ਜਨਤਕ ਨੇਤਾ ਨਾਲ ਮੁਲਾਕਾਤ ਕੀਤੀ। ਉਸ ਨੇ ਕਰਤਾਰ ਸਿੰਘ ਨੂੰ ਉਪਦੇਸ਼ ਦਿੱਤਾ,"ਤੂੰ ਆਪਣੇ ਸੰਕਲਪ ਅਤੇ ਹਿੰਮਤ ਅਨੁਸਾਰ ਕੰਮ ਕਰਦਾ ਜਾ, ਬੰਗਾਲ ਤਾਂ ਸਹੀ ਸਮੇਂ 'ਤੇ ਤੁਹਾਡੀ ਸਹਾਇਤਾ ਕਰੇਗਾ ਹੀ।'' ਉਹ ਵਿਅਕਤੀ ਸਰ ਸੁਰਿੰਦਰਨਾਥ ਬੈਨਰਜੀ ਸੀ। **ਬਾਕੀ ਸਫਾ 41 'ਤੇ**

A City Limos Ltd.

Ph: 780-462-4940
Toll Free: 1-888-462-4623





Wedding
School Proms
Birthday
City Tours
Airport Service

Edmonton-Calgary
Vancouver

Contact
780-951-7260



e-mail: dhaliwalsd@hotmail.com, www.acitylimousine.com

**ਸਫਾ 40 ਦੀ ਬਾਕੀ**

ਫਰਵਰੀ ਵਿਚ ਗ਼ਦਰ ਦੀ ਤਿਆਰੀ ਸੀ। ਇਸ ਲਈ ਕਰਤਾਰ ਤੇ ਪਿੰਗਲੇ ਆਪਣੇ ਸਾਥੀਆਂ ਨਾਲ ਆਗਰਾ, ਕਾਨਪੁਰ, ਇਲਾਹਾਬਾਦ, ਬਨਾਰਸ, ਲਖਨਊ ਅਤੇ ਮੇਰਠ ਆਦਿ ਵੱਖ-ਵੱਖ ਥਾਂਵਾਂ 'ਤੇ ਗਏ ਅਤੇ ਗ਼ਦਰ ਵਾਸਤੇ ਫੌਜਾਂ ਨਾਲ ਗੱਠਜੋੜ ਕਰਕੇ ਆਏ। ਉਨ੍ਹੀਂ ਦਿਨੀਂ ਕਰਤਾਰ ਸਿੰਘ ਬਹੁਤ ਸਖ਼ਤ ਮਿਹਨਤ ਕਰ ਰਹੇ ਸਨ। ਸਾਨਿਆਲ ਬੰਦੀ ਜੀਵਨ ਵਿਚ ਇਸ ਬਾਰੇ ਲਿਖਦਾ ਹੈ, " ਉਹ ਹਰ ਰੋਜ਼ ਸਾਇਕਲ 'ਤੇ ਪਿੰਡਾਂ ਵਿਚ ਲਗਭਗ 40-50 ਮੀਲ ਦਾ ਚੱਕਰ ਲਾ ਕੇ ਆਉਂਦੇ। ਪਿੰਡ-ਪਿੰਡ ਕੰਮ ਕਰਨ ਲਈ ਜਾਂਦੇ । ਏਨੀ ਮਿਹਨਤ ਕਰਨ 'ਤੇ ਵੀ ਉਹ ਥੱਕਦੇ ਨਹੀਂ ਸਨ। ਜਿੰਨੀ ਉਹ ਮਿਹਨਤ ਕਰਦੇ, ਉਨ੍ਹੀਂ ਹੀ ਉਨ੍ਹਾਂ ਵਿਚ ਹੋਰ ਫੁਰਤੀ ਆ ਜਾਂਦੀ ਸੀ। ਪਿੰਡਾਂ ਦਾ ਚੱਕਰ ਲਾ ਕੇ ਉਹ ਉਨ੍ਹਾਂ ਪਲਟਨਾਂ ਵਿਚ ਜਾਂਦੇ ਜਿੱਥੇ ਅਜੇ ਤੱਕ ਜਾ ਨਹੀਂ ਸੀ ਹੋਇਆ। ਇਨ੍ਹਾਂ ਦਾ ਕੰਮ ਢੰਗ ਏਨਾ ਕੱਚਾ ਸੀ ਕਿ ਇਨ੍ਹਾਂ ਵਿਚੋਂ ਬਹੁਤਿਆਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਨਿਕਲ ਗਏ। ਕਰਤਾਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਨੇ ਇੱਕ ਪਿੰਡ ਨੂੰ ਘੇਰ ਲਿਆ। ਉਸ ਸਮੇਂ ਕਰਤਾਰ ਸਿੰਘ ਪਿੰਡ ਵਿੱਚ ਹੀ ਕਿਤੇ ਮੌਜੂਦ ਸਨ। ਪੁਲਸ ਦੀ ਖ਼ਬਰ ਸੁਣਦਿਆਂ ਹੀ ਸਾਈਕਲ 'ਤੇ ਸਵਾਰ ਹੋ ਉਹ ਪਿੰਡ ਵਿਚੋਂ ਨਿਕਲ ਗਏ। ਪੁਲਸ ਉਨ੍ਹਾਂ ਨੂੰ ਪਛਾਣਦੀ ਨਹੀਂ ਸੀ। ਇਸ ਵਾਰ ਕਰਤਾਰ ਸਿੰਘ ਆਪਣੇ ਹੌਸਲੇ ਕਰਕੇ ਬਚ ਨਿਕਲਿਆ ਸੀ।''

ਅੱਜ ਜਦੋਂ ਅਸੀਂ ਗ਼ਦਰ ਦੇ ਅਸਫਲ ਹੋ ਜਾਣ ਦੇ ਕਾਰਨਾਂ ਦੀ ਗਹਿਰਾਈ ਨਾਲ ਛਾਣਬੀਣ ਕਰਦੇ ਹਾਂ ਤਾਂ ਸਾਨੂੰ ਸਚਿੰਦਰ ਨਾਥ ਸਾਨਿਆਲ ਦੀ ਪੁਸਤਕ 'ਬੰਦੀ ਜੀਵਨ' ਦੇ ਵਰਕੇ ਫਰੋਲ ਲੈਣੇ ਚਾਹੀਦੇ ਹਨ। ਉਹ ਲਿਖਦੇ ਹਨ, "ਮੈਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਕਿ 'ਸਾਡੇ ਨਾਲ ਸਲਾਹ ਕੀਤੇ ਬਿਨ੍ਹਾਂ ਅਚਾਨਕ ਕੁੱਝ ਨਾ ਕਰ ਬੈਠਿਓ।' ਇਹ ਵੀ ਕਹਿ ਦਿੱਤਾ ਕਿ 'ਬੜੀ ਸਾਵਧਾਨੀ ਨਾਲ ਕੰਮ ਕਰਨਾ ਹੋਵੇਗਾ ਤਾਂ ਕਿ ਜ਼ਰਾ ਵੀ ਤਾਕਤ ਵਿਅਰਥ ਨਾ ਹੋਵੇ, ਸਿਰਫ਼ ਹਾਤ-ਹੂਤ ਕਰਕੇ ਫਜ਼ੂਲ ਦੇ ਕੰਮਾਂ ਵਿਚ ਆਪਣੀ ਤਾਕਤ ਜ਼ਾਇਆ ਨਾ ਕੀਤੀ ਜਾਵੇ।''

ਉਹ ਲਿਖਦੇ ਹਨ ਕਿ ਕਰਤਾਰ ਸਿੰਘ ਨੇ ਸਾਡੇ ਕੋਲੋਂ ਰਿਵਾਲਵਰ ਆਦਿ ਦੀ ਸਹਾਇਤਾ ਮੰਗੀ। ਆਤਮ-ਰੱਖਿਆ ਕਰਨ ਅਤੇ ਛੋਟੇ-ਛੋਟੇ ਸਰਕਾਰੀ ਖਜ਼ਾਨੇ ਲੁੱਟਣ ਲਈ ਕੁਝ ਅਸਤਰਾਂ-ਸ਼ਾਸਤਰਾਂ ਦੀ ਲੋੜ ਸੀ। ਅਮਰੀਕਾ ਤੋਂ ਜਦੋਂ ਇਹ ਲੋਕ ਆਏ ਤਾਂ ਆਪਣੇ ਨਾਲ ਥੋੜ੍ਹੇ ਬਹੁਤੇ ਰਿਵਾਲਵਰ ਆਦਿ ਲੈ ਆਏ ਸਨ। . . .ਪਰ ਅਜੇ ਵੀ ਹਥਿਆਰਾਂ ਦੀ ਲੋੜ ਸੀ। ਮੈਂ ਵੀਂ ਕਾਸ਼ੀ ਤੋਂ ਕੁਝ ਰਿਵਾਲਵਰ ਅਤੇ ਗੋਲੀਆਂ ਲਿਆਇਆ ਸੀ। ਇਹ ਸਭ ਕੁਝ ਕਰਤਾਰ ਸਿੰਘ ਦੇ ਹਵਾਲੇ ਕਰ ਕੇ ਮੈਂ ਕਿਹਾ ਕਿ ਏਸ ਸਮੇਂ ਤਾਂ ਮੇਰੇ ਕੋਲ ਇਹੀ ਹੈ। ਨਾਲ ਦੀ ਨਾਲ ਇਹ ਵੀ ਜਤਾ ਦਿੱਤਾ ਕਿ ਸਾਡੇ ਕੋਲ ਹਥਿਆਰਾਂ ਦਾ ਕੋਈ ਵੱਡਾ ਭੰਡਾਰ ਨਹੀਂ ਹੈ, ਏਸ ਲਈ ਇਸ ਸਬੰਧ ਵਿਚ ਜ਼ਿਆਦਾ ਆਸ ਨਾ ਰੱਖਿਓ।

ਬੰਬ ਗੋਲਿਆਂ ਦੀ ਜਿੰਨੀ ਵੀ ਲੋੜ ਹੋਵੇਗੀ, ਬੰਗਾਲ ਦੇਵੇਗਾ। ਮੈਂ ਕਰਤਾਰ ਸਿੰਘ ਨੂੰ ਕਿਹਾ ਕਿ ਪੰਜਾਬ ਵਿਚ ਕਈ ਸਥਾਨਾਂ 'ਤੇ ਸਾਡੇ ਕੁਝ ਬੰਬ ਗੋਲੇ ਰੱਖੇ ਹੋਏ ਹਨ। ਲੋੜ ਪੈਣ 'ਤੇ ਦਿੱਤੇ ਜਾ ਸਕਦੇ ਹਨ। . . . ਮੈਂ ਪੁੱਛਿਆ,"ਤੁਹਾਡਾ ਕੋਈ ਆਪਣਾ ਕੇਂਦਰ ਨਹੀਂ ਏ, ਜਿੱਥੋਂ ਸਾਰੀਆਂ ਗੱਲਾਂ ਦਾ ਪਤਾ ਲੱਗ ਸਕੇ?" ਉਤਰ 'ਨਾਂਹ' ਵਿਚ ਮਿਲਿਆ।

. . . . ਇਹ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ। ਮੈਂ ਸਮਝਿਆ ਕਿ ਸ਼ਾਇਦ ਮੈਨੂੰ ਸਾਰੀਆਂ ਗੱਲਾਂ ਦੱਸੀਆਂ ਨਹੀਂ ਜਾ ਰਹੀਆਂ। ਏਸੇ ਕਰਕੇ ਆਪਣੇ ਸੁਭਾਅ ਅਨੁਸਾਰ ਮੈਂ ਕੁੱਝ ਪੁੱਛਗਿਛ ਹੀ ਨਹੀਂ ਕੀਤੀ ਅਤੇ ਨਾ ਹੀ ਏਸ ਸਬੰਧ ਵਿਚ ਕੋਈ ਸਲਾਹ ਦਿੱਤੀ। ਉਹ ਬਗੈਰ ਵਿਉਂਤਬੰਦੀ ਵਾਲੀ ਸਥਿਤੀ ਵਿਚ ਹੀ ਰਾਸ ਬਿਹਾਰੀ ਨੂੰ ਪੰਜਾਬ ਬੁਲਾਉਣਾ ਚਾਹੁੰਦੇ ਸਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਾਉਣ ਲਈ ਉਸ ਸਮੇਂ ਹਕੂਮਤ ਵੱਲੋਂ ਸਾਢੇ ਸੱਤ ਹਜ਼ਾਰ ਰੁਪਏ ਦਾ ਇਨਾਮ ਰਖਿਆ ਹੋਇਆ ਸੀ।

ਪੰਜਾਬ ਦੀ ਦਸ਼ਾ ਦੇਖ ਕੇ ਮੈਂ ਸਮਝ ਲਿਆ ਸੀ ਕਿ ਜੇਕਰ ਜਲਦੀ ਹੀ ਏਸ ਸ਼ਕਤੀ ਨੂੰ ਕਾਬੂ ਅਤੇ ਸੰਗਠਿਤ ਨਾ ਕੀਤਾ ਗਿਆ ਤਾਂ ਸੰਭਵ ਹੈ ਕਿ ਸਿੱਖ ਬੇਮੌਕੇ ਹੀ ਕੁਝ ਅਜਿਹਾ ਨਾ ਕਰ ਬੈਠਣ ਜਿਸ ਨਾਲ ਸਾਰੀ ਸ਼ਕਤੀ ਅਤੇ ਉੱਦਮ ਤਹਿਸ-ਨਹਿਸ ਹੋ ਜਾਵੇ।

ਡਾਕੇ ਮਾਰਨ ਦੀ ਮਜ਼ਬੂਰੀ ਦਾ ਕਾਰਨ ਸੀ ਕਿ ਪੰਜਾਬ ਵਿੱਚ ਬੰਬਾਂ ਦਾ ਬੰਗਾਲ ਤੋਂ ਪੁੱਜਣਾ। ਜਿਸ 'ਤੇ 16 ਰੁਪਏ ਖ਼ਰਚ ਆਉਂਦਾ ਸੀ। ਪਿੰਗਲੇ ਪਹਿਲੀ ਵਾਰ ਪੰਜਾਬ ਇਸ ਮਨੋਰਥ ਨਾਲ ਹੀ ਆਇਆ ਸੀ।

ਕਰਤਾਰ ਸਿੰਘ ਉਨ੍ਹਾਂ ਦਿਨ੍ਹਾਂ ਵਿਚ ਬਹੁਤ ਖੁਸ਼ ਸੀ, ਸਾਨਿਆਲ ਨੂੰ ਮਿਲਕੇ ਤੇ ਉਸ ਨੇ ਪੁੱਛਿਆ,"ਦਸੋ ਰਾਸ ਬਿਹਾਰੀ ਕਦੋਂ ਆਉਣਗੇ?''

21 ਫਰਵਰੀ 1915 ਸਮੁੱਚੇ ਭਾਰਤ ਵਿਚ ਗ਼ਦਰ ਕਰਨ ਦਾ ਦਿਨ ਨਿਸ਼ਚਿਤ ਹੋਇਆ ਸੀ। ਤਿਆਰੀ ਇਸੇ ਵਿਚਾਰ ਨਾਲ ਹੋ ਰਹੀ ਸੀ। ਪਰ ਗ਼ਦਾਰ ਕਿਰਪਾਲ ਸਿੰਘ ਨੇ ਲਾਲਚ ਵਿਚ ਸਾਰੀ ਯੋਜਨਾ ਅੰਗਰੇਜ਼ ਅਫਸਰਾਂ ਨੂੰ ਦੱਸ ਦਿੱਤੀ। ਇਸ ਕਰਕੇ ਹੀ ਕਰਤਾਰ ਸਿੰਘ ਨੇ ਰਾਸ ਬਿਹਾਰੀ ਨੂੰ 21 ਦੀ ਥਾਂ 19 ਫਰਵਰੀ ਨੂੰ ਗ਼ਦਰ ਕਰਨ ਨੂੰ ਕਹਿ ਦਿੱਤਾ ਸੀ। ਕਿਰਪਾਲ ਸਿੰਘ ਦੀਆਂ ਜੜ੍ਹਾਂ ਵੀ ਗ਼ਦਰੀਆਂ ਦੇ ਧੁਰ ਅੰਦਰ ਤੱਕ ਲੱਗ ਚੁੱਕੀਆਂ ਸਨ ਉਸ ਨੂੰ ਇਸ ਬਦਲੀ ਹੋਈ ਨਵੀਂ ਤਰੀਕ ਦਾ ਭੇਤ ਵੀ ਲੱਗ ਗਿਆ ਤੇ ਇਹ ਵੀ ਅੰਗਰੇਜ਼ਾਂ ਤੱਕ ਪਹੁੰਚ ਚੁੱਕੀ ਸੀ। ਰਾਸ ਬਿਹਾਰੀ ਅਤੇ ਕਰਤਾਰ ਸਿੰਘ ਵੀ ਕੋਈ ਢੁੱਕਵਾਂ ਪ੍ਰਬੰਧ ਨਾ ਕਰ ਸਕੇ।

ਰਾਸ ਬਿਹਾਰੀ ਬੋਸ ਰਾਤ ਦੀ ਗੱਡੀ ਰਾਹੀਂ ਅੰਮ੍ਰਿਤਸਰ ਪੁਹੰਚ ਗਏ। ਉਸ ਸਮੇਂ ਉੱਤਰੀ ਭਾਰਤ ਦੀਆਂ ਸਾਰੀਆਂ ਛਾਉਣੀਆਂ ਵਿਚ ਗੋਰੀ ਫੌਜ ਬਹੁਤ ਘੱਟ ਸੀ ਤੇ ਜਿਹੜੇ ਗੋਰੇ ਸਨ ਉਹ ਵੀ ਰੰਗਰੂਟ ਸਨ। ਦੇਸੀ ਫੌਜੀਆਂ ਨੇ ਗ਼ਦਰੀਆਂ ਦਾ ਸਾਥ ਦੇਣਾ ਮੰਨਿਆਂ ਹੋਇਆ ਸੀ ਜਦੋਂ ਗ਼ਦਰ ਹੋਣਾ ਸੀ ਉਨ੍ਹਾਂ ਨੇ ਵੀ ਗ਼ਦਰ ਵਿੱਚ ਸ਼ਾਮਲ ਹੋ ਜਾਣਾ ਸੀ। ਗ਼ਦਰ ਦੀ ਤਾਰੀਖ਼ ਦੋ ਦਿਨ ਪਹਿਲਾਂ ਕਰ ਦੇਣ ਨਾਲ ਪਿੰਡਾਂ ਦੇ ਲੋਕ ਠੀਕ ਸਮੇਂ ਨਿਰਧਾਰਿਤ ਸਥਾਨਾਂ 'ਤੇ ਕੱਠੇ ਨਾ ਹੋ ਸਕੇ। ਪਰ ਕਰਤਾਰ ਸਿੰਘ 19 ਫਰਬਰੀ ਨੂੰ 70-80 ਲੋਕਾਂ ਨਾਲ ਫਿਰੋਜ਼ਪੁਰ ਛਾਉਣੀ ਪਹੁੰਚ ਗਏ। ਮੈਗਜ਼ੀਨ ਦੇਸੀ ਸਿਪਾਹੀਆਂ ਨੂੰ ਹਟਾ ਕੇ ਗੋਰੇ ਸਿਪਾਹੀਆਂ ਦੇ ਅਧਿਕਾਰ ਹੇਠ ਦੇ ਦਿੱਤੀ ਸੀ ਅਤੇ ਗੋਰੇ ਸਿਪਾਹੀ ਬੜੀ ਮੁਸ਼ਤੈਦੀ ਨਾਲ ਪਹਿਰਾ ਦੇ ਰਹੇ ਸਨ। ਕਰਤਾਰ ਸਿੰਘ ਨੂੰ ਲਾਹੌਰ ਦੀ ਘਟਨਾ ਬਾਰੇ ਕੁੱਝ ਵੀ ਪਤਾ ਨਹੀਂ ਸੀ। ਬੈਰਕਾਂ ਵਿਚ ਚੌਕਸੀ ਦੇ ਬਾਵਜੂਦ ਕਰਤਾਰ ਸਿੰਘ ਆ ਕੇ ਪਲਟਨ ਦੇ ਹੌਲਦਾਰ ਨੂੰ ਮਿਲਿਆ ਤਾਂ ਹੌਲਦਾਰ ਨੇ ਕਿਹਾ ਕਿ ਅਜਿਹੀ ਸਥਿਤੀ ਵਿਚ ਕੁੱਝ ਕੀਤਾ ਗਿਆ ਤਾਂ ਸੱਤਿਆਨਾਸ ਹੋ ਜਾਵੇਗਾ। ਭਾਰਤੀ ਸਿਪਾਹੀਆਂ ਨੇ ਉਂਗਲੀ ਨਾਲ ਅੰਗਰੇਜ਼ ਪਹਿਰੇਦਾਰਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਵੇਲੇ ਕੁੱਝ ਕਰ ਗੁਜ਼ਰਨ ਦੀ ਕੋਸ਼ਿਸ਼ ਬਿਲਕੁਲ ਬੇਕਾਰ ਹੋਵੇਗੀ। ਲਾਚਾਰ ਹੋ ਕੇ ਉਸ ਦਿਨ ਕਰਤਾਰ ਸਿੰਘ ਨੂੰ ਖਾਲੀ ਹੱਥ ਪਰਤਨਾ ਪਿਆ। ਪਿੰਡਾਂ ਤੋਂ ਆਏ ਲੋਕ ਆਪੋ-ਆਪਣੇ ਘਰੀਂ ਚਲੇ ਗਏ। ਕਰਤਾਰ ਸਿੰਘ ਲਾਹੌਰ ਪਹੁੰਚ ਗਏ।

ਉਸ ਦਿਨ ਰਾਸ ਬਿਹਾਰੀ ਬਹੁਤ ਉਦਾਸੀ 'ਚ ਮੁਰਦਿਆਂ ਵਾਂਗ ਪਏ ਹੋਏ ਸਨ। ਕਰਤਾਰ ਸਿੰਘ ਵੀ ਚੁੱਪ-ਚਾਪ ਉਨ੍ਹਾਂ ਦੇ ਨਾਲ ਮੰਜੇ ਉੱਪਰ ਪੈ ਗਏ। ਕ੍ਰਾਂਤੀ ਦੀ ਯੋਜਨਾ ਅਸਫ਼ਲ ਹੋ ਗਈ ਸੀ। ਕੁੱਝ ਚਿਰ ਪਿਛੋਂ ਰਾਸ ਬਿਹਾਰੀ ਨੇ ਕਿਹਾ ਹੁਣ ਕਾਬੁਲ ਜਾ ਕੇ ਹੀ ਆਸਰਾ ਲੈਣਾ ਹੋਏਗਾ। ਕੁੱਝ ਸਿੱਖ ਨੇਤਾ ਵੀ ਉਨ੍ਹਾਂ ਨਾਲ ਜਾਣੇ ਸਨ। ਇੱਕ ਦਿਨ ਦੁਪਹਿਰ ਵੇਲੇ ਰਾਸ ਬਿਹਾਰੀ ਨੇ ਅਚਾਨਕ ਆਪਣਾ ਪ੍ਰੋਗਰਾਮ ਬਦਲਦਿਆ ਕਿਹਾ,'ਨਹੀਂ ਭਾਈ, ਕਾਬੁਲ ਹੁਣ ਨਹੀਂ ਜਾਇਆ ਜਾ ਸਕਦਾ।'' ਰਾਸ ਬਿਹਾਰੀ ਅਤੇ ਵਿਨਾਇਕ ਰਾਓ ਰਾਤ ਨੂੰ ਅੱਠ ਵਜੇ ਦੀ ਗੱਡੀ 'ਤੇ ਪੰਜਾਬ ਤੋਂ ਕਾਂਸ਼ੀ ਵੱਲ ਰਵਾਨਾ ਹੋ ਗਏ। ਇਹ ਤੈਅ ਹੋਇਆ ਕਿ ਗੰਗਾ ਰਾਮ ਕੁਝ ਸਿੱਖ ਨੇਤਾਵਾਂ ਨੂੰ ਨਾਲ ਲੈ ਕੇ ਇੱਕ ਦੋ ਦਿਨ ਬਾਦ ਕਾਂਸੀ ਆਉਣਗੇ। ਕਰਤਾਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਦੂਜੇ ਸਿੱਖ ਨੇਤਾ ਕਾਬਲ ਨੂੰ ਚਲੇ ਜਾਣਗੇ। ਅਗਲੇ ਹੀ ਦਿਨ ਕਰਤਾਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ, ਜਗਤ ਸਿੰਘ ਸੁਰ ਸਿੰਘ ਲਾਇਲਪੁਰ ਦੇ ਰਈਸ ਹਰਚੰਦ ਸਿੰਘ ਤੋਂ ਇੱਕ ਹਜ਼ਾਰ ਰੁਪਿਆ ਉਧਾਰ ਲੈ ਕੇ ਕਾਬਲ ਵੱਲ ਰਵਾਨਾ ਹੋ ਗਏ।

ਅਸਫਲ ਗ਼ਦਰ ਦੀ ਟੀਸ ਨੇ ਰਸਤੇ ਵਿਚ ਬੈਚੇਨ ਕੀਤਾ ਤਾਂ ਰਾਹ ਵਿੱਚੋ ਫੇਰ ਸਿਪਾਹੀਆਂ ਵਿਚ ਗ਼ਦਰ ਦਾ ਪ੍ਰਚਾਰ ਕਰਨ ਲਈ ਫਿਰੋਜ਼ਪੁਰ ਛਾਉਣੀ ਵਿਚ ਜਾ ਵੜੇ। ਉਦੋਂ ਸਿਪਾਹੀਆਂ ਦੀ ਫੜੋ-ਫੜੀ ਸ਼ੁਰੂ ਹੋ ਚੁੱਕੀ ਸੀ। ਇਸ ਸਥਿਤੀ ਵਿਚ ਕਰਤਾਰ ਸਿੰਘ ਸਾਥੀਆਂ ਸਮੇਤ ਸਰਗੋਧਾ ਕੋਲ ਚੱਕ ਨੰਬਰ 5 ਵਿਚ ਪ੍ਰਚਾਰ ਕਰ ਰਹੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਸਿਪਾਹੀਆਂ ਨੇ ਹੀ ਕਰਤਾਰ ਸਿੰਘ ਨੂੰ ਫੜਾ ਦਿੱਤਾ। ਜ਼ੰਜੀਰਾਂ ਵਿਚ ਜਕੜੇ ਉਨ੍ਹਾਂ ਨੂੰ ਲਾਹੌਰ ਲੈ ਜਾਇਆ ਗਿਆ। ਉੱਥੇ ਕਰਤਾਰ ਨੇ ਇਹ ਬਿਆਨ ਦਰਜ਼ ਕਰਵਾਇਆ ਜੋ ਅੱਜ ਇੱਕ ਇਤਿਹਾਸ ਬਣ ਗਿਆ ਹੈ "ਮੈਂ ਰੁਲੀਆ ਸਿੰਘ ਦੇ ਪਿੰਡ (ਸਰਾਭਾ) ਦਾ ਰਹਿਣ ਵਾਲਾ ਹਾਂ, ਮੇਰੀ ਉਮਰ ਸਾਢੇ ਆਠਾਰਾਂ ਸਾਲ ਦੀ ਹੈ ਅਤੇ ਮੈਂ ਸਾਹਨੇਵਾਲ ਦੇ ਡਾਕੇ ਵਿਚ ਹਿੱਸਾ ਲਿਆ ਸੀ। ਉਹ ਪੋਲੀਟੀਕਲ ਡਾਕਾ ਸੀ। ਡਾਕੇ ਮਾਰਨ ਦਾ ਸਾਡਾ ਮੰਤਵ ਇਹ ਸੀ ਕਿ ਇੱਕ ਅਖ਼ਬਾਰ ਕੱਢਣ ਲਈ ਕੁਝ ਰੁਪਿਆ ਜਮਾਂ ਕੀਤਾ ਜਾਵੇ। ਸਾਡੇ ਕੋਲ ਪਿਸਤੌਲ ਤੇ ਬੰਬ ਸਨ। ਮੇਰੀ ਹਰਦਿਆਲ ਨਾਲ ਜਾਣ ਪਹਿਚਾਣ ਹੈ ਅਤੇ ਮੈਂ ਉਸ ਦੇ ਨਾਲ ਯੁਗਾਂਤਰ ਆਸ਼ਰਮ ਵਿਚ ਕੰਮ ਕਰਦਾ ਸੀ। ਮੈਂ ਸੈਕਰਾਮੈਂਟ ਤੇ ਐਸਟੋਰੀਆ ਦੇ ਜਲਸਿਆਂ ਵਿੱਚ ਹਾਜ਼ਰ ਸਾਂ। ਮੈਂ ਇਕ ਜਲਸੇ ਵਿਚ ਲੈਕਚਰ ਵੀ ਦਿੱਤਾ ਸੀ। ਮੈਂ ਪਿੱਛਲੇ ਸਤੰਬਰ ਵਿਚ ਵਾਪਸ ਆਇਆ ਸਾਂ, ਕਿ ਇਸ ਮੁਲਕ ਵਿਚ ਵੀ ਅਮਰੀਕਾ ਜਿਹਾ ਯੁਗਾਂਤਰ ਆਸ਼ਰਮ ਕਾਇਮ ਕਰਾਂਗਾ। ਇਸ ਆਸ਼ਰਮ ਤੋਂ ਇੱਕ ਖੁਫ਼ੀਆ ਅਖ਼ਬਾਰ ਜਾਰੀ ਕੀਤਾ ਜਾਵੇ। ਦੂਸਰੇ ਸਾਥੀਆਂ ਨੇ ਮੈਨੂੰ ਮਦਦ ਦੇਣ ਦਾ ਇਕਰਾਰ ਕੀਤਾ ਸੀ। ਮੈਂ 17 ਨਵੰਬਰ ਨੂੰ ਲਾਢੂਵਾਲ ਦੇ ਜਲਸੇ ਵਿਚ ਅਤੇ 13 ਨਵੰਬਰ ਨੂੰ ਸਾਧੂਵਾਲ ਦੇ ਜਲਸੇ ਵਿਚ ਸ਼ਾਮਲ ਸਾਂ ਤੇ ਉੱਥੇ ਲੈਕਚਰ ਵੀ ਦਿੱਤਾ ਸੀ। ਮੈਂ ਨਵਾਬ ਖਾਂ ਨੂੰ ਸਦਾ ਹੀ ਗੌਰਮੈਂਟ ਦਾ ਜਾਸੂਸ ਖਿਆਲ ਕਰਦਾ ਸੀ। ਮੈਂ ਕਦੇ ਕੋਈ ਗੱਲ ਇਸ ਦੇ ਸਾਹਮਣੇ ਨਹੀਂ ਕੀਤੀ ਜੋ ਗੌਰਮੈਂਟ ਦੇ ਵਿਰੁੱਧ ਹੋਵੇ। ਮੈਂ ਇਹ ਸੁਲਾਹ ਕਦੇ ਵੀ ਨਹੀਂ ਦਿੱਤੀ ਕੇ ਰੇਲਵੇ ਸਟੇਸ਼ਨ 'ਤੇ ਡਾਕੇ ਮਾਰੇ ਜਾਣ। ਮੈਨੂੰ ਕੰਮ ਲਈ ਇੱਕ ਬੰਗਾਲੀ ਨੂੰ ਮਿਲਾਉਣਾ ਜਰੂਰੀ ਸੀ। ਜਿਵੇਂ ਰਾਸ ਬਿਹਾਰੀ ਬੋਸ ਸਾਡੇ ਨਾਲ ਅਮ੍ਰਿਤਸਰ ਤੇ ਲਾਹੌਰ ਵਿੱਚ ਰਿਹਾ ਉਹ ਇਕ ਬੰਗਾਲੀ ਹੈ। ਮੈਂ ਸੂਬਾ ਮੁਤਹਦਾ ਦੀਆਂ ਛੌਣੀਆਂ ਵਿੱਚ ਗਿਆ। ਮੈਂ ਸਮਿਲਤ ਸੂਬਿਆਂ ਵਿਚਲੀਆਂ ਛਾਉਣੀਆਂ ਵਿਚ ਗਿਆ। ਮੈਂ ਲਾਹੌਰ ਦੇ ਮਕਾਨ ਨੰਬਰ ਇਕ ਵਿੱਚ ਰਿਹਾ । ਮੈਂ ਝੰਡੇ ਬਣਾਉਣ ਲਈ ਕੱਪੜਾ ਖਰੀਦਿਆ। ਮੈਂ ਇਹ ਚੰਗੀ ਤਰ੍ਹਾਂ ਨਾਲ ਜਾਣਦਾ ਹਾਂ ਕਿ ਮੇਰੇ ਨਾਲ ਕੀ ਸਲੂਕ ਹੋਵੇਗਾ। (ਗ਼ਦਰ ਲਹਿਰ ਦੀ ਵਾਰਤਕ, ਪੰਜਾਬ ਯੁਨੀਵਰਸਿਟੀ)''

ਕਿਉਂਕਿ ਕਰਤਾਰ ਦਾ ਮਕਸਦ ਸ਼ਪਸਟ ਸੀ ਇਸ ਕਰਕੇ ਨਾ ਤਾਂ ਉਸ ਵਿੱਚ ਡਰ ਸੀ ਨਾ ਝਿਜਕ। ਉਹ ਫੜੇ ਜਾਣ ਤੋਂ ਬਾਦ ਵੀ ਘਬਰਾਇਆ ਨਹੀਂ ਸੀ। ਸਗੋਂ ਹੋਰ ਸਹਿਜ ਹੋ ਗਿਆ ਸੀ ਸ਼ਹੀਦ ਭਗਤ ਸਿੰਘ ਲਿਖਦੇ ਹਨ-:

ਪੁਲਿਸ ਕਪਤਾਨ ਨੂੰ ਕਰਤਾਰ ਨੇ ਕਿਹਾ- 'ਮਿ. ਟਾਮਕਿਨ! ਕੁਝ ਖਾਣ ਨੂੰ ਤਾਂ ਲਿਆ ਦਿਉ!' ਅਸੀਂ ਉਸ ਸਮੇਂ ਕਰਤਾਰ ਦੀ ਮਾਨਸਿਕ ਤੇ ਸਰੀਰਕ ਹਾਲਤ ਦਾ ਅਨੁਮਾਨ ਤਾਂ ਲਾ ਹੀ ਸਕਦੇ ਹਾਂ ਜਿਹੜਾ ਅਕਸਰ ਕਿਹਾ ਕਰਦਾ ਸੀ- 'ਹਿੰਮਤ ਨਾਲ ਮਰ ਜਾਣ ਤੇ ਮੈਨੂੰ 'ਬਾਗ਼ੀ' ਦਾ ਖਿਤਾਬ ਦੇਣਾ। ਕੋਈ ਯਾਦ ਕਰੇ ਤਾਂ 'ਬਾਗੀ' ਕਹਿ ਕੇ ਯਾਦ ਕਰੇ।'

ਜਦੋਂ ਮੁਕੱਦਮਾ ਚੱਲਿਆ ਕਰਤਾਰ ਸਿੰਘ ਦੀ ਉਮਰ ਸਾਢੇ ਅਠਾਰਾਂ ਸਾਲ ਸੀ। ਪਰ ਜੱਜ ਮਹੋਦਿਆ ਲਿਖਦੇ ਹਨ:

ਇਹ ਇਨ੍ਹਾਂ ਸਾਰੇ 61 ਦੋਸ਼ੀਆਂ ਵਿਚੋਂ ਸਭ ਤੋਂ ਮਹੱਤਵਪੂਰਨ ਇਹ ਹੀ ਹੈ। ਅਮਰੀਕਾ ਤੋਂ ਭਾਰਤ ਤੱਕ ਇਸ ਸਾਜਿਸ਼ ਦਾ ਕੋਈ ਖੇਤਰ ਅਜਿਹਾ ਨਹੀਂ ਜਿੱਥੇ ਇਸ ਦੋਸ਼ੀ ਨੇ ਕੋਈ ਭੂਮਿਕਾ ਨਾ ਨਿਭਾਈ ਹੋਵੇ।

ਬਿਆਨ ਦੇਣ ਦੀ ਵਾਰੀ ਆਈ ਤਾਂ ਕਰਤਾਰ ਨੇ ਆਪ ਹੀ ਸਭ ਕੁੱਝ ਮੰਨ ਲਿਆ। ਸਭ ਕੁੱਝ ਮੰਨਦਾ ਦੇਖ ਕੇ ਜੱਜ ਲਿਖਣ ਤੋਂ ਰੁਕ ਗਿਆ ਤੇ ਕਰਤਾਰ ਸਿੰਘ ਬਿਆਨ ਦਿੰਦੇ ਰਹੇ। ਮੂੰਹ ਵਿਚ ਕਲਮ ਫਸਾਈ ਜੱਜ ਦੇਖਦਾ ਰਿਹਾ। ਬਾਅਦ ਵਿਚ ਐਨਾ ਹੀ ਕਿਹਾ-'ਕਰਤਾਰ ਸਿੰਘ! ਅੱਜ ਤੇਰੇ ਬਿਆਨ ਨਹੀਂ ਲਿਖੇ ਗਏ। ਤੂੰ ਸੋਚ-ਸਮਝ ਕੇ ਬਿਆਨ ਦੇਹ। ਤੂੰ ਜਾਣਦਾ ਏਂ, ਤੇਰੇ ਆਪਣੇ ਹੀ ਬਿਆਨਾਂ ਦਾ ਕੀ ਨਤੀਜਾ ਨਿੱਕਲ ਸਕਦਾ ਹੈ?'

ਜੱਜ ਦੇ ਇਨ੍ਹਾਂ ਸ਼ਬਦਾਂ ਦੇ ਪ੍ਰਤੀਕਰਮ ਵਿਚ ਕਰਤਾਰ ਨੇ ਸਿਰਫ਼ ਏਨਾ ਹੀ ਕਿਹਾ - 'ਫਾਂਸੀ ਹੀ ਲਾ ਦਿਉਂਗੇ ਨਾ, ਹੋਰ ਕੀ? ਅਸੀਂ ਉਸ ਤੋਂ ਡਰਦੇ ਨਹੀਂ।'

ਉਸ ਦਿਨ ਕਚਹਿਰੀ ਉੱਠ ਗਈ। ਜੱਜਾਂ ਦੀ ਇਹ ਧਾਰਨਾ ਸੀ ਕਿ ਕਰਤਾਰ ਇਸ ਤਰ੍ਹਾਂ ਦਾ ਬਿਆਨ ਭਾਈ ਪਰਮਾਨੰਦ ਦੇ ਇਸ਼ਾਰੇ ਤੇ ਦੇ ਰਿਹਾ ਹੈ। ਦੂਸਰੇ ਦਿਨ ਕਰਤਾਰ ਸਿੰਘ ਦਾ ਬਿਆਨ ਜ਼ਿਆਦਾ ਜੋਸ਼ੀਲਾ ਤੇ ਸੱਚ ਦੇ ਨੇੜੇ ਸੀ।

ਅੰਤ ਵਿਚ ਆਪ ਨੇ ਕਿਹਾ- 'ਮੇਰੇ ਗੁਨਾਹ ਲਈ ਜਾਂ ਤਾਂ ਮੈਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਤੇ ਜਾਂ ਫਾਂਸੀ। ਪਰ ਮੈਂ ਤਾਂ ਫਾਂਸੀ ਨੂੰ ਹੀ ਤਰਜੀਹ ਦਿਆਂਗਾ। ਤਾਂ ਕਿ ਛੇਤੀ ਹੀ ਫੇਰ ਜਨਮ ਲੈ ਕੇ ਭਾਰਤ ਦੀ ਆਜ਼ਾਦੀ ਦੀ ਜੰਗ ਵਾਸਤੇ ਤਿਆਰ ਹੋ ਸਕਾਂ। ਜਦੋਂ ਤੱਕ ਭਾਰਤ ਆਜ਼ਾਦ ਨਹੀਂ ਹੁੰਦਾ ਉਦੋਂ ਤੱਕ ਇਵੇਂ ਹੀ ਵਾਰ-ਵਾਰ ਜਨਮ ਲੈ ਕੇ ਫਾਂਸੀ ਤੇ ਚੜ੍ਹਦਾ ਰਹਾਂ''

ਉਹ ਹੀ ਜੱਜ ਉਸ ਕੇਸ ਵਿੱਚ ਇਹ ਲਿਖਦਾ ਹੈ-:

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਨੌਜਵਾਨ ਹੈ; ਪਰ ਇਹ ਇਨ੍ਹਾਂ ਸਾਰਿਆਂ ਸਾਜ਼ਿਸ਼ੀਆਂ ਤੋਂ ਭੈੜਾ ਹੈ, ਆਪਣੇ ਕੀਤੇ ਤੇ ਫ਼ਖਰ ਕਰਦਾ ਹੈ, ਇਸ ਵਾਸਤੇ ਕੋਈ ਤਰਸ ਨਹੀਂ ਦਿਖਾਇਆ ਜਾ ਸਕਦਾ। ਪਹਿਲੇ ਸਾਜਿਸ਼ ਕੇਸ ਦੇ ਫੈਸਲੇ ਸੁਣਾਉਣ ਸਮੇਂ ਭਾਈ ਪਰਮਾਨੰਦ ਅਦਾਲਤ ਵਿਚ ਹਾਜ਼ਰ ਸਨ। ਉਸਨੇ ਕਰਤਾਰ ਸਿੰਘ ਨਾਲ ਆਪਣੇ ਅਤੇ ਉਸਦੀ ਸ਼ਖਸੀਅਤ ਨੂੰ ਬੜੇ ਹਿਰਦੇ ਵੇਧਕ ਸ਼ਬਦਾਂ 'ਚ ਆਪਣੀ ਪੁਸਤਕ 'ਆਪ ਬੀਤੀ' ਵਿਚ ਪੇਸ਼ ਕੀਤਾ ਹੈ।

ਕਰਤਾਰ ਸਿੰਘ ਨੇ ਮੁਕੱਦਮੇ ਦੇ ਸਮੇਂ ਅਦਾਲਤ ਵਿਚ ਸਾਰੀਆਂ ਗੱਲਾਂ ਮੰਨ ਲਈਆਂ ਪਰ ਅੰਗਰੇਜ਼ ਜੱਜ ਨੇ ਪਹਿਲੇ ਦਿਨ ਉਨ੍ਹਾਂ ਦੀ ਕਿਸੇ ਵੀ ਗੱਲ ਨੂੰ ਦਰਜ਼ ਨਾ ਕੀਤਾ। ਉਸ ਨੇ ਕਰਤਾਰ ਸਿੰਘ ਨੂੰ ਸਮਝਾ ਕੇ ਕਿਹਾ ਕਿ ਇਸ ਨਾਲ ਉਨ੍ਹਾਂ ਦਾ ਆਪਣਾ ਕੇਸ ਬਹੁਤ ਖਰਾਬ ਹੋ ਜਾਵੇਗਾ। ਇਸ 'ਤੇ ਵੀ ਕਰਤਾਰ ਸਿੰਘ ਨੇ ਆਪਣਾ ਬਿਆਨ ਨਹੀਂ ਬਦਲਿਆ ਅਤੇ ਸਾਰੀ ਜੁੰਮੇਵਾਰੀ ਆਪਣੇ ਸਿਰ 'ਤੇ ਲੈ ਲਈ। ਮਜ਼ਬੂਰ ਹੋ ਕੇ ਜੱਜ ਨੂੰ ਕਹਿਣਾ ਪਿਆ,"ਕਰਤਾਰ ਸਿੰਘ ਅੱਜ ਮੈਂ ਤੁਹਾਡੀ ਕੋਈ ਵੀ ਗੱਲ ਨਹੀਂ ਸੁਣੀ, ਤੈਨੂੰ ਇੱਕ ਦਿਨ ਦਾ ਹੋਰ ਸਮਾਂ ਦਿੰਦਾ ਹਾਂ, ਚੰਗੀ ਤਰ੍ਹਾਂ ਸੋਚ ਵਿਚਾਰ ਕੇ ਕੱਲ੍ਹ ਜੋ ਕੁੱਝ ਵੀ ਕਹਿਣਾ ਹੋਵੇ, ਕਹਿ ਦੇਵੀ।''

ਦੂਜੇ ਦਿਨ ਕਰਤਾਰ ਸਿੰਘ ਨੇ ਸਾਰਾ ਦੋਸ਼ ਆਪਣੇ ਸਿਰ ਲੈ ਲਿਆ। ਉਨ੍ਹਾਂ ਦੀ ਇਸ ਬਹਾਦਰੀ 'ਤੇ ਸਾਰੇ ਕਾਇਲ ਹੋ ਗਏ। ਸ਼ਹੀਦ ਭਗਤ ਸਿੰਘ ਬਹੁਤ ਹੀ ਖੂਬਸੂਰਤ ਸ਼ਬਦਾਂ ਵਿੱਚ ਲਿਖਦੇ ਹਨ,

"ਕਰਤਾਰ, ਤੇਰੇ ਜੀਵਨ ਵਿੱਚ ਅਜਿਹੀ ਕਿਹੜੀ ਖਾਸ ਘਟਨਾ ਵਾਪਰ ਗਈ ਸੀ, ਜਿਸ ਕਰਕੇ ਤੂੰ ਮੌਤ ਦੀ ਦਾ ਵੀ ਦਾ ਐਨਾ ਸ਼ਰਧਾਲੂ ਬਣ ਗਿਆ? ਕਰਤਾਰ ਸਿੰਘ ਫਾਂਸੀ ਦੀ ਕੋਠੜੀ ਵਿੱਚ ਬੰਦ ਸਨ। ਦਾਦਾ ਆ ਕੇ ਪੁੱਛਦੇ ਹਨ- 'ਕਰਤਾਰ ਸਿੰਘ, ਕਿਨ੍ਹਾਂ ਵਾਸਤੇ ਮਰ ਰਿਹਾ ਹੈਂ? ਜੋ ਤੈਨੂੰ ਗਾਲ੍ਹਾਂ ਕੱਢਦੇ ਹਨ? ਤੇਰੇ ਮਰਨ ਨਾਲ ਦੇਸ਼ ਦਾ ਕੁੱਝ ਫਾਇਦਾ ਹੋਵੇ, ਉਹ ਵੀ ਨਹੀਂ ਦਿਸਦਾ।

ਕਰਤਾਰ ਸਿੰਘ ਨੇ ਹੌਲੀ ਜਿਹੀ ਪੁੱਛਿਆ- 'ਦਾਦਾ ਜੀ, ਫਲਾਣਾ ਬੰਦਾ ਕਿੱਥੇ ਗਿਆ?'

'ਪਲੇਗ ਨਾਲ ਮਰ ਗਿਆ।'

'ਫਲਾਣਾ ਕਿੱਥੇ ਹੈ?'

'ਹੈਜ਼ੇ ਨਾਲ ਮਰ ਗਿਆ।'

'ਤਾਂ ਕੀ ਤੁਸੀਂ ਵੀ ਚਾਹੁੰਦੇ ਸੀ ਕਿ ਕਰਤਾਰ ਸਿੰਘ ਵੀ ਬਿਸਤਰੇ ਤੇ ਮਹੀਨਿਆਂ ਬੱਧੀ ਪਿਆ ਰਹਿ ਕੇ ਦਰਦ ਨਾਲ ਤੜਫਦਾ ਹੋਇਆ ਕਿਸੇ ਰੋਗ ਨਾਲ ਮਰ ਜਾਵੇ? ਕੀ ਉਸ ਮੌਤ ਨਾਲੋਂ ਇਹ ਮੌਤ ਚੰਗੀ ਨਹੀਂ ਜੋ ਦੇਸ਼ ਦੇ ਲੇਖੇ ਲੱਗੀ ਹੈ। ਆਖਰ ਮਰਨਾ ਤਾਂ ਸਾਰਿਆਂ ਨੇ ਹੀ ਹੈ?'

ਦਾਦਾ ਚੁੱਪ ਹੋ ਗਏ।

ਅੱਜ ਦੁਨੀਆਂ ਵਿਚ ਫੇਰ ਸਵਾਲ ਖੜ੍ਹਾ ਹੁੰਦਾ ਹੈ, ਉਨ੍ਹਾਂ ਦੇ ਮਰਨ ਦਾ ਕੀ ਫਾਇਦਾ ਹੋਇਆ? ਉਹ ਕਿਨ੍ਹਾਂ ਵਾਸਤੇ ਮਰੇ? ਜਵਾਬ ਸਾਫ਼ ਹੈ। ਉਨ੍ਹਾਂ ਦਾ ਆਦਰਸ਼ ਹੀ ਦੇਸ਼-ਸੇਵਾ ਵਿਚ ਮਰਨਾ ਸੀ, ਇਸ ਤੋਂ ਵੱਧ ਉਹ ਕੁੱਝ ਹੋਰ ਚਾਹੁੰਦੇ ਹੀ ਨਹੀਂ ਸਨ, ਉਨ੍ਹਾਂ ਦਾ ਆਦਰਸ਼ ਸੀ: ਭਾਰਤ ਮਾਂ ਦੀ ਆਜ਼ਾਦੀ! ਸਵਾਲ ਹੋਰ ਵੱਡਾ ਹੋ ਗਿਆ ਹੈ ਕਿ ਕੀ ਦੇਸ਼ ਅੱਜ ਆਜ਼ਾਦ ਹੋ ਗਿਆ ਹੈ? ਆਜ਼ਾਦੀ ਦੇ 65 ਸਾਲਾਂ ਬਾਦ ਵੀ ਭਾਰਤੀਆਂ ਨੂੰ ਦੋ ਟੁੱਕ ਦੀ ਰੋਟੀ ਲਈ ਬਦੇਸ਼ਾਂ ਵਿਚ ਜਾਣਾਂ ਪੈ ਰਿਹਾ ਹੈ। ਕੀ ਕਰਤਾਰ ਇਸ ਲਈ ਸ਼ਹੀਦ ਹੋਇਆ ਸੀ ਕਿ ਦੇਸ਼ ਦੇ ਮੁੱਠੀ ਭਰ ਲੋਕ ਅਰਬਾਂਪਤੀ ਹੋ ਜਾਣ ਤੇ ਸਵਿੱਸ ਬੈਂਕਾਂ ਦੀਆਂ ਤਜੌਰੀਆਂ ਭਰਨ ਤੇ ਕਿਰਤ ਕਮਾਈ ਕਰਨ ਵਾਲੇ 20 ਰੁਪਏ ਨਾਲ ਗੁਜ਼ਾਰਾ ਕਰਨ? ਅੱਜ ਜਦੋਂ ਅਸੀਂ ਗ਼ਦਰ ਦੀ ਸ਼ਤਾਬਦੀ ਦਾ ਵਰ੍ਹਾਂ ਮਨਾਉਣ ਜਾ ਰਹੇ ਹਾਂ ਤਾਂ ਉਨ੍ਹਾਂ ਸਰਾਭਿਆਂ ਦੀ ਲੋੜ ਵਧੇਰੇ ਮਹਿਸੂਸ ਕਰ ਰਹੇ ਹਾਂ। ਜਦ ਕਿ ਮੁੱਠੀ ਭਰ ਲੋਕਾਂ ਲਈ ਦੇਸ਼ ਆਜ਼ਾਦ ਹੋ ਚੁੱਕਾ ਹੈ।

ਡੇਢ ਸਾਲ ਤੱਕ ਮੁਕੱਦਮਾ ਚੱਲਿਆ। ਅਖੀਰ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਨੇਸ਼ ਪਿੰਗਲੇ, ਜਗਤ ਸਿੰਘ (ਸੁਰ ਸਿੰਘ) ਹਰਨਾਮ ਸਿੰਘ ਸਿਆਲ ਕੋਟੀ, ਬਖਸ਼ੀਸ ਸਿੰਘ ਗਿੱਲਵਾਲੀ, ਸੁਰੈਣ ਸਿੰਘ ਸਪੁੱਤਰ ਬੂੜ ਸਿੰਘ ਤੇ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ, ( ਦੋਵੇਂ ਹੀ ਪਿੰਡ ਗਿੱਲਵਾਲੀ) ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਕਰਤਾਰ ਸਿੰਘ ਫ਼ਾਂਸੀ ਵਾਲੇ ਦਿਨ ਵੀ ਹਮੇਸ਼ਾ ਵਾਂਗ ਖੁਸ਼ ਸਨ। ਉਨ੍ਹਾਂ ਦਾ ਵਜ਼ਨ 10 ਪਾਊਂਡ ਵਧ ਗਿਆ ਸੀ। 'ਭਾਰਤ ਮਾਤਾ ਦੀ ਜੈ' ਕਹਿੰਦੇ ਹੋਏ ਉਹ ਫ਼ਾਸੀ ਦੇ ਤ੍ਰਤੇ 'ਤੇ ਚੜ੍ਹ ਗਏ।

**Harjeet Sandhu**
REALTOR
''Serving all your Real Estate needs''
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

# ਟੁੱਟਦੇ ਤਾਰੇ ਦਾ ਦਰਦ



ਸਿਮਰਨ ਧਾਲੀਵਾਲ
+91-94632-15168
dhaliwalsimran77@gmail.com

**ਸਿਮਰਨ ਧਾਲੀਵਾਲ ਨੇ ਆਪਣੀ ਪਹਿਲੀ ਕਿਤਾਬ ਆਸ ਅਜੇ ਬਾਕੀ ਹੈ ਦੇ ਛਪਣ ਤੋਂ ਪਹਿਲਾਂ ਹੀ ਸਾਹਿਤਕ ਪਰਚਿਆਂ ਰਾਹੀਂ ਪੰਜਾਬੀ ਕਥਾ-ਖੇਤਰ ਵਿੱਚ ਆਪਣੀ ਪਹਿਚਾਣ ਬਣਾ ਲਈ ਸੀ। ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ, ਮੈਂ ਨਾਟਕ ਤੇ ਜ਼ਿੰਦਗੀ, ਰੂਪ ਤੂੰ ਨਾ ਜਾਹ, ਅਤੇ ਕੇਂਦਰ ਬਿੰਦੂ ਵਰਗੀਆਂ ਕਹਾਣੀਆਂ ਉਸਦੇ ਸਫ਼ਲ ਕਥਾਕਾਰ ਹੋਣ ਦੀ ਗਵਾਹੀ ਭਰਦੀਆਂ ਹਨ। ਸਿਮਰਨ ਦੀਆਂ ਕਹਾਣੀਆਂ ਦਾ ਬਿਰਤਾਂਤਕ ਪੈਟਰਨ ਸਵੈ-ਮੁਖੀ ਹੈ। ਵਿਸ਼ੇ ਪੱਖੋਂ ਉਸਦੀਆਂ ਕਹਾਣੀਆਂ ਮਾਨਸਿਕ ਗੁੰਝਲਾਂ ਨੂੰ ਸਮਝਣ ਵਿੱਚ ਸਹਾਇਕ ਹਨ। ਜੇ ਕਥਾ-ਕਰਮ ਦੀ ਗੱਲ ਕਰੀਏ ਤਾਂ ਉਹ ਕਿੱਧਰੇ ਵੀ ਸਹਿਜਤਾ ਦਾ ਪੱਲਾ ਨਹੀਂ ਛੱਡਦਾ ਤੇ ਇਹੀ ਸਹਿਜਤਾ ਪਾਠਕਾਂ ਨੂੰ ਖਿੱਚ ਪਾਉਂਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਕਹਾਣੀ ਦਾ ਭਵਿੱਖ ਸਿਮਰਨ ਵਰਗੇ ਲੇਖਕਾਂ ਦੇ ਹੱਥਾਂ ਵਿੱਚ ਸੁਰੱਖਿਅਤ ਹੈ।- ਸੰਪਾਦਕ**

**ਕਹਾਣੀ ਮੌਤ ਦੇ ਆਲੇ-ਦੁਆਲੇ ਘੁੰਮਦੀ ਹੈ। ਦੋ ਖ਼ਿਆਲ ਹਨ। ਇੱਕ ਮੌਤ ਦੇ ਸਾਹਮਣੇ ਸੀਨਾ ਤਾਣ ਕੇ ਜੀਣ ਦਾ ਤੇ ਦੂਸਰਾ ਮੌਤ ਤੋਂ ਡਰਦਿਆਂ ਰੋਜ਼ ਮਰ-ਮਰ ਕੇ ਜੀਣ ਦਾ ਹੈ। ਅਸੀਂ ਦੂਸਰੇ ਖ਼ਿਆਲ ਨਾਲ ਜ਼ਿੰਦਗੀ ਜੀ ਰਹੇ ਹਾਂ। ਮੌਤ ਤੋਂ ਘਬਰਾਉਂਦੇ ਹਾਂ, ਮੁਸ਼ਕਿਲਾਂ ਤੋਂ ਪਾਸਾ ਵੱਟ ਕੇ ਲੰਘਦੇ ਹਾਂ। ਇਸ ਤਰ੍ਹਾਂ ਦੇ ਜੀਣ ਕਾਰਨ ਸਾਡੀ ਮਾਨਸਿਕਤਾ ਕਮਜ਼ੋਰ ਹੋ ਚੁੱਕੀ ਹੈ। ਅਲਾਮਤਾਂ ਸਾਡੇ ‘ਤੇ ਹਾਵੀ ਹੋ ਰਹੀਆਂ ਹਨ। ਜੇ ਜ਼ਿੰਦਗੀ ਇਸੇ ਤੋਰ ਤੁਰਦੀ ਰਹੀ ਤਾਂ ਅਸੀਂ ਅੰਨ੍ਹੇ ਖੂਹ ‘ਚ ਜਾ ਪੈਣਾ ਹੈ। ਕਹਾਣੀ ਇਸੇ ਸਥਿਤੀ ਵੱਲ ਸੰਕੇਤ ਕਰਦੀ ਹੈ।**

**ਸਾਡੇ ਕੋਲ ਅਜੇ ਸੰਭਲਣ ਦਾ ਸਮਾਂ ਹੈ ਪਰ ਜੇ ਹੁਣ ਵੀ ਨਾ ਸੰਭਲੇ ਤਾਂ ਅਸੀਂ ਉਸ ਸਥਿਤੀ ‘ਚ ਪਹੁੰਚ ਜਾਵਾਂਗੇ, ਜਿੱਥੇ ਜੇਕਰ ਅਸੀਂ ਸੰਭਲਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹ ਕੋਸ਼ਿਸ਼ ਵੀ ਬੇਕਾਰ ਹੋਵੇਗੀ। ਜ਼ਿੰਦਗੀ ਵਿੱਚ ਅਪਾਰ ਸੰਭਾਵਨਾਵਾਂ ਹਨ। ਅਸੀਂ ਬਹੁਤ ਕੁਝ ਨਵਾਂ ਸਿਰਜ ਸਕਦੇ ਹਾਂ ਜਿਸਦੀ ਸਾਨੂੰ ਜ਼ਰੂਰਤ ਵੀ ਹੈ ਤੇ ਸਾਡੇ ਸਿਰ ‘ਤੇ ਜ਼ਿੰਮੇਵਾਰੀ ਵੀ। ਪਰ ਓਧਰ ਅਸੀਂ ਤੁਰ ਨਹੀਂ ਰਹੇ ਅਸੀਂ ਮੌਤ ਵੱਲ ਤੁਰ ਰਹੇ ਹਾਂ, ਮੌਤ ਜੋ ਤਬਾਹੀ ਦਾ ਪ੍ਰਤੀਕ ਹੈ।**

## ਕਾਲੀ ਰਾਤ......

ਸਿਵਿਆਂ ਤੋਂ ਮੁੜਿਆ ਸਾਂ। ਜੱਸੀ ਦੀ ਲਾਸ਼ ਵੇਖ ਕੇ ਮੇਰੇ ਅੰਦਰ ਧੂੰਆਂ ਉੱਠਣ ਲੱਗਾ। ਲੱਗਿਆ ਜਿਵੇਂ ਮੇਰੇ ਅੰਦਰ ਵੀ ਲਾਟ ਬਲਦੀ ਪਈ ਹੋਵੇ। ਮੈਂ ਸੁਲਗ ਰਿਹਾ ਹੋਵਾਂ।

"ਮੈਂ ਵੀ ਇਉਂ ਈ ਸੁਲਗਦਾ ਸੀ। ਵੇਖ ਲਾ....ਹੌਲੀ ਹੌਲੀ ਮੱਚ ਕੇ ਸੁਆਹ ਹੋ ਗਿਆਂ।" ਮੈਨੂੰ ਲੱਗਿਆ ਜਿਵੇਂ ਜੱਸੀ ਬੋਲਿਆ।

ਬਾਹਰ ਸੰਨਾਟਾ ਹੈ। ਪਰ ਮੇਰੇ ਅੰਦਰ ਸ਼ੋਰ। ਬਾਹਰ ਚਾਨਣ ਹੋ ਰਿਹਾ ਹੈ। ਪਰ ਮੇਰੇ ਅੰਦਰ ਦਾ ਹਨੇਰਾ ਹੋਰ ਡੂੰਘਾ ਹੋਈ ਜਾਂਦਾ। ਇਹ ਬੀਤ ਗਈ ਰਾਤ ਮੈਂ ਅੱਖਾਂ ਵਿੱਚ ਲੰਘਾਈ ਹੈ। ਕਿੰਨੇ ਹੀ ਸਵਾਲ ਅੱਖਾਂ ਸਾਹਵੇਂ ਲਟਕ ਰਹੇ ਨੇ!

"ਬੰਦਾ ਮਰ ਕੇ ਚਲਿਆ ਕਿੱਥੇ ਜਾਂਦਾ?" ਕਿੰਨੀ ਵਾਰ ਖ਼ੁਦ ਨੂੰ ਪੁੱਛ ਚੁੱਕਾ ਹਾਂ।

"ਉਥੇ ਜਿੱਥੋਂ ਕੋਈ ਨਹੀਂ ਮੁੜਦਾ।"

ਕਈ ਵਰ੍ਹੇ ਪਹਿਲਾਂ ਮੇਰੀ ਦਾਦੀ ਨੇ ਕਿਹਾ ਸੀ।

ਉਦੋਂ......ਜਦੋਂ ਮੇਰੀ ਮਾਂ ਦੀਆਂ ਅਸਥੀਆਂ ਵਸਰਜਿਤ ਕਰਨ ਅਸੀਂ ਹਰਿਦੁਆਰ ਗਏ ਸੀ।......ਤੇ ਮੈਂ ਨਿੱਕਾ ਜਿਹਾ ਬਾਲ ਕਈ ਵਰ੍ਹੇ ਇਸ ਰਹੱਸ ਤੋਂ ਅਣਜਾਣ...ਆਪਣੇ ਹਾਣੀਆਂ ਨੂੰ ਕਹਿੰਦਾ ਰਿਹਾ ਸੀ....ਕਿ ਮੇਰੀ ਮਾਂ ਰੱਬ ਕੋਲ ਗਈ ਏ।

ਮੂੰਹ ਉਤਾਂਹ ਨੂੰ ਚੁੱਕ ਕੇ ਵੇਖਦਾ। ਲੱਗਦਾ ਕਿੰਨੀ ਦੂਰ। ਨੀਲੇ ਬੱਦਲਾਂ ਦੇ ਉਹਲੇ। ਤਾਰਿਆਂ ਵਿੱਚੋਂ ਕਈ ਵਰ੍ਹੇ ਆਪਣੀ ਮਾਂ ਦੇ ਨਕਸ਼ ਲੱਭਦਾ ਰਿਹਾ। ਅੱਜ ਜੱਸੀ ਵੀ ਤਾਂ ਉਥੇ ਹੀ ਜਾ ਬੈਠਾ ਏ, ਜਿਥੋਂ ਉਹਨੇ ਕਦੇ ਨਹੀਂ ਮੁੜਨਾ। ਇੱਕ ਰਹੱਸ ਹੋਰ ਜੁੜ ਗਿਆ ਏ। ਆਖ਼ਿਰ ਕਿੱਥੇ ਜਾ ਬੈਠਾ ਏ ਜੱਸੀ। ....ਤੇ ਇਸ ਤੋਂ ਵੱਡਾ ਰਹੱਸ ਹੈ ਉਸਦੀ ਕਹੀ ਗੱਲ। ਜੋ ਉਸਨੇ ਮਿਸ਼ਨ ਚੌਂਕ ਵਾਲੀ ਸੁੰਨੀ ਸੜਕ 'ਤੇ ਖੜ ਕੇ ਕਹੀ ਸੀ। ਜੱਸੀ ਮੇਰਾ ਸਭ ਤੋਂ ਖਾਸ ਦੋਸਤ ਸੀ। ਐਸਾ ਇਨਸਾਨ ਜਿਸਨੂੰ ਮਿਲ ਕੇ ਰੂਹ ਦਾ ਰੱਜ ਆ ਜਾਵੇ।

"ਰੂਹ ਕਦੀ ਨਹੀਂ ਮਰਦੀ। ਸਰੀਰ ਮਿੱਟੀ ਦੀ ਢੇਰੀ ਹੈ। ਮਿੱਟੀ ਵਿੱਚ ਮਿਲ ਜਾਂਦਾ 'ਤੇ ਰੂਹ ਆਪਣਾ ਜਾਮਾਂ ਬਦਲ ਲੈਂਦੀ ਹੈ।"

ਸਿਵਿਆਂ ਵਿੱਚ ਖੜਾ ਕੋਈ ਬੋਲ ਰਿਹਾ ਸੀ। ਮੇਰੀਆਂ ਅੱਖਾਂ ਅੱਗੇ ਕਿੰਨਾ ਕੁਝ ਢਹਿਣ ਉਸਰਨ ਲੱਗਾ। ਉਹ ਕਾਲੀ ਰਾਤ ਮੇਰੇ ਅੱਗੇ ਸਾਕਾਰ ਹੋ ਗਈ। ਆਖ਼ਿਰੀ ਵਾਰ ਮਿਲੇ ਸੀ ਅਸੀਂ ਉਸ ਰਾਤ।....ਤੇ ਉਸ ਤੋਂ ਬਾਅਦ ਅੱਜ। ਜਦ ਜੱਸੀ...ਜੱਸੀ ਨਹੀਂ ਸੀ ਰਿਹਾ। ਰਾਖ ਦੀ ਢੇਰੀ ਬਣ ਗਿਆ ਸੀ। 'ਵਿਸ਼ਵ ਰੰਗਮੰਚ ਦਿਵਸ' ਸੀ ਉਸ ਦਿਨ। 'ਨਾਟਸ਼ਾਲਾ' 'ਚੋ ਨਿਕਲ ਮਿਸ਼ਨ ਚੌਕ ਵਿੱਚ ਆਣ ਖੜ੍ਹੇ ਸੀ ਅਸੀਂ। ਗੱਲਾਂ ਕਰਦਿਆਂ ਪਤਾ ਹੀ ਨਹੀਂ ਸੀ ਲੱਗਿਆ ਕਿ ਵਕਤ ਕਿਵੇਂ ਬੀਤ ਗਿਆ। ਮੈਂ ਘੜੀ 'ਤੇ ਨਜ਼ਰ ਮਾਰੀ। ਰਾਤ ਦੇ ਦੋ ਵੱਜ ਚੁੱਕੇ ਸਨ। ਸੁੰਨੀ ਸੜਕ 'ਤੇ ਮੈਂ ਸਾਂ ਜਾਂ ਜੱਸੀ।..ਤੇ ਜਾਂ ਫਿਰ ਉਹ ਦਹਿਸ਼ਤ ਜੋ ਮੇਰੇ ਚਿਹਰੇ ਉਪਰ ਫੈਲ ਗਈ ਸੀ। ਪਰ ਜੱਸੀ ਤਾਂ ਸ਼ਾਤ ਸੀ। ਕਿੰਨੇ ਸਹਿਜ ਨਾਲ ਕਹਿ ਦਿੱਤਾ ਸੀ ਉਸਨੇ ਉਹ ਸਾਰਾ ਕੁਝ...ਜਿਸ ਨੂੰ ਸੁਣ ਕੇ ਮੈਂ ਕੰਬ ਗਿਆ ਸੀ।

"ਦੀਪ ਮੈਨੂੰ......!! ਸ਼ਾਇਦ ਬਹੁਤੇ ਦਿਨ......!!"

ਮੈਂ ਜੱਸੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੁੱਛਿਆ, "ਮੌਤ ਦਾ ਖੌਫ਼ ਕਿਉਂ ਨਹੀਂ ਹੈ ਤੈਨੂੰ?" ਉਹ ਮੁਸਕੁਰਾਇਆ। ਬੋਲਿਆ, "ਤਿਲ ਤਿਲ ਮਰਨਾ ਵਧੇਰੇ ਦੁਖਦਾਈ ਹੁੰਦਾ ਹੈ ਦੀਪ ਮੈਨੂੰ ਪਤਾ ਹੈ ਹੁਣ ਮੈਂ ਹੋਰ ਨਹੀਂ.....ਤਾਂ ਕਿਉਂ ਹਰ ਪਲ ਮਰਾਂ? ਮੈਂ ਬਾਕੀ ਬਚੇ ਹਰ ਪਲ ਨੂੰ ਰੱਜ ਕੇ ਜਿਉਣਾ ਚਾਹੁੰਦਾ।"

ਉਹਨੇ ਮੈਨੂੰ ਬਾਹਾਂ ਵਿੱਚ ਘੁੱਟ ਲਿਆ।....ਤੇ ਮੈਨੂੰ ਪਤਾ ਨਹੀਂ ਸੀ ਲੱਗਿਆ ਕਿ ਜੱਸੀ ਮੇਰੀਆਂ ਬਾਹਾਂ ਵਿੱਚੋਂ ਕਿਰ ਰਿਹਾ ਹੈ ਜਾਂ ਮੈਂ ਜੱਸੀ ਦੀਆਂ ਬਾਹਾਂ ਵਿੱਚੋਂ। ਆਪਣਾ ਹਰ ਕੰਮ ਆਪਣੇ ਤੁਰ ਜਾਣ ਤੋਂ ਪਹਿਲਾਂ ਨਿਬੇੜ ਲੈਣਾਂ ਚਾਹੁੰਦਾ ਸੀ ਜੱਸੀ।....ਤੇ ਇਸੇ ਲਈ ਸਭ ਸੱਚ ਦੱਸ ਦਿੱਤਾ ਸੀ ਮੈਨੂੰ। ਉਹ ਬੋਝ ਲੈ ਕੇ ਨਹੀਂ ਸੀ ਮਰਨਾ ਚਾਹੁੰਦਾ। ਅਜੀਬ ਤਰ੍ਹਾਂ ਦੀ ਕਾਹਲ ਮੱਚ ਗਈ ਸੀ ਉਸਨੂੰ।....ਤੇ ਹਰ ਕੰਮ ਨਿਬੇੜਦਾ ਇੱਕ ਮਹੀਨੇ ਬਾਅਦ ਉਹ ਖੁਦ ਨਿਬੜ ਗਿਆ ਹੈ।...ਤੇ ਮੈਂ ਅੱਗ ਦੀਆਂ ਲਾਟਾਂ ਵਿੱਚ ਧੁਖਦਾ ਛੱਡ ਆਇਆ ਸੀ ਉਸਨੂੰ। ਧੂੰਆਂ ਮੇਰੇ ਸਿਰ ਨੂੰ ਚੜ੍ਹਨ ਲੱਗਾ ਸੀ। ਕਿੰਨਿਆਂ ਹੀ ਸਵਾਲਾਂ ਮੇਰੀ ਨੀਂਦ ਖੋਹ ਲਈ ਹੈ। ਮੌਤ ਨੂੰ ਹਰ ਪਲ ਨੇੜੇ ਆਉਂਦਾ ਤੱਕਿਆ ਹੋਵੇਗਾ ਜੱਸੀ ਨੇ....। ਮੇਰੇ ਲਈ ਜਿਉਣਾ ਕਿੰਨਾ ਔਖਾ ਕਰ ਗਿਆ ਹੈ ਜੱਸੀ। ਜੱਸੀ ਤਾਂ ਮਰ ਕੇ ਸੁਖਾਲਾ ਹੋ ਗਿਆ ਪਰ ਮੈਂ.....। ਉਸਦੀ ਕਹੀ ਗਈ ਗੱਲ! ਮਰਨ ਵਾਲਾ ਸਖ਼ਸ਼ ਕਦੀ ਝੂਠ ਨਹੀਂ ਬੋਲਦਾ, ਤੇ ਮੇਰੇ ਜਿਉਂਦੇ ਰਹਿਣ ਲਈ ਇਹ ਸੱਚ ਹਮੇਸ਼ਾ ਲੁਕਿਆ ਹੀ ਰਹਿੰਦਾ ਤਾਂ.....।

"ਤੂੰ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਏ......ਮੈਂ ਨਹੀਂ ਚਾਹੁੰਦਾ.....। ਪਰ ਤੂੰ ਆਤਮ ਬਲ ਨਾ ਛੱਡੀਂ.....ਜੇ ਆਤਮ ਬਲ ਜਿਉਂਦਾ ਹੈ ਤਾਂ ਇਨਸਾਨ ਜਿਉਂਦਾ ਹੈ....।"

ਕਿੰਨਾ ਸਹਿਜ ਸੀ ਜੱਸੀ ਦੇ ਚਹਿਰੇ 'ਤੇ ਪਰ ਮੈਂ ਇੰਨਾ ਆਤਮ ਬਲ ਕਿੱਥੋਂ ਲਿਆਉਂਦਾ। ਇਹ ਪੂਰਾ ਮਹੀਨਾ ਮਰ ਮਰ ਕੇ ਜਿਉਇਆ ਹੈ ਮੈਂ। ਕਿੰਨੀ ਅਜੀਬ ਖੇਡ ਵਾਪਰੀ। ਮੈਨੂੰ ਜਿਉਂਦੇ ਰੱਖਣ ਲਈ ਕਿੰਨਾ ਵੱਡਾ ਸੱਚ ਲੁਕਾਇਆ ਸੀ ਜੱਸੀ ਨੇ। ਕਿੰਨੇ ਮਹੀਨੇ ਗੁਜ਼ਰ ਗਏ ਨੇ ਉਸ ਗੱਲ ਨੂੰ! ਕੰਬੋਜ ਕਲੀਨਿਕ ਲੈਬੋਰਟਰੀ 'ਚੋਂ ਨਿਕਲ ਕੇ ਘੁੱਟ ਕੇ ਗਲੇ ਲਗਾਇਆ ਸੀ ਜੱਸੀ ਨੇ!

"ਐਵੇਂ ਫਿਕਰ ਕਰਦਾ ਸੀ ਤੂੰ! ਇੰਨਾ ਥੋੜਾ ਦਿਲ। ਕਮਲਿਆ ਤੂੰ ਤਾਂ ਅਜੇ ਕਿੰਨੀਆਂ ਮੰਜ਼ਿਲਾਂ ਸਰ ਕਰਨੀਆਂ। ਆਜਾ ਫਿਰ ਜ਼ਸ਼ਨ ਮਨਾਈਏ।"

....ਤੇ 'ਐਸ ਕੇ' ਜੂਸ ਬਾਰ ਵਿੱਚ ਬੈਠਾ ਮੈਂ ਭਾਵੁਕ ਹੋ ਗਿਆ ਸੀ। ਉਸੇ ਦਿਨ ਵਾਂਗ ਉਸ ਰਾਤ ਹੋਇਆ ਸੀ। ਮੌਸਮ ਵਿੱਚ ਮਿੱਠੀ ਮਿੱਠੀ ਠੰਡ ਘੁਲਣੀ ਸ਼ੁਰੂ ਹੋ ਗਈ ਸੀ। "ਜੱਸੀ ਮੈਂ ਆਪਣੇ ਲਈ ਨਹੀਂ....! ਮੇਰੀ ਦਾਦੀ ਦੇ ਚਿਹਰੇ ਵੱਲ ਦੇਖਿਆ ਤੂੰ ਕਦੀ? ਮੇਰੇ ਬਿਨ੍ਹਾਂ ਕੌਣ ਹੈ ਉਸਦਾ? ਮੇਰੇ ਬਾਪ ਨੇ ਮੇਰੇ ਜਵਾਨ ਹੋਣ ਦੀ ਇੰਨੀ ਲੰਬੀ ਉਡੀਕ ਹੰਢਾਈ ਏ......"

ਮੇਰੇ ਬੋਲਦੇ ਦਾ ਗੱਚ ਭਰ ਆਇਆ ਸੀ। ਕੀ ਮੇਰੀ ਗਲ਼ਤੀ ਇੰਨੀ ਵੱਡੀ ਸੀ?

ਕਿਸ ਤੋਂ ਮੰਗਦਾ ਇਸਦਾ ਜਵਾਬ?....



## ਸੁਪਨਾ ਤੇ ਅਕਸ......

ਮੈਂ ਐਚ.ਆਈ.ਵੀ ਪਾਜ਼ੈਟਿਵ ਹਾਂ। ਉਸ ਰਾਤ ਜੱਸੀ ਨੇ ਮਹੀਨਿਆਂ ਤੋਂ ਲੁਕਾਈ ਹੋਈ ਇਹ ਗੱਲ ਸਾਫ਼ ਕਹਿ ਦਿੱਤੀ ਸੀ ਮੈਨੂੰ! ਉਹ ਨਹੀਂ ਸੀ ਚਾਹੁੰਦਾ ਕਿ ਉਹ ਇੰਨਾ ਵੱਡਾ ਸੱਚ ਮੈਥੋਂ ਲੁਕਾਵੇ। ਉਹ ਨਹੀਂ ਸੀ ਚਾਹੁੰਦਾ ਕਿ ਇੰਨੀ ਵੱਡੀ ਗੱਲ ਦਾ ਬੋਝ ਲੈ ਕੇ ਇਸ ਜਹਾਨ ਤੋਂ ਤੁਰ ਜਾਵੇ।....ਤੇ ਉਹ ਇਹ ਵੀ ਨਹੀਂ ਸੀ ਚਾਹੁੰਦਾ ਕਿ ਮੈਂ ਹੁਣ ਹੋਰ ਭਰਮ ਵਿੱਚ ਜਿਉਂਵਾਂ। ਪਰ ਮੇਰੇ ਲਈ ਜਿਉਣਾ ਕਿੰਨਾ ਔਖਾ ਹੋ ਜਾਵੇਗਾ ਇਹ ਸ਼ਾਇਦ ਜੱਸੀ ਨਹੀਂ ਸੀ ਜਾਣਦਾ। ਪੂਰੇ ਇੱਕ ਮਹੀਨੇ ਬਾਅਦ ਕੱਲ੍ਹ ਜੱਸੀ ਦੀ ਮੌਤ ਹੋ ਚੁੱਕੀ ਹੈ।.....ਤੇ ਉਸਦੀ ਕਹੀ ਗੱਲ ਨੂੰ ਵੀ ਪੂਰਾ ਇੱਕ ਮਹੀਨਾ। ਇਹ ਮਹੀਨਾ ਮੈਂ ਕਿਵੇਂ ਬਿਤਾਇਆ ਹੈ ਇਹ ਸਿਰਫ਼ ਮੈਂ ਜਾਣਦਾ ਹਾਂ। ਹਰ ਪਲ ਮੈਂ ਮੌਤ ਨੂੰ ਆਪਣੇ ਕੋਲ ਮਹਿਸੂਸ ਕੀਤਾ ਹੈ।

"ਇਹ ਆਪਣੇ ਆਪ ਵਿੱਚ ਕੋਈ ਬਿਮਾਰੀ ਨਹੀਂ ਹੈ ਦੀਪ! ਇਹ ਵਾਇਰਸ ਸਾਡੀ ਰੋਗਾਂ ਨਾਲ ਲੜ੍ਹਨ ਦੀ ਸ਼ਕਤੀ ਨੂੰ ਖਾ ਜਾਂਦਾ ਹੈ।....ਵੀਹ-ਵੀਹ ਸਾਲ ਤੋਂ ਇਸ ਵਾਇਰਸ ਨਾਲ ਪੀੜਤ ਨੇ ਕਈ ਲੋਕ! ਪਰ ਆਮ ਵਰਗੀ ਜ਼ਿੰਦਗੀ.....!" ਕਿੰਨਾ ਲੰਬਾ ਚੌੜਾ ਵਿਖਿਆਨ ਕੀਤਾ ਸੀ ਡਾ. ਅਗਨੀਹੋਤਰੀ ਨੇ....! ਪਰ ਮੇਰੀ ਸ਼ਕਤੀ ਸਾਰੀ ਦੀ ਸਾਰੀ ਉਦੋਂ ਮਨਫ਼ੀ ਹੋ ਗਈ ਸੀ ਜਦ ਜੱਸੀ ਨੇ......! ਮੈਂ ਮੁੜ ਜੱਸੀ ਨੂੰ ਨਹੀਂ ਸੀ ਮਿਲਿਆ। ਮੈਂ ਮੁੜ ਮੁਸਕੁਰਾ ਨਹੀਂ ਸਾਂ ਸਕਿਆ। ਘੋਰ ਉਦਾਸੀ ਨੇ ਆਣ ਘੇਰਿਆ ਮੈਨੂੰ! ਮੈਂ ਵੀ ਚਾਹੁੰਦਾ ਹਾਂ ਕਿ ਆਪਣੇ ਨਿਬੜਨ ਤੋਂ ਪਹਿਲਾਂ ਹਰ ਕੰਮ ਨਿਬੇੜ ਲਵਾਂ। ਬਲੱਡ ਕੈਂਸਰ ਦੀ ਆਖ਼ਿਰੀ ਸਟੇਜ਼ 'ਤੇ ਬੈਠਾ ਜੱਸੀ ਕੀ ਸੋਚਦਾ ਹੋਵੇਗਾ? ਕੀ ਮਹਿਸੂਸ ਕਰਦਾ ਹੋਵੇਗਾ? ਤੇ ਕਿਵੇਂ ਜਿਉਂਦਾ ਹੋਵੇਗਾ ਉਹ? ਇਹਨਾਂ ਸਭ ਸਵਾਲਾਂ ਦੇ ਜਵਾਬ ਮੇਰੇ ਹੀ ਅੰਦਰ ਪਏ ਹਨ। ਮੇਰੇ ਹਰ ਸਵਾਲ ਦਾ ਜਵਾਬ ਖ਼ੁਦ ਮੈਂ ਹਾਂ। ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆਈ, ਤੇ ਮੁੜ ਕਿਸੇ ਵੀ ਰਾਤ। ਇੱਕ ਅਜੀਬ ਜਿਹਾ ਸੁਪਨਾ ਸੌਣ ਨਹੀਂ ਦਿੰਦਾ ਮੈਨੂੰ। ਸੁਪਨੇ ਵਿੱਚ ਮੈਨੂੰ ਸਿਵੇ ਨਜ਼ਰ ਆਉਂਦੇ ਨੇ.....!...ਤੇ ਸੁਪਨਿਆਂ ਵਿੱਚੋਂ ਉੱਠਦਾ ਧੂੰਆਂ। ਮੈਨੂੰ ਲੱਗਦਾ ਕੋਈ ਮੈਨੂੰ ਸਿਵਿਆਂ ਵੱਲ ਖਿੱਚਦਾ। ਬਾਰ-ਬਾਰ! ਮੇਰੀਆਂ ਲੱਤਾਂ ਤੋਂ ਫੜ ਕੇ ਘੜੀਸਦਾ ਹੋਇਆ। ਮੈਂ ਰੋਂਦਾ! ਕੁਰਲਾਉਂਦਾ! ਧੂੰਏ ਵਿੱਚੋਂ ਮੈਨੂੰ ਇੱਕ ਅਕਸ ਨਜ਼ਰ ਆਉਂਦਾ ਹੈ। ਉਹ ਅਕਸ ਕਈ ਵਾਰੀ ਜੱਸੀ ਬਣ ਜਾਂਦਾ ਹੈ ਤੇ ਕਦੀ ਬਚਪਨ ਵਿੱਚ ਮੈਥੋਂ ਦੂਰ ਜਾ ਚੁੱਕੀ ਮੇਰੀ ਮਾਂ। ਉਹ ਅਕਸ ਮੈਨੂੰ ਆਪਣੇ ਵੱਲ ਬੁਲਾਉਂਦਾ ਹੈ। "ਆਜਾ ਇੱਕ-ਮਿੱਕ ਹੋ ਜਾਈਏ। ਰੂਹਾਂ ਦਾ ਵੀ ਇੱਕ ਸੰਸਾਰ ਹੁੰਦਾ ਹੈ।" ਮੇਰੀ ਚੀਕ ਨਿਕਲਦੀ। ਅੱਖ ਖੁਲ ਜਾਂਦੀ। ਮੈਂ ਚੁੱਪ ਹੋ ਗਿਆ ਸੀ। ਘਰ ਮੁੜਦਾ ਤਾਂ ਦਾਦੀ ਦੇ ਮੱਥੇ ਦੀਆਂ ਝੁਰੜੀਆਂ ਦੇਖ ਕੇ ਮੇਰਾ ਦਿਲ ਡੁੱਬਣ ਲੱਗਦਾ। ਮੇਰਾ ਬਾਪ ਜਿਸ ਨੇ ਮੋਢਿਆਂ 'ਤੇ ਚੁੱਕ ਖਿਡਾਇਆ ਸੀ ਮੈਨੂੰ! ਮੇਰੇ ਜਵਾਨ ਹੋਣ ਦੀ ਉਡੀਕ ਕਰਦਿਆਂ ਜਿਸ ਦੇ ਚਿਹਰੇ 'ਤੇ ਬੁਢਾਪਾ ਉਤਰਨ ਲੱਗਾ ਸੀ, ਕਿਵੇਂ ਦੱਸਦਾ ਉਸਨੂੰ ਕਿ.....! "ਮੇਰੀ ਹਿੰਮਤ ਨਹੀਂ ਸੀ ਪਈ ਦੀਪ! ਮੈਂ ਪਲ ਪਲ ਮਰਦਾ ਨਹੀਂ ਸਾਂ ਵੇਖ ਸਕਦਾ ਤੈਨੂੰ। ਤੇਰੇ ਜਿਉਂਦੇ ਰਹਿਣ ਲਈ.... ਇਹ ਝੂਠ....।"

ਉਹ ਬਾਰ-ਬਾਰ ਆਤਮ ਬਲ ਨਾ ਛੱਡਣ ਦੀ ਗੱਲ ਕਰਦਾ। ਪਰ ਕਿੱਥੋਂ ਲਿਆਉਂਦਾ ਇੰਨਾ ਆਤਮ ਬਲ? ਕਿੰਨੇ ਸਾਲ ਜਿਉਂਵਾਂਗਾ ਮੈਂ?

"ਬੱਸ ਇੱਕ ਮਹੀਨਾ! ਮਸਾਂ ਹੀ! ਮੈਨੂੰ ਬਲੱਡ ਕੈਂਸਰ ਹੈ ਦੀਪ। ਕਿੰਨੀ ਛੋਟੀ ਪੈ ਗਈ ਹੈ ਜ਼ਿੰਦਗੀ।..... ਦੇਖ ਮੈਂ ਸੋਚਦਾ ਸੀ ਤੈਨੂੰ ਕਦੀ ਨਹੀਂ ਦੱਸਾਂਗਾ ਤਾਂ ਜੋ ਡੋਲ ਨਾ ਜਾਏ ਤੂੰ! ਹਿੰਮਤ ਨਾ ਹਾਰ ਜਾਵੇ ਤੂੰ.....ਪਰ ਮੈਂ ਖ਼ੁਦ.....!"

ਇੱਕ ਪਲ ਲਈ ਆਪਣਾ ਦਰਦ ਭੁੱਲ ਗਿਆ ਸੀ ਮੈਨੂੰ। ਲੱਗਿਆ ਜੱਸੀ ਤਾਂ ਜਿਵੇਂ.....! ਇੱਕ ਮਹੀਨਾ ਕਿੰਨਾ ਕੁ ਹੁੰਦਾ। ਮੈਂ ਕਦੀ ਖੁਦ ਬਾਰੇ ਸੋਚਦਾ 'ਤੇ ਕਦੀ ਜੱਸੀ ਬਾਰੇ।

## ਟੁੱਟਦੇ ਤਾਰੇ ਦਾ ਦਰਦ.....

ਬਚਪਨ ਵਿੱਚ ਮੇਰੀ ਮਾਂ ਚਲ ਵਸੀ ਸੀ। ਬਹੁਤ ਛੋਟਾ ਸੀ ਮੈਂ ਉਦੋਂ। ਜਿਉਣ ਮਰਨ ਦੇ ਇਸ ਭੇਦ ਤੋਂ ਅਣਜਾਣ! ਤਾਂ ਹੀ ਤਾਂ ਸਮਝ ਆਉਣ ਤੱਕ ਸਮਝਦਾ ਰਿਹਾ ਕਿ ਮੇਰੀ ਮਾਂ ਨੂੰ ਰੱਬ ਨੇ ਆਪਣੇ ਕੋਲ ਬੁਲਾ ਲਿਆ ਹੈ। ਵਾਰੀ ਦਾ ਤਾਪ ਚੜ੍ਹਿਆ ਸੀ ਮੇਰੀ ਮਾਂ ਨੂੰ! ਉਹ ਮੰਜੇ ਨਾਲ ਮੰਜਾ ਹੋ ਗਈ!.....ਤੇ ਕੁਝ ਦਿਨਾਂ 'ਚ ਹੀ.....! ਕਈ ਦਿਨ ਤੜਫ਼ਦਿਆਂ,ਰਿੜਕਦਿਆਂ ਵੇਖਿਆ ਮੈਂ ਮੇਰੀ ਮਾਂ ਨੂੰ। ਦਵਾਈ ਕਾਟ ਕਰਨੋ ਹਟ ਗਈ ਸੀ। ਉਸਦਾ ਅੰਨ ਪਾਣੀ ਛੁੱਟ ਗਿਆ ਸੀ। ਉਹ ਟੁਟਦੀ ਆਵਾਜ਼ ਵਿੱਚ ਜਦੋਂ, "ਹੁਣ ਤਾਂ ਜਾਨ ਕੱਢ ਲੈ...." ਆਖਦੀ ਤਾਂ ਸਾਰੇ ਟੱਬਰ ਦੇ ਚਿਹਰੇ 'ਤੇ ਸਹਿਮ ਛਾ ਜਾਂਦਾ। ਮੈਂ ਉਸਦੇ ਮੰਜੇ ਕੋਲ ਖੜ੍ਹਾ ਉਸਦੇ ਚਿਹਰੇ ਵੱਲ ਵੇਖਦਾ। ਉਸਦੀਆਂ ਅੱਖਾਂ 'ਚੋ ਨਿਕਲ ਕੇ ਉਸਦੀਆਂ ਗੱਲ੍ਹਾਂ 'ਤੇ ਸੁੱਕੇ ਹੰਝੂਆਂ ਦੇ ਅਰਥ ਮੇਰੀ ਸਮਝ ਨਾ ਆਉਂਦੇ। ਬਹੁਤ ਇਲਾਜ ਕਰਾ ਕੇ ਵੀ ਉਸਨੂੰ ਬਚਾਇਆ ਨਹੀਂ ਸੀ ਜਾ ਸਕਿਆ।....'ਤੇ ਉਸ ਨੂੰ ਵਿਲਕਦੀ ਤੜਫ਼ਦੀ ਵੇਖ ਕੇ ਮੇਰੀ ਦਾਦੀ ਉਸ ਲਈ ਮੌਤ ਮੰਗਣ ਲਗਦੀ! ਡੌਰ-ਭੌਰ ਜਿਹਾ ਸਾਰੇ ਕੁਝ ਨੂੰ ਘੂਰਦਾ ਰਹਿੰਦਾ। ਕਦੀ ਮੇਰੀ ਮਾਂ ਮੈਨੂੰ ਕੋਲ ਬਿਠਾ ਕੇ ਆਪਣੇ ਨਾਲ ਘੁਟ ਲੈਂਦੀ। ਜ਼ਿੰਦਗੀ ਕਿਰਦੀ ਜਾ ਰਹੀ ਸੀ ਉਹਦੇ ਹੱਥਾਂ ਵਿੱਚੋਂ। ਬਹੁਤ ਬੇਵੱਸ ਤੇ ਲਾਚਾਰ ਸੀ ਉਹ। .....ਤੇ ਉਸ ਤੋਂ ਵੱਧ ਬਾਕੀ ਸਾਰੇ। ਬਹੁਤ ਨੇੜਿਓ ਵੇਖਿਆ ਸੀ ਮੈਂ ਮੇਰੀ ਮਾਂ ਨੂੰ। ਪਲ-ਪਲ ਮੌਤ ਵੱਲ ਸਰਕਦਿਆਂ। ਉਸੇ ਤਰ੍ਹਾਂ ਜਿਵੇਂ ਜੱਸੀ ਸਰਕ ਰਿਹਾ ਸੀ।.....'ਤੇ ਉਸੇ ਤਰ੍ਹਾਂ ਜਿਵੇਂ ਹੁਣ ਮੈਂ ਸਰਕ ਰਿਹਾ ਹਾਂ। ਹੌਲੀ ਹੌਲੀ ਮੌਤ ਵੱਲ ਵੱਧਦਿਆਂ ਮਾਂ ਮੌਤ ਦੇ ਡੂੰਘੇ ਟੋਏ ਵਿੱਚ ਜਾ ਡਿੱਗੀ ਸੀ। ਦਾਦੀ ਨੇ ਪਾਲਿਆ ਮੈਨੂੰ। ਮੈਂ ਦਾਦੀ ਨੂੰ ਪੁੱਛਦਾ,"ਮਾਂ ਕਿੱਥੇ ਗਈ ਏ ?" ਉਹ ਆਖਦੀ ਰੱਬ ਨੇ ਬੁਲਾ ਲਿਆ ਏ ਤੇਰੀ ਮਾਂ ਨੂੰ! ਚੰਗੇ ਇਨਸਾਨ ਰੱਬ ਨੂੰ ਵੀ ਚੰਗੇ ਲਗਦੇ ਨੇ.....!" ਮੈਂ ਰੋਜ਼ ਰਾਤ ਨੂੰ ਤਾਰਿਆਂ ਵੱਲ ਤੱਕਦਾ। ਮਾਂ ਨਾਲ ਗੱਲਾਂ ਕਰਦਾ ਜਵਾਨ ਹੋ ਗਿਆ।

## ਅੰਤਿਮ ਸੱਚ......

ਜੱਸੀ ਨਿਊਜ਼ ਚੈਨਲ 'ਤੇ ਮਿਲਿਆ ਸੀ ਮੈਨੂੰ। ਉੱਥੇ ਜਿੱਥੇ ਮੈਂ ਕੰਮ ਕਰਦਾ ਸੀ। ਅਸੀਂ ਦੋਸਤ ਬਣ ਗਏ। ਬਹੁਤ ਸਾਰਾ ਵਕਤ ਇਕੱਠਿਆਂ ਬਿਤਾਉਂਦੇ। ਗੱਲਾਂ ਕਰਦੇ। ਬਹੁਤ ਸਾਰੇ ਮਸਲਿਆਂ ਤੇ ਬਹਿਸ ਕਰਦੇ। ਖਾਨ ਛਾਬੜੀ ਪਿੰਡ ਹੈ ਜੱਸੀ ਦਾ। ਰੋਜ਼ੀ ਰੋਟੀ ਲਈ ਪਿੰਡ ਛੱਡ ਜਲੰਧਰ ਆ ਵਸਿਆ ਸੀ ਜੱਸੀ। ਇਸੇ ਸ਼ਹਿਰ ਨੇ ਮਿਲਾਇਆ ਸੀ ਸਾਨੂੰ ਤੇ ਇਸੇ ਸ਼ਹਿਰ ਨੇ ਇੱਕ ਦੂਜੇ ਤੋਂ ਦੂਰ ਕਰ ਦਿੱਤਾ। ਜੱਸੀ ਸਾਡੇ ਘਰ ਦਾ ਹਿੱਸਾ ਸੀ ਜਿਵੇਂ। ਦਾਦੀ ਮੇਰੇ ਜਿੰਨ੍ਹਾ ਹੀ ਪਿਆਰ ਜੱਸੀ ਨੂੰ ਕਰਦੀ। ਉਹ ਕਿਰਾਏ ਦੇ ਘਰ ਵਿੱਚ ਰਹਿ ਰਿਹਾ ਸੀ। ਰਾਤ ਨੂੰ ਚੈਨਲ ਤੋਂ ਕੰਮ ਮੁਕਾ ਕੇ ਅਸੀਂ ਇਕੱਠੇ ਘਰ ਮੁੜਦੇ। ਇਕੱਠੇ ਖਾਣਾ ਖਾਂਦੇ। ਹਰ ਲਮਹਾ ਜਿਵੇਂ ਖ਼ੂਬਸੂਰਤ ਹੋ ਗਿਆ ਸੀ।

00000000

ਬਾਕੀ ਸਫ਼ਾ 43 ’ਤੇ

ਸਫ਼ਾ 42 ਦੀ ਬਾਕੀ 'ਟੁਟਦੇ ਤਾਰੇ ਦਾ ਦਰਦ'

ਜੱਸੀ ਨੂੰ ਬਲੱਡ ਕੈਂਸਰ ਸੀ। ਇਹ ਗੱਲ ਉਸਨੂੰ ਉਦੋਂ ਪਤਾ ਲੱਗੀ ਜਦੋਂ ਪਿੱਛੇ ਕੁਝ ਨਹੀਂ ਸੀ ਬਚਿਆ। ਉਹ ਮੌਤ ਦੇ ਐਨ ਕਿਨਾਰੇ 'ਤੇ ਖੜਾ ਸੀ। ਬਹੁਤ ਸਾਰੀਆਂ ਜ਼ਿੰਮੇਵਾਰੀਆਂ ਸਨ ਉਸਦੇ ਸਿਰ। ਪਰ ਵਕਤ ਬਹੁਤ ਥੋੜਾ ਮਿਲਿਆ ਸੀ ਉਸਨੂੰ। ਹਰ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਜਾਣਾ ਚਾਹੰਦਾ ਸੀ ਉਹ। ਇਸੇ ਲਈ ਤਾਂ ਉਸਨੇ ਕਈ ਮਹੀਨਿਆਂ ਤੋਂ ਲੁਕਾਇਆ ਉਹ ਸੱਚ ਵੀ ਮੈਨੂੰ ਦੱਸ ਦਿੱਤਾ ਸੀ, ਜੋ ਉਹ ਸ਼ਾਇਦ ਨਹੀਂ ਸੀ ਦੱਸਣਾ ਚਾਹੁੰਦਾ।

"ਤੇਰਾ ਦਿਲ ਬਹੁਤ ਥੋੜਾ ਹੈ ਦੀਪ! ਬੰਦਾ ਬਹੁਤੀ ਵਾਰ ਬਿਮਾਰੀ ਨਾਲ ਨਹੀਂ ਖੌਫ਼ ਨਾਲ ਹੀ ਮਰ ਜਾਂਦਾ ਏ। ਮੈਂ ਸੋਚਦਾ ਬਹੁਤ ਵਧੀਆ ਹੋਇਆ......। ਮੈਨੂੰ ਵੀ ਉਦੋਂ ਪਤਾ ਲੱਗਿਆ ਜਦੋਂ......। ਕੀ ਲੋੜ ਏ ਮਰ-ਮਰ ਕੇ ਜਿਉਣ ਦੀ।"

ਪਰ ਉਸ ਜਿੰਨੀ ਹਿੰਮਤ ਮੈਂ ਕਿਵੇਂ ਇਕੱਠੀ ਕਰਾਂ? ਕਿਵੇਂ ਮਖੌਲ ਬਣਾਵਾਂ ਮੌਤ ਦਾ?

ਉਸ ਰਾਤ ਤੋਂ ਬਾਅਦ ਜੱਸੀ ਪਿੰਡ ਚਲਾ ਗਿਆ ਸੀ। ਆਪਣੇ ਘਰ। ਆਪਣੇ ਪਰਿਵਾਰ ਵਿੱਚ।....ਤੇ ਅਸੀਂ ਮੁੜ ਨਹੀਂ ਸਾਂ ਮਿਲੇ। ਉਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਬਹੁਤ ਕਸ਼ਟ ਭੋਗਿਆ ਸੀ ਜੱਸੀ ਨੇ.....! ਤੇ ਉਹ ਹਰ ਕਸ਼ਟ ਤੋਂ ਮੁਕਤ ਹੋ ਗਿਆ। ਇੰਨੀ ਜਲਦੀ ਸਭ ਖ਼ਤਮ ਹੋ ਜਾਵੇਗਾ। ਮੈਂ ਨਹੀਂ ਸੀ ਸੋਚਿਆ!

## ਰੰਗ ਮੰਚ ਤੇ ਪਰਦਾ.....

"ਏਡਜ਼ ਲਾ ਇਲਾਜ ਬਿਮਾਰੀ ਹੈ। ਇਸ ਤੋਂ ਬਚਾ ਲਈ.....!"

ਕਿੰਨਾ ਕੁਝ ਨਿੱਤ ਪ੍ਰਚਾਰਿਆ ਜਾਂਦਾ ਹੈ। ਪਰ ਜਦੋਂ ਕਿਸੇ ਕੋਲੋਂ ਕੋਈ ਗ਼ਲਤੀ ਹੁੰਦੀ ਹੈ ਤਾਂ ਕੋਈ ਸਮਝ ਸਿਆਣਪ ਕੰਮ ਨਹੀਂ ਕਰਦੀ। ਇਹੀ ਤਾਂ ਸ਼ਾਇਦ ਮੇਰੇ ਨਾਲ ਵਾਪਰਿਆ। ਮੈਂ ਉਸ ਔਰਤ ਨਾਲ ਬਿਨਾਂ ਕਿਸੇ.......। ਇਹ ਮੇਰੀ ਛੋਟੀ ਜਿਹੀ ਪਰ ਕਦੇ ਨਾ ਮਿਟਾਈ ਜਾ ਸਕਣ ਵਾਲੀ ਗਲਤੀ ਸੀ। ਜਿਸ ਗ਼ਲਤੀ ਦਾ ਫ਼ਲ ਮੈਂ ਅੱਜ ਭੁਗਤ ਰਿਹਾ ਹਾਂ। ਸਭ ਭੁਲ-ਭੁਲਾ ਦਿੱਤਾ ਸੀ ਮੈਂ। ਪਰ ਅਚਾਨਕ.....! ਕੇਸਰ ਦੀ ਕਹੀ ਗੱਲ......। ਡੋਲ ਗਿਆ ਸੀ ਮੈਂ!

" ਨੀਰੂ ਨੂੰ ਜਾਣਦੈਂ ? ਪਤਾ ਨਹੀਂ ਕਿੰਨਿਆਂ ਨੂੰ ਕਿਨਾਰਾ ਦਿਖਾ ਦਿੱਤਾ ਹੋਣਾ ਉਹਨੇ। ਉਹਨੂੰ ਏਡਜ਼.....!" ਕਿੰਨਾ ਕੁਝ ਦੱਸਿਆ ਸੀ ਉਸਨੇ। "ਮੈਂ ਵੀ ਤਾਂ......।" ਮੈਂ ਮਨ ਵਿੱਚ ਸੋਚਿਆ। ਮੇਰਾ ਗਲਾ ਸੁੱਕਣ ਲੱਗਾ। ਆਪਣੇ ਚਿਹਰੇ ਤੇ ਉਤਰ ਆਇਆ ਡਰ ਮੈਂ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ।

........ਤੇ ਫਿਰ!

ਕਈ ਦਿਨ ਬੇਚੈਨ ਰਿਹਾ ਮੈਂ। ਦਿਨ ਰਾਤ ਇੱਕ ਖੌਫ਼ ਮੈਨੂੰ ਘੇਰੀ ਰੱਖਦਾ। ਉਠਦਿਆਂ ਬੈਠਦਿਆਂ ਮੈਨੂੰ ਕੇਸਰ ਦੀ ਗੱਲ ਯਾਦ ਆਉਂਦੀ।

"ਪਤਾ ਨਹੀਂ ਕਿੰਨਿਆਂ ਕੁ ਨੂੰ........!"

ਉਹਨਾਂ ਕਿੰਨਿਆਂ ਵਿੱਚ ਮੈਂ ਵੀ ਸੀ! ਹਰ ਪਲ ਮੈਨੂੰ ਆਉਣ ਵਾਲਾ ਕੱਲ ਯਾਦ ਆਉਂਦਾ। ਵਿਰਲਾਪ ਕਰਦਾ ਦਾਦਾ ਦਾ ਚਿਹਰਾ ਅੱਖਾਂ ਸਾਹਵੇਂ ਘੁੰਮਦਾ। ਮੈਨੂੰ ਲੱਗਦਾ ਬਹੁਤੇ ਦਿਨ ਨਹੀਂ ਜਿਉਵਾਂਗਾ ਮੈਂ!

000000000

ਬਹੁਤ ਸਮਝਾਇਆ ਸੀ ਜੱਸੀ ਨੇ ਮੈਨੂੰ!

"ਉਹ ਕੇਸਰ ਸਾਲਾ ਡਾਕਟਰ ਏ? ਜਾਂ ਫਿਰ ਉਹਦਾ ਬਲੱਡ ਟੈਸਟ ਕਰਕੇ ਆਇਆ। ਸਭ ਤੋਂ ਪਹਿਲੀ ਗੱਲ ਉਦੋਂ ਤੈਂ ਸੋਚਿਆ ਨਾ। ਹੁਣ ਚਿੰਤਾ ਕਰਨ ਦਾ ਕੀ ਫਾਇਦਾ? "

ਪਰ ਮੈਨੂੰ ਕੁਝ ਸਮਝ ਨਹੀਂ ਸੀ ਆਉਂਦਾ। ਕਦੀਂ ਕਿਸੇ ਪਲ ਤਾਂ ਕੇਸਰ ਦੀ ਗੱਲ ਝੂਠ ਲੱਗਦੀ ਤੇ ਕਦੀਂ ਲੱਗਦਾ ਜਿਵੇਂ ਸਭ ਸੱਚ ਹੋਵੇ। ਮੈਂ ਅਜੀਬ ਕਿਸਮ ਦੇ ਜੋੜ ਘਟਾਓ ਵਿੱਚ ਉਲਝਿਆ ਰਹਿੰਦਾ।

"ਤੇਰੀ ਚਿੰਤਾ ਦੂਰ ਕਰਨ ਦਾ ਇੱਕ ਹੀ ਹੱਲ ਏ......!"

ਉਸ ਦਿਨ ਜਬਰਦਸਤੀ ਕੰਬੋਜ ਕਲੀਨਿਕ ਲੈਬੋਰਟੀ 'ਤੇ ਲੈ ਗਿਆ ਸੀ ਜੱਸੀ। 'ਬਲੱਡ ਸੈਂਪਲ' ਦੇ ਕੇ ਮੈਂ ਸਿਟੀ ਪਾਰਕ ਵਿੱਚ ਆਣ ਬੈਠਾ।

ਧੜਕਣ ਵੱਧ ਗਈ ਸੀ ਮੇਰੀ। ਵੀਹ ਮਿੰਟ ਬਾਅਦ ਜੱਸੀ ਮੁੜਿਆ ਤਾਂ ਉਸਦੇ ਹੱਥ ਵਿੱਚ ਕਾਗ਼ਜ਼ ਦਾ ਟੁਕੜਾ ਸੀ।

" ਆਹ ਦੇਖ! ਪੜ੍ਹ ਇਹਨੂੰ। ਐਵੇਂ ਖ਼ੂਨ ਸੁਕਾਇਆ। ਕੁਝ ਨਹੀਂ ਹੋਇਆ ਤੈਨੂੰ। ਨੈਗੇਟਿਵ ਏ ਰਿਪੋਰਟ! ਸਾਲਾ ਕੇਸਰ ਤਾਂ ਭਕਾਈ ਮਾਰਦਾ ਸੀ। " ਮੈਂ ਰਿਪੋਰਟ ਵੇਖੀ। ਲੱਗਾ ਜਿਵੇਂ ਮਣਾਂ ਮੂੰਹੀ ਬੋਝ ਤੋਂ ਮੁਕਤ ਹੋ ਗਿਆ ਸੀ।

"ਹੁਣ ਤਾਂ ਖੁਸ਼ ਏ ਨਾ। ਆਜਾ ਫਿਰ ਪਾਰਟੀ ਕਰਦੇ ਹਾਂ। ਤੇਰੇ ਨਵੇਂ ਜਨਮ ਦੀ।" ਮੈਂ ਮੁਸਕੁਰਾ ਪਿਆ।

000000000

ਉਸ ਦਿਨ ਝੂਠ ਬੋਲਿਆ ਸੀ ਜੱਸੀ ਨੇ! ਮੇਰਾ ਦਿਲ ਰੱਖਣ ਲਈ ਗ਼ਲਤ ਰਿਪੋਰਟ ਬਣਵਾਈ ਸੀ ਉਸਨੇ! ਕਈ ਮਹੀਨੇ ਇਹ ਸੱਚ ਲੁਕਿਆ ਰਿਹਾ ਮੈਥੋਂ। ਸਭ ਭੁਲ ਗਿਆ ਸੀ ਮੈਨੂੰ। ਬੇਪਰਵਾਹ ਹੋ ਕੇ ਜਿਉਣ ਲੱਗਾ ਸੀ ਮੈਂ। ਪਰ ਅਚਾਨਕ ਜੱਸੀ ਨੇ ਝੂਠ ਤੋਂ ਪਰਦਾ ਚੁੱਕ ਦਿੱਤਾ। ਮੈਂ ਸੁੰਨ ਹੋ ਗਿਆ। ਮੇਰੇ ਅੰਦਰੋਂ ਮਰ ਚੁੱਕਾ ਮੌਤ ਦਾ ਖੌਫ਼ ਮੁੜ ਜੀਅ ਉਠਿਆ।

## ਅੰਤਿਕਾ.....

ਜੱਸੀ ਨੇ ਕਦੀ ਨਹੀਂ ਮੁੜਨਾ। ਮੈਂ ਬੇਚੈਨ ਹਾਂ। ਮਰਨ ਵਾਲੇ ਨੂੰ ਇੰਨਾ ਨੇੜਿਓਂ ਵੇਖਣਾ ਬਹੁਤ ਔਖਾ ਹੁੰਦਾ ਹੈ। ਮੈਂ ਬਹੁਤਾ ਨਹੀਂ ਜੀਵਾਂਗਾ। ਇਹ ਜਾਣਦਾ ਹਾਂ ਮੈਂ!

ਕਦੀ-ਕਦੀ ਮੈਂ ਸੋਚਾਂ ਵਿੱਚ ਗੁਆਚਾ..... ਮੈਂ ਦਾਦੀ ਨੂੰ ਵਿਰਲਾਪ ਕਰਦਾ ਵੇਖਦਾ ਹਾਂ। ਦਰਦਨਾਕ ਮੰਜ਼ਰ ਮੇਰੀਆਂ ਅੱਖਾਂ ਅੱਗੇ ਸਾਕਾਰ ਹੋਣ ਲੱਗਦਾ। ਮੇਰੇ ਬੁੱਢੇ ਬਾਪ ਦੀ ਅੱਖਾਂ ਵਿੱਚੋਂ ਕਰਦੇ ਹੰਝੂ ਮੈਨੂੰ ਦਿਖਾਈ ਦਿੰਦੇ ਨੇ! ਹਰ ਪਲ ਮੈਂ ਮੌਤ ਨੂੰ ਆਪਣੇ ਵੱਲ ਆਉਂਦੀ ਅਨੁਭਵ ਕਰਦਾ ਹਾਂ!

000000000

ਦਾਦੀ ਤੇ ਮੇਰਾ ਬਾਪ ਮਨੀ ਮਹੇਸ਼ ਦੀ ਯਾਤਰਾ ਲਈ ਜਾ ਰਹੇ ਨੇ! ਬਹੁਤ ਧਰਮ ਕਰਮ ਵਾਲੀ ਹੈ ਮੇਰੀ ਦਾਦੀ ਤੇ ਮੇਰਾ ਬਾਪ ਵੀ....!

ਮੈਨੂੰ ਦਾਦੀ ਦੀ ਕਹੀ ਗੱਲ ਯਾਦ ਆ ਰਹੀ ਹੈ,

"ਚੰਗੇ ਇਨਸਾਨ ਰੱਬ ਨੂੰ ਵੀ ਚੰਗੇ ਲਗਦੇ ਨੇ.....!"

ਜੇ ਕਿਤੇ ਰੱਬ ਦੋਹਾਂ ਨੂੰ..... ਤਾਂ ਮੈਂ ਸਕੂਨ ਨਾਲ ਮਰ ਸਕਾਂਗਾ !

ਕਾਸ਼ ਕਿਤੇ ਕੋਈ ਰੇਲ ਹਾਦਸਾ ਹੋ ਜਾਏ।.....ਤੇ......!!

================================

### ਸਾਊਦੀ ਅਰਬ ਦੀ ਕਹਾਣੀ

# ਬੱਸ ਮੈਨੂੰ ਸੁਪਨੇ ਵੇਖਣ ਦਾ ਹੱਕ ਦੇਵੋ



ਫ਼ਾਤਿਮਾ ਅਲ ਅਤੀਬੀ

ਪੰਜਾਬੀ ਅਨੁਵਾਦ: ਰਾਬਿੰਦਰ ਸਿੰਘ ਬਾਠ

**ਸਾਊਦੀ ਅਰਬ ਦੀ ਇਹ ਕਹਾਣੀ ਅਰਬ ਸਮਾਜ 'ਚ ਔਰਤ ਦੀ ਸਥਿਤੀ 'ਤੇ ਚਾਨਣਾ ਪਾਉਂਦੀ ਹੈ। ਵਿਸ਼ਵ ਪੱਧਰ 'ਤੇ ਹਰ ਖੇਤਰ ਵਿੱਚ ਔਰਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਮਰਦਾਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਪਰ ਫੇਰ ਵੀ ਅਰਬ ਸਮਾਜ 'ਚ ਔਰਤ ਨੂੰ ਇੱਕ ਵਸਤੂ ਤੋਂ ਵੱਧ ਕੁੱਝ ਨਹੀਂ ਸਮਝਿਆ ਜਾਂਦਾ। ਔਰਤ ਪ੍ਰਤੀ ਇਹੀ ਨਜ਼ਰੀਆ ਸਾਡੇ ਸਮਾਜ ਦਾ ਵੀ ਹੈ। ਇਹ ਨਜ਼ਰੀਆ ਸਾਡੇ ਜੀਵਨ ਲਈ ਕਿੰਨਾ ਘਾਤਕ ਹੈ ਇਸੇ ਨੂੰ ਲੈ ਕੇ ਫ਼ਾਤਿਮਾ ਅਲ ਅਤੀਬੀ ਵੱਲੋਂ ਇਹ ਕਹਾਣੀ ਰਚੀ ਗਈ ਹੈ।**

ਉਸ ਦੀਆਂ ਅੱਖਾਂ ਖ਼ਾਲੀ ਖ਼ਾਲੀ ਹਨ, ਹਰ ਚੀਜ਼ ਬੇਮਾਅਨੀ ਹੋ ਗਈ ਹੈ। ਇੱਥੋਂ ਤੱਕ ਕਿ ਨਾਂ ਵੀ ਕੋਈ ਮਾਅਨੇ ਨਹੀਂ ਰੱਖਦਾ। ਉਹਦੀਆਂ ਅੱਖਾਂ 'ਚ ਸਰ-ਸਬਜ਼ ਮੈਦਾਨ ਫੈਲੇ ਹੋਏ ਸਨ, ਜਿਨ੍ਹਾਂ 'ਚ ਫੁੱਲ ਖਿੜਦੇ ਸਨ, ਨਵੀਆਂ ਕਰੂੰਬਲਾਂ ਨਿਕਲਦੀਆਂ ਸਨ।

ਜਦੋਂ ਉਹ ਹੱਸਦੇ ਹਨ ਤਾਂ ਉਹ ਵੀ ਹੱਸਣ ਲੱਗਦੀ ਹੈ। ਅਕਸਰ ਉਹ ਇਹ ਵੀ ਨਹੀਂ ਸਮਝਦੀ ਕਿ ਉਹ ਕਿਉਂ ਹੱਸ ਰਹੇ ਹਨ ਪਰ ਉਨ੍ਹਾਂ ਦਾ ਸਾਥ ਜ਼ਰੂਰ ਦਿੰਦੀ ਹੈ। ਇਹ ਗੱਲ ਬੜੀ ਅਜੀਬ ਸੀ ਪਰ ਉਹ ਇਸ ਵਿੱਚ ਹੀ ਖੁਸ਼ ਸੀ ਕਿ ਘੱਟੋ-ਘੱਟ ਕੁਝ ਤਾਂ ਹੈ, ਜਿਸ ਵਿੱਚ ਉਹ ਉਨ੍ਹਾਂ ਦਾ ਸਾਥ ਦੇ ਸਕਦੀ ਹੈ

ਉਹ ਇੱਕ ਡਾਕਟਰ ਦੀ ਬੀਵੀ ਹੈ।

ਪੜ੍ਹਨ ਵਾਲੇ ਮੇਜ਼ ਦੀ ਦਰਾਜ ਵਿੱਚ ਉਸਦਾ ਚੌਥੀ ਜਮਾਤ ਦਾ ਸਰਟੀਫ਼ਿਕੇਟ ਰੱਖਿਆ ਹੈ। ਵੱਡੇ ਅੱਖਰਾਂ 'ਚ ਲਿਖਿਆ ਹੈ, ਚੌਥੀ ਜਮਾਤ ਪਾਸ ਅਤੇ ਮੇਜ਼ ਦੇ ਉੱਪਰ ਕੰਧ 'ਤੇ ਉਹਦੇ ਪਤੀ ਦੇ ਸਾਰੇ ਸਰਟੀਫ਼ਿਕੇਟ ਟੰਗੇ ਹੋਏ ਹਨ। ਪ੍ਰਾਇਮਰੀ ਤੋਂ ਲੈ ਕੇ ਡਾਕਟ੍ਰੇਟ ਤੱਕ ਦੇ।

"ਤੂੰ ਕਿੰਨੀ ਖ਼ੁਸ਼ਕਿਸਮਤ ਏਂ" ਔਰਤਾਂ ਕਹਿੰਦੀਆਂ- "ਐਨੇ ਪੜ੍ਹੇ ਲਿਖੇ ਆਦਮੀ ਨਾਲ ਤੇਰਾ ਵਿਆਹ ਹੋਇਆ ਹੈ।" ਇਹ ਫਿਕਰਾ ਉਸ ਲਈ ਤਮਗ਼ਾ ਹੈ, ਇਹ ਹੀ ਉਸ ਦੀ ਖ਼ੁਸ਼ਕਿਸਮਤੀ ਲਈ ਕਾਫ਼ੀ ਹੈ।

ਉਹਦਾ ਦਿਲ ਕਰਦਾ ਹੈ ਕਿ ਦੋਵਾਂ ਦਰਮਿਆਨ ਕੋਈ ਗੱਲਬਾਤ ਹੋਵੇ। ਉਹ ਵੀ ਉਸ ਨਾਲ ਉਸੇ ਤਰ੍ਹਾਂ ਗੱਲਾਂ ਕਰੇ, ਜਿਵੇਂ ਦੂਸਰੇ ਪਤੀ ਆਪਣੀਆਂ ਪਤਨੀਆਂ ਨਾਲ ਕਰਦੇ ਹਨ।

ਉਹ ਚਾਹੁੰਦੀ ਹੈ ਕਿ ਉਹ ਜਦੋਂ ਉਸ ਦੇ ਨਾਲ ਹੋਵੇ ਤਾਂ ਦਬੀ-ਦਬੀ, ਝਕਦੀ ਨਾ ਰਹੇ ਤੇ ਗੱਲਾਂ ਕਰਦੀ ਥਥਲਾਏ ਨਾ। ਇਸ ਲਈ ਉਹ ਉਸਦੇ ਸਾਥ ਤੋਂ ਕਤਰਾਉਣ ਲਗਦੀ ਸੀ।

ਉਹ ਉਸਦੇ ਆਉਣ ਤੋਂ ਪਹਿਲਾਂ ਖਾਣਾ ਤਾਂ ਤਿਆਰ ਕਰ ਦਿੰਦੀ ਸੀ ਪਰ ਉਸਦੇ ਨਾਲ ਬੈਠ ਕੇ ਖਾਣ ਤੋਂ ਬਚਦੀ ਸੀ। ਜਦੋਂ ਉਹ ਉਸਨੂੰ ਆਪਣੇ ਨਾਲ ਖਾਣ ਲਈ ਕਹਿੰਦਾ ਤਾਂ ਉਹਦੇ ਮੂੰਹੋਂ ਉਹੀ ਲਫ਼ਜ਼ ਨਿਕਲਦੇ, ਜੋ ਉਹ ਸੁਣਨ ਦਾ ਆਦੀ ਸੀ," ਮੈਂ ਪਹਿਲਾ ਹੀ ਖਾ ਲਿਆ ਹੈ।

"ਮੈਂ ਪਹਿਲਾਂ ਹੀ ਖਾ ਲਿਆ", ਹਰ ਸ਼ਾਮ ਜਦੋਂ ਉਹ ਜਦੋਂ ਉਹ ਇਹ ਸ਼ਬਦ ਕਹਿੰਦੀ ਤਾਂ ਉਸਨੂੰ ਬੱਚਿਆਂ ਵਰਗੀ ਖੁਸ਼ੀ ਹੁੰਦੀ। ਪਰ ਦਿਲ ਵਿੱਚ ਕਹਿੰਦੀ,"ਪਰ ਸਿਰਫ਼ ਡਿਨਰ, ਨਹੀਂ ਤਾਂ ਬਾਕੀ ਹੋਰ ਚੀਜ਼ਾਂ ਵਿੱਚ ਤਾਂ ਮੈਂ ਭੁੱਖੀ, ਤਿਹਾਈ ਖੰਡਰਾਂ 'ਚ ਕੈਦ ਹਾਂ। ਅਤੇ ਤੂੰ ਦੌੜਦਾ ਰਹਿੰਦਾ ਏ, ਆਪਣੇ ਸੂਬ ( ਲੰਮਾ ਗਾਉਨ, ਜੋ ਸਾਊਦੀ ਅਰਬ ਦੇ ਲੋਕ ਪਾਉਂਦੇ ਹਨ ) ਦੇ ਪੱਲੇ ਨੂੰ ਦੰਦਾ 'ਚ ਲਈ। ਆਪਣੀ ਪੀ.ਐਚ.ਡੀ. ਦਾ ਤਾਜ ਪਾਈ, ਰਾਹ ਦੀ ਹਰ ਰੁਕਾਵਟ ਨਾਲ ਲੜਦਿਆਂ, ਮੁਕਾਬਲੇ ਦੀ ਦੌੜ ਦੌੜਦਾ ਰਹਿੰਦਾ ਏ ।"

ਪਰ ਫਿਰ ਉਹ ਆਪਣੀਆਂ ਪ੍ਰੇਸ਼ਾਨੀਆਂ, ਉਲਝਣਾਂ ਤੇ ਫਿਰ ਸਵਾਲਾਂ 'ਚ ਘਿਰ ਜਾਂਦੀ,"ਕੀ ਮੈਨੂੰ ਉਹ ਆਪਣੇ ਨਾਲ ਤੁਰਨ ਦੇ ਕਾਬਲ ਵੀ ਸਮਝਦਾ ਹੈ ? ਕੀ ਮੇਰੇ ਪੈਰ ਹਨ, ਜਿਨ੍ਹਾਂ 'ਤੇ ਮੈਂ ਤੁਰ ਸਕਦੀ ਹਾਂ ? ਮੇਰੇ ਵਰਗੀ ਬਦਕਿਸਮਤ ਲਈ ਕੀ ਹੰਝੂ ਹੀ ਲਿਖੇ ਹਨ। ਉਹਨੂੰ ਜੋ ਚਾਹੀਦਾ ਹੈ, ਉਸ ਲਈ ਉਹ ਜਦੋ-ਜਹਿਦ ਕਰਦਾ ਹੈ ਅਤੇ ਮੈਂ ਪੱਥਰ ਬਣੀ ਆਪਣੀ ਜਗ੍ਹਾ ਹੀ ਪਈ ਰਹਿੰਦੀ ਹਾਂ।

ਇੱਕ ਰਾਤ ਜਦੋਂ ਉਸਨੇ ਰੋਜ਼ ਵਾਂਗ ਮੇਜ਼ 'ਤੇ ਖਾਣਾ ਲਾ ਲਿਆ ਤਾਂ ਦਿਲ ਨੇ ਕਿਹਾ ਕਿ ਅੱਜ ਉਹ ਉਹਨੂੰ ਵਿਖਾ ਦੇਵੇ ਕਿ ਉਸ ਵਿੱਚ ਵੀ ਅੱਗੇ ਵੱਧਣ ਦੀ ਕਾਬਲੀਅਤ ਹੈ। ਬੇਦਿਲੀ ਨਾਲ ਉਸਨੇ ਇੱਕ ਪੈਰ ਵਧਾਇਆ ਤੇ ਖ਼ੁਦ ਨੂੰ ਉਸਦੇ ਸਾਹਮਣੇ ਪਾਇਆ। ਉਸ ਨੇ ਖਾਣਾ ਸ਼ੁਰੂ ਕੀਤਾ ਤੇ ਮੁਸਕਰਾ ਕੇ ਕਿਹਾ-

"ਤੈਨੂੰ ਭੁੱਖ ਨਹੀਂ ਲੱਗੀ।"

"ਨਹੀਂ, ਏਥੇ ਮੈਂ ਤੈਨੂੰ ਮਾਤ ਦੇ ਦਿੱਤੀ ਹੈ।"

"ਭੁੱਖ ਵਿਚ?"

"ਨਹੀਂ, ਡਿਨਰ ਵਿਚ।"

"ਜੀ, ਜੀ......ਹਮੇਸ਼ਾ ਦੀ ਤਰ੍ਹਾਂ।"

ਉਹ ਕਾਫ਼ੀ ਦੇਰ ਤੱਕ ਏਸੇ ਤਰ੍ਹਾਂ ਬੈਠਾ ਸਾਹਮਣੇ ਵੇਖਦਾ ਰਿਹਾ ਅਤੇ ਫਿਰ ਉਸ ਵੱਲ ਗ਼ੌਰ ਨਾਲ ਵੇਖਿਆ ਪਰ ਉਹ ਫਿਰ ਆਪਣੇ ਖੋਲ਼ 'ਚ ਸਿਮਟ ਗਈ ਪਰ ਉਸ ਦੇ ਚਿਹਰੇ 'ਤੇ ਉਝਲਣ ਤੇ ਪ੍ਰੇਸ਼ਾਨੀ ਆ ਗਈ ਸੀ।

"ਹਾਂ, ਤਾਂ ਅੱਜ ਸ਼ਾਮ ਉਹ ਪ੍ਰੇਸ਼ਾਨ ਹੈ" ਉਸਨੇ ਸੋਚਿਆ,"ਉਹ ਵੀ ਤਾਂ ਪਿਛਲੇ ਛੇ ਸੱਤ ਸਾਲ ਤੋਂ ਪ੍ਰੇਸ਼ਾਨ ਹੈ,ਇਹ ਉਲਝਣ ਤੇ ਪ੍ਰੇਸ਼ਾਨੀ ਮੈਨੂੰ ਖਾ ਗਈ ਹੈ......ਕੁੱਝ ਨਹੀਂ ਬਚਿਆ.....ਕੁੱਝ ਵੀ ਨਹੀਂ। ਪਰ ਕੀ ਉਹ ਇੱਕ ਖ਼ੁਸ਼ਕਿਸਮਤ ਬੀਵੀ ਨਹੀਂ ਹੈ? ਡਾਕਟਰ ਨਾਲ ਸ਼ਾਦੀ ਜੋ ਹੋਈ ਹੈ।"

ਉਹ ਉਸਦੇ ਸਾਹਮਣੇ ਬੈਠਾ ਸੀ, ਉਸਨੇ ਉਸ ਦੀਆਂ ਅੱਖਾਂ 'ਚ ਝਾਕ ਕੇ ਕਿਹਾ।

"ਹੋਰ ਕਦੋਂ ਤੱਕ?"

"ਕੀ ਮਤਲਬ ਹੈ, ਕਦੋਂ ਤੱਕ?" ਉਹ ਬੋਲੀ।

"ਮੈਂ ਤੇਰੇ ਇੰਤਕਾਮ ਦਾ ਸ਼ਿਕਾਰ ਕਦੋਂ ਤਕ ਹੁੰਦਾ ਰਹੂੰਗਾ।"

"ਮੇਰਾ ਇੰਤਕਾਮ?"

"ਅੱਜ ਸ਼ਾਮੀਂ ਇਸ ਵੇਲੇ, ਮੈਂ ਉਸ ਖ਼ਾਮੋਸ਼ੀ ਦੇ ਖਿਲਾਫ਼ ਜੰਗ ਦਾ ਆਗਾਜ਼ ਕਰਦਾ ਹਾਂ, ਜੋ ਪਿਛਲੇ ਪੰਜ ਸਾਲ ਤੋਂ ਸਾਨੂੰ ਖਾਈ ਜਾ ਰਹੀ ਹੈ। ਪੰਜ ਸਾਲ ਪਹਿਲਾਂ ਜਦੋਂ ਸਾਡੇ ਬੱਚੇ ਦੀ ਮੌਤ ਹੋਈ ਸੀ। ਮੇਰੀ ਵਜ੍ਹਾ ਕਰਕੇ ਤਾਂ ਉਸ ਦੀ ਮੌਤ ਨਹੀਂ ਸੀ ਹੋਈ। ਮੈਂ ਉਸ ਸ਼ਾਮ ਹਾਜ਼ਰ ਨਹੀਂ ਸਾਂ, ਮੈਂ ਉਸ ਸ਼ਾਮ ਕਿਤੇ ਮਿਹਨਤ ਨਾਲ ਕੰਮ ਕਰ ਰਿਹਾ ਸਾਂ ਤਾਂ ਕਿ ਜਦੋਂ ਉਹ ਵੱਡਾ ਹੋਵੇ ਤਾਂ ਮੇਰੇ 'ਤੇ ਫ਼ਖ਼ਰ ਕਰੇ।"

ਹਾਂ, ਉਸ ਦਾ ਬੇਟਾ ਜਿਸ ਨੂੰ ਡਾਕਟਰੀ ਮਦਦ ਨਾ ਮਿਲ ਸਕੀ ਅਤੇ ਉਹ ਉਸ ਨੂੰ ਆਪਣੀਆਂ ਬਾਹਾਂ 'ਚ ਲਈ ਬੈਠੀ ਰਹੀ....ਜਦੋਂ ਉਸ ਦਾ ਪਤੀ, ਪੀ.ਐਚ.ਡੀ ਘਰ ਆਇਆ ਤਾਂ ਵੇਖਿਆ ਕਿ ਉਸਦਾ ਬੱਚਾ ਗੋਦ 'ਚ ਮਰਿਆ ਪਿਆ ਸੀ।

"ਤੂੰ ਮੈਨੂੰ ਇੱਕ ਹੋਰ ਬੱਚਾ ਦੇ ਸਕਦੀ ਸੀ", ਉਹ ਕਹਿ ਰਿਹਾ ਸੀ,"ਪਰ ਤੇਰਾ ਇੰਤਕਾਮ ਬਹੁਤ ਲੰਮਾ ਹੋ ਗਿਆ।"

"ਅਤੇ ਤੂੰ! ਤੂੰ ਕੀ ਕੀਤਾ।" ਉਸਨੇ ਕਿਹਾ,"ਤੂੰ ਜ਼ਿਦ ਨਾਲ ਮੈਨੂੰ ਹਮੇਸ਼ਾ ਨਜ਼ਰਅੰਦਾਜ਼ ਕੀਤਾ। ਤੂੰ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ, ਮੈਨੂੰ ਇੱਕ ਐਸੀ ਔਰਤ ਬਣਾ ਦਿੱਤਾ, ਜੋ ਤੇਰੇ ਲਈ ਸਿਰਫ਼ ਖਾਣਾ ਪਕਾ ਸਕਦੀ ਹੈ, ਘਰ ਸਾਫ਼ ਰੱਖ ਸਕਦੀ ਹੈ। ਤੂੰ ਕਦੀ ਨਹੀਂ ਸੋਚਿਆ ਕਿ ਮੇਰਾ ਹੱਥ ਫੜ ਕੇ ਨਾਲ ਲੈ ਕੇ ਤੁਰੇਂ, ਆਪਣੇ ਵਾਂਗ ਸਮਝਦਾਰ ਬਣਾਵੇਂ। ਹੋ ਸਕਦਾ ਹੈ ਕਿ ਮੈਂ ਆਪਣੇ ਇੰਤਕਾਮ ਵਿੱਚ ਬਹੁਤ ਅੱਗੇ ਨਿਕਲ ਗਈ ਹੋਵਾਂ ਪਰ ਤੂੰ ਵੀ ਆਪਣੇ ਇੰਤਕਾਮ ਵਿੱਚ ਬਹੁਤ ਦੂਰ ਤੱਕ ਚਲਾ ਗਿਆਂ। ਤੂੰ ਸਭ ਕੁਝ ਸੀ, ਮੈਂ ਕੁਝ ਨਹੀਂ ਸਾਂ।"

ਨਹੀਂ, ਜੇ ਮੈਂ ਤੇਰੀ ਦੂਸਰੇ ਬੱਚੇ ਦੀ ਖ਼ਾਹਿਸ਼ ਵੀ ਪੂਰੀ ਕਰ ਦੇਂਦੀ ਤਾਂ ਉਹ ਵੀ ਤੇਰੀ ਬੇਧਿਆਨੀ ਨਾਲ ਮਰ ਜਾਂਦਾ ਜਾਂ ਕਾਬਲ ਤੇ ਸਮਝਦਾਰ ਬਾਪ ਅਤੇ ਇਸ ਅਨਪੜ੍ਹ ਮਾਂ ਦੇ ਵਿਚਕਾਰ ਅਧੂਰਾ ਹੀ ਪਲ਼ਦਾ। ਉਨ੍ਹਾਂ ਮਾਂਿਆਂ ਵਿੱਚ ਪਲ਼ਦਾ, ਜਿਨ੍ਹਾਂ ਵਿਚੋਂ ਇਕ ਮੰਜ਼ਿਲ ਵੱਲ ਹਵਾ ਦੀ ਰਫ਼ਤਾਰ ਨਾਲ ਭੱਜਦਾ ਅਤੇ ਦੂਸਰੀ ਖ਼ਾਮੋਸ਼ੀ ਦੀ ਦੀਵਾਰ ਦੇ ਪਿੱਛੇ ਉਡੀਕ ਕਰਦੀ ਰਹਿੰਦੀ। ਜਿਸ ਦੇ ਕੋਲ ਕੋਈ ਖ਼ਾਬ ਨਹੀਂ, ਕੋਈ ਅੱਗ ਨਹੀਂ, ਬਸ ਖ਼ਲਾਅ ਹੈ। ਮੇਰੇ ਅੰਦਰ ਤਾਂ ਮਾਂ ਬਣਨ ਦਾ ਸੁਪਨਾ ਵੀ ਮਰ ਚੁੱਕਾ ਹੈ....."ਮੈਨੂੰ ਸੁਪਨੇ ਵੇਖਣ ਦੇਵੋ" ਉਹ ਕਹਿੰਦੀ ਰਹੀ। "ਮੈਨੂੰ ਆਪਣਾ ਹੱਥ ਦੇਵੋ, ਸਿਰਫ਼ ਤੂੰ ਹੀ ਮੇਰੀਆਂ ਕਾਲੀਆਂ ਯਾਦਾਂ ਮਿਟਾ ਸਕਦਾ ਏਂ। ਤੂੰ ਮੈਨੂੰ ਮੇਰੇ ਸੁਪਨੇ ਦੇ ਤਾਂ ਕਿ ਮੈਂ ਤੇਰੇ ਸੁਪਨੇ ਮੋੜ ਸਕਾਂ।"

**(ਸਾਊਦੀ ਅਰਬ ਦੀਆਂ ਔਰਤ ਲੇਖਿਕਾਵਾਂ ਦੇ ਸੰਗ੍ਰਹਿ 'ਵਾਯਸਿਜ਼ ਆਫ਼ ਚੇਂਜ' ਚੋਂ ਲਈ ਗਈ)**

## ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

### ਕੰਨਿਆ ਦੀ ਲੋੜ

**26 ਸਾਲਾ 5'8" ਜੱਟ ਸਿੱਖ ਕਨੇਡੀਅਨ ਸਿਟਿਜ਼ਨ ਲੜਕੇ ਲਈ ਕਨੇਡਾ ਰਹਿੰਦੀ ਸੁਨੱਖੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਜ਼ਰੂਰਤ ਹੈ।ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲਡ ਹੈ।ਸਟੂਡੈਂਟ/ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਚਾਹਵਾਨ 780-604-9001 ਜਾਂ 780-669-0456 ਤੇ ਸੰਪਰਕ ਕਰ ਸਕਦੇ ਹਨ।**

### ਕੰਨਿਆ ਦੀ ਲੋੜ

**ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867**

# Matrimonial

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

### ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ।ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

### ਕੰਨਿਆ ਦੀ ਲੋੜ

**32 ਸਾਲਾ ਜੱਟ ਸਿੱਖ ਗਿੱਲ, ਪੰਜ ਫੁੱਟ ਦਸ ਇੰਚ** Divorced Well Settled, Truck Driver, **ਟਰਾਂਟੋ ਰਹਿੰਦੇ ਕੈਨੇਡੀਅਨ ਸਿਟੀਜ਼ਨ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕੀ ਚਾਹੇ ਕੈਨੇਡੀਅਨ ਹੋਵੇ ਜਾਂ ਵਿਜ਼ਟਰ ਵੀਜ਼ੇ ਜਾਂ ਪੜ੍ਹਨ ਆਈ ਹੋਵੇ।Separated ਜਾਂ Divorced (ਬਿਨਾਂ ਬੱਚੇ ਤੋਂ) ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦੀ ਉਮਰ 25 ਤੋਂ 32 ਸਾਲ ਹੋਵੇ। ਸੰਪਰਕ ਕਰਨ ਲਈ ਨੰਬਰ- 403-455-8275**

### ਕੰਨਿਆ ਦੀ ਲੋੜ

Seeking beautiful & compatible match for handsome professionally qualified Assistant Professor, 4.12 AM, 18-11-12, 6', Ludhiana born boy from reputed family of Mullapur (LDH.) Father Associate Professor in Govt. College, having 16 acres of agricultural land and urban properties. Only son, two sisters married. Pretty and educated girl required. contact 98785-31166, navneen.mlp@gmail.com

# Classified Plus

## Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

SOLD

## HOUSE FOR RENT

3 bedroom bungalow, 2 bathrooms and double attached garage on Acreage. Rent including utility in Beaumont. House has a location in front of shopping mall and golf course. Call: 780 929 9504.

RENTED




## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।
*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

**ਸੰਪਰਕ: ਜਸਮੇਰ ਸਿੰਘ 780-504-7254**

## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811

## Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL
REALTY GROUP



Cell: 780-909-5154



9222-51 Avenue, Edmonton, AB T6E 5L8
Phone: 780-439-9818, Fax: 780-439-1257

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ

ਲੜੀ ਨੰਬਰ : 11

# ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਬੰਬਈ ਰਹਿੰਦਿਆਂ ਮੇਰੇ ਭਾਣਜੇ ਗੁਰਿੰਦਰ ਨੇ ਅਪਣਾ ਹੋਰ ਸਰਕਲ ਵੀ ਹੁਣ ਵਧਾ ਲਿਆ ਸੀ। ਇਕ ਦਿਨ ਉਸ ਦਿੱਲੀ ਤੋਂ ਆਏ ਇਕ ਹੋਰ ਬਿਜ਼ਨਿਸਮੈਨ ਨਾਲ ਮਿਲਾਇਆ, ਜਿਹੜਾ ਸਾਡੇ ਵਾਂਗੂੰ ਹੀ ਫਿਲਮ ਬਣਾਉਣ ਲਈ ਬੰਬਈ ਆਇਆ ਹੋਇਆ ਸੀ ਤੇ ਖਾਸ ਗੱਲ ਇਹ ਸੀ ਕਿ ਉਸਦੀ ਫਿਲਮ ਦਾ ਡਾਇਰੈਕਟਰ ਵੀ ਸੁਖਵੰਤ ਢੱਡਾ ਸੀ।

ਨਾਂ ਇਸਦਾ ਸੀ ਨਰਿੰਦਰ। ਪੰਜ ਫੁੱਟਾ ਕੱਦ, ਰੰਗ ਕਾਲਾ ਸ਼ਾਹ, ਗੱਠਿਆ ਸਰੀਰ, ਭੰਬੀਰੀ ਵਾਂਗ ਘੁੰਮੀ ਜਾਵੇ ਸਾਡੇ ਫਲੈਟ ਵਿਚ। ਖਾਣ ਪੀਣ ਦਾ ਸ਼ੌਕੀਨ, ਗੱਲਾਂ ਵਿਚ ਹਾਸਾ ਮਜ਼ਾਕ ਤੇ ਦਿਲਫੈਂਕ ਆਸ਼ਿਕ। ਪੈਸੇ ਨਾਲ ਰੱਜਿਆ ਹੋਇਆ ਸੀ ਨਰਿੰਦਰ ਪਰ ਸਭ ਤੋਂ ਵੱਧ ਦਿਲ ਦਾ ਬਾਦਸ਼ਾਹ, ਦਸ ਰੁਪਏ ਦੀ ਜਗ੍ਹਾ ਸੌ ਰੁਪਿਆ ਖਰਚਣ ਵਾਲਾ। ਬਹੁਤ ਹੀ ਘੱਟ ਲੋਕ ਮਿਲਦੇ ਹਨ ਇਹੋ ਜਿਹੇ ਸਾਡੀਆਂ ਅਸਲੀ ਜ਼ਿੰਦਗੀਆਂ ਵਿਚ।

ਅਸੀਂ ਮਿੰਟਾਂ ਸਕਿੰਟਾਂ ਵਿਚ ਹੀ ਇਕ ਦੂਸਰੇ ਨਾਲ ਕਲਿੱਕ ਕਰ ਗਏ ਤੇ ਹੌਲੀ ਹੌਲੀ ਇਹ ਦੋਸਤੀ ਏਨੀ ਵਧ ਗਈ ਕਿ ਅਸੀਂ ਦੋਵੇਂ ਇਕ ਦੂਸਰੇ ਦੇ ਸਾਹਾਂ ਵਿਚ ਵਸ ਗਏ... ਜ਼ਿੰਦਗੀ ਵਿਚ ਜੇ ਮੈਂ ਕਿਧਰੇ ਦੋਸਤੀ ਦਾ ਨਿੱਘ ਮਾਣਿਆ ਹੈ ਤਾਂ ਉਹਨਾਂ ਵਿਚੋਂ ਇਕ ਨਰਿੰਦਰ ਸੀ।

ਬੜੀ ਲੰਬੀ ਕਹਾਣੀ ਹੈ, ਇਸ ਬੰਦੇ ਦੀ ਕਾਮਯਾਬੀ ਵਾਲੀ। ਪਹਿਲੇ ਉਹ ਮੇਰਠ ਰਹਿੰਦਾ ਸੀ। ਸਕੂਲ ਕਾਲਜ ਉਹ ਏਨਾ ਕੁ ਹੀ ਗਿਆ ਸੀ ਕਿ ਬੱਸ ਅੱਖਰਾਂ ਦੀ ਪਹਿਚਾਣ ਹੋ ਗਈ ਸੀ। ਕਿਸੇ ਬਿਲਡਰ ਨਾਲ ਉਸਦੀ ਜਾਣ ਪਹਿਚਾਣ ਹੋ ਗਈ ਜੋ ਉਹਨਾਂ ਦੀ ਮਠਿਆਈ ਦੀ ਦੁਕਾਨ 'ਤੇ ਅਕਸਰ ਆਉਂਦਾ ਜਾਂਦਾ ਰਹਿੰਦਾ ਸੀ।

ਇਸ ਬਿਲਡਰ ਕੋਲ ਏਨਾ ਵਕਤ ਨਹੀਂ ਸੀ ਹੁੰਦਾ ਕਿ ਉਹ ਇਮਾਰਤਾਂ ਵਿਚ ਲੱਗਣ ਵਾਲਾ ਬਿਜਲੀ ਦਾ ਸਮਾਨ ਖੁਦ ਖਰੀਦ ਸਕੇ। ਉਸ ਨੇ ਨਰਿੰਦਰ ਨੂੰ ਦਿੱਲੀ ਦੇ ਕੁਝ ਹੋਲਸੇਲ ਬਿਜਲੀ ਵਪਾਰੀਆਂ ਦੇ ਐਡਰੈਸ ਦਿੱਤੇ ਤੇ ਕਿਹਾ ਕਿ ਉਹ ਇਹਨਾਂ ਤੋਂ ਸਮਾਨ ਖਰੀਦ ਕੇ ਉਸ ਨੂੰ ਸਪਲਾਈ ਕਰ ਦਿਆ ਕਰੇ ਤੇ ਅਪਣੀ ਕਮਿਸ਼ਨ ਵਿਚ ਰੱਖ ਲਿਆ ਕਰੇ। ਨਰਿੰਦਰ ਨੇ ਇਕ ਸਕੂਟਰ ਖਰੀਦ ਲਿਆ ਤੇ ਲੱਗ ਗਿਆ ਦਿੱਲੀ ਵਿਚ ਹਰ ਹਫਤੇ ਗੇੜਾ ਮਾਰਨ। ਈਮਾਨਦਾਰੀ ਤੇ ਮਿਹਨਤ ਨਾਲ ਉਸ ਦੂਸਰੇ ਬਿਲਡਰਾਂ ਨਾਲ ਵੀ ਸੰਪਰਕ ਪੈਦਾ ਕਰ ਲਿਆ। ਕਈ ਵਾਰੀ ਬਿਲਡਰ ਸਮਾਨ ਖਰੀਦੀ ਜਾਣ ਪਰ ਕਮਿਸ਼ਨ ਦੇਣ ਲਈ ਗੇੜੇ ਕਢਵਾਉਂਦੇ ਰਹਿਣ, ਜੇਬ ਵਿਚ ਪੈਸੇ ਦੀ ਤੋਟ ਆ ਜਾਣੀ, ਸਕੂਟਰ ਵਿਚ ਪੈਟਰੋਲ ਪਾਉਣ ਲਈ ਵੀ ਪੈਸੇ ਨਾ ਹੋਣੇ। ਫਿਰ ਉਸ ਨੂੰ ਹੋ ਗਿਆ ਇਕ ਨਰਸ ਨਾਲ ਇਸ਼ਕ। ਮੀਨਾ ਨਾਂ ਸੀ ਉਸਦਾ, ਉਹ ਉਸ ਵਿਚੋਂ ਮੀਨਾ ਕੁਮਾਰੀ ਨੂੰ ਵੇਖਣ ਲੱਗਾ; ਸਧਾਰਨ ਸਿੱਧੀ ਤੇ ਲੰਬੇ ਵਾਲ, ਅੱਖਾਂ ਤੇ ਬੁੱਲ੍ਹਾਂ ਵਿਚ ਚੁੰਬਕਈ ਹਾਸਾ। ਇਸ਼ਕ ਹੋ ਗਿਆ ਸੀ ਉਸ ਨੂੰ ਜਨੂੰਨ ਦੀ ਹੱਦ ਤੱਕ ਪਰ ਮੀਨਾ ਉਸ ਨਾਲ ਅੱਖ ਨਾ ਮਿਲਾਵੇ, ਮੁੜ ਕੇ ਵੇਖੇ ਵੀ ਨਾ ... ਕੌਣ ਨਰਿੰਦਰ... ਕਿਹੜਾ ਨਰਿੰਦਰ?

ਪਰ ਉਹ ਆਸ਼ਿਕ ਕੀ ਜਿਹੜਾ ਪਿੱਛੇ ਹਟ ਜਾਵੇ। ਜਿਸ ਹੋਸਟਲ ਵਿਚ ਮੀਨਾ ਰਹਿੰਦੀ ਸੀ ਉਸਦੇ ਗੇਟ ਸਾਹਮਣੇ ਉਸ ਜਾ ਧੂਣੀ ਲਾਈ। ਤਿੰਨ ਚਾਰ ਦਿਨ ਰਾਤ ਉਹ ਕਦੇ ਸੁੱਕੇ ਘਾਹ ਤੇ ਅਤੇ ਕਦੇ ਬੈਂਚ 'ਤੇ ਸੁੱਤਾ ਰਿਹਾ, ਭੁੱਖਾ ਭਾਣਾ, ਬੁਖਾਰ ਆ ਗਿਆ, ਬਿਮਾਰ ਹੋ ਗਿਆ। ਮੀਨਾ ਉਸ ਵੱਲ ਰੋਜ਼ ਵੇਖਦੀ, ਪਰ ਇਹ ਸਭ ਉਹ ਉਸਦੀ ਐਕਟਿੰਗ ਹੀ ਸਮਝਦੀ ਰਹੀ। ਜਦ ਗੱਲ ਕੁਝ ਜ਼ਿਆਦਾ ਹੀ ਸੀਰੀਅਸ ਹੋ ਗਈ, ਇਸ਼ਕ ਦਾ ਬੁਖਾਰ ਵਧ ਗਿਆ ਤਾਂ ਮੀਨਾ ਨੂੰ ਉਸ ਉੱਪਰ ਤਰਸ ਆ ਗਿਆ। ਦਵਾਈ ਲਿਆ ਕੇ ਦਿੱਤੀ, ਸਿਰ 'ਤੇ ਹੱਥ ਫੇਰਿਆ... ਬੁਖਾਰ ਉਤਰਨ ਲੱਗਾ।

ਜਿਸ ਮੀਨਾ ਨਾਲ ਉਹ ਗੱਲ ਕਰਨ ਲਈ ਤਰਸ ਰਿਹਾ ਸੀ ਉਹ ਹੀ ਉਸ ਨੂੰ ਦਵਾਈ ਪਿਲਾ ਰਹੀ ਸੀ, ਆਖਰ ਜਦ ਉਹ ਕੁਝ ਠੀਕ ਹੋਇਆ ਤਾਂ ਮੀਨਾ ਉਸ ਨੂੰ ਪੁੱਛਣ ਲੱਗੀ, "ਆਖਿਰ ਤੂੰ ਚਾਹੁੰਦਾ ਕੀ ਏਂ ਮੇਰੇ ਕੋਲੋਂ?'' "ਬਸ ਦੁਨੀਆ ਵਿਚ ਹੋਰ ਕੁਝ ਨਹੀਂ, ਸਿਰਫ ਤੈਨੂੰ, ਨਹੀਂ ਤਾਂ ਏਸੇ ਹੀ ਬੈਂਚ ਉੱਪਰ ਅਪਣੀ ਜਾਨ ਦੇ ਦਿਆਂਗਾ।'' ਨਰਿੰਦਰ ਦਾ ਜਵਾਬ ਸੀ। ਮੀਨਾ ਫਿਸ ਪਈ, ਉਸ ਕੋਲੋਂ ਉਸਦਾ ਦੁੱਖ ਹੋਰ ਨਹੀਂ ਸੀ ਸਹਾਰਿਆ ਜਾ ਰਿਹਾ। ਨਰਿੰਦਰ ਨੇ ਉਸ ਨੂੰ ਅਪਣੇ ਕੋਲ ਖੜ੍ਹੇ ਸਕੂਟਰ 'ਤੇ ਬਿਠਾਇਆ ਤੇ ਦੂਰ ਸੜਕਾਂ 'ਤੇ ਸੈਰ ਕਰਨ ਲਈ ਨਿਕਲ ਪਿਆ।

ਸਦਕੇ ਜਾਈਏ ਇਹੋ ਜਿਹੀ ਆਸ਼ਿਕੀ ਦੇ।

ਅਪਣੇ ਮਹਿਬੂਬ ਨੂੰ ਪਾ ਲੈਣ ਤੋਂ ਬਾਅਦ ਨਰਿੰਦਰ ਨੇ ਅਪਣੇ ਕੰਮ ਵਿਚ ਹੋਰ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਮਹਿਬੂਬ ਪਾਲਣੀ ਕੋਈ ਸੌਖੀ ਗੱਲ ਤਾਂ ਹੁੰਦੀ ਨਹੀਂ; ਖਰਚੇ ਵੀ ਵਧ ਜਾਂਦੇ ਹਨ। ਦਿੱਲੀ ਉਸ ਹਫਤੇ ਵਿਚ ਇਕ ਵਾਰੀ ਦੀ ਜਗ੍ਹਾ ਦੋ ਵਾਰੀ ਜਾਣਾ ਸ਼ੁਰੂ ਕਰ ਦਿੱਤਾ। ਕਮਿਸ਼ਨ ਦਾ ਕੰਮ ਛੱਡ ਕੇ ਬਿਜਲੀ ਦਾ ਸਸਤਾ ਸਮਾਨ ਮਾਰਕੀਟ ਵਿਚੋਂ ਚੁੱਕਦਾ ਤੇ ਚੰਗੇ ਅਤੇ ਅੱਛੇ ਨਫੇ 'ਤੇ ਮੇਰਠ ਦੇ ਬਿਲਡਿਰਾਂ ਨੂੰ ਵੇਚ ਦਿੰਦਾ।

ਕਿਸੇ ਵੀ ਬਿਜਨਿਸ ਵਿਚ ਜੇ ਕੋਈ ਚੰਗੀ ਲਾਈਨ ਮਿਲ ਜਾਵੇ ਤਾਂ ਧੰਨ ਧੰਨ ਹੋ ਜਾਂਦੀ ਹੈ, ਨਰਿੰਦਰ ਦੀ ਵੀ ਧੰਨ ਧੰਨ ਹੋਣੀ ਸ਼ੁਰੂ ਹੋ ਗਈ ਸੀ। ਹੁਣ ਉਸ ਬਿਜਲੀ ਦੇ ਕੰਟਰੈਕਟ ਲੈਣੇ ਸ਼ੁਰੂ ਕਰ ਦਿੱਤੇ।

ਬਿਜ਼ਨਿਸ ਹੋਰ ਵਧਿਆ ਤਾਂ ਉਹ ਮੇਰਠ ਤੋਂ ਦਿੱਲੀ ਆ ਗਿਆ ਤੇ ਮੀਨਾ ਨਾਲ ਵਿਆਹ ਕਰਵਾ ਲਿਆ। ਬਿਜਲੀ ਦੇ ਕੰਟਰੈਕਟਰਾਂ ਤੋਂ ਬਾਅਦ ਅੱਗ ਬੁਝਾਊ ਯੰਤਰਾਂ ਦਾ ਠੇਕੇਦਾਰ ਬਣ ਗਿਆ। ਸਰਕਾਰੇ ਦਰਬਾਰੇ ਅਫਸਰਾਂ ਨਾਲ ਯਾਰੀਆਂ ਪਾ ਲਈਆਂ। ਤਿੰਨ ਲੱਖ ਰੁਪਏ ਦਾ ਕੰਮ, ਠੇਕਾ ਦਸ ਲੱਖ ਰੁਪਏ ਦਾ, ਟੈਂਡਰ ਜਿੱਤਣ ਲਈ ਬਾਕੀ ਦੇ ਠੇਕੇਦਾਰਾਂ ਨਾਲ ਭਾਈਵਾਲੀ। ਉਪਰਲੇ ਪੈਸਿਆਂ ਦਾ ਅਫਸਰਾਂ ਨਾਲ ਅੱਧ ਅੱਧ ਤੇ ਉਪਰੋਂ ਸ਼ਰਾਬ, ਸ਼ਬਾਬ ਤੇ ਕਬਾਬ ਸਪਲਾਈ।

ਇਹੋ ਜਿਹਾ ਕੰਮ ਹਰ ਕੋਈ ਨਹੀਂ ਕਰ ਸਕਦਾ। ਨਰਿੰਦਰ ਨੇ ਅਫਸਰਾਂ ਦੀ, ਮਾਰਕੀਟ ਦੀ ਨਬਜ਼ ਫੜ ਲਈ ਸੀ। ਸੱਤ ਅੱਠ ਸਾਲ ਵਿਚ ਹੀ ਉਹ ਕਰੋੜਪਤੀ ਬਣ ਗਿਆ ਤੇ ਫਿਰ ਕੀੜਾ ਉਠਿਆ ਬੰਬਈ ਫਿਲਮ ਬਣਾਉਣ ਦਾ।

ਨਰਿੰਦਰ ਭਾਵੇਂ ਮੇਰਠ ਦਾ ਹਿੰਦੀ ਬੋਲਣ ਵਾਲਾ ਬਈਆ ਸੀ ਪਰ ਦਿੱਲੀ ਪੰਜਾਬੀ ਠੇਕੇਦਾਰਾਂ ਨਾਲ ਪਾਈਆਂ ਦੋਸਤੀਆਂ ਨਾਲ ਉਹ ਪੱਕਾ ਪੰਜਾਬੀ ਬਣ ਗਿਆ ਸੀ, ਸਾਡੇ ਨਾਲ ਉਹ ਪੰਜਾਬੀ ਹੀ ਬੋਲਦਾ ਸੀ।

ਪੁੱਛਣ ਲੱਗਾ, "ਤੁਸੀਂ ਇਸ ਢੱਗੇ ਨਾਲ ਕਿਵੇਂ ਫਸ ਗਏ, ਮੇਰੇ ਤਾਂ ਇਸ ਲੱਖਾਂ ਰੁਪਏ ਬਰਬਾਦ ਕਰ ਦਿੱਤੇ ਹਨ, ਕਾਸ਼ ਕਿ ਆਪਾਂ ਕਿਧਰੇ ਪਹਿਲੇ ਮਿਲੇ ਹੁੰਦੇ ਤਾਂ ਤੁਹਾਨੂੰ ਇਸ ਬਰਬਾਦੀ ਤੋਂ ਬਚਾ ਦਿੰਦਾ। ਉਸ ਨੇ ਹੋਰ ਦੱਸਿਆ ਕਿ ਸੁਖਵੰਤ ਨੇ ਉਸ ਨੂੰ ਵੀ ਪਹਿਲੇ ਸ਼ੁਰੂ ਵਿਚ ਬੜੇ ਸਬਜ਼ਬਾਗ ਦਿਖਾਏ ਸਨ।

ਹੀਰੋ ਉਹਨਾਂ ਦਾ ਵੀ ਕੁਮਾਰ ਗੌਰਵ ਸੀ ਤੇ ਹੀਰੋਇਨ ਕਿੱਮੀ। ਕੈਮਰਾਮੈਨ ਵੀ ਉਸਦਾ ਚਹੇਤਾ ਸ਼ਾਹ ਜੀ ਕਰਨ। ਫਿਲਮ ਦੀ ਸ਼ੂਟਿੰਗ ਲਈ ਉਹਨਾਂ ਪਿਛਲੇ ਸਾਲ ਤਿੰਨ ਹਫਤੇ ਦਾ ਸ਼ੈਡੂਅਲਡ ਕੁੱਲੂ ਮਨਾਲੀ ਰੱਖਿਆ ਸੀ। ਬੰਬਈ ਤੋਂ ਕਈ ਟਰੱਕਾਂ ਵਿਚ ਸ਼ੂਟਿੰਗ ਦਾ ਸਮਾਨ ਲੱਦਿਆ, ਇਕ ਹਫਤਾ ਪਹਾੜਾਂ ਦਾ ਸਫਰ ਕਰਦੇ ਹੋਏ ਉਹ ਕੁੱਲੂ ਮਨਾਲੀ ਪਹੁੰਚੇ ਸਨ।




ਜੈਕੀ ਸ਼ਰਾਫ ਆਪਣੀ ਇੱਕ ਮਨ-ਪਸੰਦੀਦਾ ਸਪੋਰਟਸ ਕਾਰ ਦੇ ਨਾਲ।

ਉੱਥੇ ਜਾ ਕੇ ਸੁਖਵੰਤ ਨੂੰ ਸਮਝ ਨਾ ਪਵੇ ਕਿ ਹੁਣ ਸ਼ੂਟ ਕੀ ਕਰੀਏ, ਹੀਰੋ ਹੀਰੋਇਨ ਹੋਟਲ ਵਿਚ ਬੈਠੇ ਸਨ ਤੇ ਬਰਫਾਂ ਵਿਚ ਕਲਾਬਾਜ਼ੀਆਂ ਖਾ ਰਹੇ ਸਨ। ਇਕ ਦੋ ਦਿਨ ਦੀ ਸ਼ੂਟਿੰਗ ਕਰਕੇ ਫਿਰ ਰੁਕ ਗਏ, ਸਕਰਿਪਟ ਤਿਆਰ ਨਹੀਂ ਸੀ, ਕੋਈ ਸੀਨ ਨਹੀਂ ਸੀ ਲਿਖਿਆ ਤੇ ਨਾ ਹੀ ਕੋਈ ਗਾਣਾ ਸ਼ੂਟ ਕੀਤਾ ਜਾ ਸਕਦਾ ਸੀ। ਏਨੇ ਬੰਦੇ ਸੱਦ ਕੇ ਕੋਈ ਪਹਾੜਾਂ ਤੇ ਬਰਫਾਂ ਦੇ ਸੀਨ ਤਾਂ ਲੈਣੇ ਨਹੀਂ ਸਨ।

ਆਖਿਰ ਹੋਇਆ ਉਹ ਹੀ ਜੋ ਹੋਣਾ ਸੀ, ਸਾਰਾ ਯੂਨਿਟ ਪੰਜਵੇਂ ਦਿਨ ਫਿਰ ਬੰਬਈ ਲਈ ਵਾਪਿਸ ਤੁਰ ਪਿਆ, ਹਜ਼ਾਰਾਂ ਲੱਖਾਂ ਰੁਪਿਆ ਪਹਾੜਾਂ ਦੇ ਪੱਥਰਾਂ ਵਿਚ ਸੁੱਟ ਕੇ।

ਹੁਣ ਉਹ ਬੰਬਈ ਆਇਆ ਸੀ ਫਿਰ ਸੁਖਵੰਤ ਨੂੰ ਮਿਲਣ ਲਈ ਤਾਂ ਕਿ ਫਿਲਮ ਨੂੰ ਅੱਗੇ ਤੋਰਿਆ ਜਾਵੇ, ਪਰ ਸੁਖਵੰਤ ਉਸ ਨੂੰ ਪੱਲਾ ਨਹੀਂ ਸੀ ਫੜਾ ਰਿਹਾ ਕਿਉਂਕਿ ਹੁਣ ਉਸਦੀ ਫਿਲਮ ਸਾਡੀ ਫਿਲਮ ਨਾਲੋਂ ਛੋਟੀ ਹੋ ਗਈ ਸੀ। ਸਾਡੀ ਵੱਡੀ ਫਿਲਮ ਨਾਲ ਉਸਦਾ ਨਾਂ ਵੀ ਵੱਡਾ ਹੋਣਾ ਸੀ, ਕੁਮਾਰ ਗੌਰਵ ਨਾਲ ਕੰਮ ਕਰਕੇ ਉਹ ਛੋਟਾ ਡਾਇਰੈਕਟਰ ਬਣਦਾ ਸੀ ਤੇ ਜੈਕੀ ਨਾਲ ਉਸਦਾ ਨਾਂ ਵੱਡਾ ਹੋ ਗਿਆ ਸੀ, ਨਰਿੰਦਰ ਨੂੰ ਉਹ ਪੱਲਾ ਕਿਵੇਂ ਫੜਾਉਂਦਾ।

ਇਹ ਸੀ ਸਾਡੀ ਦੋਸਤੀ ਦੀ ਪਹਿਲੀ ਸ਼ੁਰੂਆਤ। ਸੁਖਵੰਤ ਦੀ ਅੱਗ ਵਿਚ ਸੜ ਰਹੇ ਦੋ ਦੁਖਿਆਰਾਂ ਦੀ।

ਇੱਧਰ ਜੋ ਨਰਿੰਦਰ ਨਾਲ ਬੀਤੀ ਸੀ ਉਹ ਹੀ ਹੁਣ ਸਾਡੇ ਨਾਲ ਬੀਤਣੀ ਸ਼ੁਰੂ ਹੋ ਗਈ ਸੀ। ਗੱਲ ਕੁਝ ਇਸ ਤਰ੍ਹਾਂ ਹੋਈ ਕਿ ਸਾਡੇ ਪ੍ਰੋਜੈਕਟ ਨੂੰ ਸੁਣ ਕੇ ਟੀ. ਸੀਰੀਜ਼ ਕੈਸਿਟ ਵਾਲੇ ਗੁਲਸ਼ਨ ਕੁਮਾਰ ਨੇ ਸੁਖਵੰਤ ਨੂੰ ਅਪਣੀ ਇਕ ਫਿਲਮ ਬਣਾਉਣ ਲਈ ਸਾਈਨ ਕਰ ਲਿਆ। ਇਸ ਲਈ ਉਸ ਸੁਖਵੰਤ ਨੂੰ ਇਕ ਲੱਖ ਰੁਪਿਆ ਨਕਦ ਤੇ ਨਾਲ ਹੀ ਆਉਣ ਜਾਣ ਲਈ ਮਾਰੂਤੀ ਕਾਰ ਦੇ ਦਿੱਤੀ। ਬੱਸ ਜੀ ਸੁਖਵੰਤ ਤਾਂ ਉਡਿਆ ਫਿਰੇ, ਗੁਲਸ਼ਨ ਕੁਮਾਰ ਦੇ ਸਾਹਮਣੇ ਗੁਰਚਰਨ ਸੱਗੂ ਉਸ ਨੂੰ ਕੀੜੀ ਨਜ਼ਰ ਆਣ ਲੱਗ ਪਿਆ ਬਿਲਕੁਲ ਉਂਜ ਹੀ ਜਿਵੇਂ ਪਹਿਲੇ ਮੇਰੇ ਸਾਹਮਣੇ ਉਸ ਨੂੰ ਨਰਿੰਦਰ ਨਜ਼ਰ ਆ ਰਿਹਾ ਸੀ।

ਗੁਲਸ਼ਨ ਕੁਮਾਰ ਨੂੰ ਕੈਮਰੇ ਸਾਹਮਣੇ ਕੰਮ ਕਰਨ ਦਾ ਬੜਾ ਸ਼ੌਕ ਸੀ। ਕਈ ਮੰਦਰਾਂ ਵਿਚ ਉਸਦੇ ਭਜਨਾਂ ਦੀਆਂ ਬਣਾਈਆਂ ਕੈਸਿਟਾਂ ਤੇ ਵੀਡੀਓ ਕੈਸਿਟਾਂ ਟੀ ਵੀ ਚੈਨਲਾਂ 'ਤੇ ਚੱਲਦੀਆਂ ਰਹਿੰਦੀਆਂ ਸਨ। ਬੜਾ ਹੀ ਤਿੱਖੀ ਬੁੱਧੀ ਵਾਲਾ ਬਿਜਨਿਸ ਮੈਨ ਸੀ ਉਹ, ਏਸੇ ਲਈ ਤਾਂ ਦਿੱਲੀ ਫਰੂਟ ਜੂਸ ਵੇਚਦਾ ਵੇਚਦਾ ਅੱਜ ਉਹ ਕਰੋੜਪਤੀ ਨਹੀਂ ਬਲਕਿ ਅਰਬਾਂਪਤੀ ਬਣ ਗਿਆ ਸੀ। ਪੈਸੇ ਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ ਪਰ ਉਹ ਬੰਦੇ ਦੀ ਪਛਾਣ ਕਰਨ ਵਿਚ ਬੜਾ ਮਾਹਿਰ ਸੀ ਕਿ ਕੋਈ ਕਿੰਨੇ ਕੁ ਪਾਣੀਆਂ ਵਿਚ ਹੈ, ਕੋਈ ਵਕਤੀ ਸਟਾਰ ਹੈ ਜਾਂ ਕਿ ਲੰਬੀ ਰੇਸ ਦਾ ਘੋੜਾ ਹੈ। ਅਨੁਰਾਧਾ ਪੌਡਵਾਲ, ਕੁਮਾਰ ਸਾਨੂੰ, ਨਦੀਮ ਸ਼ਰਵਨ, ਸੋਨੂੰ ਨਿਗਮ ਅਤੇ ਅਨੇਕਾਂ ਹੀ ਹੋਰ ਗੀਤਕਾਰਾਂ, ਸੰਗੀਤਕਾਰਾਂ ਤੇ ਸਿੰਗਰਾਂ ਨੂੰ ਉਸ ਕਾਮਯਾਬੀ ਵੱਲ ਤੋਰਿਆ ਸੀ।

ਅਨੁਰਾਧਾ ਪੌਡਵਾਲ ਨਾਲ ਬੜੀ ਜ਼ਬਰਦਸਤ ਦੋਸਤੀ ਸੀ ਉਸਦੀ। ਦੋਨਾਂ ਦੇ ਸਬੰਧਾਂ ਦੀ ਪੂਰੀ ਫਿਲਮ ਇੰਡਸਟਰੀ ਨੂੰ ਜਾਣਕਾਰੀ ਸੀ। ਕਿਹੜੇ ਗੀਤਕਾਰ ਕੋਲੋਂ ਗੀਤ ਲਿਖਾਉਣਾ ਹੈ, ਕਿਹਦੇ ਕੋਲੋਂ ਗੁਆਉਣਾ ਹੈ, ਕਿਸ ਦਾ ਸੰਗੀਤ, ਇਹ ਸਭ ਕੁਝ ਗੁਲਸ਼ਨ ਕੁਮਾਰ ਉਸਦੀ ਸਲਾਹ ਨਾਲ ਹੀ ਕਰਦਾ ਸੀ। ਟੀ. ਸੀਰੀਜ਼ ਦੇ ਜੂਹੂ ਵਾਲੇ ਦਫਤਰ ਵਿਚ ਸਵੇਰ ਦੇ ਨੌਂ ਵਜੇ ਤੋਂ ਹੀ ਆਪੋ ਅਪਣੇ ਕੰਮ ਲੈਣ ਲਈ ਭੀੜ ਲੱਗਣੀ ਸ਼ੁਰੂ ਹੋ ਜਾਂਦੀ ਸੀ। ਸੁਖਵੰਤ ਵੀ ਸਰਕਾਰੇ ਦਰਬਾਰੇ ਵਕਤ ਤੋਂ ਪਹਿਲਾਂ ਹੀ ਹਾਜ਼ਰੀ ਭਰਨ ਲਈ ਪਹੁੰਚ ਜਾਂਦਾ ਸੀ।

ਗੁਲਸ਼ਨ ਨਾਲ ਸਾਈਨ ਕੀਤੀ ਫਿਲਮ ਤੋਂ ਬਾਅਦ ਉਹ ਮੈਨੂੰ ਆ ਕੇ ਕਹਿਣ ਲੱਗਾ:-

"ਸੱਗੂ ਸਾਹਿਬ, ਇਕ ਲੱਖ ਰੁਪਿਆ ਐਡਵਾਂਸ ਦਿੱਤਾ ਹੈ ਮੈਨੂੰ ਗੁਲਸ਼ਨ ਕੁਮਾਰ ਨੇ, ਆਹ ਕਾਰ ਦੀਆਂ ਚਾਬੀਆਂ ਵੀ ਮੇਰੇ ਹੱਥ ਫੜਾ ਦਿੱਤੀਆਂ ਨੇ ਤੇ ਪੈਟਰੋਲ ਦਾ ਖਰਚਾ ਵੀ ਉਹਨਾਂ ਦਾ। ਬੜਾ ਵੱਡਾ ਪ੍ਰੋਜੈਕਟ ਮੈਨੂੰ ਦਿੱਤਾ ਹੈ ਉਸ, ਇਹਦੇ ਲਈ ਬੜੀ ਤਿਆਰੀ ਕਰ ਰਿਹਾ ਹਾਂ। ਕੱਲ੍ਹ ਅਸੀਂ ਮਾਤਾ ਵੈਸ਼ਨੋ ਦੇਵੀ ਗੁਲਸ਼ਨ ਨਾਲ ਜਾ ਰਹੇ ਹਾਂ, ਉੱਥੇ ਇਕ ਭਜਨ ਸ਼ੂਟ ਕਰਨਾ ਹੈ, ਉਸ ਤੋਂ ਬਾਅਦ ਐਡੀਟਿੰਗ ਕਰਨੀ ਹੈ ਮੈਂ ਆ ਕੇ... ਫਿਰ ਇਕ ਗਾਣਾ ਸ਼ੂਟ ਕਰਨਾ ਹੈ, ਇਹ ਪੂਰਾ ਇਕ ਮਹੀਨਾ ਤਾਂ ਮੈਂ ਗੁਲਸ਼ਨ ਨਾਲ ਹੀ ਬੱਝਿਆ ਹੋਇਆ ਹਾਂ...

... ਜੈਕੀ ਤੁਹਾਨੂੰ ਡੇਟਸ ਨਹੀਂ ਦੇ ਰਿਹਾ, ਨੀਲਮ ਵੀ ਨਖਰੇ ਕਰ ਰਹੀ ਆ, ਪਹਿਲੇ ਤੁਸੀਂ ਇਹਨਾਂ ਨਾਲ ਮਿਲ ਕੇ ਡੇਟਸ ਲੈ ਕੇ ਆਵੋ ਫਿਰ ਮੇਰੇ ਨਾਲ ਆ ਕੇ ਗੱਲ ਕਰਿਓ। ਮੈਂ ਸੋਚਣ ਲੱਗਾ ਕਿ ਉਹ ਹੀ ਸੁਖਵੰਤ ਹੈ ਇਹ ਜਿਸ ਨੇ ਮੇਰੀ ਫਿਲਮ ਨੂੰ ਛੇ ਮਹੀਨਿਆਂ ਵਿਚ ਪੂਰੀ ਕਰਨ ਦਾ ਵਾਅਦਾ ਕੀਤਾ ਸੀ।

ਮੈਂ ਆਟੋ ਰਿਕਸ਼ਾ ਲੈ ਕੇ ਦੂਰ ਦੁਰਾਡੇ ਜਿੱਥੇ ਜੈਕੀ ਸ਼ੂਟਿੰਗ ਕਰ ਰਿਹਾ ਹੁੰਦਾ, ਉੱਥੇ ਪਹੁੰਚ ਜਾਂਦਾ।

ਜੈਕੀ ਸ਼ਰਾਬ ਪੀਣ ਦਾ ਜ਼ਿਆਦਾ ਸ਼ੌਕੀਨ ਨਹੀਂ ਸੀ, ਪਰ ਗਾਂਜਾ ਪੀਣ ਦਾ ਮਹਾਂ ਖਿਡਾਰੀ। ਸਿਗਰਟ ਨਾਲੋਂ ਬੀੜੀ ਪੀਣ ਦਾ ਮਹਾਂ ਸ਼ੌਕੀਨ, ਉਸ ਦੀਆਂ ਅੱਖਾਂ ਹਰ ਵੇਲੇ ਚੜ੍ਹੀਆਂ ਰਹਿੰਦੀਆਂ। ਜ਼ਿਆਦਾ ਗੱਲ ਨਾ ਕਰਦਾ ਤੇ ਟਰਕਾ ਛੱਡਦਾ। ਇਸੇ ਤਰ੍ਹਾਂ ਜਦ ਮੈਂ ਇਕ ਵਾਰੀ ਲੰਡਨ ਤੋਂ ਬੰਬਈ ਤਕਰੀਬਨ ਸੋਲਾਂ ਘੰਟੇ ਦਾ ਸਫਰ ਕਰਨ ਤੋਂ ਬਾਅਦ ਉਸ ਨੂੰ ਮਿਲਣ ਲਈ ਇਕ ਸਟੂਡੀਓ ਪਹੁੰਚਾ ਤਾਂ ਫਿਲਮ ਬਾਰੇ ਕੋਈ ਗੱਲ ਕਰਨ ਦੀ ਬਜਾਏ ਸਿੱਧਾ ਹੀ ਪੁੱਛਣ ਲੱਗਾ, "ਮੇਰੇ ਟਾਇਰ ਲਾਏ ਹੋ?'' ਮੇਰੀਆਂ ਅੱਖਾਂ ਵਿਚ ਸਫਰ ਦੀ ਥਕਾਵਟ ਦਾ ਅਸਰ ਸੀ ਤੇ ਉਸਦੀਆਂ ਅੱਖਾਂ ਵਿਚ ਗਾਂਜੇ ਦਾ ਨਸ਼ਾ।

ਮੈਂ ਸੋਚਣ ਲੱਗਾ ਕਿ ਏਨੇ ਲੰਬੇ ਸਫਰ ਤੋਂ ਬਾਅਦ ਮੈਂ ਅੱਜ ਸਵੇਰੇ ਹੀ ਬੰਬਈ ਪਹੁੰਚਿਆ ਹਾਂ। ਸਿੱਧੀ ਫਲਾਈਟ ਕੋਈ ਮਿਲੀ ਨਹੀਂ ਸੀ, ਲੰਡਨ ਤੋਂ ਮਸਕਟ, ਮਸਕਟ ਤੋਂ ਦਿੱਲੀ ਤੇ ਫਿਰ ਦਿੱਲੀ ਤੋਂ ਬੰਬਈ। ਫਲੈਟ ਪਹੁੰਚ ਕੇ ਮੈਂ ਆਰਾਮ ਵੀ ਨਹੀਂ ਸੀ ਕੀਤਾ। ਇਕ ਘੰਟਾ ਆਟੋ ਰਿਕਸ਼ਾ ਵਿਚ ਚੱਲ ਕੇ ਇਸ ਨੂੰ ਮਿਲਣ ਆਇਆ ਹਾਂ, ਸ਼ੂਟਿੰਗ ਦੀਆਂ ਡੇਟਸ ਬਾਰੇ ਗੱਲ ਕਰਨ ਆਇਆ ਹਾਂ ਤੇ ਇਹ ਮੈਨੂੰ ਪੁੱਛ ਰਿਹਾ ਹੈ, "ਮੇਰੇ ਟਾਇਰ ਲਿਆਂਦੇ ਨੇ?''

ਜੈਕੀ ਸ਼ਰਾਫ ਨੂੰ ਅਸਲ ਵਿਚ ਸਪੋਰਟਸ ਕਾਰਾਂ ਰੱਖਣ ਦਾ ਬਹੁਤ ਸ਼ੌਕ ਸੀ। ਸਾਲ ਕੁ ਪਹਿਲਾਂ ਉਸ ਇਕ ਪੁਰਾਣੀ ਸਪੋਰਟਸ ਕਾਰ ਖਰੀਦੀ ਸੀ ਜਿਸਦੀ ਕੋਈ ਨਾ ਕੋਈ ਚੀਜ਼ ਉਹ ਮੇਰੇ ਕੋਲੋਂ ਮੰਗਵਾਉਂਦਾ ਰਹਿੰਦਾ ਸੀ। ਪਿਛਲੀ ਵਾਰੀ ਜਦ ਮੈਂ ਬੰਬਈ ਵਿਚ ਸਾਂ ਤਾਂ ਉਸ ਇਹ ਸੁਨੇਹਾ ਮੇਰੇ ਕੰਨੀਂ ਪਾ ਦਿੱਤਾ ਸੀ ਕਿ ਕਾਰ ਦੇ ਦੋ ਟਾਇਰ ਬਦਲਣ ਵਾਲੇ ਹਨ, ਅਗਲੀ ਵਾਰ ਲੰਡਨ ਤੋਂ ਆਉਂਦਾ ਹੋਇਆ ਮੈਂ ਇਹ ਲੈ ਕੇ ਆਵਾਂ।

ਲੰਡਨ ਪਹੁੰਚ ਕੇ ਮੈਂ ਟਾਇਰਾਂ ਬਾਰੇ ਜਾਣਕਾਰੀ ਹਾਸਲ ਕੀਤੀ ਸੀ ਤੇ ਸੋਚਿਆ ਸੀ ਕਿ ਕਾਰਗੋ ਰਾਹੀਂ ਇਹ ਦੋਵੇਂ ਟਾਇਰ ਉਸ ਨੂੰ ਭੇਜ ਦੇਵਾਂਗਾ ਪਰ ਵਕਤ ਸਿਰ ਇਸਦਾ ਪ੍ਰਬੰਧ ਨਹੀਂ ਸਾਂ ਕਰ ਸਕਿਆ। "ਟਾਇਰ ਮੈਂ ਖਰੀਦ ਲਏ ਹਨ, ਵਾਪਸ ਜਾ ਕੇ ਮੈਂ ਇਹ ਜਲਦੀ ਹੀ ਭਿਜਵਾ ਦਿਆਂਗਾ'', ਮੈਂ ਕੁਝ ਝਿਜਕਦਿਆਂ ਹੋਇਆਂ ਉਸ ਨੂੰ ਕਿਹਾ।

"ਕਿਉਂ ਨਹੀਂ ਲਾ ਸਕਾ, ਐਕਸਟਰਾ ਬੈਗਿਜ ਕਰਕੇ ਸਾਥ ਮੇਂ ਲੇ ਆਤਾ'' ਗੁੱਸੇ ਨਾਲ ਉਸਦਾ ਰੰਗ ਲਾਲ ਹੋ ਗਿਆ ਸੀ, ਗਾਂਜੇ ਦਾ ਨਸ਼ਾ ਖੂਬ ਚਮਕ ਰਿਹਾ ਸੀ।

ਮੇਰਾ ਦਿਲ ਕੀਤਾ ਕਿ ਸਾਹਮਣੇ ਪਿਆ ਇਕ ਟੁੱਟਾ ਟਾਇਰ ਫੜ ਕੇ ਇਸਦੇ ਗਲ ਵਿਚ ਪਾ ਦੇਵਾਂ ਤੇ ਫਿਰ ਵਿਖਾਵਾਂ ਉਸਨੂੰ ਤੀਲੀ ... ਕਿੱਡਾ ਬੇਵਕੂਫ ਆਦਮੀ ਹੈ ਇਹ, ਕਾਰ ਦੇ ਏਡੇ ਵੱਡੇ ਟਾਇਰ ਭਲਾ ਮੈਂ ਅਟੈਚੀ ਕੇਸ ਵਿਚ ਪਾ ਕੇ ਲਿਆਉਂਦਾ? ਇਸ ਬੰਦੇ ਨੇ ਨਾ ਮੇਰਾ ਕੋਈ ਹਾਲ ਪੁੱਛਿਆ, ਨਾ ਹੀ ਮੇਰੇ ਸਫਰ ਦਾ ਤੇ ਨਾ ਹੀ ਕੋਈ ਫਿਲਮ ਦੀ ਗੱਲ ਕਰ ਰਿਹਾ ਹੈ। ਈਡੀਅਟ ਮੈਨੂੰ ਪੁੱਛ ਰਿਹਾ ਹੈ, "ਮੇਰੇ ਟਾਇਰ ਲਾਏ ਹੋ''।

ਕਿੰਨਾ ਕੁਝ ਸਹਿਣਾ ਪੈਂਦਾ ਹੈ ਇਕ ਮਾੜੇ ਪ੍ਰੋਡਿਊਸਰ ਨੂੰ, ਕਿੰਨਾ ਫਰੱਸਟਰੇਟ ਕਰ ਦਿੰਦੇ ਨੇ ਇਹ ਲੋਕ ਕਿ ਬੰਦਾ ਆਤਮ ਹੱਤਿਆ ਕਰਨ ਦੀ ਸੋਚਣ ਲੱਗ ਪੈਂਦਾ ਹੈ।

ਆਤਮ ਹੱਤਿਆ... ਹਾਂ! ਹਾਂ, ਆਤਮ ਹੱਤਿਆ। ਮੇਰਾ ਮਤਲਬ 'ਸੂ ਸਾਈਡ'। ਮੈਂ ਬਹੁਤ ਹੀ ਮਾਯੂਸ ਹੋ ਗਿਆ ਸਾਂ ਉਸ ਦਿਨ। ਡੀਪੈਰਸ਼ਨ ਵਿਚ ਜਾ ਰਿਹਾ ਸਾਂ ਹੌਲੀ ਹੌਲੀ। ਲੰਡਨ ਦਾ ਕਾਰੋਬਾਰ ਬੰਦ ਵਰਗਾ ਹੋ ਗਿਆ ਸੀ। ਬੈਂਕ ਦੇ ਕਰਜ਼ੇ ਬਰਦਾਸ਼ਤ ਤੋਂ ਵੱਧ ਹੋ ਗਏ ਸਨ। ਸਾਰਾ ਪੈਸਾ ਏਧਰੋਂ ਓਧਰੋਂ ਫੜ ਕੇ ਵੀ ਬਰਬਾਦ ਕਰ ਚੁੱਕਿਆ ਸਾਂ। ਬੰਬਈ ਨੇ ਮੇਰਾ ਖੂਨ ਚੂਸ ਚੂਸ ਕੇ ਮੈਨੂੰ ਕੰਗਾਲ ਕਰ ਦਿੱਤਾ ਸੀ। ਘਰ ਬੀਵੀ ਬੱਚਿਆਂ ਦੇ ਪਿਆਰ ਤੋਂ ਸੱਖਣਾ ਹੋ ਗਿਆ ਸਾਂ, ਸਭ ਕੁਝ ਤੋਂ ਸੱਖਣਾ... ਪੈਸੇ ਤੋਂ ਖਾਲੀ... ਪਿਆਰ ਤੋਂ ਖਾਲੀ, ਮੇਰੀਆਂ ਭਰੀਆਂ ਝੋਲੀਆਂ ਖਾਲੀ ਹੋ ਗਈਆਂ ਸਨ।

ਬੀਬੀ ਨੇ ਲੱਖ ਤਰਲੇ ਪਾਏ ਸਨ ਕਿ ਸਭ ਕੁਝ ਬੰਦ ਕਰਕੇ ਵਾਪਿਸ ਘਰ ਆ ਜਾ, ਫਿਲਮ ਨੂੰ ਟਰੰਕਾਂ ਵਿਚ ਬੰਦ ਕਰਦੇ... ਅੱਗ ਲਾ ਦੇ... ਸਾੜ ਫੂਕ ਦੇ ਪਰ ਵਾਪਿਸ ਆ ਜਾ। ਫਿਰ ਮਿਹਨਤ ਕਰ, ਮੈਂ ਤੇਰੇ ਨਾਲ ਹਾਂ। ਆਪਾਂ ਰਲ ਕੇ ਫਿਰ ਕਾਮਯਾਬ ਹੋ ਜਾਵਾਂਗੇ, ਜੇ ਨਾ ਵੀ ਹੋਏ ਤਾਂ ਕਮ ਸੇ ਕਮ ਇਕੱਠਿਆਂ ਤਾਂ ਰਹਾਂਗੇ। ਇਹ ਵਿਛੋੜੇ ਦੇ ਦਿਨ ਮੇਰੇ ਕੋਲੋਂ ਹੋਰ ਨਹੀਂ ਝੱਲੇ ਜਾਂਦੇ, ਵਾਪਿਸ ਆ ਜਾ... ਨਹੀਂ ਤਾਂ ਮੈਂ ਕੁਝ ਖਾ ਕੇ ਮਰ ਜਾਵਾਂਗੀ।

"ਮੈਂ ਬਹੁਤ ਦੁੱਖ ਤਕਲੀਫਾਂ ਦਿੱਤੀਆਂ ਹਨ ਤੈਨੂੰ ਰਾਣੀ, ਤੂੰ ਘਰ ਨੂੰ ਇਕੱਲਿਆਂ ਸਾਂਭਿਆ ਹੈ, ਕਾਰੋਬਾਰ ਨੂੰ ਸਾਂਭਿਆ ਹੈ... ਬੱਚਿਆਂ ਨੂੰ ਸਾਂਭਿਆ ਹੈ...ਤੂੰ ਪਰਿਵਾਰ ਦਾ ਥੰਮ ਏਂ, ਬੱਚਿਆਂ ਲਈ ਪਿਆਰ ਦਾ ਸਹਾਰਾ ਏਂ ਤੂੰ... ਬੜੀ ਮਜ਼ਬੂਤ ਔਰਤ ਏਂ ਤੂੰ... ਤੂੰ ਕੁਝ ਖਾ ਕੇ ਨਹੀਂ ਮਰੇਂਗੀ, ਮੈਂ ਮਰਾਂਗਾ... ਹਾਂ ਹਾਂ ਮੈਂ ਮਰਾਂਗਾ, ਮੈਂ ਆਤਮ ਹੱਤਿਆ ਕਰਾਂਗਾ... ਤੂੰ ਨਹੀਂ.. ਸੂ ਸਾਈਡ ਕਰਾਂਗਾ ਮੈਂ, ਅੱਜ ਹੀ, ਹਾਂ! ਹਾਂ!! ਅੱਜ ਦੀ ਰਾਤ ਮੇਰੀ ਆਖਰੀ ਰਾਤ ਹੋਵੇਗੀ... ਮੈਂ ਜਿਊਣਾ ਨਹੀਂ ਚਾਹੁੰਦਾ, ਮਰਨਾ ਹੈ ਅੱਜ ਰਾਤ ਮੈਂ... ਸੂ ਸਾਈਡ... ਹਾਂ ਹਾਂ ਸੂ ਸਾਈਡ'', ਰੋ ਰੋ ਕੇ ਪਾਗਲ ਹੋ ਰਿਹਾ ਸਾਂ ਮੈਂ, ਮੇਰੀਆਂ ਅੱਖਾਂ 'ਚੋਂ ਵਗ ਰਹੇ ਅਥਰੂਆਂ ਨੂੰ ਪੂੰਝਣ ਵਾਲਾ ਕੋਈ ਵੀ ਨਹੀਂ ਸੀ ਮੇਰੇ ਕੋਲ। ਮੈਨੂੰ ਲੱਗ ਰਿਹਾ ਸੀ ਜਿਵੇਂ ਮੈਂ ਇਕੱਲਾ ਹੀ ਰਹਿ ਗਿਆ ਹੋਵਾਂ ਇਸ ਦੁਨੀਆ ਵਿਚ, ਸਭ ਲੋਕ ਮੈਨੂੰ ਛੱਡ ਗਏ ਹੋਣ... ਇਕੱਲਾ, ਖਾਲੀ, ਬੇਸਹਾਰਾ-ਸੂ ਸਾਈਡ।

ਅੱਜ ਇਸ ਹਾਲਤ ਵਿਚ ਮੈਂ ਸੱਚ ਮੁੱਚ ਹੀ ਸੂ ਸਾਈਡ ਕਰਨ ਦਾ ਮਨ ਬਣਾ ਲਿਆ ਸੀ। ਮੇਰੇ ਕੋਲ ਇਹ ਸਾਰੇ ਦੁੱਖ ਹੋਰ ਨਹੀਂ ਸੀ ਝੱਲੇ ਜਾ ਰਹੇ, ਟੁੱਟ ਚੁੱਕਿਆ ਸਾਂ ਉਸ ਦਿਨ ਮੈਂ ਤੇ ਇਸ ਸਭ ਕੁਝ ਤੋਂ ਛੁਟਕਾਰਾ ਪਾਉਣ ਲਈ ਇਕ ਇਹ ਹੀ ਰਾਹ ਰਹਿ ਗਿਆ ਸੀ-

ਸੂ ਸਾਈਡ... ਡੀਪਰੈਸ਼ਨ... ਸੂ ਸਾਈਡ।

(ਚਲਦਾ)

# 'ਅਮੂ' ਦੁਖਾਂਤ ਦੀ ਕਲਾਤਮਕ ਪੇਸ਼ਕਾਰੀ



ਮਨਦੀਪ ਕੌਰ
+91-98551-92173

ਪੰਜਾਬ ਦੁਖਾਂਤ ਨਾਲ ਜੁੜੀਆਂ ਫਿਲਮਾਂ ਨੂੰ ਲੈ ਕੇ ਪੰਜਾਬੀ ਦਰਸ਼ਕਾਂ ਵਿੱਚ ਕੋਈ ਖ਼ਾਸ ਚਰਚਾ ਨਹੀਂ ਹੋਈ ਜਦੋਂ ਕਿ ਅਜਿਹੇ ਸਿਨੇਮਾ ਨੂੰ ਲੈ ਕੇ ਸਾਨੂੰ ਗੰਭੀਰ ਬਹਿਸ ਕਰਨੀ ਚਾਹੀਦੀ ਹੈ। ਅਜਿਹੀ ਬਹਿਸ ਤਾਂ ਸੰਭਵ ਹੈ ਜੇਕਰ ਪੰਜਾਬ ਦੇ ਬੌਧਿਕ ਹਲਕਿਆਂ ਵਿੱਚ ਇਸਨੂੰ ਲੈ ਕੇ ਪਹਿਲਕਦਮੀ ਹੋਵੇ। 'ਨਵੀਂ ਦੁਨੀਆ' ਰਾਹੀਂ ਅਸੀਂ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਨੂੰ ਉਮੀਦ ਹੈ ਕਿ ਪੰਜਾਬੀ ਦੇ ਸੁਹਿਰਦ ਪਾਠਕ ਅਤੇ ਬੁੱਧੀਜੀਵੀ ਇਸ ਬਹਿਸ ਨੂੰ ਅੱਗੇ ਤੋਰਨ ਲਈ ਆਪਣਾ ਯੋਗਦਾਨ ਪਾਉਣਗੇ।

ਫਿਲਮਾਂ ਕਿਸੇ ਸਮਾਜ ਦੀ ਸੱਭਿਚਾਰਕ ਦਸ਼ਾ ਅਤੇ ਦਿਸ਼ਾ ਨੂੰ ਪੇਸ਼ ਵੀ ਕਰਦੀਆਂ ਹਨ ਅਤੇ ਉਸਨੂੰ ਨਵੇਂ ਸਿਰਿਓਂ ਘੜਦੀਆਂ ਵੀ ਹਨ। ਕਿਸੇ ਦੇਸ਼ ਦੇ ਸੱਭਿਆਚਾਰਕ, ਸਮਾਜਿਕ ਤੇ ਰਾਜਨੀਤਿਕ ਜੀਵਨ ਨੂੰ ਸਮਝਣ ਲਈ ਸਿਨੇਮਾ ਉੱਤਮ ਸਾਧਨ ਹੈ। ਸਮਾਜ ਵਿੱਚ ਜੋ ਕੁੱਝ ਵਾਪਰਦਾ ਹੈ, ਫਿਲਮਾਂ ਕੇਵਲ ਉਸਨੂੰ ਹੀ ਕਲਾਤਮਕ ਤਰੀਕੇ ਨਾਲ ਪੇਸ਼ ਨਹੀਂ ਕਰਦੀਆਂ ਸਗੋਂ ਭਵਿੱਖ ਦੇ ਨਕਸ਼ਾਂ ਨੂੰ ਉਲੀਕਣ ਲਈ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਫਿਲਮ ਸਮਕਾਲ ਦਾ ਸਭ ਤੋਂ ਵੱਧ ਮਹੱਤਵਪੂਰਨ ਤੇ ਰੌਚਿਕ ਜਨ ਸੰਚਾਰ ਮਧਿਅਮ ਹੈ। ਫਿਲਮ ਨੂੰ ਦੇਖਣ ਲਈ ਅੱਖਰ ਗਿਆਨ ਦਾ ਹੋਣਾ ਜਰੂਰੀ ਨਹੀਂ। ਅੱਖਰ ਗਿਆਨ ਤੋਂ ਰਹਿਤ ਵਿਅਕਤੀ, ਜੋ ਪੁਸਤਕਾਂ ਨਹੀਂ ਪੜ੍ਹ ਸਕਦਾ ਉਸ ਵਿੱਚ ਪੇਸ਼ ਹੋਏ ਸੰਸਾਰ ਨੂੰ ਸਮਝ ਸਕਦਾ ਹੈ। ਕੁੱਝ ਫਿਲਮਾਂ ਅਜਿਹੀਆਂ ਬਣਦੀਆਂ ਹਨ ਜੋ ਦੇਖਣ ਵਾਲਿਆਂ ਨੂੰ ਧੁਰ ਅੰਦਰੋਂ ਹਲੂਣ ਦਿੰਦੀਆਂ ਹਨ। ਅਮੂ ਇਹਨਾਂ ਫਿਲਮਾਂ ਵਿੱਚੋਂ ਇੱਕ ਹੈ। ਇਹ ਫਿਲਮ 1984 ਵਿੱਚ ਹੋਏ ਦਿੱਲੀ ਦੰਗਿਆਂ 'ਤੇ ਅਧਾਰਿਤ ਹੈ।

ਸੋਨਾਲੀ ਬੋਸ ਦੁਆਰਾ ਨਿਰਦੇਸ਼ਿਤ ਅਮੂ ਫਿਲਮ 2005 ਵਿੱਚ ਬਣ ਕੇ ਸਾਹਮਣੇ ਆਈ। ਇਸ ਫਿਲਮ ਦੇ ਮੁੱਖ ਅਦਾਕਾਰਾਂ ਵਿੱਚ ਕੋਕਨਾ ਸੇਨ ਸ਼ਰਮਾ (ਕਾਜੂ), ਬਰਿੰਦਾ ਕਾਰਤ (ਕੀਆ), ਏਕਤਾ ਸੂਦ (ਅਮੂ), ਅੰਕੁਰ ਖੰਨਾ (ਕਬੀਰ), ਜਨੇਵਾ ਰਾਜਕੋਟੀਆ (ਛੰਨੋ ਕੌਰ), ਕੁਲਜੀਤ ਸਿੰਘ (ਗੁਰਬਚਨ ਸਿੰਘ), ਹਰਸਹਿਤ ਸੂਦ (ਅਰਜੁਨ) ਅਤੇ ਯਸ਼ਪਾਲ ਸ਼ਰਮਾ (ਗੋਬਿੰਦ) ਆਦਿ ਸ਼ਾਮਿਲ ਹਨ। ਫਿਲਮ ਦੀਆਂ ਪਹਿਲੀਆਂ ਪੇਸ਼ਕਾਰੀਆਂ 2005 ਵਿੱਚ ਬਰਲਿਨ ਫਿਲਮ ਫੈਸਟੀਵਲ ਅਤੇ ਟੋਰਾਂਟੋ ਫਿਲਮ ਫੈਸਟੀਵਲ ਵਿੱਚ ਕੀਤੀਆਂ ਗਈਆਂ। ਫਿਲਮ ਵਿੱਚ ਕੁੱਝ ਦ੍ਰਿਸ਼ ਅਤੇ ਵਾਰਤਾਲਾਪ ਕਟਵਾ ਦਿੱਤੇ ਗਏ ਜੋ ਰਾਜਨੀਤਿਕ ਨੇਤਾਵਾਂ ਅਤੇ ਸਰਕਾਰੀ ਅਧਿਕਾਰੀਆਂ ਖ਼ਿਲਾਫ ਭੁਗਤਦੇ ਸਨ। ਇਸ ਕੱਟ ਦੇ ਬਾਵਜੂਦ ਵੀ ਭਾਰਤ ਵਿੱਚ ਇਸ ਫਿਲਮ ਨੂੰ ਸਿਨੇਮਾਘਰਾਂ 'ਚ ਦਿਖਾਉਣ ਦੀ ਆਗਿਆ ਨਹੀਂ ਦਿੱਤੀ ਗਈ। ਇਹੀ ਇੱਕ ਕਾਰਨ ਹੈ ਕਿ ਇਹ ਫਿਲਮ ਜਾਨ-ਸਧਾਰਣ ਤੱਕ ਨਹੀਂ ਪਹੁੰਚ ਸਕੀ।

ਇਸ ਫਿਲਮ ਵਿੱਚ ਨਵੰਬਰ 1984 'ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਏ ਸਿੱਖ ਕਤਲੇਆਮ ਪਿੱਛੇ ਕਾਰਜਸ਼ੀਲ ਕਾਰਨਾਂ ਦੀ ਪਹਿਚਾਣ ਕਰਨ ਦੇ ਨਾਲ-ਨਾਲ ਪ੍ਰਭਾਵਿਤ ਲੋਕਾਂ ਦੇ ਹਾਲਾਤ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਹ ਫਿਲਮ ਦਿੱਲੀ ਸਿੱਖ ਕਤਲੇਆਮ ਨੂੰ ਬੌਧਿਕਤਾ ਦੀ ਪੱਧਰ 'ਤੇ 'ਅਮੂ' ਦੇ ਜੀਵਨ ਬਿਰਤਾਂਤ ਨਾਲ ਸਮਝਣ ਦਾ ਯਤਨ ਹੈ। ਇਸ ਫਿਲਮ ਦੀ ਸਭ ਤੋਂ ਵੱਧ ਮਹੱਤਤਾ ਇਸ ਕਰਕੇ ਹੈ ਕਿ ਇਹ ਫਿਲਮ ਆਮ ਲੋਕ-ਮਨ ਵਿੱਚ ਬਣੀ ਇਸ ਧਾਰਨਾ ਨੂੰ ਤੋੜਦੀ ਹੈ ਕਿ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਹਿੰਦੂ ਸਨ। ਫਿਲਮ ਵਿੱਚ ਦੇਖਿਆ ਜਾ ਸਕਦਾ ਹੈ ਕਿ ਅਮੂ ਦੀ ਪਾਲਕ ਮਾਂ ਇੱਕ ਹਿੰਦੂ ਔਰਤ ਹੈ, ਜੋ ਨਾ ਸਿਰਫ਼ ਉਸਨੂੰ ਪਾਲ਼ਦੀ ਹੈ ਸਗੋਂ ਉਸਨੂੰ ਅਤੀਤ ਦੇ ਪਰਛਾਵੇਂ ਤੋਂ ਦੂਰ ਨਵੀਂ ਜ਼ਿੰਦਗੀ ਜਿਉਣ ਲਈ ਅਮਰੀਕਾ ਲੈ ਕੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਗੱਡੀ ਵਿੱਚ ਹਿੰਦੂਆਂ ਸਿੱਖਾਂ ਨੂੰ ਬਚਾਇਆ ਜਾਂਦਾ ਹੈ। ਗੋਬਿੰਦ ਢਾਬੇ ਵਾਲਾ ਅੱਜ ਤੱਕ ਆਪਣੇ ਆਪ ਨੂੰ ਇਸ ਕਰਕੇ ਦੋਸ਼ੀ ਮੰਨਦਾ ਹੈ ਕਿ ਉਸਨੇ ਕਾਤਲਾਂ ਨੂੰ ਬੇਵਸੀ ਦੀ ਹਾਲਤ ਵਿੱਚ ਬਲਵੀਰ ਚਾਚਾ ਦੇ ਉਹਨਾਂ ਦੇ ਘਰ ਲੁਕੇ ਹੋਣ ਦੀ ਜਾਣਕਾਰੀ ਦਿੱਤੀ ਸੀ। ਉਸਦੀ ਮਾਨਸਿਕਤਾ ਇੰਨੀ ਕਮਜ਼ੋਰ ਹੋ ਗਈ ਹੈ ਕਿ ਉਹ 1984 ਦੰਗਿਆਂ ਬਾਰੇ ਗੱਲ ਕਰਨ ਤੋਂ ਵੀ ਡਰਦਾ ਹੈ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਗੱਲ ਕਰਨ ਤੋਂ ਰੋਕਦਾ ਹੈ। ਇਸੇ ਤਰ੍ਹਾਂ ਕਾਜੂ ( ਜੋ ਛੋਟੀ ਹੁੰਦੀ ਅਮੂ ਹੁੰਦੀ ਹੈ) ਦੀ ਪਾਲਕ ਮਾਂ ਕੀਆ ਵੀ '84 ਦੀਆਂ ਗੱਲਾਂ ਕਰਨ ਤੋਂ ਬਚਦੀ ਹੈ। ਇਹ ਇਸ ਗੱਲ ਵੱਲ ਸੰਕੇਤ ਹੈ ਕਿ ਸੰਪਰਦਾਇਕ ਹਿੰਸਾ ਨੂੰ ਭੁੱਲ ਕੇ ਸਾਂਤਮਈ ਮਿਲਵਰਤਣ ਵਾਲਾ ਜੀਵਨ ਗੁਜ਼ਾਰਿਆ ਜਾਵੇ। ਫਿਲਮ ਦੀ ਕਲਾਤਮਿਕਤਾ ਇਸ ਗੱਲ ਵਿੱਚ ਹੈ ਕਿ ਇੰਨੇ ਵੱਡੇ ਦੁਖਾਂਤ ਨੂੰ, ਘੱਟ ਤੋਂ ਘੱਟ ਹਿੰਸਕ ਦ੍ਰਿਸ਼ਾਂ ਨਾਲ ਪੇਸ਼ ਕੀਤਾ ਗਿਆ ਹੈ। ਹਿੰਸਾ ਦੇ ਦ੍ਰਿਸ਼ਾਂ ਨੂੰ ਬਾਕੀ ਫਿਲਮਾਂ ਵਾਂਗ ਕਲੌਜ ਅਪ ਸ਼ਾਟ ਦੀ ਬਿਜਾਏ ਲੌਂਗ ਸ਼ਾਟ ਅਤੇ ਅਵਾਜ਼ਾਂ ਰਾਹੀਂ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਇਸਤੋਂ ਸਪੱਸਟ ਹੁੰਦਾ ਹੈ ਕਿ ਫਿਲਮ ਸੰਪਰਦਾਇਕ ਅਧਾਰ 'ਤੇ ਹਿੰਸਾ ਨੂੰ ਨਕਾਰਦੀ ਹੈ। ਡਾ. ਸੁਰਜੀਤ ਨੇ ਆਪਣੇ ਖੋਜ ਪੇਪਰ ' ਫਿਲਮ ਅਤੇ ਇਤਿਹਾਸ' ਵਿੱਚ ਲਿਖਿਆ ਹੈ, " ਫਿਲਮ ਵਿੱਚ ਇਤਿਹਾਸਕ ਦੁਖਾਂਤ ਨੂੰ ਇਸ ਤਰੀਕੇ ਨਾਲ ਦ੍ਰਿਸ਼ ਸੰਗਠਨ ਵਿੱਚ ਢਾਲਿਆ ਹੈ ਕਿ ਇਸ ਵਿੱਚੋਂ ਸੰਪਰਦਾਇਕ ਨਫ਼ਰਤ ਦੇ ਭਾਵ ਪੈਦਾ ਨਹੀਂ ਹੁੰਦੇ।" ਫਿਲਮ ਵਿੱਚ ਸਾਰੇ ਧਰਮਾਂ ਪ੍ਰਤੀ ਸਮਾਨਤਾ ਦੀ ਪੇਸ਼ਕਾਰੀ ਬਹੁਤ ਵਧੀਆ ਤਰੀਕੇ ਨਾਲ ਕੀਤੀ ਗਈ ਹੈ। ਅਮੂ ਜਦੋਂ ਅਮਰੀਕਾ ਤੋਂ ਭਾਰਤ ਆਉਂਦੀ ਹੈ ਤਾਂ ਉਸਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਸਿੱਖ ਹੈ ਪਰ ਫਿਰ ਵੀ ਉਹ ਗੁਰਦੁਆਰਾ ਸਾਹਿਬ ਜਾਂਦੀ ਹੈ ਅਤੇ ਗੁਰਬਾਣੀ ਦੇ ਸ਼ਬਦਾਂ ਤੋਂ ਪ੍ਰਭਾਵਿਤ ਹੁੰਦੀ ਹੈ। ਫਿਰ ਉਹ ਆਪਣੇ ਦੋਸਤ ਕਬੀਰ ਤੋਂ ਮਸਜਿਦ ਬਾਰੇ ਪੁੱਛਦੀ ਹੈ। ਕਬੀਰ ਉਸਨੂੰ ਸੂਫ਼ੀ ਫ਼ਕੀਰ ਨਿਜਾਮੂਦੀਨ ਦੇ ਮਕਬਰੇ ਬਾਰੇ ਦੱਸਦਾ ਹੈ। ਇਸ ਤਰ੍ਹਾਂ ਇਹ ਫਿਲਮ ਧਾਰਮਿਕ ਕੱਟੜਤਾ ਵਾਲੇ ਜੀਵਨ ਨੂੰ ਅਸਵੀਕਾਰਦੀ ਹੈ।

ਜਿੱਥੇ ਫਿਲਮ ਅਮੂ ਸਿੱਖ ਕਤਲੇਆਮ ਦੇ ਸ਼ਿਕਾਰ ਲੋਕਾਂ ਦੀ ਕਹਾਣੀ ਬਿਆਨ ਕਰਦੀ ਹੈ ਉੱਥੇ ਨਾਲ ਹੀ ਉਹਨਾਂ ਲੋਕਾਂ ਦੇ ਜੀਵਨ ਵੱਲ ਵੀ ਝਾਤ ਪਵਾਉਂਦੀ ਹੈ ਜੋ ਕਤਲੇਆਮ ਕਰਨ ਅਤੇ ਕਰਵਾਉਣ ਵਿੱਚ ਸ਼ਾਮਿਲ ਸਨ। ਕਤਲੇਆਮ ਕਰਨ ਵਾਲੇ ਵੀ ਆਮ ਲੋਕ ਸਨ ਜਿਨ੍ਹਾਂ ਨੂੰ ਕੁੱਝ ਰਾਜਨੀਤੀਵਾਨਾਂ ਨੇ ਧਨ ਦਾ ਲਾਲਚ ਦੇ ਕੇ ਕਤਲੇਆਮ ਕਰਨ ਲਈ ਉਕਸਾਇਆ ਸੀ। ਕਤਲੇਆਮ ਤੋਂ ਬਾਅਦ ਇਹ ਲੋਕ ਮਾਨਸਿਕ ਰੋਗਾਂ ਅਤੇ ਨਸ਼ਿਆਂ ਦੇ ਸ਼ਿਕਾਰ ਹੋ ਗਏ। ਫਿਲਮ ਵਿੱਚ ਕ੍ਰਿਸ਼ਨ ਕੁਮਾਰ ਦੇ ਪਾਤਰ ਰਾਹੀਂ ਇਹਨਾਂ ਲੋਕਾਂ ਦੇ ਜੀਵਨ 'ਤੇ ਝਾਤ ਪਵਾਈ ਗਈ ਹੈ। ਇਹ ਅਜਿਹਾ ਪਾਤਰ ਹੈ ਜਿਸਨੇ ਕਤਲੇਆਮ ਕਰਨ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਪਰ ਹੁਣ ਉਹ ਪੂਰਾ ਨਸ਼ੱਈ ਬਣ ਗਿਆ ਹੈ। ਉਸਨੂੰ ਇਹ ਵੀ ਪਤਾ ਨਹੀਂ ਕਿ ਉਸਦਾ ਪਰਿਵਾਰ ਕਿੱਥੇ ਗਿਆ। ਉਹ ਨਸ਼ੇ ਦੀ ਹਾਲਤ ਵਿੱਚ ਉਹਨਾਂ ਨੇਤਾਵਾਂ ਨੂੰ ਗਾਲ੍ਹਾਂ ਕੱਢਦਾ ਹੈ ਜਿਨ੍ਹਾਂ




ਨੇ ਕਤਲੇਆਮ ਲਈ ਉਕਸਾਇਆ ਸੀ। ਫਿਲਮ ਵਿੱਚ ਕਤਲੇਆਮ ਸਮੇਂ ਪੁਲਿਸ ਦੀ ਭੂਮਿਕਾ ਨੂੰ ਵੀ ਬਾਖ਼ੂਬੀ ਦਿਖਾਇਆ ਗਿਆ ਹੈ। ਜਦੋਂ ਅਮੂ ਦੀ ਮਾਂ ਛੰਨੋ ਰੇਲਵੇ ਲਾਇਨ ਕੋਲ ਖੜੇ ਪੁਲਿਸ ਮੁਲਾਜ਼ਮਾਂ ਕੋਲ ਸਹਾਇਤਾ ਲਈ ਜਾਂਦੀ ਹੈ ਤਾਂ ਪੁਲਿਸ ਵਾਲੇ ਇਸ ਤਰ੍ਹਾਂ ਪ੍ਰਤੀਕਿਰਿਆ ਕਰਦੇ ਹਨ ਜਿਵੇਂ ਕੁੱਝ ਵਾਪਰਿਆ ਨਾ ਹੋਵੇ। ਇੱਕ ਨੇਤਾ ਨੂੰ ਸ਼ਰੇਆਮ ਕਤਲੇਆਮ ਲਈ ਉਕਸਾਉਂਦਿਆਂ ਦਿਖਾਇਆ ਗਿਆ ਹੈ। ਇਸ ਤਰ੍ਹਾਂ ਫਿਲਮ ਪੁਲਿਸ ਅਤੇ ਰਾਜ ਦੀ ਸਰਕਾਰੀ ਮਸ਼ੀਨਰੀ ਦੀ ਪੋਲ ਖੋਲਦੀ ਹੈ ਜਿਨ੍ਹਾਂ ਨੇ ਇਸ ਕਤਲੇਆਮ ਨੂੰ ਹੋ ਜਾਣ ਦਿੱਤਾ।

ਮਨੁੱਖੀ ਸੱਭਿਆਚਾਰ ਵਿੱਚ ਰਿਸ਼ਤਿਆਂ ਦੀ ਬਹੁਤ ਮਹੱਤਤਾ ਹੁੰਦੀ ਹੈ। ਫਿਲਮ ਵਿੱਚ ਰਿਸ਼ਤਿਆਂ ਦੇ ਨਿੱਘ ਦੀ ਪੇਸ਼ਕਾਰੀ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਕੀਤੀ ਗਈ ਹੈ। ਅਮੂ ਦੀ ਮਾਂ ਛੰਨੋ ਆਪਣੇ ਪੁੱਤਰ ਦਾ ਵਿਛੋੜਾ ਨਾ ਸਹਿਣ ਕਰਦੀ ਹੋਈ ਉਸਦੇ ਜਨਮ ਦਿਨ 'ਤੇ ਆਤਮ-ਹੱਤਿਆ ਕਰ ਲੈਂਦੀ ਹੈ। ਇਸੇ ਤਰ੍ਹਾਂ ਉਸਦਾ ਕੀਆ ਭੈਣ ਜੀ ਨਾਲ ਵੀ ਨੇੜਤਾ ਅਤੇ ਵਿਸ਼ਵਾਸ ਵਾਲਾ ਰਿਸ਼ਤਾ ਬਣ ਜਾਂਦਾ ਹੈ, ਜਿਸ ਕਰਕੇ ਉਹ ਆਪਣੇ ਧੀ ਅਮੂ ਦੀ ਜ਼ਿੰਮੇਵਾਰੀ ਉਸਨੂੰ ਸੌਂਪ ਦਿੰਦੀ ਹੈ। ਕੀਆ ਵੀ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਉਂਦੀ ਹੈ। ਉਹ ਅਮੂ ਨੂੰ ਅਤੀਤ ਦੇ ਪਰਛਾਵੇਂ ਤੋਂ ਦੂਰ ਰੱਖਣ ਦੀ ਪੂਰੀ ਕੋਸ਼ਿਸ਼ ਕਰਦੀ ਹੈ ਪਰ ਜਦੋਂ ਅਮੂ ਆਪਣੇ ਅਤੀਤ ਨੂੰ ਲੱਭਦੀ-ਲੱਭਦੀ ਇੱਕ ਰਿਕਸ਼ਾ ਚਾਲਕ ਕ੍ਰਿਸ਼ਨ ਕੁਮਾਰ ਨੂੰ ਆਪਣਾ ਪਿਤਾ ਮੰਨਣ ਲੱਗਦੀ ਹੈ ਤੇ ਉਸਨੂੰ ਵਾਰ-ਵਾਰ ਦੇਖਣ ਜਾਂਦੀ ਹੈ ਤਾਂ ਕੀਆ ਉਸਨੂੰ ਉਸਦੇ ਅਸਲੀ ਮਾਤਾ-ਪਿਤਾ ਬਾਰੇ ਦੱਸਦੀ ਹੈ। ਕੀਆ ਅਮੂ ਲਈ ਬਹੁਤ ਦੁਖੀ ਹੁੰਦੀ ਹੈ। ਇਸ ਤਰ੍ਹਾਂ ਹੀ ਕਬੀਰ ਦੀ ਆਪਣੇ ਪਿਤਾ ਅਰੁਣ ਸਹਿਗਲ ਨਾਲ ਭਾਵੇਂ ਸ਼ੁਰੂ ਤੋਂ ਹੀ ਵਿਚਾਰਾਂ ਦੀ ਵਿਰੋਧਤਾ ਹੈ ਪਰ ਜਦੋਂ ਉਸਨੂੰ ਪਤਾ ਲੱਗਦਾ ਹੈ ਕਿ '84 ਦੇ ਕਤਲੇਆਮ ਲਈ ਰਾਜਨੀਤੀਵਾਨ ਅਤੇ ਸਰਕਾਰੀ ਅਧਿਕਾਰੀ ਜ਼ਿੰਮੇਵਾਰ ਸਨ ਤਾਂ ਉਸਨੂੰ ਪਿਤਾ ਦਾ ਪਿਆਰ ਖਿੱਚਦਾ ਹੈ ਅਤੇ ਉਹ ਕਹਿੰਦਾ ਹੈ ਕਿ ਕੁੱਝ ਚੰਗੇ ਨੇਤਾ ਅਤੇ ਅਧਿਕਾਰੀ ਵੀ ਸਨ ਜਿਹੜੇ ਦੰਗਿਆਂ ਦੇ ਹੱਕ ਵਿੱਚ ਨਹੀਂ ਸਨ। ਉਹ ਆਪਣੇ ਪਿਤਾ ਨੂੰ ਗੁਨਾਹਗਾਰ ਮੰਨਣ ਲਈ ਤਿਆਰ ਨਹੀਂ। ਇਸ ਤੋਂ ਸਾਬਤ ਹੁੰਦਾ ਹੈ ਕਿ ਰਿਸ਼ਤਿਆਂ ਦਾ ਨਿੱਘ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਤਾ ਰੱਖਦਾ ਹੈ ਤੇ ਇਹ ਨਿੱਘ ਸੰਕਟ ਸਮੇਂ ਜਿਉਣ ਦਾ ਸਹਾਰਾ ਬਣਦਾ ਹੈ।

ਫਿਲਮ '84 ਦੇ ਕਤਲੇਆਮ ਨੂੰ ਸਮਝਣ ਦੇ ਨਾਲ-ਨਾਲ ਸਮਕਾਲੀ ਹਾਲਾਤ ਬਾਰੇ ਵੀ ਦੱਸਦੀ ਹੈ। ਫਿਲਮ ਵਿੱਚ ਮਜ਼ਦੂਰਾਂ ਨੂੰ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿਜੀਕਰਨ ਦੇ ਖ਼ਿਲਾਫ ਰੋਸ ਪ੍ਰਦਰਸ਼ਨ ਕਰਦੇ ਦਿਖਾਇਆ ਗਿਆ ਹੈ। ਇਹ ਦ੍ਰਿਸ਼ ਇਸ ਗੱਲ ਵੱਲ ਵੀ ਸੰਕੇਤ ਕਰਦਾ ਹੈ ਕਿ ਲੋਕਾਂ ਨੂੰ ਧਰਮ ਅਤੇ ਜਾਤ ਦੇ ਅਧਾਰ 'ਤੇ ਸੰਗਠਿਤ ਹੋਣ ਦੀ ਬਿਜਾਏ ਸਰਕਾਰ ਦੀਆਂ ਗਲਤ ਨੀਤੀਆਂ ਦੇ ਖ਼ਿਲਾਫ ਸੰਗਠਿਤ ਹੋਣਾ ਚਾਹੀਦਾ ਹੈ।

ਅਮੂ ਵਿਚਾਰਧਾਰਕ ਪੱਖ ਦੇ ਨਾਲ-ਨਾਲ ਕਲਾਤਮਕ ਪੱਖ ਤੋਂ ਵੀ ਇੱਕ ਵਧੀਆ ਫਿਲਮ ਹੈ। ਇਸ ਫਿਲਮ ਨੂੰ ਸੰਗੀਤ ਨੰਦ ਲਾਲ ਨਾਇਕ ਨੇ ਦਿੱਤਾ ਹੈ। ਫਿਲਮ ਵਿੱਚ ਭਾਵੇਂ ਸਿੱਧੇ ਤੌਰ 'ਤੇ ਕੋਈ ਗੀਤ ਨਹੀਂ ਆਇਆ ਪ੍ਰੰਤੂ ਕਈ ਥਾਵਾਂ 'ਤੇ ਨੱਚਣ ਲਈ ਗੀਤਾਂ ਦੀ ਵਰਤੋਂ ਕੀਤੀ ਗਈ ਹੈ। ਜਦ ਕਾਜੂ (ਅਮੂ) ਮਨ ਹੀ ਮਨ ਵਿੱਚ ਅਤੀਤ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਪਿੱਛੇ ਜਾਨਵਰਾਂ ਅਤੇ ਪਸ਼ੂਆਂ ਦੀਆਂ ਅਵਾਜ਼ਾਂ ਅਤੇ ਹੋਰ ਸੰਗੀਤਕ ਧੁਨੀਆਂ ਵਜਦੀਆਂ ਹਨ ਜੋ ਫਿਲਮ ਨੂੰ ਅੱਗੇ ਤੋਰਨ ਵਿੱਚ ਸਹਾਇਕ ਹੁੰਦੀਆਂ ਹਨ। ਇਹ ਅਵਾਜ਼ਾਂ ਜਿੱਥੇ ਫਿਲਮ ਨੂੰ ਅੱਗੇ ਤੋਰਦੀਆਂ ਹਨ ਉੱਥੇ ਪ੍ਰਤੀਕਮਈ ਅਰਥ ਵੀ ਸਿਰਜਦੀਆਂ ਹਨ। ਜਿਵੇਂ ਕਤਲੇਆਮ ਤੋਂ ਬਾਅਦ ਜਦੋਂ ਛੰਨੋ ਆਪਣੇ ਘਰ ਵਾਪਸ ਆਉਂਦੀ ਹੈ ਤਾਂ ਉੱਥੇ ਹਨੇਰ ਛਾਇਆ ਪਿਆ ਹੈ ਅਤੇ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਆਉਂਦੀ ਹੈ। ਇੱਥੇ ਕੁੱਤਿਆਂ ਦਾ ਭੌਂਕਣਾ ਉਹਨਾਂ ਦੇ ਘਰ ਦੇ ਉੱਜੜ ਜਾਣ ਦਾ ਪ੍ਰਤੀਕ ਹੈ।

ਫਿਲਮ ਵਿੱਚ ਕੱਟ ਇਸ ਤਰ੍ਹਾਂ ਲਗਾਏ ਗਏ ਹਨ ਕਿ ਫਿਲਮ ਦੀ ਕਹਾਣੀ ਵਿੱਚ ਕੋਈ ਰੁਕਾਵਟ ਨਹੀਂ ਪੈਂਦੀ। ਜਿਵੇਂ ਇੱਕ ਦ੍ਰਿਸ਼ ਵਿੱਚ ਕਾਜੂ ਆਪਣੇ ਮਾਮਾ ਜੀ ਤੋਂ ਯੂਨੀਵਰਸਿਟੀ ਜਾਣ ਬਾਰੇ ਪੁੱਛਦੀ ਹੈ ਅਤੇ ਅਗਲੇ ਹੀ ਦ੍ਰਿਸ਼ ਵਿੱਚ ਉਹ ਯੂਨੀਵਰਸਿਟੀ ਲਈ ਬੱਸ ਲੈਂਦੀ ਦਿਖਾਈ ਗਈ ਹੈ। ਫਿਲਮ ਵਿੱਚ ਵਾਰਤਾਲਾਪ ਦੀ ਪ੍ਰਮੁੱਖ ਭੂਮਿਕਾ ਹੁੰਦੀ ਹੈ। ਇਸ ਫਿਲਮ ਦੇ ਵਾਰਤਾਲਾਪ ਵਿਸ਼ਾਲ ਅਰਥਾਂ ਵਾਲੇ ਹਨ। ਫਿਲਮ ਵਿੱਚ ਸਾਂਤੀ ਦੇ ਘਰ ਹੋਈ ਲੰਮੀ ਵਾਰਤਾਲਾਪ ਦੇਖਣਯੋਗ ਹੈ। ਇਸ ਤੋਂ ਅਸਲੀ ਗੁਨਾਹਗਾਰਾਂ ਬਾਰੇ ਪਤਾ ਲੱਗਦਾ ਹੈ ਅਤੇ ਨਾਲ ਹੀ ਸਾਡੇ ਨਿਆਂ ਪ੍ਰਬੰਧ ਦੀ ਵੀ ਪੋਲ ਖੁੱਲਦੀ ਹੈ। ਇਹ ਵਾਰਤਾਲਾਪ ਇਸ ਪ੍ਰਕਾਰ ਹੈ–

ਪਹਿਲੀ ਔਰਤ– ਕੰਜਰ ਨੇਤਾ, ਉਨ੍ਹਾਂ ਮੇਰੇ ਬਿੰਦਰੇ ਨੂੰ ਮਾਰ ਸੁੱਟਿਆ।

ਕਬੀਰ– ਮਿਨੀਸਟਰ ਨੇ ਕੀਆ।

ਸਾਂਤੀ– ਮਿਨੀਸਟਰ ਹੀ ਤੋ ਥੇ, ਉਨੀ ਕੀ ਸ਼ੈਅ ਪਰ ਹੂਆ ਯੇ ਸਬ, ਉਨਹੋਂ ਨੇ ਹੀ ਓਰਡਰ ਦੀਏ ਥੇ।

ਕਬੀਰ– ਪਰ ਸਾਰੇ ਮਿਨੀਸਟਰ ਤੋ ਸ਼ਾਮਲ ਨਹੀਂ ਥੇ, ਕੁਛ ਬੁਰੇ ਨੇਤਾ ਥੇ ਜੋ ਇਸ ਮੇ ਸ਼ਾਮਲ ਥੇ ਨਾ?

ਦੂਜੀ ਔਰਤ– ਸਾਰੇ ਸ਼ਾਮਲ ਸੀ, ਪੁਲਿਸ ਅਫਸਰ, ਸਰਕਾਰ, ਨੇਤਾ ਸਾਰੇ।

ਕਬੀਰ– ਪਰ ਕੁਛ ਅੱਛੇ ਅਫਸਰ ਵੀ ਥੇ ਪੁਲੀਸ ਔਰ ਸਰਕਾਰ ਮੇਂ?

ਪਹਿਲੀ ਔਰਤ– ਪੁੱਤਰ ਸਵਾਲ ਏਕ ਅੱਧ ਬੰਦਿਆਂ ਦਾ ਨਹੀਂ, ਦਸ ਸਾਲ ਤੋਂ ਮੈਂ ਅਦਾਲਤਾਂ ਦੇ ਬੂਹੇ ਖੜਕਾਂਦੀ ਆ ਰਹੀ ਹਾਂ।

ਦੂਜੀ ਔਰਤ– ਦਸ ਹਜ਼ਾਰ ਬੰਦਾ ਮਾਰਾ ਗਿਆ, ਵੀਹ ਸਾਲ ਗੁਜ਼ਰ ਗਏ, ਸਰਕਾਰਾਂ ਬਦਲੀਆ, ਇੱਕ ਪਾਰਟੀ ਆਂਦੀ ਆ ਤੇ ਦੂਜੀ ਜਾਂਦੀ ਆ, ਦੂਜੀ ਜਾਂਦੀ ਆ ਤੀਜੀ ਪਰ ਇਨਸਾਫ਼?

ਪਹਿਲੀ ਔਰਤ– ਬਿੰਦਰਾ ਦੇ ਕਾਤਲ ਖੁੱਲੇ ਸੜਕਾਂ 'ਤੇ ਘੁੰਮ ਰਹੇ ਨੇ, ਕੋਟ ਨੇ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ।

ਕਬੀਰ– ਆਂਟੀ ਹਮਾਰੇ ਅਦਾਲਤੋਂ ਮੇਂ ਤੋ ਸਾਲੋਂ ਲਗ ਜਾਤੇ ਹੈਂ, ਔਰ ਉਸਕੇ ਉਪਰ ਕਰੱਪਸ਼ਨ ਵੀ ਹੈ। ਐਸੇ ਮੇਂ ਫੈਸਲਾ ਕੈਸੇ ਹੋ ਸਕਤਾ ਹੈ?

ਦੂਜੀ ਔਰਤ– ਫੈਸਲਾ ਤੋ ਹੋਤਾ ਹੈ, ਜਬ ਹੋਨਾ ਹੈ ਤਬ ਹੋਤਾ ਹੈ।

ਸਾਂਤੀ– ਨਵੰਬਰ ਚੁਰਾਸੀ ਕੇ ਦੋ ਕਾਤਲੋਂ ਕੋ ਸਜ਼ਾ ਹੂਈ ਥੀ।

ਪਹਿਲੀ ਔਰਤ– ਇੰਦਰਾ ਗਾਂਧੀ ਕੇ ਕਾਤਲੋਂ ਕੋ।

ਫਿਲਮ ਦਾ ਆਖ਼ਰੀ ਦ੍ਰਿਸ਼ ਪ੍ਰਤੀਕਮਈ ਅਰਥ ਸਿਰਜਦਾ ਹੈ। ਇਸ ਦ੍ਰਿਸ਼ ਵਿੱਚ ਅਮੂ ਅਤੇ ਉਸਦਾ ਦੋਸਤ ਕਬੀਰ ਰੇਲਵੇ ਲਾਇਨ ਉੱਤੇ ਰੇਲ ਦੇ ਪਿੱਛੇ ਤੁਰਦੇ ਦਿਖਾਈ ਦਿੰਦੇ ਹਨ ਅਤੇ ਉਹ ਟੀ ਵੀ 'ਤੇ ਚੱਲ ਰਹੀ ਗੋਧਰਾ ਹੱਤਿਆ ਕਾਂਡ ਵਾਲੀ ਖ਼ਬਰ ਵੱਲ ਕੋਈ ਧਿਆਨ ਨਹੀਂ ਦਿੰਦੇ। ਇਹ ਦ੍ਰਿਸ਼ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਅਸੀਂ ਕਿਸੇ ਇੱਕ ਕਤਲੇਆਮ ਨੂੰ ਭੁਲਾ ਕੇ ਉਨ੍ਹਾਂ ਦੀ ਹੋਂਦ ਅਤੇ ਘਟਨਾਵਾਂ ਦੇ ਘਟਦੇ ਰਹਿਣ ਦੀ ਪ੍ਰਕਿਰਿਆ ਤੋਂ ਪਿੱਛਾ ਨਹੀਂ ਛੁਡਾ ਸਕਦੇ। ਪਰ ਇੱਕ ਤੱਥ ਇਹ ਵੀ ਹੈ ਕਿ ਅਜਿਹੇ ਕਤਲੇਆਮ ਨੂੰ ਯਾਦ ਕਰ-ਕਰ ਕੇ ਜ਼ਿੰਦਗੀ ਦਾ ਅਗਲੇਰਾ ਸਫ਼ਰ ਰੋਕਣਾ ਵੀ ਗ਼ਲਤ ਹੈ। ਉਹਨਾਂ ਦਾ ਉੱਥੋਂ ਤੁਰਨਾ ਵੀ ਜ਼ਿੰਦਗੀ ਦੇ ਅੱਗੇ ਤੁਰਦੇ ਰਹਿਣ ਦਾ ਪ੍ਰਤੀਕ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਅਮੂ ਅਜਿਹੀ ਫਿਲਮ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਜ਼ਿੰਦਗੀ ਜਿਉਣ ਦੀਆਂ ਸੰਭਾਵਨਾਵਾਂ ਕਦੇ ਖਤਮ ਨਹੀਂ ਹੁੰਦੀਆਂ। ਇਸਦੀ ਨਾਇਕਾ ਆਪਣੇ ਅਤੀਤ ਬਾਰੇ ਜਾਨਣ ਦੀ ਕੋਸ਼ਿਸ਼ ਕਰਦੀ ਹੈ ਅਤੇ ਅਤੀਤ ਨੂੰ ਜਾਨਣਾ ਹੀ ਉਸਦੇ ਤ੍ਰਾਸਦਿਕ ਅਤੀਤ ਤੋਂ ਮੁਕਤੀ ਦਾ ਕਾਰਨ ਬਣਦਾ ਹੈ। ਇਸ ਫਿਲਮ ਵਿੱਚ ਬਾਕੀ ਫਿਲਮਾਂ ਵਾਂਗ 'ਹਿੰਸਾ ਦਾ ਬਦਲਾ ਹਿੰਸਾ' ਵਾਲੀ ਧਾਰਨਾ ਨੂੰ ਨਕਾਰਿਆ ਗਿਆ ਹੈ।


Royal
Royal
Executive Homes
Executive Homes
TOWN HOUSES IN WILDWOOD
Only 10 Left
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $299,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
19th St.
Commercial Land
17th St.
Anthony Henday
34th Ave
FUTURE SHOPPING CENTER
23rd Ave
SHOW HOME OPEN
NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

Sohail Quadri, MLA Edmonton-Mill Woods



"May the light that we celebrate at Diwali show us the way and lead us together on the path of peace and social harmony."

# Happy Diwali!

**Sohail Quadri, MLA**
*Edmonton-Mill Woods*



101 9807–34 Ave
Edmonton AB
T6E 5X9

(780)414-1000
(780)850-4080

I am accessible anytime at
edmonton.millwoods@assembly.ab.ca
http://quadri.mypcmla.ca

We also provide Notary and Commissioner of Oaths Services (Appointments Only)

Our office is also accepting Food Bank Donations. Please drop by and support the Edmonton Food Bank.

**BRIDGEPORT HOMES LTD.**

**BEST PRICES IN TOWN**
**WE ASSURE BEATING MARKET PRICE**

Diwali Bumper Offer in $350000.00 Only

**Now New Homes in wildwood crs (South Edmonton) loaded with Upgrades & Ready to Move**

2 Car Detached Garage Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718